14 [illegible], 2009



ਮੁੱਲ : 20/-

# ਮਸਲਾ ਪੰਜਾਬੀ ਕਹਾਣੀ ਸ਼ਾਸਤਰ ਦਾ

ਚੌਥੀ ਪੀੜ੍ਹੀ ਤੱਕ ਪਹੁੰਚ ਕੇ ਪੰਜਾਬੀ ਕਹਾਣੀ ਕਾਫੀ ਵਿਕਾਸ ਕਰ ਗਈ ਹੈ, ਅਸੀਂ ਇਹ ਵੀ ਕਹਿਣ ਲੱਗ ਪਏ ਹਾਂ ਕਿ ਅੱਜ ਪੰਜਾਬੀ ਕਹਾਣੀ ਭਾਰਤੀ ਭਾਸ਼ਾਵਾਂ ਦੇ ਬਰਾਬਰ ਪਹੁੰਚ ਗਈ ਹੈ। ਪ੍ਰੰਤੂ ਹੈਰਾਨੀ ਦੀ ਗੱਲ ਹੈ ਕਿ ਚਿੰਤਕ, ਪੰਜਾਬੀ ਕਹਾਣੀ ਦੇ ਸ਼ਾਸਤਰ ਬਾਰੇ ਅਜੇ ਤੀਕ ਵੀ ਗੰਭੀਰ ਨਹੀਂ। ਇਸ ਮਸਲੇ 'ਤੇ ਨਿੱਗਰ ਰੂਪ ਵਿਚ ਕੋਈ ਗੱਲ ਨਹੀਂ ਤੁਰ ਰਹੀ। ਕਿਸੇ ਵੀ ਚਿੰਤਕ ਨੇ ਪੰਜਾਬੀ ਕਹਾਣੀ ਦੇ ਸ਼ਾਸਤਰ ਦੀ ਤਲਾਸ਼ ਨਹੀਂ ਕੀਤੀ। ਡਾ. ਦਿਲਜੀਤ ਸਿੰਘ, ਡਾ. ਜੋਗਿੰਦਰ ਸਿੰਘ ਰਾਹੀ, ਡਾ. ਤੇਜਵੰਤ ਸਿੰਘ ਗਿੱਲ ਹੁਰਾਂ ਦੇ ਕਹਾਣੀ 'ਤੇ ਕੀਤੇ ਕੰਮ ਚੋਂ ਅਸੀਂ ਕਹਾਣੀ ਸ਼ਾਸਤਰ ਦੇ ਤੱਤਾਂ ਦੀ ਪਛਾਣ ਜ਼ਰੂਰ ਕਰ ਸਕਦੇ ਹਾਂ ਪ੍ਰੰਤੂ ਵਿਆਪਕ ਪੱਧਰ 'ਤੇ ਸ਼ਾਸਤਰ ਨੂੰ ਲੱਭਣ ਦੀ ਤਲਾਸ਼ ਨਹੀਂ ਹੋਈ। ਡਾ. ਰਾਹੀ ਹੁਰਾਂ ਦੇ ਚਿੰਤਨ 'ਚੋਂ ਅਸੀਂ ਕਹਾਣੀ ਦੇ ਸ਼ਾਸਤਰ ਦੀ ਮੱਧਮ ਝਲਕ ਜ਼ਰੂਰ ਦੇਖਦੇ ਹਾਂ।

ਜਾਤਕ ਕਥਾਵਾਂ, ਬੋਧ ਕਥਾਵਾਂ, ਜੈਨ ਕਥਾਵਾਂ, ਸਾਖੀਆਂ, ਪੰਚ ਤੰਤਰ, ਆਸ਼ੋਕਾ ਦੇ ਸ਼ਿਲਾਲੇਖ, ਕਿੱਸਾ ਕਾਵਿ ਵਿਚੋਂ ਕਹਾਣੀ ਦਾ ਸ਼ਾਸਤਰ ਲੱਭਣ ਦੀ ਸਾਡੇ ਚਿਤੰਕਾਂ ਨੇ ਕੋਸ਼ਿਸ਼ ਹੀ ਨਹੀਂ ਕੀਤੀ। ਭਰਤ ਮੁੰਨੀ ਨੇ ਜੋ ਨਾਟਿ-ਸ਼ਾਸਤਰ ਲਿਖਿਆ ਅਸੀਂ ਉਸ ਵਿਚੋਂ ਕਹਾਣੀ ਦੇ ਸ਼ਾਸ਼ਤਰ ਦੀ ਤਲਾਸ਼ ਕਰ ਸਕਦੇ ਹਾਂ, ਸਾਡੇ ਕੋਲ ਕਾਮ-ਸ਼ਾਸਤਰ ਤੇ 15 ਦੇ ਕਰੀਬ ਗ੍ਰੰਥ ਹਨ ਉਹਦੇ ਵਿਚੋਂ ਸ਼ਾਸਤਰ ਲੱਭਿਆ ਜਾ ਸਕਦਾ ਹੈ, ਕਥਾ ਸਰਿਤ ਸਾਗਰ ਵਿਚ ਹਜ਼ਾਰਾ ਕਹਾਣੀਆਂ ਹਨ ਜੋ ਕਹਾਣੀਆਂ ਰਾਜਾ ਵਿਕਰਮਜੀਤ ਆਪਣੀ ਰਾਣੀ ਨੂੰ ਹਰ ਰੋਜ ਸੁਣਾਉਂਦਾ ਸੀ। ਸਾਡੇ ਕੋਲ ਬੋਧ ਕਥਾਵਾਂ, ਜੈਨੀਆਂ ਦੀ ਕਥਾਵਾਂ, ਪੰਚ ਤੰਤਰ ਹੈ, ਇਨ੍ਹਾਂ ਵਿਚੋਂ ਕਹਾਣੀ ਸ਼ਾਸਤਰ ਦੀ ਤਲਾਸ਼ ਕੀਤੀ ਜਾ ਸਕਦੀ ਹੈ। ਅੱਜ ਲੋੜ ਹੈ ਪੱਛਮੀ ਚਿੰਤਨ ਦੀ ਬਜਾਏ ਭਾਰਤੀ ਚਿੰਤਨ ਵਿਚੋਂ ਕਹਾਣੀ ਸ਼ਾਸਤਰ ਦੀ ਤਲਾਸ਼ ਕਰਨ ਦੀ। ਅਸੀਂ ਪੱਛਮੀ ਚਿੰਤਨ 'ਤੇ ਵੱਧ ਆਸਥਾ ਰੱਖਦੇ ਹਾਂ ਜਦ ਕਿ ਸਾਡਾ ਚਿੰਤਨ ਪੱਛਮੀ ਚਿੰਤਨ ਤੋਂ ਪਹਿਲਾ ਪੈਦਾ ਹੋ ਗਿਆ ਸੀ। ਹਿੰਦੀ ਵਿਚ ਥੋੜਾ ਕੰਮ ਹੋਇਆ ਹੈ। ਪਰ ਤਸੱਲੀ ਵਾਲਾ ਨਹੀਂ।

ਬੜੀ ਹੈਰਾਨੀ ਦੀ ਗੱਲ ਹੈ ਕਿ ਕਿਸੇ ਯੂਨੀਵਰਸਿਟੀ ਨੇ ਵੀ ਕਹਾਣੀ ਸ਼ਾਸਤਰ 'ਤੇ ਕੰਮ ਨਹੀਂ ਕਰਵਾਇਆ ਕਿਸੇ ਵਿਦਿਆਰਥੀ ਨੇ ਇਸ ਵਿਸ਼ੇ ਤੇ ਖੋਜ ਨਹੀਂ ਕੀਤੀ। ਇਸ ਤੋਂ ਵੱਡੀ ਕੰਗਾਲੀ ਹੋਰ ਕੀ ਹੋ ਸਕਦੀ ਹੈ। ਸਾਡੇ ਕੋਲ ਪੰਜਾਬੀ ਕਹਾਣੀ ਦਾ ਕੋਈ ਸ਼ਾਸਤਰ ਹੀ ਨਹੀਂ ਹੈ, ਹੈ ਜ਼ਰੂਰ ਪਰ ਅਸੀਂ ਉਹਦੀ ਤਲਾਸ਼ ਨਹੀਂ ਕੀਤੀ। ਹੁਣੇ ਜਿਹੇ ਜੋਗਿੰਦਰ ਸਿੰਘ ਰਾਹੀ ਅਤੇ ਰਮਿੰਦਰ ਕੌਰ ਹੁਰਾਂ ਨੇ ਕਹਾਣੀ ਆਲੋਚਨਾ ਤੇ ਪੁਸਤਕ ਤਿਆਰ ਕੀਤੀ ਹੈ, 'ਪੰਜਾਬੀ ਕਹਾਣੀ ਦਾ ਸਫ਼ਰ ਤੇ ਸ਼ਾਸਤ੍ਰ' ਉਹਦੇ ਵਿਚੋਂ ਕਹਾਣੀ ਦਾ ਸਫ਼ਰ ਤੇ ਲੱਭਦਾ ਹੈ ਸ਼ਾਸਤਰ ਨਹੀਂ। ਹਾਂ ਏਨਾਂ ਜ਼ਰੂਰ ਹੈ ਕਹਾਣੀ ਦੇ ਸ਼ਾਸਤਰ ਦਾ ਧੁੰਦਲਾ ਚਿਹਰਾ ਅਸੀਂ ਇਸ ਪੁਸਤਕ ਵਿਚ ਦੇਖ ਸਕਦੇ ਹਾਂ। ਰਾਹੀ ਹੁਰਾਂ ਨੇ ਸਾਡੇ ਗ੍ਰੰਥਾਂ, ਸਾਖੀਆਂ, ਜੈਨ-ਬੋਧ ਕਥਾਵਾਂ ਵਿਚੋਂ ਕਹਾਣੀ ਦਾ ਸ਼ਾਸਤਰ ਲੱਭਣ ਦਾ ਅਚੇਤ ਯਤਨ ਜ਼ਰੂਰ ਕੀਤਾ ਹੈ।

ਵੱਡੀ ਹੈਰਾਨੀ ਦੀ ਗੱਲ ਇਹ ਹੈ ਕਿ ਕਹਾਣੀ ਦੇ ਪ੍ਰੋਜੈਕਟ ਬਣਾ ਕੇ ਕੰਮ ਕਰਨ ਦੀ ਪ੍ਰਵਿਰਤੀ ਗੁੰਮ ਹੋ ਰਹੀ ਹੈ। ਸਾਡੇ ਚਿੰਤਕ ਟਿੱਪਣੀ ਮਾਰਕਾ ਚਿੰਤਨ ਕਰ ਰਹੇ ਹਨ। ਉਹ ਟਿਪਣੀ ਕਰ ਕੇ ਫ਼ਤਵੇ ਦਿੰਦੇ ਹਨ। ਫਲਾਣੀ ਵੱਡੀ ਰਚਨਾ ਹੈ ਫਲਾਣੀ ਛੋਟੀ ਹੈ। ਜਾਂ ਬਹੁਤੀ ਆਲੋਚਨਾ ਸੈਮੀਨਾਰਾਂ ਦੇ ਇਰਦ-ਗਿਰਦ ਦੀ ਰਹਿ ਗਈ ਹੈ। ਇਹੋ ਪੇਪਰਾਂ ਨੂੰ ਇਕੱਠੇ ਕਰਕੇ ਚਿੰਤਕ ਕਿਤਾਬਾਂ ਛਪਵਾ ਕੇ ਲਾਇਬਰੇਰੀਆਂ ਦਾ ਪੇਟ ਭਰੀ ਜਾ ਰਹੇ ਹਨ। ਸਾਡੇ ਚਿੰਤਕ ਕਹਾਣੀ ਸ਼ਾਸਤਰ ਤੇ ਕੰਮ ਕਿਉਂ ਨਹੀਂ ਕਰ ਰਹੇ। ਇਹ ਕੰਮ ਹੈ ਬੜਾ ਔਖਾ ਪਰ ਬਹੁਤ ਜ਼ਰੂਰੀ ਹੈ। ਸਾਇਦ ਕੋਈ ਖੋਜ ਵਿਦਿਆਰਥੀ ਉਠ ਪਵੇ ਤੇ ਇਸ ਚਿੰਤਨ ਦੀ ਭੂਮਿਕਾ ਬੰਨ ਦੇਵੇ। ਜਾਂ ਫਿਰ ਡਾ. ਰਾਹੀ ਹੁਰੀਂ ਇਹ ਮਸਲਾ ਹੱਲ ਕਰ ਦੇਣ।

**- ਭਗਵੰਤ ਰਸੂਲਪੁਰੀ**
**- ਦੇਸ ਰਾਜ ਕਾਲੀ**



## ਨਵੀਂ ਕਹਾਣੀ/ ਮਾਨਸੀ / ਪ੍ਰੇਮ ਪ੍ਰਕਾਸ਼

ਕਦੇ ਮੈਂ ਫਿਲਮਾਂ ਲਈ ਕਹਾਣੀਆਂ ਲੱਭਦਾ ਹੁੰਦਾ ਸੀ। ਓਦਣ ਕਹਾਣੀ ਆਪ ਚੱਲ ਕੇ ਮੇਰੇ ਫਲੈਟ 'ਚ ਆ ਗਈ ਸੀ, ਹੱਥ 'ਚ ਬ੍ਰੀਫਕੇਸ ਫੜ ਕੇ। ਸਾਡੇ ਵਿਚਕਾਰ ਡੇਢ ਕੁ ਘੰਟਾ ਜੋ ਕੁਝ ਹੋਇਆ ਬੀਤਿਆ, ਉਹ ਕਹਾਣੀ ਬਣਦਾ ਗਿਆ ਜਾਂ ਫਿਲਮ ਦਾ ਇਕ ਸੀਨ। ਬਾਅਦ 'ਚ ਮੈਂ ਖਾਣਾ ਖਾਂਦਾ ਓਸ ਬੀਤੀ ਘਟਨਾ 'ਤੇ ਆਪਣੇ ਆਪ 'ਚ ਹੱਸਦਾ ਰਿਹਾ। ਫੇਰ ਆਪਣੇ ਬਹੁਤ ਨੇੜੇ ਦੀ ਦੋਸਤ ਐਕਟ੍ਰੈਸ ਰੋਜ਼ੀ ਨੂੰ ਬੁਲਾ ਕੇ ਸਾਰੀ ਗੱਲ ਦੱਸੀ। ਅਸੀਂ ਮਖੌਲ 'ਚ ਓਸ ਕਹਾਣੀ ਨੂੰ ਫੈਲਾਅ ਕੇ ਦੇਖਦੇ ਤੇ ਉਹਦੀ ਫਿਲਮ ਦੇ ਸੀਨ ਬਣਾਉਂਦੇ ਰਹੇ। ਕਹਾਣੀ ਦਾ ਮੁੱਢ ਤੇ ਅੰਤ ਚੱਕਰ ਲਾ ਕੇ ਏਸ ਗੱਲ 'ਤੇ ਰੁਕਦਾ ਸੀ ਕਿ ਨਾਇਕਾ ਓਸ ਘੰਟੇ ਡੇਢ ਦੀਆਂ ਸੁਖਾਵੀਆਂ ਘਟਨਾਵਾਂ ਬਾਅਦ ਰੋਈ ਕਿਉਂ ਸੀ। ਫੇਰ ਉਹਦਾ ਰੋਣਾ ਈ ਰਹੱਸ ਬਣ ਗਿਆ! ਅਸਲ 'ਚ ਜਦ ਉਹ ਅੰਦਰ ਵਾਲੇ ਕਮਰੇ 'ਚ ਅੱਖਾਂ 'ਚ ਹੰਝੂ ਲਿਆਈ ਸੀ ਤਾਂ ਗੱਲ ਮੈਨੂੰ ਸਮਝ ਆਈ ਸੀ। ਪਰ ਕੌਫੀ ਪੀਣ ਵੇਲੇ ਰੋਣ ਦਾ ਕਾਰਣ ਕੀ ਸੀ?

ਰਾਤ ਦੇ ਦਸ ਕੁ ਵਜੇ ਆਪਣੇ ਫਲੈਟ 'ਚ ਬੀਅਰ ਪੀਂਦਿਆਂ ਮੈਂ ਰੋਜ਼ੀ ਨੂੰ ਦੱਸਿਆ ਸੀ," .... ਅੱਠ ਪੌਣੇ ਅੱਠ ਕੁ ਵਜੇ ਮੈਨੂੰ ਕਿਸੇ ਜਨਾਨੀ ਦਾ ਫੋਨ ਆਇਆ। ਕਹਿੰਦੀ, ਮੈਂ ਮਾਨਸੀ ਬੋਲਦੀ ਪਈ ਆਂ। ਤੁਸੀਂ ਦੀਪਕ ਦੁੱਗਲ ਬੋਲਦੇ ਪਏ ਹੋਂ?... ਮੈਂ ਕਿਹਾ, 'ਹਾਂ ਜੀ। ਤੁਸੀਂ ਕਿਥੋਂ ਬੋਲਦੇ ਹੋਂ?' ... ਕਹਿੰਦੀ, 'ਟਰੇਨ 'ਚੋਂ। ... ਮੈਂ ਦਿੱਲੀ ਆ ਰਹੀ ਹਾਂ।... ਪਹੁੰਚਣ ਵਾਲੀ ਹਾਂ।... ਮੇਰੇ ਕੋਲ ਡੇਢ ਪੌਣੇ ਦੋ ਕੁ ਘੰਟੇ ਨੇ। ਤੁਹਾਨੂੰ ਮਿਲਣ ਆ ਜਾਂ?'

"ਮੈਨੂੰ ਸਮਝ ਨਾ ਪਈ ਕਿ ਇਹ ਮਾਨਸੀ ਕੌਣ ਹੋਈ! ਉਹ ਮੈਨੂੰ ਕਿਉਂ ਮਿਲਣਾ ਚਾਹੁੰਦੀ ਸੀ?"

" ... ਤੂੰ ਸਿਗਰਟ ਲੈ ਲੈ ਰੋਜ਼ੀ। ਮੇਰੇ ਕੋਲ ਹੋਰ ਪੈਕਟ ਹੈਗਾ।... ਲਓ ਜੀ, ਗੱਲ ਕਰਨ ਵਾਲੀ ਦੀ ਸ਼ਮਸ਼ਾਦ ਬੇਗਮ ਵਰਗੀ ਤਿੱਖੀ ਅਵਾਜ਼ ਨੇ ਜਦ ਆਪਣੇ ਬਾਰੇ ਕਈ ਗੱਲਾਂ ਦੱਸੀਆਂ ਤਾਂ ਮੈਂ ਪਛਾਣ ਗਿਆ ਕਿ ਇਹ ਤਾਂ ਉਹੀ ਪੁਰਾਣੀ ਪਾਪਣ ਏ, 'ਮਾਨਸੀ ਖੰਨਾ'। ਖਾਲਸਾ ਕਾਲਜ ਵਾਲੀ 'ਸ਼ੁਰਲੀ'। ਮੈਂ ਕਿਹਾ, 'ਆ ਜਾ। ਮੈਂ ਵਿਹਲਾ ਈ ਆਂ।'

" ... ਲੌ ਜੀ, ਉਹ ਪੂਰੇ ਅੱਠ ਵਜੇ ਆ ਗਈ। ਬੈੱਲ ਸੁਣ ਕੇ ਮੈਂ ਬਾਲਕੋਨੀ 'ਚ ਜਾ ਕੇ ਦੇਖਿਆ। ਉਹਦੇ ਹੱਥ 'ਚ ਬਰੀਫਕੇਸ ਸੀ। ਮੈਂ ਕਿਹਾ ਉੱਤੇ ਆ ਜਾਓ। ... ਉਹ ਆ ਗਈ। ਏਥੇ ਈ ਸੋਫੇ 'ਤੇ ਬਹਿ ਗਈ, ਜਿਥੇ ਹੁਣ ਤੂੰ ਬੈਠੀ ਏਂ।... ਮੈਂ ਦੇਖਾਂ ਕਿ ਉਹ ਮਾਨਸੀ ਕਿਥੇ ਐ? ਜਿਹੜੀ 'ਸ਼ੁਰਲੀ' ਹੁੰਦੀ ਸੀ! ... ਉਹਦਾ ਜਿਸਮ ਭਾਰਾ ਹੋ ਗਿਆ ਸੀ। ਪਰ ਥੁਲਥੁਲ ਨਹੀਂ ਸੀ ਕਰਦਾ। ਚਿਹਰੇ ਦੀ ਤਾਬ ਕਾਇਮ ਸੀ। ਅੱਖਾਂ 'ਚ ਚਮਕ ਸੀ।... ਕਦੇ ਕਾਲਜ ਦੇ ਦੋਸਤ ਮੈਨੂੰ ਫਲੌਪ ਆਸ਼ਿਕ ਕਹਿੰਦੇ ਹੁੰਦੇ ਸੀ, ਓਹਦਾ। ਮੈਨੂੰ ਦਾੜ੍ਹੀ ਵਧਾ ਕੇ ਤੇ ਉਦਾਸ ਦੇਵ ਦਾਸ ਜਿਹਾ ਚਿਹਰਾ ਬਣਾ ਕੇ ਰੱਖਣਾ ਚੰਗਾ ਲੱਗਦਾ ਸੀ। ਪਰ ਇਹਦੇ ਬਾਪ ਖੰਨਾ ਸਾਹਿਬ ਦੇ ਨੱਕ 'ਚ ਕੀੜੇ ਸੀ। ਮੈਂ ਮਿਲਣ ਗਿਆ ਤਾਂ ਫੁੜਕੇ ਮਾਰ ਕੇ ਕੱਢਦਾ ਤੇ ਮੇਰੇ ਉੱਪਰ ਸੁੱਟਦਾ ਰਿਹਾ ਸੀ।... ਮੈਂ ਦੱਸਿਆ ਕਿ ਅਸੀਂ ਦੁੱਗਲ ਹੁੰਦੇ ਆਂ। ਪਰ ਮੇਰੇ ਬਾਪ ਦੀ ਹੱਟੀ ਛੋਟੀ ਸੀ।... ਫੇਰ ਜਦ ਮੇਰੀ ਪਤਨੀ ਮੈਨੂੰ ਛੱਡ ਗਈ ਸੀ ਤਾਂ ਮੈਨੂੰ 'ਫਲੌਪ ਪਤੀ' ਆਖਿਆ ਸੀ ਦੋਸਤਾਂ ਨੇ।... ਜਿਵੇਂ ਸਾਲੀਏ, ਤੂੰ ਮੈਨੂੰ ਫਲੌਪ ਡਾਇਰੈਕਟਰ ਆਖਦੀ ਏਂ।... ਫੇਰ ਜਦ ਕੁਝ ਸਾਲਾਂ ਬਾਅਦ ਮੇਰੀ ਆਪਣੀ ਲਿਖੀ ਤੇ ਡਾਇਰੈਕਟ ਕੀਤੀ ਡਾਕੂਮੈਂਟਰੀ ਦੇ ਬਾਅਦ ਫੀਚਰ ਫਿਲਮ ਸਫਲ ਹੋ ਗਈ ਤਾਂ ਸਭ ਹੈਰਾਨ ਹੋ ਗਏ ਸੀ। ਮੇਰੇ ਦੁਆਲੇ ਨਾਇਕ ਨਾਇਕਾਵਾਂ ਤੇ ਲੇਖਕਾਂ ਦਾ ਝੁਰਮਟ ਰਹਿਣ ਲੱਗ ਪਿਆ ਸੀ ਨਾ।.... ਉਦੋਂ ਵੀ ਇਹ ਮਾਨਸੀ , ਜਿਹੜੀ ਕਦੇ 'ਮਾਨਸੀ ਖੰਨੀ' ਸੀ, ਫੇਰ ਮਿਸਿਜ਼ ਚੋਪੜਾ ਬਣ ਕੇ ਮੈਨੂੰ ਮਿਲਣ ਆਈ ਸੀ। ... ਚੰਡੀਗੜ੍ਹ

ਦੇ ਰੋਜ਼ ਗਾਰਡਨ 'ਚ ਹੋਏ ਇਕ ਫੰਕਸ਼ਨ 'ਚ ਮਿਲੀ ਸੀ, ਬਹੁਤ ਚਿਰ ਪਹਿਲਾਂ। ਆਪਣੇ ਪਤੀ ਨੂੰ ਨਾਲ ਲੈ ਕੇ ਆਈ ਸੀ। ਬਹੁਤ ਖੂਬਸੂਰਤ ਤੇ ਸਜੀਲਾ ਜਵਾਨ ਸੀ ਪਤੀ ਉਹਦਾ। ਸਰਕਾਰੀ ਅਫਸਰ ਸੀ। ... ਓਦਣ ਕੱਲੀ ਆਈ ਮਿਲਣ!

"ਮਾਨਸੀ ਉਦੋਂ ਕਹਿਰ ਹੁੰਦੀ ਸੀ। ਪਰ ਹੁਣ ਤਾਂ ਹਲਵਾ ਜਿਹਾ ਬਣੀ ਪਈ ਸੀ।.... ਕਹਿੰਦੀ, ਬੱਸ ਮੈਂ ਘੰਟਾ ਕੁ ਰੁਕਣਾ ਏ। ਰਿਸ਼ਤੇਦਾਰਾਂ ਦੇ ਵਿਆਹ ਆਈ ਆਂ। ਆਪਣੇ ਮੁੰਡੇ ਲਈ ਕੁੜੀ ਵੀ ਲੱਭਦੀ ਫਿਰਦੀ ਹਾਂ। ਸੁਧੀਰ ਬੰਗਲੌਰ ਇੰਜੀਨੀਅਰਿੰਗ ਕਰਦਾ ਪਿਐ।... ਤੇਰਾ ਫੋਨ ਨੰਬਰ ਚੰਡੀਗੜ੍ਹ ਆਏ ਇਕ ਫਿਲਮੀ ਯੂਨਿਟ ਦੇ ਬੰਦੇ ਤੋਂ ਲਿਆ। ਮੈਂ ਕਿਹਾ, ਮਿਲ ਕੇ ਵੇਖਾਂ ਤਾਂ ਸਹੀ।... ਵੱਡੇ ਡਾਇਰੈਕਟਰ ਨੂੰ!"

"ਮੈਂ ਪੁੱਛਿਆ ਕਿ ਬੀਅਰ ਲਏਂਗੀ ਜਾਂ ਵਿਸਕੀ?' . ਕਹਿੰਦੀ, "ਬੀਅਰ, ਥੋੜ੍ਹੀ ਜਿਹੀ। ਪਰ ਓਸ ਮੱਗ 'ਚ।"....

ਮੈਂ ਸਮਝ ਗਿਆ ਕਿ ਉਸ ਮੱਗ 'ਚ ਜੀਹਦੇ ਵਿਚੀਂ ਦਿੱਸਦੀ ਨਹੀਂ।... ਉਹ ਬੜੇ ਸੰਕੋਚ ਨਾਲ ਪੀਂਦੀ ਰਹੀ ਸੀ। ਲੱਗਾ ਕਿ ਉਹਨੂੰ ਸੁਆਦ ਨਹੀਂ ਆ ਰਿਹਾ।... ਦੇਖਣ ਨੂੰ ਉਹ ਕਾਲਜ ਪੜ੍ਹਦੀ ਮਾਨਸੀ ਦੀ ਮਾਂ ਲੱਗਦੀ ਸੀ। ਉਹਦਾ ਚਿਹਰਾ, ਬਾਂਹਵਾਂ, ਹੱਥ.... ਜਿਸਮ ਦਾ ਸਾਰਾ ਘੇਰਾ ਗੱਦੇਦਾਰ ਸੀ। ਅੱਖਾਂ 'ਚ ਸ਼ੋਖੀ ਸੀ, ਮਰਦਾਂ ਨੂੰ ਛੇੜਨ ਵਾਲੀ। ਪਰ ਅੱਖਾਂ ਹੇਠਾਂ ਪਪੋਟੇ ਉੱਭਰੇ ਹੋਏ ਸਨ। ਉਂਜ ਹਰੇ ਪੀਲੇ ਰੰਗ ਦੇ ਸੂਟ 'ਚ ਉਹ ਫੱਬਦੀ ਸੀ। ਉਹਦੀ ਚੁੰਨੀ ਲਹਿ ਕੇ ਇਕ ਪਾਸੇ ਗਿਰ ਗਈ ਸੀ। ਉਹਨੇ ਕੋਈ ਪਰਵਾਹ ਨਹੀਂ ਸੀ ਕੀਤੀ। ਮੈਨੂੰ ਇਹੋ ਗੱਲ ਭਾਅ ਗਈ ਸੀ। ਚੁੰਨੀਆਂ ਨਾਲ ਸੀਨਾ ਢਕਣੀਆਂ ਜਨਾਨੀਆਂ ਤੋਂ ਮੈਂ ਬਹੁਤ ਔਖਾ ਹੋ ਜਾਂਦਾ ਹਾਂ। ਵਾਲ ਇਕ ਉਂਗਲ ਦੇ ਪੋਟੇ ਨਾਲ ਵਾਰ-ਵਾਰ ਕੰਨ ਤੋਂ ਪਿੱਛੇ ਹਟਾਓਣ ਵਾਲੀਆਂ ਤੋਂ ਮੈਂ ਖਿਝ ਜਾਂਦਾ ਹਾਂ।

"ਮੈਂ ਕਿਹਾ, 'ਮੈਂ ਤੁਹਾਨੂੰ ਹੇਠਾਂ ਖੜ੍ਹਿਆਂ ਈ ਪਛਾਣ ਲਿਆ ਸੀ।... ਸ਼ਾਇਦ ਚੌਦਾਂ ਸਾਲਾਂ ਬਾਅਦ ਮਿਲੇ ਆਂ..."

"ਹੁਣ ਤਾਂ ਤੁਸੀਂ ਡਾਇਰੈਕਟਰ ਹੋ, ਜਦੋਂ ਕਾਲਜ 'ਚ ਐਕਟਰ ਹੁੰਦੇ ਸੀ ਤਾਂ ਪਿੱਠ ਤੋਂ ਈ ਪਛਾਣ ਲੈਂਦੇ ਹੁੰਦੇ ਸੀ ਕੁੜੀਆਂ ਨੂੰ .... ।"

"ਉਹ ਮੱਗ 'ਚ ਬੀਅਰ ਲੈ ਕੇ ਬਹਿ ਗਈ ਸੀ। ...ਆਹ ਮੱਗ, ਜੀਹਦੇ 'ਚ ਆਪਾਂ ਕੌਫੀ ਪੀਂਦੇ ਹੁੰਦੇ ਹਾਂ। ਮੈਨੂੰ ਲੱਗਿਆ ਕਿ ਉਹ ਹਾਲੇ ਕਮਫਰਟੇਬਲ ਨਹੀਂ। ਉਹਨੂੰ ਸੁਆਦ ਨਹੀਂ ਆ ਰਿਹਾ ਪੀਣ ਦਾ!... ਮੈਂ ਉਹਨੂੰ ਬਾਥ ਰੂਮ ਭੇਜਿਆ।... ਫੇਰ ਅਸੀਂ ਬੀਅਰ ਪੀਂਦਿਆਂ ਕਾਲਜ ਦੇ ਦਿਨਾਂ ਦੀਆਂ ਤੇ ਹੁਣ ਦੇ ਬੀਤਦੇ ਸਮੇਂ ਦੀਆਂ ਗੱਲਾਂ ਕਰਦੇ ਰਹੇ। ਉਹ ਆਪਣੇ ਪਤੀ ਤੇ ਬੇਟੇ ਤੋਂ ਬਹੁਤ ਸੰਤੁਸ਼ਟ ਸੀ।... ਵਾਧੂ ਟਾਈਮ 'ਚ ਸੋਸ਼ਲ ਵਰਕ ਕਰਦੀ ਸੀ ਤੇ ਕਦੇ ਕਿਸੇ ਨਾਟਕ ਗਰੁੱਪ 'ਚ ਵੀ ਦਿਲਚਸਪੀ ਲੈਂਦੀ ਸੀ।... ਮੈਂ ਉਹਨੂੰ ਸਿਗਰਟ ਪੇਸ਼ ਕੀਤੀ। ਉਹਨੇ ਜਵਾਬ ਦੇ ਦਿੱਤਾ।.... ਫੇਰ ਮੇਰੀ ਉਹੀ ਬਿਮਾਰੀ ਉੱਸਲਵੱਟੇ ਲੈਣ ਲੱਗ ਪਈ, ਰੋਜ਼ੀ! ...ਮੈਂ ਕੱਲਾ ਹੋਵਾਂ, ਸਾਹਮਣੇ ਬੈਠੀ ਤੀਵੀਂ ਸ਼ਰਾਬ ਪੀਂਦੀ ਹੋਵੇ। ਉਹਦੀ ਅੱਖ 'ਚ ਚਮਕ ਹੋਵੇ।... ਮੈਂ ਬੇਵਸ ਹੋਣ ਲੱਗ ਪਿਆ। ਉਹ ਮੇਰੀ ਅੱਖ ਪਛਾਣ ਗਈ। ਹੱਸਦੀ ਮੇਰਾ ਮਜ਼ਾਕ ਉਡਾਂਦੀ ਕਹਿੰਦੀ, 'ਤੇਰੇ ਦੁਆਲੇ ਤਾਂ ਸੋਹਣੀਆਂ ਤੋਂ ਸੋਹਣੀਆਂ ਤੇ ਜਵਾਨ ਕੁੜੀਆਂ ਪੈਲ੍ਹਾਂ ਪਾਂਦੀਆਂ ਫਿਰਦੀਆਂ ਹੋਣਗੀਆਂ।'.... ਮੈਂ ਸਮਝ ਗਿਆ ਕਿ ਆਮ ਲੋਕ ਸਾਡੀ ਲਾਈਨ ਦੇ ਬੰਦਿਆਂ ਬਾਰੇ ਕੀ ਸੋਚਦੇ ਸਮਝਦੇ ਨੇ। ਤੇ ਉਹੀ ਕੁਝ ਸਮਝਣਾ ਉਹਨਾਂ ਨੂੰ ਸਾਡੇ ਵੱਲ ਖਿੱਚ ਲਿਆਉਂਦਾ ਏ।

"ਜਦ ਉਹਦੀ ਅੱਖ ਜ਼ਰਾ ਗਿੱਲੀ ਜਿਹੀ ਦਿਸੀ ਤਾਂ ਮੈਂ ਅਛੋਪਲੇ ਜਿਹੇ ਉੱਠ ਕੇ ਉਹਦਾ ਹੱਥ ਫੜ ਲਿਆ। ਉਹ ਖਲੋ ਗਈ। ਅਸੀਂ ਅੰਦਰ ਚਲੇ ਗਏ।.... ਬੜੇ ਸੌਖੇ ਤੇ ਸਹਿਜ ਹੋ ਕੇ ਮੁੜ ਆਏ। ਸਾਡੇ ਵਿਚਕਾਰ 'ਤੁਸੀਂ' ਦਾ ਭੇਤ ਮਿਟ ਗਿਆ।

" ਉਹ ਸੋਫੇ 'ਤੇ ਬਹਿ ਗਈ ਤੇ ਮੈਂ ਉਹਦੇ ਲਈ ਕੌਫੀ ਬਨਾਓਣ ਲੱਗ ਪਿਆ। ਤਾਂ ਜੋ ਉਹਦੇ



ਮੂੰਹ 'ਚੋਂ ਬੀਅਰ ਦੀ ਬਾਸ ਮੁੱਕ ਜਾਵੇ। ਜਦ ਮੈਂ ਕਿਚਨ 'ਚ ਖਲੋਤੇ ਨੇ ਉਹਨੂੰ ਦੇਖਿਆ ਕਿ ਉਹ ਤੇਰੇ ਵਾਲੀ ਥਾਂ ਸੋਫੇ 'ਤੇ ਬੈਠੀ ਰੋ ਰਹੀ ਸੀ। ਗਲ੍ਹ 'ਤੇ ਉੱਤਰਦਾ ਹੰਝੂ ਰੁਮਾਲ ਨਾਲ ਪੂੰਝੀ ਜਾਂਦੀ ਸੀ।.... ਮੈਨੂੰ ਦੁੱਖ ਜਿਹਾ ਹੋਇਆ। ਮੈਂ ਉਹਦੇ ਕੋਲ ਗਿਆ। ਰੋਣ ਦਾ ਕਾਰਣ ਪੁੱਛਿਆ।... ਉਹਨੇ ਸਿਰ ਹਿਲਾ ਕੇ 'ਕੁਝ ਨਹੀਂ' ਆਖ ਦਿੱਤਾ। ਓਸ ਵੇਲੇ ਉਹ ਟ੍ਰੈਜਿਕ ਸੀਨ ਕਰਦੀ ਰਾਖੀ ਵਰਗੀ ਲੱਗ ਰਹੀ ਸੀ।

"ਮੈਂ ਉਹਦੇ ਅੱਗੇ ਕੌਫੀ ਦਾ ਮੱਗ ਰੱਖ ਕੇ ਨਾਲ ਈ ਬਹਿ ਗਿਆ। ਉਹਨੇ ਫੇਰ ਵੀ ਕੁਝ ਨਾ ਦੱਸਿਆ। ਸਗੋਂ ਰੋਂਦੀ ਨੇ ਇਕ ਦੋ ਹਟਕੋਰੇ ਵੀ ਲਏ।... ਮੈਂ ਖਿਝ ਗਿਆ। ਉਹਨੂੰ ਬਾਥ ਰੂਮ 'ਚ ਜਾ ਕੇ ਹੱਥ ਮੂੰਹ ਧੋਣ ਲਈ ਆਖਿਆ।

"ਫੇਰ ਰੋਜ਼ੀ, ਮੈਂ ਉਹਦੇ ਨਾਲ ਬਹੁਤੀ ਗੱਲ ਨਾ ਕਰ ਸਕਿਆ। ਉਹ ਜਾਣ ਲਈ ਉੱਠ ਖੜ੍ਹੀ। ਮੈਂ ਆਪ ਚਾਹੁੰਦਾ ਸੀ ਕਿ ਉਹ ਹੁਣ ਚਲੀ ਜਾਵੇ। ਉਹ ਮੇਰੇ ਜ਼ਿਹਨ 'ਤੇ ਬੋਝ ਬਨਣ ਲੱਗ ਪਈ ਸੀ।... ਉਹ ਜਿਵੇਂ ਆਈ ਸੀ, ਉਵੇਂ ਆਪਣਾ ਬਰੀਫਕੇਸ ਚੁੱਕ ਕੇ ਟੈਕਸੀ ਲੈ ਕੇ ਚਲੀ ਗਈ।.... ਬਾਅਦ 'ਚ ਮੈਂ ਸੋਚਦਾ ਰਿਹਾ ਪਈ ਹੋਰ ਗੱਲਾਂ ਤਾਂ ਠੀਕ ਨੇ, ਪਰ ਉਹ ਰੋਈ ਕਿਉਂ ਸੀ?.... ਬੜੇ ਚਿਰ ਤਕ ਜਦ ਮੈਨੂੰ ਸਮਝ ਨਾ ਆਈ ਤਾਂ ਮੈਂ ਵਿਸਕੀ ਦੇ ਦੋ ਪਟਿਆਲਾ ਪੈੱਗ ਮਾਰੇ ਤੇ ਖਾਣਾ ਖਾ ਕੇ ਸੌਂ ਗਿਆ।... ਹੁਣ ਤੂੰ ਦੱਸ ਉਹ ਰੋਈ ਕਿਉਂ ਸੀ?"

ਰੋਜ਼ੀ ਨੇ ਬੀਅਰ ਦੇ ਦੋ ਵੱਡੇ ਘੁੱਟ ਭਰੇ ਤੇ ਨਵੀਂ ਸਿਗਰਟ ਲਾ ਕੇ ਸੋਚਦੀ ਬੋਲੀ," ਹੁਣ ਮੈਨੂੰ ਬੀਅਰ ਤੇ ਸਿਗਰਟ ਪੀਂਦੀ ਨੂੰ ਦੇਖ ਕੇ ਤੈਨੂੰ ਕੀ ਹੁੰਦਾ ਏ?... ਬੇਵਸ ਤੇ ਨਹੀਂ ਹੋਣ ਲੱਗ ਪਿਆ ਏਂ? "

"ਨਹੀਂ।.... ਆਪਾਂ ਤਾਂ ਅਕਸਰ ਪੀਂਦੇ ਹਾਂ। ਏਨੇ ਚਿਰ ਦੇ ਸਭ ਕੁਝ ਜਾਣਦੇ ਹਾਂ। ਮਾਨਸੀ ਮੈਨੂੰ ਚੌਦਾਂ ਪੰਦਰਾਂ ਸਾਲਾਂ ਬਾਅਦ ਮਿਲੀ ਸੀ। ਮਿਲੀ ਕੀ, ਉਹ ਆਪ ਮਿਲਣ ਆਈ। ਉਚੇਚ ਕਰ ਕੇ। .... ਖਬਰੇ ਉਹ ਕਦ ਤੋਂ ਮਿਲਣਾ ਚਾਹੁੰਦੀ ਹੋਵੇ? ਉਹਨੂੰ ਮੌਕਾ ਹੁਣ ਮਿਲਿਆ ਰਿਸ਼ਤੇਦਾਰਾਂ ਦੇ ਵਿਆਹ 'ਤੇ ਆਓਣ ਵੇਲੇ।.... ਹੋ ਸਕਦੈ ਕਿ ਉਹਨੇ ਮੈਨੂੰ ਮਿਲਣ ਦਾ ਫੈਸਲਾ ਟਰੇਨ 'ਚ ਈ ਕੀਤਾ ਹੋਵੇ!... ਚਲੋ, ਇਹ ਸਭ ਠੀਕ , ਪਰ ਉਹ ਰੋਈ ਕਿਉਂ?"

"ਤਾਂ ਫੇਰ ਗੱਲ ... ਕੁਝ ਹੋਰ ਏ।.... ਏਸੇ ਤਰ੍ਹਾਂ ਉਹਦੇ ਰੋਣ ਦਾ ਕਾਰਣ ਵੀ ਕੁਝ ਹੋਰ ਈ ਹੋਵੇਗਾ।... ਸ਼ਾਇਦ ਕਾਲਜ ਵੇਲੇ ਦੀ ਦੱਬੀ ਰੁੱਧੀ ਕੋਈ ਇੱਛਾ ਹੋਵੇ।.... ਵਿਆਹ ਦੀ ਗੱਲ ਵਿਚੇ ਟੁੱਟਣ ਦਾ ਦੁੱਖ ਹੁਣ ਜਾਗ ਪਿਆ ਹੋਵੇ।.... ਖਵਰੇ ... ਪੰਜਾਹ ਸਾਲਾਂ ਤੋਂ ਟੱਪੀ ਨੂੰ ਮੀਨੋਪਾਜ਼ ਦੀ ਹਾਲਤ ਨੇ ਤੰਗ ਕੀਤਾ ਹੋਵੇ।... ਜਾਂ ਖਬਰੇ ਨਾਟਕ ਖੇਡਦੀ ਨੂੰ ਤੇਰੀ ਫਿਲਮ 'ਚ ਚਾਂਸ ਲੈਣ ਦਾ ਸ਼ੌਕ ਕੁੱਦਿਆ ਹੋਵੇ।.... ਪਰ ਗੱਲ ਨਾ ਕਹਿ ਸਕੀ ਹੋਵੇ। ਮਤਲਬ ਸਵਾਲ ਨਾ ਪਾ ਸਕੀ ਹੋਵੇ।.... ਜਾਂ ਤੈਨੂੰ ਵੱਡਾ ਸੈਲੀਬ੍ਰਿਟੀ ਸਮਝਦੀ ਹੋਵੇ ਤੇ ਓਸ ਸੈਲਿਬ੍ਰਿਟੀ ਨੂੰ ਢਾਓਣ ਦਾ ਸੁਆਦ ਲੈਣ ਦੀ ਖੁਸ਼ੀ 'ਚ ਅੱਥਰੂ ਨਿੱਕਲ ਗਏ ਹੋਣ.....।"

ਰੋਜ਼ੀ ਬਿਲਕੁਲ ਉਸੇ ਤਰ੍ਹਾਂ ਕਹਾਣੀ ਬੁਣੀ ਜਾਂਦੀ ਸੀ, ਜਿਵੇਂ ਅਸੀਂ ਫਿਲਮੀ ਕਹਾਣੀ ਡਿਸਕਸ ਕਰਦਿਆਂ ਉਸ ਕਹਾਣੀ ਵਿਚ ਹੋਰ ਛੋਟੀਆਂ ਕਹਾਣੀਆਂ ਜੋੜਦੇ ਰਹਿੰਦੇ ਹਾਂ। ਮੈਂ ਰੋਜ਼ੀ ਵੱਲ ਗੌਰ ਨਾਲ ਦੇਖਿਆ। ਉਹਦੇ ਚਿਹਰੇ 'ਤੇ ਅਤੇ ਅੱਖਾਂ 'ਚ ਤਾਂ ਸ਼ੋਖੀ ਸੀ, ਪਰ ਉਹਦੀਆਂ ਗੱਲਾਂ ਗੰਭੀਰ ਸਨ। ਮੈਨੂੰ ਉਹਦੀਆਂ ਸਾਰੀਆਂ ਗੱਲਾਂ ਠੀਕ ਵੀ ਲੱਗੀਆਂ ਤੇ ਸਾਰੀਆਂ ਈ ਗਲਤ ਵੀ। ਮੈਂ ਗੰਭੀਰ ਹੋ ਕੇ ਬੋਲਿਆ ਜਿਵੇਂ ਬਹੁਤ ਸੀਨੀਅਰ ਡਾਇਰੈਕਟਰ ਕਿਸੇ ਜੂਨੀਅਰ ਐਕਟ੍ਰੈਸ ਨੂੰ ਆਖਦਾ ਏ," ਨਹੀਂ, ਕੋਈ ਹੋਰ ਗੱਲ ਹੋਵੇਗੀ। ਜਿਹੜੀ ਇਹਨਾਂ ਆਮ ਜਿਹੀਆਂ ਗੱਲਾਂ ਨਾਲੋਂ ਵੱਡੀ ਹੋਵੇ।" ਆਖ ਕੇ ਮੈਂ ਨਵੀਂ ਸਿਗਰਟ ਲਾ ਕੇ ਸੋਚਣ ਲੱਗ ਪਿਆ।

ਤਦੇ ਮੈਨੂੰ ਇਕ ਗੱਲ ਸੁੱਝੀ। ਮੈਂ ਮਾਨਸੀ ਦੀ ਉਮਰ ਤੇ ਸਥਿਤੀ ਵਾਲੀਆਂ ਦੋ ਦੋਸਤ ਔਰਤਾਂ ਨੂੰ ਫੋਨ ਕਰ ਕੇ ਇਹੀ ਸਵਾਲ ਪੁੱਛਿਆ। ਦੱਸਿਆ ਇਹ ਕਿ ਮੈਂ ਫਿਲਮ ਦੀ ਕਹਾਣੀ ਲਿਖ ਰਿਹਾ ਹਾਂ। ਮੈਨੂੰ ਏਸ ਉਮਰ ਦੀ ਨਾਇਕਾ ਦੀ ਵੀ ਲੋੜ ਏ। ਜਿਹੜੀ ਪਾਤਰ 'ਚ ਜਾਨ ਪਾ ਸਕੇ।

ਪਰ ਉਹ ਦੋਵੇਂ ਜਨਾਨੀਆਂ ਕੋਈ ਪੱਕਾ ਜਵਾਬ ਨਾ ਦੇ ਸਕੀਆਂ, ਕਿ ਉਹ ਰੋਈ ਕਿਉਂ ਸੀ?

ਮੈਂ ਨਿਰਾਸ਼ ਹੋ ਗਿਆ। ਫੇਰ ਮੈਨੂੰ ਲੱਗਿਆ ਕਿ ਮੇਰਾ ਦਿਲ ਠੀਕ ਨਹੀਂ। ਮੈਨੂੰ ਭੁੱਖ ਜਾਂ ਖੋਹ ਜਿਹੀ ਲੱਗੀ ਏ। ਮੈਨੂੰ ਕੁਝ ਕਰਨਾ ਚਾਹੀਦਾ ਏ। ਕੁਝ ਖਾਣਾ ਪੀਣਾ ਜਾਂ ਕੁਝ ਹੋਰ। ਮੈਂ ਬੇਚੈਨ ਹੋ ਗਿਆ।.... ਮੈਂ ਰੋਜ਼ੀ ਵੱਲ ਨੂੰ ਹੋ ਕੇ ਬਹਿ ਗਿਆ। ਉਹਦੀ ਬਾਂਹ ਫੜ ਕੇ ਪਲੋਸਣ ਲੱਗ ਪਿਆ। ਉਹ ਪਹਿਲਾਂ ਦੇਖਦੀ ਰਹੀ ਤੇ ਫੇਰ ਹੱਸਣ ਲੱਗ ਪਈ। ਮੈਨੂੰ ਸ਼ਰਮ ਆਈ ਕਿ ਉਹ ਮੇਰੀ ਨੀਤ ਸਮਝਣ ਲੱਗ ਪਈ ਏ।..... ਮੈਂ ਉਹਨੂੰ ਨੀਝ ਨਾਲ ਦੇਖਦਿਆਂ ਕਿਹਾ,"ਆ ਚੱਲੀਏ!"

ਉਹ ਗੰਭੀਰ ਹੋ ਗਈ। ਪਹਿਲਾਂ ਉਹਨੇ ਅੱਖਾਂ ਦੇ ਭਰਵੱਟੇ ਉਤਾਂਹ ਚੁੱਕਦਿਆਂ ਪੁੱਛਿਆ ਕਿ ਕਿਥੇ? ਫੇਰ ਮੂੰਹੋਂ ਬੋਲ ਪਈ। ਮੈਂ ਉਹਨੂੰ ਬਾਂਹੋਂ ਫੜ ਕੇ ਉਠਾ ਲਿਆ। ਦੂਜੀ ਬਾਂਹ ਉਹਦੇ ਮੋਢੇ ਦੁਆਲੇ ਵਲ਼ ਕੇ ਅੰਦਰ ਲੈ ਗਿਆ।.... ਮੇਰਾ ਦਿਲ ਕਰਨ ਲੱਗ ਪਿਆ ਕਿ ਉਹਨੂੰ ਮਧੋਲਾਂ। ਕੁੱਟਾਂ। ਜਾਂ ਕੁਝ ਅਜਿਹਾ ਕਰਾਂ, ਜਿਹੜਾ ਹਿੰਸਾ ਵਰਗਾ ਹੋਵੇ। ਜੀਹਦੇ ਨਾਲ ਚਿਹਰੇ 'ਤੇ ਨੀਲੇ ਨਿਸ਼ਾਨ ਬਣੇ ਦਿਸਣ। ਝਰੀਟਾਂ ਤੇ ਜ਼ਖ਼ਮਾਂ ਦੇ ਨਿਸ਼ਾਨ ਬਲਣ। ਕਿਸੇ ਵਿਚੋਂ ਕੁਝ ਖ਼ੂਨ ਵੀ ਸਿੰਮਦਾ ਹੋਵੇ। ਕੋਈ ਬੂੰਦ ਉੱਤਰ ਕੇ ਕੱਪੜੇ 'ਤੇ ਗਿਰੀ ਵੀ ਹੋਵੇ।

ਮੈਂ ਅੰਦਰ ਜਾ ਕੇ ਰੋਜ਼ੀ ਨੂੰ ਆਪਣੇ ਮਨ ਦੀ ਇਹ ਗੱਲ ਦੱਸ ਵੀ ਦਿੱਤੀ। ਪਰ ਉਹ ਬਹੁਤ ਖਿਲ਼ੁਟੀ ਹੋਈ ਔਰਤ ਏ। ਉਹਨੂੰ ਪਤਾ ਏ ਕਿ ਅਜਿਹੇ ਮਰਦਾਂ ਨੂੰ ਕਿਵੇਂ ਠੰਢਾ ਕੀਤਾ ਜਾ ਸਕਦਾ ਏ। ਉਹਨੇ ਤਦੇ ਸਾਰੇ ਗੁਰ ਵਰਤ ਦਿੱਤੇ ਤੇ ਮੈਨੂੰ ਬੋਲਣ, ਹੱਸਣ ਤੇ ਖਾਣਾ ਖਾਣ ਜੋਗਾ ਕਰ ਕੇ ਕੱਪੜੇ ਪਾ ਕੇ ਬਾਹਰ ਜਾ ਕੇ ਸੋਫੇ 'ਤੇ ਬਹਿ ਗਈ।

ਇਕ ਦਿਨ ਮੈਂ ਰੋਜ਼ੀ ਨਾਲ ਫੇਰ ਮਾਨਸੀ ਦੀ ਗੱਲ ਛੇੜ ਲਈ। ਤੰਗ ਆ ਕੇ ਉਹਨੇ ਕਿਹਾ," ਮੈਂ ਚੰਡੀਗੜ੍ਹ ਜਾਣੈ ਹਰੀਸ਼ ਚੋਪੜਾ ਦੇ ਯੂਨਿਟ ਨਾਲ। ਮਾਨਸੀ ਨੂੰ ਮਿਲ ਕੇ ਆਵਾਂਗੀ। ਤੁਸੀਂ ਮੈਨੂੰ ਉਹਦਾ ਪਤਾ ਤੇ ਫੋਨ ਨੰਬਰ ਦੇ ਦਿਓ।"

ਕਈ ਦਿਨਾਂ ਬਾਅਦ ਮੈਂ ਇਕ ਅੰਗ੍ਰੇਜ਼ੀ ਫਿਲਮ 'ਦ ਲਾਸਟ ਸੈਪਲ' ਦੇਖੀ। ਉਹ ਸੀ ਤਾਂ ਵੱਡੇ ਉਮਰ ਦੇ ਬੰਦਿਆਂ ਬਾਰੇ, ਪਰ ਮੈਂ ਉਹਦੇ ਵਿਚ ਮਾਨਸੀ ਦੇ ਹੰਝੂ ਤੇ ਉਹਦੇ ਰੋਣ ਦੇ ਕਾਰਨ ਲੱਭਦਾ ਰਿਹਾ।... ਉਹ ਫਿਲਮ ਆਪਣੇ ਬੈੱਡ 'ਚ ਬਹਿ ਕੇ ਦੇਖਦਿਆਂ ਮੇਰੀ ਤੇ ਮਾਨਸੀ ਦੀ ਮਾਨਸਿਕ ਅਵਸਥਾ ਕੁਝ-ਕੁਝ ਇੱਕੋ ਜਿਹੀ ਲੱਗੀ। ਮੈਂ ਵੀ ਕਈ ਅਜਿਹੇ ਕੰਮ ਕਰ ਜਾਂਦਾ ਹਾਂ, ਜਿਨ੍ਹਾਂ ਦੇ ਮੈਨੂੰ ਕਾਰਨ ਨਹੀਂ ਲੱਭਦੇ।.... ਹੁਣ ਜਦ ਕਦੇ ਮੇਰਾ ਦਿਲ ਕਰਦਾ ਏ ਕਿਸੇ ਜਨਾਨੀ ਨੂੰ ਬੈੱਡ 'ਤੇ ਲਿਜਾਣ ਨੂੰ ਤਾਂ ਇਹ ਤਾਂ ਗੱਲ ਮੇਰੀ ਸਮਝ 'ਚ ਆਉਂਦੀ ਏ। ਪਰ ਜਦ ਮੇਰਾ ਉਹਨੂੰ ਕੁੱਟਣ ਮਾਰਨ, ਜ਼ਖ਼ਮੀ ਕਰਨ, ਲਹੂ ਵਗਾਣ ਨੂੰ ਦਿਲ ਕਰਦਾ ਏ ਤਾਂ ਉਹ ਕੀ ਹੋਇਆ? ਇਹ ਕੀ ਹੋਇਆ?

ਜਦ ਮੈਂ ਛੋਟਾ ਸੀ ਤਾਂ ਮੇਰਾ ਬਾਪ ਗੁਜ਼ਰ ਗਿਆ ਸੀ। ਸਾਰੇ ਰੋਏ ਸੀ, ਪਰ ਮੈਨੂੰ ਸਮਝ ਨਹੀਂ ਸੀ ਆਈ ਕਿ ਇਹ ਕਿਉਂ ਰੋਂਦੇ ਨੇ। ਮੇਰੀ ਬੇਬੇ ਨੇ ਮੈਨੂੰ ਪੜ੍ਹਨੇ ਪਾ ਦਿੱਤਾ। ਮੈਂ ਸਕੂਲੋਂ ਭੱਜ ਜਾਂਦਾ। ਬੇਬੇ ਲੱਭਦੀ ਫਿਰਦੀ। ਮੈਂ ਕੱਲਾ ਕਿਸੇ ਬਰੋਟੇ ਹੇਠ ਬੈਠਾ ਲੱਭ ਪੈਂਦਾ।... ਵੱਡਾ ਹੋਇਆ ਤਾਂ ਮੈਂ ਬਿਨਾਂ ਈ ਦੱਸੇ ਦੂਜੇ ਪਿੰਡ ਦੇ ਮੇਲੇ ਚਲਿਆ ਜਾਂਦਾ। ਬੇਬੇ ਬੜਾ ਟੋਲਦੀ। ਮੈਂ ਜਲੇਬੀਆਂ ਪਕੌੜੇ ਖਾ ਕੇ ਮੁੜ ਆਉਂਦਾ।.... ਜਦ ਮੈਂ ਸਕੂਲ ਪੜ੍ਹਦਾ ਇਹੋ ਜਿਹੇ ਕੰਮ ਕਰਦਾ ਤਾਂ ਮਾਸਟਰ ਗਿਰਧਾਰੀ ਲਾਲ ਨੇ ਪਹਿਲਾਂ ਕਹਿਣਾ,' ਰੰਡੀ ਦਾ ਪੁੱਤ, ਸੌਦਾਗਰ ਦਾ ਘੋੜਾ,' ਤੇ ਫੇਰ ਕਹਿੰਦੇ ਹੁੰਦੇ ਸੀ,' ਇਹਨੂੰ ਘੌਂਕਾ ਉੱਠਦੈ ਕੋਈ ਪੁੱਠਾ ਕੰਮ ਕਰਨ ਦਾ।'

ਮੈਨੂੰ ਪੁਰਾਣੀ ਗੱਲ ਯਾਦ ਏ, ਇਕ ਵਾਰ ਮੈਂ ਕੋਠੇ ਤੋਂ ਹੇਠਾਂ ਛਾਲ ਮਾਰ ਕੇ ਲੱਤ ਤੁੜਵਾ ਲਈ ਸੀ। ਬੇਬੇ ਬਹੁਤ ਰੋਂਦੀ ਹੁੰਦੀ ਸੀ ਮੇਰਾ ਦੁੱਖ ਦੇਖ ਕੇ। ਰੋਂਦੀ ਉਹ ਮੈਨੂੰ ਚੰਗੀ ਲੱਗਦੀ ਹੁੰਦੀ ਸੀ। ਪਰ ਛੋਟੀ ਭੈਣ ਰੋਂਦੀ ਬੁਰੀ ਲੱਗਦੀ ਹੁੰਦੀ ਸੀ। ਉਹ ਉਂਜ ਵੀ ਬੁਰੀ ਲੱਗਦੀ ਸੀ ਮੈਨੂੰ।... ਫੇਰ ਜਦ ਭੈਣ ਦਾ ਵਿਆਹ ਹੋ ਗਿਆ ਤੇ ਮਾਂ ਚਾਰ ਕੁ ਦਿਨ ਬਿਮਾਰ ਰਹਿ ਕੇ ਮਰ ਗਈ ਤਾਂ ਬੜੇ ਰਿਸ਼ਤੇਦਾਰ ਆ ਕੇ ਰੋਏ ਸੀ ਮੇਰੇ ਕੋਲ।...



ਪਰ ਮੈਂ ਸੌਖਾ ਹੋ ਗਿਆ ਸੀ। ਮੈਨੂੰ ਕਿਸੇ ਕੁੜੀ ਦਾ ਵੀਰ ਬਨਣਾ ਤੇ ਸਾਲਾ ਬਨਣਾ ਚੰਗਾ ਨਹੀਂ ਸੀ ਲੱਗਦਾ। ਮਾਂ ਦੇ ਬਾਅਦ ਮੈਂ ਸੀ ਤੇ ਮੇਰੇ ਘੌਂਕੇ!

ਉਂਜ ਮਾਸਟਰ ਗਿਰਧਾਰੀ ਲਾਲ ਦੀ ਗੱਲ ਠੀਕ ਈ ਸੀ।... ਲਗਦੈ ਕਿ ਮੈਨੂੰ ਹੁਣ ਵੀ ਘੌਂਕਾ ਉੱਠਦਾ ਏ!... ਪਰ ਓਨੇ ਵੇਗ ਨਾਲ ਜਿਵੇਂ ਜਵਾਨੀ 'ਚ ਉੱਠਦਾ ਸੀ।

ਇਕ ਸ਼ਾਮ ਰੋਜ਼ੀ ਆਈ। ਉਹ ਬੜੀ ਬਣੀ ਠਣੀ ਤੇ ਜੋਸ਼ 'ਚ ਸੀ। ਉਹ ਮਾਨਸੀ ਨੂੰ ਮਿਲ ਕੇ ਆਈ ਸੀ। ਨਾਲ ਇਕ ਤੋਹਫਾ ਲਿਆਈ ਸੀ, ਗਰੁੱਪ ਫੋਟੋ ਦਾ। ਜੀਹਦੇ 'ਚ ਮੈਂ ਤੇ ਮਾਨਸੀ ਕਿਸੇ ਨਾਟਕ 'ਚ ਇਕ ਦੂਜੇ ਦੇ ਸਾਹਮਣੇ ਖੜ੍ਹੇ ਸੀ।

"ਫੇਰ ਕੀ ਕਹਿੰਦੀ?"

"ਕੌਣ?"

"ਮਾਨਸੀ।... ਹੋਰ ਕੌਣ।"

"ਕਹਿੰਦੀ, 'ਮੇਰੇ ਮੁੰਡੇ ਦਾ ਰਿਸ਼ਤਾ ਨਹੀਂ ਹੋਇਆ। ਤੂੰ ਕਰਾ ਦੇ।'...ਮੈਂ ਕਿਹਾ, ਮੇਰੀ ਲੜਕੀ ਦਾ ਰਿਸ਼ਤਾ ਲੈ ਲੈ।.... ਟੀ ਵੀ ਸੀਰੀਅਲਾਂ 'ਚ ਗੁੱਡੀ ਚੜ੍ਹੀ ਹੋਈ ਏ ਰਿਤੂ ਨੰਦਾ ਦੀ।'.... ਕਹਿੰਦੀ, 'ਮੈਨੂੰ ਏਸ ਕੰਮ ਵਾਲਿਆਂ ਤੋਂ ਡਰ ਲੱਗਦਾ ਏ।'... ਮੈਂ ਕਿਹਾ, 'ਫੇਰ ਦੀਪਕ ਦੁੱਗਲ ਬਾਰੇ ਕੀ ਖਿਆਲ ਏ?.... ਸੱਚੀਂ ਅਸੀਂ ਬਹੁਤ ਹੱਸੀਆਂ। ਉਹਦਾ ਮੁੰਡਾ ਨੀਰਜ ਆਇਆ ਹੋਇਆ ਸੀ। ਏਨਾ ਸੁਹਣਾ.... ਜੀ ਕਰੇ ਮੈਂ ਈ ਵਿਆਹ ਲਾਂ...! ਮੈਂ ਮਨ 'ਚ ਸੋਚਿਆ... ਕਾਸ਼ ਮੈਂ ਵੀਹ ਵਰ੍ਹੇ ਬਾਅਦ 'ਚ ਜੰਮੀ ਹੁੰਦੀ।"

ਮੈਂ ਕਿਹਾ, 'ਫੇਰ ਤੈਨੂੰ ਮੈਂ ਗੋਦੀ ਚੱਕ ਕੇ.... ਸਾਲੀ।... ਕੰਮ ਦੀ ਗੱਲ ਕਰ।'... ਰੋਜ਼ੀ ਮਾਨਸੀ ਤੋਂ ਤੀਵੀਆਂ ਵਾਲੀਆਂ ਸਾਰੀਆਂ ਗੱਲਾਂ ਪੁੱਛ ਆਈ ਸੀ। ਜਿਸ ਤੋਂ ਉਹਦੇ ਰੋਣ ਦਾ ਕੋਈ ਕਾਰਣ ਨਾ ਲੱਭਿਆ। ਅਸੀਂ ਆਪਣੀਆਂ ਕਹਾਣੀਆਂ ਘੜ੍ਹਨ ਲੱਗ ਪਏ। (ਅਕਤੂਬਰ, 2008)

*ਪਤਾ : 593, ਮੋਤਾ ਸਿੰਘ ਨਗਰ, ਜਲੰਧਰ, ਮੁਬਾਇਲ 94632-20319*

**ਮਨਮੋਹਨ ਬਾਵਾ ਦਾ ਨਵਾਂ ਨਾਵਲ**

**ਯੁਗ-ਅੰਤ**




**ਇਹ ਨਾਵਲ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਖ਼ਾਲਸਾ ਰਾਜ ਦੇ ਪਤਨ ਦੇ ਕਾਰਨਾਂ ਅਤੇ ਰਣਜੀਤ ਸਿੰਘ ਦੀਆਂ ਖ਼ਾਸੀਅਤਾਂ ਕਮਜ਼ੋਰੀਆਂ ਨੂੰ ਆਪਣੇ ਬਿਰਤਾਂਤ ਦਾ ਵਿਸ਼ਾ ਬਣਾਉਂਦਾ ਹੈ। ਮਹਾਰਾਜਾ ਰਣਜੀਤ ਸਿੰਘ ਦੀਆਂ ਅੱਠ ਰਾਣੀਆਂ ਚੋਂ ਹਰ ਕਿਸੇ ਦੀ ਕੁੱਖੋਂ ਪੁੱਤਰ ਹੀ ਪੈਦਾ ਹੁੰਦੇ ਰਹੇ? ਕਿਸੇ ਧੀ ਨੇ ਜਨਮ ਲਿਆ ਜਾਂ ਨਹੀਂ ਲਿਆ? ਇਹ ਵੀ ਨਾਵਲ ਦੇ ਬਿਰਤਾਂਤ ਦਾ ਇਕ ਅਨਿੱਖੜਵਾਂ ਅੰਗ ਹੈ।**

*ਪ੍ਰਕਾਸ਼ਕ*
**ਚੇਤਨਾ ਪ੍ਰਕਾਸ਼ਨ,**
*ਪੰਜਾਬੀ ਭਵਨ, ਲੁਧਿਆਣਾ*

## ਕਹਾਣੀ / **ਕਾਲ ਕਾਲਾਂਤਰ**/ ਸਰੂਪ ਸਿਆਲਵੀ

### 1.

ਦਫਤਰੀ ਡਿਊਟੀ ਕਰਨ ਦੇ ਨਾਲ-ਨਾਲ ਜਿਨਾ ਚਿਰ ਮੇਰੇ ਕੋਲ ਕੁਝ ਵਧੀਆ... ਸੋਚਣ, ਸਮਝਣ, ਲਿਖਣ, ਪੜ੍ਹਨ ਲਈ ਨਾ ਹੋਵੇ, ਮੈਨੂੰ ਆਪਣਾ ਆਪ ਘਟੀਆ ਘਟੀਆ ਜਾਪੂ। ਸਵੇਰੇ ਉਠਕੇ ਐਨਕ ਲਾਉਣ ਲੱਗਿਆ ਭੈੜੀ ਲੱਗੂ... ਇਹ ਡਿਗਕੇ ਟੁੱਟ ਕਿਉਂ ਨੀ ਜਾਂਦੀ।

ਪਰ ਜਿਹੜੀਆਂ ਗੱਲਾਂ ਹੁਣ ਮੇਰੇ ਮਨ ਵਿਚ ਡੂੰਘੀਆਂ ਲਹਿੰਦੀਆਂ ਜਾ ਰਹੀਆਂ ਹਨ... ਦੁਖ ਹੁੰਦਾ... ਇਹਨਾਂ ਗੱਲਾਂ ਬਾਰੇ ਪਹਿਲਾਂ ਕਿਉਂ ਨੀ ਸੋਚਿਆ। ਉਠਕੇ ਪਹਿਲਾਂ ਐਨਕ ਸੰਭਾਲਦਾ ਹਾਂ... ਕਿਤੇ ਡਿਗਕੇ ਟੁੱਟ ਹੀ ਨਾ ਜਾਵੇ।... ਜਿਵੇਂ ਹਰ ਕੋਈ ਆਪਣੇ ਵਿਚਾਰਾਂ ਨੂੰ ਸਾਂਝੇ ਕਰਨਾ ਚਾਹੁੰਦਾ ਹੈ... ਮੇਰਾ ਵੀ ਜੀਅ ਕਰਦਾ... ਕੋਈ ਧਿਆਨ ਨਾਲ ਸੁਣੇ ਨਾ ਸੁਣੇ... ਸਮਝੇ ਨਾ ਸਮਝੇ... ਬੋਲੀ ਜਾਵਾਂ... ਦੱਸੀ ਜਾਵਾਂ।

ਮੈਂ ਨਿੱਤ ਜੁੜਦੀ ਮਿੱਤਰ ਮੰਡਲੀ ਕੋਲ ਪੰਜੀਂ ਸੱਤੀਂ ਚਲਿਆ ਜਾਂਦਾ ਹਾਂ। ਹਾਸੇ-ਠੱਠੇ ਦੀਆਂ ਗੱਲਾਂ ਚਲਦੀਆਂ ਰਹਿੰਦੀਆਂ ਹਨ। ਇੰਦਰ ਸਿੰਘ ਸੌ ਦਾ ਨੋਟ ਕੱਢਕੇ ਮੁਸਕੜੀਆਂ ਹਸੂ, "ਲਿਆਓ ਫੇਰ ਕੱਢੋਓ... ਕਾਹਨੂੰ ਕੁਵੇਲਾ ਕਰਨਾ... ਪੀਣੀ ਤਾਂ ਹੈ ਈ...।" ਮੈਂ ਤੇ ਫੌਜੀ ਵੀ ਸੌ ਸੌ ਦੇ ਨੋਟ ਕੱਢਦੇ ਹਾਂ। ਵੇਟਰ ਨੂੰ ਠੇਕੇ ਭੇਜ ਦਿੰਦੇ ਆ।

ਫ਼ੌਜੀ ਦੇ ਟੈਂਟ ਸਟੋਰ 'ਤੇ ਭਤੀਜੀ ਦੇ ਵਿਆਹ ਲਈ ਟੈਂਟ ਤੇ ਕਰਾਕਰੀ ਦਾ ਸਮਾਨ ਬੁੱਕ ਕਰਵਾਉਣ ਆਇਆ ਬੰਦਾ, ਉਹਦਾ ਪੁਰਾਣਾ ਗਾਹਕ ਹੋਣ ਕਰਕੇ ਸਾਡੇ ਕੋਲ ਆਣ ਬੈਠਾ ਹੈ। ਇੰਦਰ ਸਿੰਘ ਨੇ ਉਹਨੂੰ ਪੈੱਗ ਪਾ ਦਿੱਤਾ ਹੈ। ਉਹਨੇ ਪੈੱਗ ਵਾਲਾ ਗਿਲਾਸ ਪਰ੍ਹਾਂ ਨੂੰ ਖਿਸਕਾ ਕੇ ਝੋਲੇ ਵਿਚੋਂ ਆਪਣਾ ਗਿਲਾਸ ਕੱਢਕੇ ਰੱਖ ਦਿੱਤਾ। "ਬਾਈ ਜੀ ਜੇ ਪਿਲਾਉਣੀ ਐ ਤਾਂ ਉਹਦੇ ਵਿਚ ਪਾ ਦਿਓ।" ਉਹ ਇਸਦਾ ਕਾਰਨ ਦੱਸਦਾ ਹੈ, "ਪਹਾੜੀ ਪਿੰਡਾਂ ਵਿਚ ਤਾਂ ਅਸੀਂ ਇਕ ਦੂਸਰੇ ਨੂੰ ਜਾਤੀ ਤੌਰ ਤੇ ਜਾਣਦੇ ਆ... ਨੀਵੀਂ ਜਾਤ ਦਾ ਬੰਦਾ ਸਾਡੇ ਨਾਲ ਬਹਿ ਕੇ ਪੀਣ ਦੀ ਊਂ ਈ ਜੁਰਅਤ ਨੀ ਕਰਦਾ। ਪਰ ਸ਼ਹਿਰੀਆਂ ਜਿਹਾ ਦਾ ਪਤਾ ਨ੍ਹੀਂ ਲਗਦਾ, ਚੂਹੜੇ- ਚਮਾਰਾਂ ਦੇ ਗਿਲਾਸਾਂ ਵਿਚ ਪੀਤੀ ਜਾਵੇ ... ਫੇਰ ਉਹਨਾਂ ਦੀ ਜਾਤ ਦਾ ਪਤਾ ਲੱਗਣ ਤੇ ਦੁਖ ਹੁੰਦਾ।... ਜਾਣੀ ਪੀਤੀ ਹੋਈ ਸਾਰੀ ਓ ਉਤਰ ਜਾਂਦੀ ਐ। ਬਾਈ ਗੁੱਸਾ ਨਾ ਕਰਿਓ ... ਮੈਂ ਇਹਨਾਂ ਨਾਲ ਨਾ ਬਹਿਕੇ ਖਾਣ-ਪੀਣ ਦਾ ਨੇਮ ਪਾਇਆ ਹੋਇਆ।

ਜੇਕਰ ਉਹ ਮੈਨੂੰ ਦਸ ਕੁ ਸਾਲ ਪਹਿਲਾਂ ਮਿਲਿਆ ਹੁੰਦਾ... ਮੈਂ ਉਸ ਨਾਲ ਉਲਝ ਪੈਣਾ ਸੀ। ਉਦੋਂ ਮੈਂ ਬੀ. ਏ. ਕਰਨ ਤੋਂ ਬਾਅਦ, ਵਿਹਲਾ ਹੋਣ ਕਰਕੇ ਘਰੇ ਵਿਦਿਆਰਥੀਆਂ ਨੂੰ ਟਿਊਸ਼ਨ ਪੜ੍ਹਾਇਆ ਕਰਦਾ ਸਾਂ। ਨਾਲ ਦੇ ਪਿੰਡ ਦਾ ਮੈਲੇ ਜਹੇ ਕਪੜਿਆਂ ਵਾਲਾ ਬਜੁਰਗ, ਦਸਵੀਂ ਵਿਚ ਪੜ੍ਹਦੇ ਪੋਤੇ ਨੂੰ ਮੇਰੇ ਕੋਲ ਲੈ ਕੇ ਆਇਆ। ਮੈਂ ਇੱਜ਼ਤ ਕਰਦਿਆਂ ਸੁਲਾ ਮਾਰੀ-ਬੈਠੋ ਬਜੁਰਗੋ ਚਾਹ ਪੀ ਕੇ ਜਾਇਓ। "ਮੈਂ ਥੋਡੇ ਘਰਾਂ ਤੋਂ ਨਾ ਖਾਣ ਦਾ ਨੇਮ ਪਾਇਆ ਹੋਇਆ।" ਉਹ ਖੜ੍ਹਾ ਖੜ੍ਹਾ ਈ ਬੋਲਿਆ। ਮੈਥੋਂ ਵੀ ਕਿਹਾ ਗਿਆ... ਜਿਹੜਾ ਸਾਡੇ ਘਰ ਦਾ ਖਾਂਦਾ ਨੀ... ਮੈਂ ਵੀ ਉਹਨੂੰ ਨਾ ਪੜ੍ਹਾਉਣ ਦਾ ਨੇਮ ਪਾਇਆ ਹੋਇਆ ਮੁੰਡੇ ਨੂੰ ਨਾਲ ਈ ਲੈ ਜਾ।

ਮੈਂ ਦੇਖਦਾ ਰਹਿੰਦਾ, ਫ਼ੌਜੀ ਵੀ ਜਾਤੀ ਉੱਚਤਾ ਦਿਖਾਉਣ ਵਾਲੇ ਨੂੰ ਝਾੜ ਪਾ ਦਿੰਦਾ ਸੀ, "ਮੇਰੀ ਤੇ ਮੇਰੇ ਪਿਓ ਦੀ ਤੀਹ ਹਜ਼ਾਰ ਰੁਪਏ ਪੈਨਸ਼ਨ ਐ। ਪੰਦਰਾਂ ਵੀਹ ਹਜ਼ਾਰ ਰੁਪਏ ਟੈਂਟ ਦੀ ਆਮਦਨ ਐ। ਥੋਡੇ ਨਾਲੋਂ ਵਧੀਆ ਮਕਾਨ ਐ। ਚੰਗਾ ਖਾਈ-ਪੀਈ ਦਾ ਐ। ਤੂੰ ਦੇਸੀ ਪੀਂਦਾ, ਉਹ ਵੀ ਨਮਕ ਦੀ ਚੁਟਕੀ



ਨਾਲ। ਅਸੀਂ ਵਿਸਕੀ ਪੀ ਰਹੇ ਆ। ਫ਼ਲ ਫਰੂਟ ਨਾਲ।" ਅਗਲਾ ਖੀਂ ਖੀਂ ਕਰਦਾ, ਬਚਦੇ ਦੇਸੀ ਦਾਰੂ ਦੇ ਅਧੀਏ ਦਾ ਇਕੋ ਪੈੱਗ ਬਣਾ ਕੇ ਪੀ ਕੇ ਲੰਘਦਾ ਹੁੰਦਾ।

ਪਰ ਫ਼ੌਜੀ ਨੂੰ ਟੈਂਟ ਦਾ ਸਮਾਨ ਬੁੱਕ ਕਰਾਉਣ ਆਏ ਬੰਦੇ ਨਾਲ ਮਤਲਬ ਐ। ਉਹ ਬੋਲਦਾ ਨੀ ਹੈਗਾ। ਮੇਰੇ ਵੀ ਹੁਣ ਵਿਚਾਰ ਬਦਲ ਗਏ ਹਨ। ਹੁਣ ਮੈਂ ਹਰ ਗੱਲ ਵਿਚੋਂ... ਸਾਡੇ ਲਈ ਅਜਿਹੇ ਹਾਲਾਤ ਬਣਨ, ਬਣਾਉਣ ਦੇ ਕਾਰਨ ਜਾਨਣ ਦਾ ਯਤਨ ਕਰਦਾ ਰਹਿੰਦਾ ਹਾਂ।

ਉਹ ਦਾਰੂ ਦਾ ਪੈੱਗ ਉਤਾਂਹ ਚੁੱਕ ਕੇ ਆਖਦਾ ਹੈ, "ਆਹ ਤਾਂ ਬਾਈ ਦੇਵਤਿਆਂ ਤੇ ਰਾਖਸ਼ਾਂ ਦੇ ਸਮੁੰਦਰ ਰਿੜਕਣ ਵਿਚੋਂ ਨਿਕਲਿਆ ਤੇਰ੍ਹਵਾਂ ਰਤਨ ਹੈ।" ਮੈਂ ਉਹਨੂੰ ਹਾਸੇ ਵਿਚ ਦੱਸਦਾ ਆ ਕਿ ਇੰਦਰ ਦੇਵਤਾ ਵੀ, ਇੰਦਰਾਣੀ ਨੂੰ ਮੈਰੇਅ ਨਾਂ ਦੀ ਸ਼ਰਾਬ ਪੇਸ਼ ਕਰਦਾ ਹੁੰਦਾ ਸੀ, ਜਿਵੇਂ ਇੰਦਰ ਸਿੰਘ ਨੇ ਤੈਨੂੰ ਪੇਸ਼ ਕੀਤੀ ਐ। "ਹਾਂ ਬਾਈ ਆਹ ਤਾਂ ਕਿਸਮਤ ਵਾਲਿਆਂ ਨੂੰ ਪ੍ਰਾਪਤ ਹੁੰਦੀ ਐ।" ਲਗਦਾ ਉਹਦੀ ਪਹਿਲਾਂ ਵੀ ਪੀਤੀ ਹੋਈ ਐ। ਉਹ ਸਕੂਟਰ ਦੀ ਡਿੱਗੀ ਵਿਚੋਂ ਬੋਤਲ ਕੱਢ ਲਿਆਇਆ ਹੈ। "ਲਓ ਹੁਣ ਘਰ ਦੀ ਕੱਢੀ ਦਾ ਵੀ ਸੁਆਦ ਦੇਖੋ, ਵਿਸਕੀ ਤਾਂ ਤੁਸੀਂ ਪੀ ਕੇ ਦੇਖੀ ਓ ਐ।"

ਮੈਂ ਦੇਸੀ ਦਾਰੂ ਵਾਲੇ ਬਾਈ ਨੂੰ ਦੱਸਦਾ ਹਾਂ ਕਿ ਜਿਵੇਂ ਤੁਸੀਂ ਦਾਰੂ ਕੱਢਣ ਲਈ ਘੜੇ ਜਾਂ ਮੱਟ ਵਿਚ ਪਾਣੀ ਵਿਚ ਗੁੜ ਘੋਲ ਕੇ ਧਰਤੀ ਥੱਲੇ ਦੱਬ ਦਿੰਦੇ ਓ। ...ਵੈਦਿਕ ਕਾਲ ਵਿਚ ਦਾਰੂ ਕੱਢਣ ਲਈ ਗੁੜ, ਸ਼ਹਿਦ ਜਾਂ ਅੰਗੂਰ ਆਦਿ ਬੈਲ ਦੀ ਖੱਲ ਨੂੰ ਸੇਹ ਦੇ ਕੰਡਿਆਂ ਨਾਲ ਸਿਓਂ ਕੇ ਬਣਾਏ ਮਟਕੇ ਵਿਚ ਪਾ ਕੇ ਧਰਤੀ ਥੱਲੇ ਦੱਬਦੇ ਸਨ।

"ਪਰ ਉਦੋਂ ਤਾਂ ਪਸ਼ੂਆਂ ਦੀਆਂ ਖੱਲਾਂ ਰੰਗਣ ਦਾ ਮਨੁੱਖ ਨੂੰ ਪਤਾ ਈ ਨੀ ਹੋਣਾ?" ਤੇਜ ਦਿਮਾਗ਼ ਵਾਲੇ ਇੰਦਰ ਸਿੰਘ ਨੇ ਗੱਲਾਂ ਵਿਚੋਂ ਗੱਲ ਫੜਦਿਆਂ ਪੁਛਿਆ , "ਕੀ ਉਦੋਂ ਕੱਚੀਆਂ ਖੱਲਾਂ ਵਿਚੇ ਦਾਰੂ ਬਣਾਉਂਦੇ ਸਨ। ਕੱਚੀਆਂ ਖੱਲਾਂ ਵਿਚ ਕੱਢੀ ਦਾਰੂ ਤੋਂ ਮੁਸ਼ਕ ਨੀ ਆਉਂਦਾ ਹੋਊ??" ਇੰਦਰ ਸਿੰਘ ਨੇ ਭਿੱਟ ਕਰਦੇ ਦੇਸ਼ੀ ਦਾਰੂ ਵੱਲ ਵੇਖਦਿਆਂ ਪੁੱਛਿਆ।

ਮੈਂ ਦੱਸਿਆ- ਰਿਗ ਵੇਦ ਤੇ ਉਸ ਤੋਂ ਬਾਅਦ ਰਚੇ ਵੇਦਾਂ ਗ੍ਰੰਥਾਂ ਵਿਚ ਖਲ ਲਈ 'ਚਰਮ' ਸ਼ਬਦ ਦੀ ਵਰਤੋ ਕੀਤੀ ਮਿਲਦੀ ਹੈ। ਰਿਗ ਵੇਦ ਵਿਚ ਚਰਮ ਸੋਧਣ ਦੀ ਵਿਧੀ ਦਾ ਵਰਣਨ ਕੀਤਾ ਗਿਆ ਹੈ। ਚਰਮ ਸੋਧਣ ਦੀ ਵਿਧੀ ਨੂੰ 'ਮਲੌਦ' ਕਿਹਾ। ਮਿਰਤਕ ਪਸ਼ੂ ਦੀ ਕਟਣ-ਫਟਣ ਤੋਂ ਸੁਰੱਖਿਅਤ ਚਰਮ ਲਾਹੁਣ ਉਹਨੂੰ ਸੁਕਾਉਣ ਤੋਂ ਬਾਦ ਨਮੀ ਪਹੁੰਚਾਉਣ ਦੇ ਸਾਰੇ ਵਿਵਰਣ ਦਿੱਤੇ ਹਨ। ਇਹ ਉਸ ਵੇਲੇ ਦੀ ਉਤਪਾਦਨ ਕਿਰਿਆ ਨੂੰ ਦਰਸਾਉਂਦੇ ਹਨ।

ਦੇਸੀ ਦਾਰੂ ਵਾਲੇ ਨੂੰ ਮੇਰਾ ਨਾਂ ਸ਼ਮਿੰਦਰ ਸਿੰਘ ਤਾਂ ਇੰਦਰ ਸਿੰਘ ਤੋਂ ਸੁਣ ਲਿਆ ਸੀ। ਸ਼ਾਇਦ ਉਹ ਮੈਨੂੰ ਚਰਮ ਦੀਆਂ ਗੱਲਾਂ ਕਰਦਿਆਂ ਰਹਿਣ ਕਰਕੇ ਮੇਰੀ ਜਾਤ ਜਾਨਣਾ ਚਹੁੰਦਾ ਸੀ। "ਹਾਂ ਬਈ ਕਿਹੜੀ ਜਾਤ ਆ? ... ਕਿਹੜਾ ਪਿੰਡ ਆ...?"

ਪਿੰਡ ਤਾਂ ਮੈਂ ਦੱਸ ਦਿੱਤਾ ਹੈ-ਆਹ ਸਾਮ੍ਹਣੇ ਚੜ੍ਹਾਈ ਚੜ੍ਹਦਿਆਂ ਚੜ੍ਹਤ ਪੁਰ। ਪਰ ਜਾਤੀ ਬਾਰੇ ਦੱਸਣ ਲੱਗਿਆ ਤ੍ਰਬਕਦਾ ਹਾਂ। ਫੇਰ ਸੰਭਲਦਿਆਂ ਦੱਸਦਾ ਹਾਂ-ਕੰਮ ਤਾਂ ਦਫ਼ਤਰ ਵਿਚ ਕਰਦਾ ਹਾਂ... ਪਰ ਜਾਤੀ ਤਾਂ ਉਹੀ... ਚੰਮ ਦਾ ਕੰਮ ਕਰਨ ਵਾਲੀ ਓ ਰਹਿਣੀ ਹੋਈ।

ਮੇਰੇ ਥਿੜ੍ਹਕਦਿਆਂ ਗੱਲ ਕਰਨ 'ਤੇ ਦੇਸੀ ਦਾਰੂ ਵਾਲਾ ਦਿਲਾਸਾ ਦਿੰਦਾ ਹੈ, "ਬਾਈ ਜੀ... ਜਾਤਾਂ ਤਾਂ ਈਸ਼ਵਰ ਨੇ ਬਣਾਈਆਂ ... ਕਿਸ ਵਿਅਕਤੀ ਨੇ ਕਿਹੜੀ ਜਾਤ ਦੇ ਵਿਚ ਜਨਮ ਲਿਆ... ਪੂਰਵਲੇ ਜਨਮਾਂ ਦਾ ਕਰਮ ਫ਼ਲ ਐ। ... ਕਿਸੇ ਦੇ ਕੁਝ ਹੱਥ ਵਸ ਨਹੀਂ । ... ਹਾਂ ਅੱਗੇ ਨੂੰ ਪੁੰਨ, ਦਾਨ ਚੰਗੇ ਕਰਮ ਕਰੋ... ਅਗਲਾ ਜਨਮ ਤਾਂ ਸੁਧਾਰੋ।"

ਦੇਸੀ ਦਾਰੂ ਵਾਲੇ ਦਾ ਆਖਿਆ... ਕਿ ਇਨਸਾਨ ਨੂੰ ਇਨਸਾਨ ਨਾਲੋਂ ਪਾੜਨ, ਊਚ-ਨੀਚ ਭੇਦ ਭਾਵ, ਵਿਤਕਰੇ, ਛੂਆ ਛੂਤ ਪੈਦਾ ਕਰਨ ਵਾਲੀਆਂ ਜਾਤਾਂ-ਪਾਤਾਂ ਵਿਚ ਵੰਡਣ ਵਾਲਾ ਨਿਖਧ ਤੇ

ਭੈੜਾ ਕੰਮ ... ਈਸ਼ਵਰ ਨੇ ਕੀਤਾ... ਸੁਣਕੇ ਮੇਰਾ ਸਿਰ ਚਕਰਾਉਣ ਲੱਗ ਪੈਂਦਾ ਹੈ। ਮੈਂ ਚਾਹੁੰਦਾ ਹਾਂ... ਇੰਦਰ ਸਿੰਘ ਮੇਰਾ ਗਿਲਾਸ ਭਰ ਦਵੇ... ਤੇ ਮੈਂ ਸ਼ਰਾਬੀ ਹੋ ਕੇ... ਦਿਮਾਗ਼ ਵਿਚ ਪੈਦਾ ਹੋਈ ਇਸ ਹਲ-ਚਲ ਤੋਂ ਖਹਿੜਾ ਛੁਡਾ ਕੇ... ਘਰ ਜਾ ਕੇ ਸੌਂ ਜਾਵਾ। ਇਥੇ ਅਸੀਂ ਬਹਿੰਦੇ ਤਾਂ ਦਿਮਾਗ਼ ਦਾ ਭਾਰ ਲਾਹੁਣ ਲਈ ਹਾਂ।... ਪਰ ਇਹ ਤਾਂ ਉਸ ਤੋਂ ਉਲਟ ਹੋ ਗਿਆ।

ਦੇਸੀ ਦਾਰੂ ਵਾਲੇ ਦੀ ਉਮਰ 50-55 ਸਾਲ ਹੋਵੇਗੀ।... ਇਹਨੂੰ ਹਜ਼ਾਰਾਂ ਸਾਲ ਪਹਿਲਾਂ ਬਣਾਈਆਂ ਜਾਤਾਂ-ਪਾਤਾਂ ਬਾਰੇ ਕਿਵੇਂ ਪਤਾ ਲੱਗ ਗਿਆ ਕਿ ਇਹ ਈਸ਼ਵਰ ਨੇ ਬਣਾਈਆਂ। ... ਅਰਵਿੰਦਰ ਆਰੀਆ ਸਰ ਦੱਸਦੇ ਹੁੰਦੇ ਸਨ... ਕਿ ਪ੍ਰਾਚੀਨ ਤੋਂ ਪ੍ਰਾਚੀਨ ਹੱਥ ਲਿਖਤ, ਰਿਗ ਵੇਦ ਵਿਚ ਤਾਂ ਈਸ਼ਵਰ ਦਾ ਜਿਕਰ ਹੀ ਨਹੀਂ। ਉਸ ਵਿਚ ਤਾਂ ਇੰਦਰ, ਵਰੁਣ, ਸੋਮ, ਅਗਨ, ਵਾਯੂ, ਸੂਰਜ, ਪ੍ਰਿਥਵੀ ਆਦਿ ਦੇਵੀ-ਦੇਵਤਿਆਂ ਦੀ ਉਸਤਤ ਵਿਚ ਰਿਸ਼ੀਆਂ ਦੇ ਲਿਖੇ ਸੂਕਤ (ਕਵਿਤਾਵਾਂ) ਹਨ।

ਮੈਂ ਗੱਲਾਂ ਦਾ ਰੁਖ ਮੋੜਨ ਲਈ ਮਜਾਕ ਵਿਚ ਇੰਦਰ ਸਿੰਘ ਨੂੰ ਪੁਛਦਾ ਹਾਂ। ਆਪਣੀ ਕਲਾਸ ਨੂੰ ਗਿਆਰਵੀ, ਬਾਰ੍ਹਵੀ ਵਿਚ ਲੈਕਚਰਾਰ ਅਰਵਿੰਦਰ ਆਰੀਆ ਸਰ ਦਾ ਇਤਿਹਾਸ ਪੜ੍ਹਾਇਆ ਯਾਦ ਐ? "...ਉਹ ਆਪਾਂ ਕਿਵੇਂ ਭੁੱਲ ਸਕਦੇ ਆ?" ਇੰਦਰ ਸਿੰਘ ਵੀ ਖੁਲ੍ਹ ਕੇ ਹਸਦਿਆਂ, ਪੂਰੇ ਭਰੋਸੇ ਨਾਲ ਅੱਖਾਂ ਮਟਕਾਂਦਿਆਂ ਆਖਦਾ ਹੈ,

"ਅਰਵਿੰਦਰ ਇੰਦੂ ਸਰ ਆਰੀਆਂ ਬਾਰੇ ਸਿਲੇਬਸ ਤੋਂ ਕਿਤੇ ਵੱਧ ਪੜ੍ਹਾਉਂਦੇ ਹੁੰਦੇ ਸਨ। ਮੇਰੇ ਤਾਂ ਇਹ ਵੀ ਯਾਦ ਐ... ਉਹ ਦੱਸਦੇ ਹੁੰਦੇ ਸਨ ਕਿ ਮੱਧ ਏਸੀਆ ਵਿਚ ਵੋਲਗਾ ਨਦੀ ਦੇ ਮੁਹਾਨਿਆਂ ਤੇ ਵਸਦੇ ਲੋਕ ਜਿਸ ਲੱਕੜ ਨਾਲ ਅੱਗਨ ਆਸਾਨੀ ਨਾਲ ਪੈਦਾ ਕਰਦੇ ਸਨ... ਉਹਨੂੰ 'ਅਰਨ' ਕਹਿੰਦੇ ਸਨ... ਉਸ ਲੱਕੜ ਦੇ ਨਾਂ 'ਤੇ ਹੀ ਉਹਨਾਂ ਲੋਕਾਂ ਦਾ ਨਾਂ 'ਆਰੀਆ' ਪਿਆ। ਦੇਖ ਲੈ ਸਕੂਲ ਦੇ ਵਿਦਿਆਰਥੀ ਤੇ ਅਧਿਆਪਕ ਉਨ੍ਹਾਂ ਨੂੰ ਅਰਵਿੰਦਰ ਇੰਦੂ ਦੀ ਥਾਂ ਅਰਵਿੰਦਰ 'ਆਰੀਆ' ਕਹਿਣ ਲੱਗ ਪਏ ਸਨ।... ਉਹ ਤਾਂ ਵੀ ਖੁਸ਼ ਸਨ... ਅਖੇ 'ਆਰੀਆ' ਕੁਹਾ ਕੇ ਮੈਨੂੰ ਆਰੀਆਂ ਦੇ ਇਤਿਹਾਸ ਵਿਚਲੀ ਚੋਭ ਮਹਿਸੂਸ ਹੁੰਦੀ ਰਹੇਗੀ।"

ਉਹ ਕਲਾਸ ਵਿਚ ਪੜ੍ਹਾਉਂਦਿਆਂ ਵਿਦਿਆਰਥੀਆਂ ਨੂੰ ਖੁਸ਼ ਰੱਖਦੇ। ਉਹ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਵਸੇ ਪਿੰਡ ਤੋਂ ਆਉਂਦੇ ਈਸ਼ਰ ਸਿੰਘ ਵੱਲ ਉਂਗਲ ਕਰਕੇ ਪੁੱਛਦੇ, "ਹਾਂ ਬਈ ਆਰੀਆ ਕਿਥੋਂ ਆਏ ਸਨ?" ਈਸ਼ਰ ਸਿੰਘ ਵੀ ਹਸੱਦਿਆਂ ਖੜ੍ਹਾ ਹੋ ਕੇ ਜਵਾਬ ਦਿੰਦਾ, "ਸਰ! ਮੇਰੇ ਪਿੰਡ ਸੀਸਵਾਂ ਦੀਆਂ ਪਹਾੜੀਆਂ ਵਿਚ ਨੂੰ ਲੰਘ ਕੇ ਆਏ ਸਨ। ਜਿਵੇਂ ਅੱਜ ਕੱਲ ਮੇਰੇ ਪਿੰਡ ਦੇ ਨੇੜੇ ਟਪਰੀਵਾਸ ਗੱਡੀਆਂ ਵਾਲੇ ਰਹਿੰਦੇ ਐ... ਪਸ਼ੂਪਾਲਕ ਆਰੀਆਂ ਵੀ ਪੁਸ਼ਕਲਾਵਤੀ ਨੇੜੇ ਝੁੱਗੀਆਂ, ਝੌਂਪੜੀਆਂ ਬਣਾ ਕੇ ਰਹਿਣ ਲੱਗ ਪਏ ਸਨ।"

ਅਰਵਿੰਦਰ ਆਰੀਆ ਸਰ ਵਾਰ-ਵਾਰ ਦੱਸਦੇ ਰਹਿੰਦੇ ਸਨ ਕਿ ਮੱਧ ਏਸ਼ੀਆ ਵਿਚ ਵੋਲਗਾ ਨਦੀ ਦੇ ਆਸੇ-ਪਾਸੇ ਵਸਦੇ ਆਰੀਆ ਦੀ ਆਬਾਦੀ ਜਿਉਂ-ਜਿਉਂ ਵਧਦੀ ਚਲੀ ਗਈ... ਤਿਉਂ- ਤਿਉਂ ਉਹ ਵੋਲਗਾ ਨਦੀ ਦੇ ਤਟ ਦੇ ਨਾਲ ਨਾਲ ਤਜਾਕਿਸਤਾਨ ਦੀ ਵਕਸ਼ੂ ਘਾਟੀ ਵੱਲ ਵਧਦੇ ਚਲੇ ਗਏ। ਪਰ ਕੁਝ ਹੀ ਪੁਸ਼ਤਾ ਬਾਦ, ਵਕਸ਼ੂ ਘਾਟੀ ਵਿਚ ਵੀ ਆਰੀਆ ਦੀ ਵਸੋਂ ਵਧਣ ਨਾਲ... ਉਤਲੀਆ ਪਹਾੜੀਆਂ 'ਤੇ ਵਸੇ ਆਰੀਆ ਤੇ ਥੱਲੇ ਵਾਲੀਆਂ ਪਹਾੜੀਆਂ 'ਤੇ ਵਸੇ ਆਰੀਆ ਦੀਆਂ ਪਸ਼ੂ ਚਰਾਂਦਾਂ ਪਿਛੇ ਲੜਾਈਆਂ ਹੋਣ ਲੱਗ ਪਈਆਂ। ਨਿੱਤ ਦੀਆਂ ਲੜਾਈਆਂ ਦੀ ਕੱਟ-ਵੱਢ ਤੋਂ ਤੰਗ ਆ ਕੇ ਕੁਝ ਥਲੜੇ ਮਰਦ ਤੇ ਪਰਸ਼ੂ ਕਬੀਲਿਆਂ ਦੇ ਮਰਦ ਤੇ ਇਸਤਰੀਆਂ ਜਾਨ ਬਚਾ ਕੇ ਵਕਸ਼ੂ ਘਾਟੀ ਛੱਡ ਕੇ ਪੱਛਮ ਵੱਲ ਨਿਕਲ ਗਏ।... ਇਹੀ ਕਬੀਲੇ ਇਰਾਨ ਵਿਚ ਪਰਸ਼ੂ (ਪਰਸ਼ੀਅਨ) ਤੇ ਮਦਰ (ਮੀਡੀਅਨ) ਕਹਾਉਣ ਲੱਗੇ।

ਵਕਸ਼ੂ ਘਾਟੀ ਵਿਚੋਂ ਹਾਰੇ ਹੋਏ ਪੂਰੂ ਕਬੀਲੇ ਦੇ ਸਾਹਸੀ ਪੁਰਸ਼ ਔਰਤਾਂ ਨੇ ਪੱਛਮੀ ਹਿਮਵੰਤ (ਹਿਮਾਲਾ) ਪਾਮੀਰ ਤੇ ਹਿੰਦੂਕੁਸ਼ ਪਰਬਤਾਂ ਦੀਆਂ ਡੂੰਘੀਆਂ ਘਾਟੀਆਂ ਤੇ ਉੱਚੀਆਂ ਚੋਟੀਆਂ ਉਪਰ ਨੂੰ ਔਕੜਾ ਨਾਲ



ਲੰਘਦਿਆਂ ਹੋਇਆ ਕੁਨਾਰ, ਪੰਜਕੋਹਾ ਆਦਿ ਸੂਕਦੇ ਦਰਿਆਵਾਂ ਨੂੰ ਪਾਰ ਕੀਤਾ। ਉਨ੍ਹਾਂ ਦੀ ਹੈਰਾਨੀ ਭਰੀ ਉਤਸੁਕਤਾ ਦੀ ਹੱਦ ਨਾ ਰਹੀ... ਜਦੋਂ ਉਨ੍ਹਾਂ ਨੇ ਚਾਰਾਗਾਹਾਂ ਵਿਚ ਚਰ ਕੇ ਗਏ ਪਸ਼ੂਆਂ ਦੇ ਗੋਹੇ ਤੇ ਚਰਵਾਹਿਆਂ ਦੀਆਂ ਪੈੜ੍ਹਾਂ ਦੇ ਨਿਸ਼ਾਨ ਦੇਖੇ। ... ਉਹ ਸੋਚਣ ਲੱਗੇ... ਕਿ ਉਹਨਾਂ ਨੂੰ ਮਿਲਣ ਵਾਲੇ ਲੋਕ ਕਿਸ ਤਰ੍ਹਾਂ ਦੇ ਹੋਣਗੇ... ਤੇ ਦੂਸਰੇ ਦਿਨ ਉਨ੍ਹਾਂ ਨੂੰ ਮਿਲੇ ਇਸਤਰੀ ਪੁਰਖ ਸਚਮੁਚ ਉਨ੍ਹਾਂ ਲਈ ਓਪਰੇ ਸਨ... ਉਹ ਸਾਵਲੇ ਰੰਗ, ਨਾਟੇ ਕੱਦ ਤੇ ਚਪਟੀ ਨੱਕ ਵਾਲੇ ਸਨ। ... ਤੇ ਨਾ ਹੀ ਉਨ੍ਹਾਂ ਨੂੰ ਇਕ ਦੂਸਰੇ ਦੀ ਬੋਲੀ ਸਮਝ ਆਉਂਦੀ ਸੀ।

ਦੋਵੇਂ ਵੱਖਰੀਆਂ-ਵੱਖਰੀਆਂ ਨਸਲਾਂ ਦੇ ਲੋਕ ਇਕ ਦੂਸਰੇ ਬਾਰੇ ਕੁਝ ਵੀ ਨਹੀਂ ਜਾਣਦੇ ਸਨ। ਸਭ ਤੋਂ ਪਹਿਲਾਂ ਦੇ ਮਹਾਂ ਪਿਤਰ ਨੇ ਨਵੇਂ ਮਿਲੇ ਲੋਕਾਂ ਨੂੰ ਆਪਣੇ ਤੋਂ ਵੱਖਰਾ ਨਾਂ ਦੇਣਾ ਚਾਹਿਆ। ਉਹ 'ਸੁਰਾ' ਨਹੀ ਪੀਂਦੇ ਸਨ... ਮਹਾਂਪਿਤਰ ਨੇ ਉਨ੍ਹਾਂ ਨੂੰ 'ਅਸੁਰ' ਕਿਹਾ ਤੇ ਆਰੀਆ ਨੂੰ 'ਸੁਰਾ' ਪੀਣ ਕਰਕੇ ਸੁਰ ਕਿਹਾ। ਹੁਣ ਉਨ੍ਹਾਂ ਨੂੰ ਅਸੁਰਾ ਦੀ ਭਾਸ਼ਾ ਵਿਚ ਨਦੀਆਂ, ਪਹਾੜਾਂ ਨਗਰਾਂ ਦੇ ਨਾਵਾਂ ਦਾ ਪਤਾ ਨਹੀਂ ਸੀ ਲਗਦਾ। ਮਹਾਂ ਪਿਤਰ ਨੇ ਸੁੰਦਰ ਦ੍ਰਿਸ਼ਾ ਵਾਲੀ ਘਾਟੀ ਨੂੰ ਆਪਣੀ ਭਾਸ਼ਾ ਵਿਚ ਸਵਾਤ ਘਾਟੀ ਕਿਹਾ ਤੇ ਇਸ ਦੇ ਨਾਲ ਵਗਦੀ ਨਦੀ ਨੂੰ ਸੁਵਾਸਤੂ ਨਦੀ ਤੇ ਸਵਾਤ ਘਾਟੀ ਦੇ ਪੱਛਮ ਵਿਚ ਵਗਦੇ ਕੁੰਭ ਨੂੰ ਕੁੰਭਾ ਨਦੀ ਕਿਹਾ। ਤੇ ਫੁਲਾਂ ਪੁਸ਼ਪਾਂ ਨਾਲ ਲੱਦੀ ਕਲਾਮਈ ਢੰਗ ਨਾਲ ਉਸਾਰੀ ਨਗਰੀ ਨੂੰ 'ਪੁਸ਼ਪਕਲਾਵਤੀ' ਕਹਿਣਾ ਸ਼ੁਰੂ ਕਰ ਦਿੱਤਾ।

ਉਧਰ ਆਰੀਆਂ ਨੇ ਜਿਨ੍ਹਾਂ ਨੂੰ ਅਸੁਰ ਕਿਹਾ, ਉਹ ਵੀ ਹੈਰਾਨ ਸਨ। ਜਿਵੇਂ ਉਨ੍ਹਾਂ ਨੂੰ ਸਮਝ ਨਹੀਂ ਲਗ ਰਹੀ ਸੀ ਕਿ ਇਹ ਗੋਰੇ ਰੰਗ, ਤਿੱਖੇ ਨੱਕ, ਸੁਨਹਿਰੀ ਵਾਲ਼ ਤੇ ਲੰਮੇ ਕੱਦ ਦੇ ਨਰ, ਨਾਰੀ ਕਿਥੋਂ ਆ ਗਏ। ਉਨ੍ਹਾਂ ਕੋਲ ਉਹ ਪਸ਼ੂ ਵੀ ਸਨ, ਜਿਹੜੇ ਉਨ੍ਹਾਂ ਨੇ ਪਹਿਲਾਂ ਕਦੇ ਦੇਖੇ ਨਹੀਂ ਸਨ, ਜਿਨ੍ਹਾਂ ਨੂੰ ਉਹ ਅਸ਼ਵ ਜਾਂ ਘੋੜੇ ਕਹਿੰਦੇ ਸਨ।

ਕਈ ਦਿਨਾਂ ਤੱਕ ਕੁਝ ਆਰੀਆ ਘੋੜ ਸਵਾਰ ਪੁਸ਼ਕਲਾਵਤੀ ਨਗਰ ਦੇ ਆਲੇ-ਦੁਆਲੇ ਘੁੰਮ ਕੇ ਮੁੜ ਜਾਂਦੇ ਰਹੇ। ਇਕ ਦਿਨ ਇਸ਼ਾਰਿਆਂ ਇਸ਼ਾਰਿਆਂ ਨਾਲ ਉਨ੍ਹਾਂ ਨੂੰ ਨਗਰਪਤੀ ਨੇ ਨਗਰ ਦੇ ਬਜ਼ਾਰਾਂ, ਮੁਹੱਲਿਆਂ ਤੇ ਘਰਾਂ ਵਿਚ ਵੜਕੇ ਰਹਿਣ ਸਹਿਣ ਤੇ ਜੀਵਨ ਜੀਣ ਦਾ ਸਲੀਕਾ ਦੇਖਣ ਦੀ ਇਜਾਜਤ ਦੇ ਦਿੱਤੀ।

ਜਦ ਘੋੜ ਸਵਾਰ ਨਗਰ ਦੇਖਕੇ ਦੂਰ-ਦੁਰਾਡੀਆਂ ਚਾਰਾਗਾਹਾਂ ਵਿਚ ਸਰਕੜੇ ਤੇ ਘਾਹ-ਫੂਸ ਦੀਆਂ ਬਣਾਈਆਂ ਝੁੱਗੀਆਂ ਵਿਚ ਰਹਿੰਦੇ ਪਸ਼ੂ-ਪਾਲਕ, ਪੂਰੂ ਕਬੀਲੇ ਕੋਲ ਵਾਪਸ ਗਏ ਤਾਂ ਕਬੀਲੇ ਦੇ ਸਭ ਨਰ, ਨਾਰੀ ਉਨ੍ਹਾਂ ਦੁਆਲੇ ਨਵੇਂ ਲੋਕਾਂ ਦੇ ਜੀਵਨ ਬਾਰੇ ਜਾਣਨ ਲਈ ਇਕੱਤਰ ਹੋ ਗਏ।

ਪੁਸ਼ਕਲਾਵਤੀ ਘੁੰਮ ਕੇ ਆਏ ਸਾਰੇ ਘੋੜਸਵਾਰ ਬਾਹਾਂ ਉਲਾਰ ਉਲਾਰ ਕੇ ਦੱਸਣ ਲੱਗ ਪਏ। ਸਾਰੇ ਉਨ੍ਹਾਂ ਦੇ ਮੂੰਹਾਂ ਵੱਲ ਉਤਸੁਕਤਾ ਨਾਲ ਦੇਖ ਰਹੇ ਸਨ... ਪਰ ਰੌਲੇ-ਰੱਪੇ ਵਿਚ ਕਿਸੇ ਦੀ ਵੀ ਗੱਲ ਸਮਝ ਨਹੀਂ ਸੀ ਆ ਰਹੀ। ਮਹਾਪਿਤਰ ਨੇ ਪੁਸ਼ਕਲਵਤੀ ਦੇਖ ਕੇ ਆਏ ਸਾਰੇ ਘੋੜਸਵਾਰਾਂ ਨੂੰ ਬਿਠਾ ਦਿੱਤਾ। ਉਨ੍ਹਾਂ ਵਿਚੋਂ ਸਭ ਤੋਂ ਵੱਡੀ ਉਮਰ ਦੇ ਬੰਸੀ ਨੂੰ ਖੜੇ ਹੋ ਕੇ ਦੱਸਣ ਲਈ ਕਿਹਾ।

ਬੰਸੀ ਅੱਭੜਵਾਹੇ ਉਠਕੇ ਬੋਲਣ ਲੱਗਿਆ, "ਮੇਰੀਆਂ ਗੱਲਾਂ ਨੂੰ ਤੁਸੀਂ ਮੰਨਣਾ ਨੀ ਹੈਗਾ।... ਜੇ ਮੈਂ ਕਹਾਂ... ਇਸ ਝੁੱਗੀ ਉਪਰ ਦੂਜੀ ਝੁੱਗੀ ... ਦੂਜੀ ਉੱਪਰ ਤੀਜੀ... ਤੀਜੀ ਉੱਪਰ... ਕੀ ਤੁਸੀਂ ਮੰਨ ਲਓਗੇ? ..." ਸਭ ਪਾਸਿਓ , "ਨਾ... ਨਾ" ਦੀ ਆਵਾਜ਼ ਆਉਣ ਲੱਗੀ।

ਬੰਸੀ ਦੱਸਣ ਲੱਗਾ, "ਪਰ ਉਥੇ ਅਸੀਂ ਦੇਖ ਕੇ ਆਏ ਆ... ਲੋਹੇ ਦੀਆਂ ਨਹੀਂ... ਪਰ ਲੋਹ ਰੰਗੀਆਂ ਚੋਕੋਰ ਇਟਾਂ...ਇਕ ਦੂਜੀ ਉੱਪਰ ਚਿਣ ਕੇ ਮਕਾਨ ਬਣਾਏ ਹੋਏ। ਇਕ ਮੰਜਲਾ, ਦੋ ਮੰਜਲਾ, ਬਹੁ ਮੰਜਲਾ ਵੱਡੇ ਘਰਾਂ ਵਿਚਕਾਰ ਹਾਲ ਕਮਰੇ।" ਬੰਸੀ ਸਾਹ ਲੈ ਕੇ ਬੋਲਿਆ, "ਇਹੀ ਨਹੀਂ ਚਿਮਨੀਆਂ ਵਾਲੀਆਂ ਵੱਖਰੀਆਂ ਰਸੋਈਆਂ ਦਰਵਾਜੇ ਤੇ ਖਿੜਕੀਆਂ ਵਿਹੜੇ ਵੱਲ ਖੁਲ੍ਹਦੀਆਂ। ਇਸ਼ਨਾਨ ਘਰ ਮੁਖ ਦਰਵਾਜ਼ੇ

ਦੇ ਨਾਲ ਬੁਣਿਆ ਹੋਈਆਂ ਹੈ। ਇਸ਼ਨਾਨ ਘਰ ਹਰ ਮੰਜ਼ਿਲ ਤੇ ਪਾਖ਼ਾਨਾ ਛੱਤ ’ਤੇ ਬਣਿਆ ਹੋਇਆ। ਵਿਹੜੇ ਵਿਚ ਇੱਟਾਂ ਵਿਛੀਆਂ ਹੋਈਆਂ ਹਨ।” ਪੁਰੂ ਕਬੀਲੇ ਦੇ ਨਰ-ਨਾਰੀ ਸਾਹ ਰੋਕ ਕੇ ਬੰਸੀ ਦੀਆਂ ਅਲੋਕਾਰ ਗੱਲਾਂ ਨੂੰ ਸੁਣ ਰਹੇ ਸਨ। ਮਕਾਨਾਂ ਤੋਂ ਬਾਅਦ ਉਹ ਸੜਕਾਂ ਤੇ ਗਲੀਆਂ ਬਾਰੇ ਦੱਸ ਰਿਹਾ ਸੀ, “ਮੁਖ ਸੜਕਾਂ 22 ਹੱਥ ਚੌੜੀਆਂ ਹਨ, ਤੰਗ ਤੋਂ ਤੰਗ ਗਲੀਆਂ ਵੀ 6 ਹੱਥ ਤੋਂ ਘਟ ਚੌੜੀਆਂ ਨਹੀਂ, ਸੜਕਾਂ ਤੇ ਗਲੀਆਂ ਇਕ ਦੂਸਰੀ ਨੂੰ ਕੱਟਦੀਆਂ ਚਲੀਆਂ ਗਈਆਂ ਹਨ। ਹਰੇਕ ਸੜਕ ਤੇ ਗਲੀ ਦੇ ਚੌਂਕ ਵਿਚ ਸਰਵਜਨਕ ਖੂਹ ਹਨ। ਬਹੁਤੇ ਘਰਾਂ ਵਿਚ ਨਿੱਜੀ ਖੂਹ ਹਨ। ਪਾਣੀ ਦੇ ਨਿਕਾਸ ਲਈ ਗਲੀਆਂ ਦੁਆਲੇ ਨਾਲੀਆਂ ਬਣੀਆਂ ਹੋਈਆਂ ਹਨ। ਹਨੇਰਾ ਹੁੰਦਿਆਂ ਹੀ ਸੜਕਾਂ ਤੇ ਲੱਗੇ ਖੰਭਿਆਂ ’ਤੇ ਦੀਵੇ ਜਗਣ ਲੱਗ ਪੈਂਦੇ ਹਨ। ਨਗਰ ਦੇ ਦੁਆਲੇ ਇੱਟਾਂ ਦੀ ਬਣੀ ਹੋਈ ਉੱਚੀ ਦੀਵਾਰ ਹੈ। ਦੀਵਾਰ ਵਿਚ ਬਣੇ ਵੱਡੇ ਦਰਵਾਜਿਆਂ ’ਤੇ ਦਵਾਰਪਾਲ ਬੈਠੇ ਹਨ। ਉਹ ਨਗਰ ਵਿਚ ਵੜਨ ਵਾਲੇ ਹਰ ਬੰਦੇ ’ਤੇ ਨਜ਼ਰ ਰੱਖਦੇ ਹਨ।”

ਪੁਰੂ ਕਬੀਲੇ ਦੇ ਲੋਕਾਂ ਨੂੰ ਇਹ ਗੱਲਾਂ ਵਚਿੱਤਰ ਤੇ ਵਕਸ਼ੂ ਘਾਟੀ ਨਾਲੋਂ ਕਿਸੇ ਦੂਸਰੀ ਦੁਨੀਆਂ ਦੀਆਂ ਜਾਪ ਰਹੀਆਂ ਸਨ। ਉਨ੍ਹਾਂ ਲਈ ਹੈ ਵੀ ਇਹ ਕਿਸੇ ਵੱਖਰੇ ਸੰਸਾਰ ਦੀਆਂ ਸਨ। ਤੇ ਅਜਿਹੇ ਅਜੀਬ ਨਗਰ ਨੂੰ ਦੇਖਣ ਦੀ ਲਾਲਸਾ ਹਰ ਇਕ ਨਰ, ਨਾਰੀ ਦੇ ਚਿਹਰੇ ’ਤੇ ਸਾਫ਼ ਨਜ਼ਰ ਆ ਰਹੀ ਸੀ। ਲੰਕਾਂ ਦੀ ਉਤਸੁਕਤਾ ਨੂੰ ਦੇਖਦਿਆਂ , ਮਹਾਂ ਪਿੱਤਰ ਨੇ ਇਕੱਤਰਤਾ ਬਰਖਾਸ਼ਤ ਕਰ ਦਿੱਤੀ ਸੀ। ਤੇ ਨਗਰ ਦੇਖ ਕੇ ਆਏ ਕੱਲੇ-ਕੱਲੇ ਗੱਭਰੂ ਦੁਆਲੇ ਇਸਤਰੀਆਂ, ਪੁਰਸ਼ਾਂ ਦੇ ਝੁੰਡ ਇਕੱਠੇ ਹੋ ਕੇ ਗੱਲਾਂ ਸੁਣਨ ਲੱਗ ਪਏ ਸਨ। ਗੱਭਰੂ ਦੱਸ ਰਹੇ ਸਨ ਕਿ ਵੱਖਰੇ ਸਿਲਪੀਆਂ ਦੇ ਵੱਖ ਵੱਖ ਮੁਹੱਲੇ ਵਸੇ ਹੋਏ ਸਨ। ਪਹੀਏ ਦੀ ਵਰਤੋਂ ਹੋਣ ਲੱਗ ਪਈ ਸੀ। ਘੁਮਾਰ ਚੱਕ ਨੂੰ ਘੁਮਾ ਕੇ ਮਿੱਟੀ ਦੇ ਘੜੇ, ਮਟਕੇ, ਕੌਲੀਆਂ ਆਦਿ ਬਣਾ ਰਹੇ ਸਨ। ਰੱਥਕਾਰ ਪਹੀਆਂ ’ਤੇ ਚੱਲਣ ਵਾਲੇ ਰੱਥ ਬਣਾ ਰਹੇ ਸਨ। ਜੁਲਾਹੇ ਤੱਕਲੀ ਨੂੰ ਗੋਲਾਈ ਵਿਚ ਘੁਮਾ ਕੇ ਸੂਤ ਕੱਤ ਰਹੇ ਸਨ। ਸੂਤੀ ਕੱਪੜਾ ਬੁਣਿਆ ਜਾ ਰਿਹਾ ਸੀ ਤੇ ਲਾਲ, ਪੀਲੇ, ਨੀਲੇ ਕੱਪੜੇ ਰੰਗ ਕੇ ਲਟਕਾਏ ਹੋਏ ਸਨ। ਧਾਤੂਕਾਰ-ਬਰਤਨ ਤੇ ਹਥਿਆਰ ਬਣਾ ਰਹੇ ਸਨ। ਕੋਲੇ ਤਪਾ ਕੇ ਅੰਗਾਰਿਆਂ ’ਤੇ ਜਿਸਨੂੰ ਆਰਨ ਕਹਿੰਦੇ ਸਨ ਧਾਤੂ ਨੂੰ ਲਾਲ ਸੁਰਖ ਕਰਕੇ ਵੱਖ ਵੱਖ ਸ਼ਕਲਾਂ ਵਿਚ ਮੋੜਿਆ ਜਾ ਰਿਹਾ ਸੀ। ਚਰਮਕਾਰਾਂ ਦੀਆਂ ਦੁਕਾਨਾਂ ਤੇ ਚਰਮ ਦੀਆਂ ਟੋਕਰੀਆਂ, ਮਸ਼ਕਾਂ, ਮੂਹੜੇ ਤੇ ਡੋਲ ਆਦਿ ਪਏ ਸਨ। ਸੁਨਿਆਰ ਸੋਨੇ ਚਾਂਦੀ ਦੇ ਹਾਰ, ਕੁੰਡਲ, ਕੈਂਠੇ ਆਦਿ ਗਹਿਣੇ ਬਣਾ ਰਹੇ ਸਨ ਤੇ ਗਹਿਣੇ ਵੇਚਣ ਲਈ ਰੱਖੇ ਪਏ ਸਨ।

ਸਾਰਾ ਦਿਨ ਝੰਡਾਂ ਵਿਚ ਪਸ਼ੂ ਚਰਾਂਦਿਆਂ, ਲੱਕੜਾਂ ਕੱਟਦਿਆਂ, ਭੱਠੀਆਂ ’ਤੇ ਦਾਰੂ ਕੱਢਦਿਆਂ ਪੁਰੂਆਂ ਦੇ ਨਾਂ ਮੰਨਣ ਯੋਗ ਨਾ ਭਰੋਸੇਯੋਗ ਤੇ ਅਲੋਕਾਰ ਜਾਪਦੀਆਂ ਗੱਲਾਂ ਹੁੰਦੀਆਂ ਰਹੀਆਂ ਉਹਨਾਂ ਲਈ ਇਹ ਕਿਸੇ ਵੱਖਰੀ ਦੁਨੀਆਂ ਦੀਆਂ ਗੱਲਾਂ ਸਨ। ਜਿਹਨਾਂ ਨੂੰ ਉਹ ਛੇਤੀ ਤੋਂ ਛੇਤੀ ਦੇਖਣ ਤੇ ਮਾਣਨ ਦੇ ਚਾਹਵਾਨ ਸਨ।

ਦਿਨ ਢਲਦਿਆਂ ਹੀ ਪੁਰੂ ਕਬੀਲੇ ਦੇ ਨਰ, ਨਾਰੀ ਮਹਾ ਮਿਤਰ ਕੋਲ, ਇਕ ਵਿਸ਼ਾਲ ਮੈਦਾਨ ਵਿਚ ਇਕੱਠੇ ਹੋਣ ਲੱਗੇ। ਜਿਥੇ ਅੱਜ ਘੋੜੇ ਦੀ ਬਲੀ ਦਿੱਤੀ ਜਾਣੀ ਸੀ। ਘੋੜੇ ਦੇ ਸਪਰਸ਼ ਤੋਂ ਲੈ ਕੇ ਮਾਰਨ ਤੱਕ ਸਾਰਾ ਕੰਮ ਵਿਧੀ ਅਨੁਸਾਰ ਸੰਪੰਨ ਹੋਇਆ। ਫਿਰ ਘੋੜੇ ਦੀ ਚਰਮ ਕਟਣ-ਫਟਣ ਤੋਂ ਬਚਾਅ ਕੇ ਉਤਾਰੀ ਗਈ। ਢੋਲ, ਨਗਾਰੇ ਵੱਜ ਰਹੇ ਸਨ। ਮਹਾਂ ਪਿਤਰ ਮੰਤਰ ਉਚਾਰ ਰਿਹਾ ਸੀ। ਤੇ ਮੰਤਰ ਉਚਾਰਦਿਆਂ ਹਵਨ ਕੁੰਡ ਵਿਚ ਘੀ, ਦੁੱਧ, ਅੰਨ ਤੇ ਘੋੜੇ ਦੇ ਕਿੰਨੇ ਹੀ ਕੱਚੇ ਤੇ ਕਿੰਨੇ ਹੀ ਭੁੰਨੇ ਹੋਏ ਅੰਗਾਂ ਵਿਚੋਂ ਅਹੂਤੀ ਪਾ ਰਿਹਾ ਸੀ। ਯੱਗ ਦਾ ਪ੍ਰਸ਼ਾਦ ਹਰ ਇਕ ਪੁਰੂ ਨਰ, ਨਾਰੀ, ਬੱਚੇ ਬੁੱਢੇ ਵਿਚ ਸ਼ਰਧਾ ਪੂਰਵਕ ਵੰਡਿਆ ਗਿਆ।

ਫਿਰ ਅੱਗ ਦੇ ਦੁਆਲੇ ਆਰੀਆ ਨਰ, ਨਾਰੀਆਂ ਦਾ ਨ੍ਰਿਤ ਸ਼ੁਰੂ ਹੋਇਆ। ਉਹ ਢੋਲਕ, ਬਾਂਸੁਰੀ ਤੇ ਵੀਣਾ ਦੇ ਤਾਲ ਤੇ ਨੱਚ ਗਾ ਰਹੇ ਸਨ। ਆਰੀਆਂ ਦਾ ਮਨ ਭਾਉਂਦਾ ਖਾਣਾ ਬੈਲ ਦਾ ਭੁਨਿਆ ਹੋਇਆ ਮਾਸ ਚਰਮ ਦੇ ਟੁਕੜਿਆਂ, ਮਨੁਖੀ ਖੋਪਰੀਆਂ ਤੇ ਲੱਕੜਾ ਦੀਆਂ ਬਾਟੀਆਂ ਵਿਚ ਪਾ ਕੇ ਖਾਣ ਦੇ ਨਾਲ



ਨਾਲ ਅਨਾਜ ਤੋਂ ਬਣਿਆ ਅਰਕ, ਮਧੂ ਤੋਂ ਬਣੀ ਮਧੁਕਾ, ਗੁੜ ਤੋਂ ਬਣੀ ਗੋੜੀ ਦਾਖਾਂ ਤੋਂ ਬਣੀ ਦ੍ਰਾਸ ਆਦਿ ਤਰ੍ਹਾਂ ਤਰ੍ਹਾਂ ਦੀ ਸ਼ਰਾਬ ਬਾਂਸ ਦੀਆਂ ਨਲੀਆਂ ਤੇ ਲੱਕੜ ਕੇ ਪਿਆਲਿਆਂ ਵਿਚ ਪਾ ਕੇ ਪੀ ਰਹੇ ਸਨ। ਦੌਰ ਤੇ ਦੌਰ ਚੱਲ ਰਹੇ ਸਨ।

ਅੱਜ ਸ਼ੁਕੀਨ ਨਾਰੀਆਂ ਦਾ ਆਕਰਸ਼ਣ ਪੁਸਕਲਾਵਤੀ ਨਗਰ ਵਿਚ ਘੁੰਮ ਕੇ ਆਏ ਨੌਜਵਾਨ ਸਨ। ਬੰਸੀ ਤੇ ਉਹਦੇ ਸਾਥੀ ਬਲਦੀ ਅੱਗ ਦੀਆਂ ਲਾਟਾਂ ਦੀ ਤੇਜ ਰੌਸ਼ਨੀ ਵਿਚ ਸਾਹਮਣੇ ਨਗਰ ਤੋਂ ਖਰੀਦ ਕੇ ਲਿਆਂਦੇ ਸੋਨੇ, ਚਾਂਦੀ ਦੇ ਗਹਿਣੇ ਲਹਿਰਾ ਰਹੇ ਸਨ। ਹੁਣ ਪੁਰੂ ਕਬੀਲੇ ਦੇ ਲੋਕਾਂ ਨੂੰ ਸਮਝ ਆਇਆ ਕਿ ਆਰੀਆ ਜਵਾਨ ਗਏ, ਆਪਣੇ ਆਪਣੇ ਘੋੜੇ ’ਤੇ ਬਹਿਕੇ ਸਨ... ਪਰ ਆਏ ਇਕ ਇਕ ਘੋੜੇ ’ਤੇ ਦੋ ਦੋ ਤਿੰਨ, ਤਿੰਨ ਬਹਿ ਕੇ ਸਨ। ਉਹ ਘੋੜਿਆਂ ਬਦਲੇ ਗਹਿਣੇ ਲੈ ਕੇ ਆਏ ਸਨ। ਆਰੀਆ ਨਾਰੀਆਂ ਉਨ੍ਹਾਂ ਕੋਲ ਆਉਂਦੀਆਂ ਤੇ ਤੇ ਸੁੰਦਰ ਗਹਿਣਿਆਂ ਨੂੰ ਦੇਖਦੀਆਂ ਹੀ ਰਹਿ ਜਾਂਦੀਆਂ। ਕੋਈ ਮੁਟਿਆਰ ਗਲ ਵਿਚ ਹਾਰ ਪਾ ਕੇ ਦੇਖਦੀ, ਦੂਸਰੀ ਹੱਥਾਂ ਵਿਚ ਗਜਰੇ ਪਾ ਕੇ ਖੜ ਜਾਂਦੀ। ਤੀਸਰੀ ਪੈਰਾਂ ਵਿਚ ਝਾਂਜਰਾ ਪਾ ਕੇ ਛਣਕਾਉਂਦੀਆਂ ਫੇਰ ਹੋਰ ਮੁਟਿਆਰਾਂ ਆ ਕੇ ਉਨ੍ਹਾਂ ਤੋਂ ਗਹਿਣੇ ਲੈ ਕੇ ਆਪ ਪਾ ਕੇ ਦੇਖਣ ਲਗ ਜਾਂਦੀਆਂ। ਉਹ ਉਤਾਵਲੀਆਂ ਹੋ ਰਹੀਆਂ ਸਨ... ਕਿ ਕਦ ਉਨ੍ਹਾਂ ਨੂੰ ਅਜਿਹੇ ਗਹਿਣੇ ਪਹਿਨਣ ਲਈ ਮਿਲਣਗੇ। ਮਨ ਭਾਉਂਦੇ ਮਰਦਾਂ ਨਾਲ ਨੱਚਦਿਆਂ ਗਾਉਂਦਿਆਂ ਖਾਂਦਿਆਂ, ਪੀਂਦਿਆਂ... ਮੁਟਿਆਰਾਂ ਏਧਰ ਉਧਰ ਸੌਣ ਲਈ ਜਾਣ ਲੱਗੀਆਂ। ... ਵਕਸ਼ੂ ਘਾਟੀ ਤੋਂ ਲੈ ਕੇ ਹੀ ਕਬੀਲੇ ਦੀ ਰੱਖਿਆ ਦਾ ਕੰਮ ਭਾਵੇਂ ਕਬੀਲੇ ਦੇ ਬਲਵਾਨ ਮਰਦਾਂ ਨੇ ਸੰਭਾਲ ਲਿਆ ਸੀ। ਇਸਤਰੀਆਂ ਵੀ ਉਨ੍ਹਾਂ ਦਾ ਸਾਥ ਦਿੰਦੀਆਂ ਆ ਰਹੀਆਂ ਸਨ। ਪਰ ਮਾਤਾ ਪ੍ਰਧਾਨ ਪਰਿਵਾਰ ਦੀਆਂ ਕੁਝ ਰਵਾਇਤਾਂ ਅਜੇ ਵੀ ਕਾਇਮ ਸਨ। ਉਨ੍ਹਾਂ ਵਿਚੋਂ ਇਕ ਮਨ-ਮਰਜੀ ਦੇ ਮਰਦ ਦੇ ਨਾਲ ਰਾਤ ਗੁਜਾਰਨ ਦੀ ਸੀ। ਅਰਵਿੰਦਰ ਆਰੀਆ ਸਰ ਨੇ ਉਚੇਚਾ ਦੱਸਿਆ ਸੀ ਕਿ ਉਸ ਵੇਲੇ ਮਾਨਵ ਪ੍ਰਾਕਿਰਤਕ ਅਵਸਥਾ ਵਿਚ ਰਹਿੰਦਾ ਸੀ। ਰਿਗਵੇਦ ਵਿਚ ਇਸਤਰੀਆਂ ਦੀਆਂ ਇਥੋਂ ਤੱਕ ਕਿ ਪਿਓ, ਭਰਾ, ਪੁੱਤਰ ਨਾਲ ਸੰਬੰਧਾਂ ਦੀਆਂ ਕਹਾਣੀਆਂ ਦਰਜ ਹਨ। ਰਿਗਵੇਦ ਦੇ ਨੌਵੇਂ ਮੰਡਲ ਸੂਕਤ ਦਸ ਵਿਚ ਯਮੀ ਵਲੋਂ ਭਰਾ ਯਮ ਨੂੰ ਸਹਿਵਾਸ ਲਈ ਮਨਾਉਣ ਦਾ ਕਾਮ ਉਕਸਾਊ ਵਰਣਨ ਦਰਜ ਹੈ।

“ਦੇਖ ਲੈ... ਅਰਵਿੰਦਰ ਆਰੀਆ ਸਰ ਕਲਾਸ ਵਿਚ ਕਿੰਨੀਆਂ ਖੁੱਲ੍ਹੀਆਂ ਗੱਲਾਂ ਕਰ ਲੈਂਦੇ ਸਨ।” ਇੰਦਰ ਸਿੰਘ ਨੇ ਗੱਲਾਂ ਸਾਂਝਾ, “ਕਲਾਸ ਵਿਚ ਖੁੱਲ੍ਹੀਆਂ ਗੱਲਾਂ ਕਰਨ ’ਤੇ ਕਿੰਨੇ ਹੀ ਅਧਿਆਪਕ ਪਿਠ ਪਿਛੇ ਉਨ੍ਹਾਂ ਦੀ ਬੁਰਾਈ ਕਰਦੇ ਰਹਿੰਦੇ ਸਨ ਪਰ ਉਨ੍ਹਾਂ ਦੇ ਮੂੰਹ ’ਤੇ ਗੱਲ ਨਹੀਂ ਸਨ ਕਰਦੇ ਕਿ ਪਤਾ ਨਹੀਂ ਉਹ ਅਗੋਂ ਕੀ ਬੋਲਣਗੇ?... ਪਰ ਜਦ ਏਡਜ ਵਰਗੀ ਭਿਆਨਕ ਬੀਮਾਰੀ ਵਧਣ ਨਾਲ... ਸਕੂਲਾਂ ਵਿਚ ਸੈਕਸ ਸਿੱਖਿਆ ਆਰੰਭ ਕੀਤੀ ਗਈ ਤਾਂ ਕੋਈ ਵੀ ਅਧਿਆਪਕ ਕਲਾਸ ਵਿਚ ਜਾ ਕੇ ਸੈਕਸ ਸਿੱਖਿਆ ਪੜ੍ਹਾਉਣ ਦੀ ਜੁਰਅਤ ਨਾ ਕਰ ਸਕਿਆ। ਤੇ ਜਦ ਪ੍ਰਿੰਸੀਪਲ ਸਰ ਨੇ ਅਰਵਿੰਦਰ ਆਰੀਆ ਸਰ ਨੂੰ ਸੈਕਸ ਸਿੱਖਿਆ ਪੜ੍ਹਾਉਣ ਲਈ ਨਿਯੁਕਤ ਕੀਤਾ। ਤਾਂ ਉਨ੍ਹਾਂ ਦੀ ਪਿਠ ਪਿਛੇ ਬੁਰਾਈ ਕਰਨ ਵਾਲੇ... ਉਨ੍ਹਾਂ ਤੋਂ ਪਿਛੇ ਹੀ ਰਹਿ ਗਏ... ਉਹ ਫੇਰ ਅੱਗੇ ਨਿਕਲ ਗਏ ਸਨ। ... ਉਹ ਕਲਾਸ ਵਿਚ ਪੜ੍ਹਾਉਂਦਿਆਂ... ਵਿਦਿਆਰਥੀਆਂ ਦੀ ਸੈਕਸ ਦੇ ਵਿਸ਼ੇ ਨਾਲ ਇਕਸੁਰਤਾ ਪੈਦਾ ਕਰਦਿਆਂ ਦਸਦੇ ਕਿ ਪਿੰਡਾਂ ਵਿਚ ਮਾਪੇ ਬੱਚਿਆਂ ਸਾਹਮਣੇ ਪੁਰਖ ਇਸਤਰੀ ਦੇ ਜਣਨ ਅੰਗਾਂ ਦਾ ਨਾਂ ਲੈਣਾ ਵੀ ਪਾਪ ਸਮਝਦੇ ਹਨ... ਪਰ ਪੰਜਾਬੀ ਲੜਨ ਲੱਗੇ... ਗੁੱਸੇ ਵਿਚ ਗਾਲਾਂ ਕੱਢਦਿਆਂ ਇਸਤਰੀ ਦੇ ਜਣਨ ਅੰਗ ਦਾ ਸ਼ਰੇਆਮ ਨਾਂ ਲੈਂਦੇ ਹਨ... ਪਤੀ, ਪਤਨੀ ਨੂੰ ਨਿੱਕੀ ਜਿਹੀ ਗਲਤੀ ਪਿਛੇ ਗਾਲਾਂ ਕੱਢਦਾ ਹੈ... ਤੇਰੀ ਓ ਮਾਂ ਦੀ ਚੂ...ਤੇਰੀ ਓ ਭੈਣ ਦੀ ਚੂ...। ਪਿਓ ਭੁੱਲ ਜਾਂਦਾ ਹੈ ਕਿ ਉਹਦੇ ਜਵਾਨ ਹੋ ਰਹੇ ਧੀਆਂ ਪੁੱਤਰ ਵੀ ਕੋਲ ਬੈਠੇ ਹਨ।” ਭਾਵੇਂ ਆਰੀਆ ਸਰ ਸੁਰੱਖਿਅਤ ਸੰਭੋਗ ਗਰਭ ਵਿਚ ਪਲ ਰਹੇ ਲੜਕੀ ਦੇ ਭਰੂਣ ਦੀ ਹੱਤਿਆ ਵਿਰੁੱਧ ਤੇ ਏਡਜ਼ ਵਰਗੀਆਂ ਨਾ ਮੁਰਾਦ ਬੀਮਾਰੀਆਂ ਤੋਂ ਬਚਣ ਲਈ ਬਹੁਤ ਸੰਕੋਚ ਨਾਲ ਪੜਾਉਂਦੇ ਸਨ... ਪਰ ਇਹ ਗੱਲਾਂ

ਸਮਾਜ ਵਿਚ ਵਰਜਿਤ ਹੋਣ ਕਰਕੇ,,, ਵਿਦਿਆਰਥੀਆਂ ਦੀ ਵੱਧ ਉਤਸੁਕਤਾ ਇਸ ਵਿਸ਼ੇ ਬਾਰੇ... ਵੱਧ ਤੋਂ ਵੱਧ ਜਾਣਨ ਦੀ ਹੀ ਹੁੰਦੀ ਸੀ।"

ਮੈਂ ਇੰਦਰ ਸਿੰਘ ਦੀ ਹਾਂ ਵਿਚ ਹਾਂ ਮਿਲਾਉਂਦਿਆਂ ਕਿਹਾ, "ਅਰਵਿੰਦਰ ਸਰ ਵੀ ਕਹਿੰਦੇ ਹੁੰਦੇ ਸਨ ਕਿ ਆਰੀਆ ਇਸਤਰੀਆਂ ਦੀ ਵੱਧ ਉਤਸੁਕਤਾ ਪਸ਼ਕਲਾਵਤੀ ਦੇ ਗਹਿਣਿਆਂ, ਰੰਗ ਬਰੰਗੇ ਕਪੜਿਆਂ ਤੇ ਹਾਰ-ਸ਼ਿੰਗਾਰ ਦੀਆਂ ਵਸਤੂਆਂ ਵਾਲੇ ਬਜਾਰਾਂ ਵਿਚ ਘੁੰਮਣ ਦੀ ਹੁੰਦੀ ਸੀ।

ਇੰਦਰ ਸਿੰਘ ਆਦਤ ਅਨੁਸਾਰ ਫਿਰ ਖੁਲ ਕੇ ਹਸਦਿਆਂ ਬੋਲਿਆ, "ਉਦੋਂ ਛੱਡ... ਆਹ ਤਾਂ ਹੁਣ ਵੀ ਐ... ਸ਼ਹਿਰਾਂ, ਕਸਬਿਆਂ ਦੇ ਬਜ਼ਾਰਾਂ ਵਿਚ ਜਾ ਕੇ ਦੇਖ ਲਓ... ਆਦਮੀ ਟਾਵਾਂ ਟਾਵਾਂ ਮਿਲੂ... ਗਹਿਣਿਆਂ, ਕਪੜਿਆਂ ਕਾਸਮੈਟਿਕਸ ਦੀਆਂ ਦੁਕਾਨਾਂ 'ਤੇ ਇਸਤਰੀਆਂ ਦੇ ਝੁੰਡ ਖਰੀਦਾਰੀ ਕਰਦੇ ਮਿਲੂ... ਕਈ ਤਾਂ ਚੀਜ਼ਾਂ ਬਦਲੇ ਈ ਬਜ਼ਾਰ ਵਿਚ ਆਪਣਾ ਆਪ ਲੁਟਾ ਜਾਂਦੀਆਂ।"

ਪਰ ਇੰਦਰ ਸਿਆਂ... ਜੰਗਲ ਬੇਲਿਆਂ ਵਿਚ ਘੁੰਮਦੀਆਂ ਆਰੀਆਂ ਇਸਤਰੀਆਂ ਨੇ ਤਾਂ ਨਗਰੀ ਜੀਵਨ ਕਦੇ ਦੇਖਿਆ ਹੀ ਨਹੀਂ ਸੀ। ਵਕਸ਼ੂ ਘਾਟੀ ਵਿਚ ਤਾਂ ਮੌਸਮ ਸਾਰਾ ਸਾਲ ਠੰਡਾ ਰਹਿੰਦਾ ਸੀ... ਪਰ ਸਵਾਤ ਘਾਟੀ ਦੇ ਗਰਮੀਆਂ ਦੇ ਮੌਸਮ ਵਿਚ ਉਹਨਾਂ ਲਈ ਜਿਸਮਾਂ ਵਿਚੋਂ ਤਿਪ ਤਿਪ ਚੋਂਦੇ ਪਸੀਨੇ ਕਰਕੇ ਬੈਲ ਦੀ ਖੱਲ਼ ਜਾਂ ਭੇਡੂ ਦੀ ਉਨ ਨਾਲ ਬੁਣੇ ਕੰਬਲ ਨਾਲ ਤਨ ਢਕਣਾ ਔਖਾ ਹੋ ਜਾਂਦਾ।... ਜੰਗਲ ਵਿਚ ਨੰਗੇ ਬਦਨ ਘੁੰਮਣ ਦਾ ਸਮਾਂ ਵੀ ਪਿਛੇ ਲੰਘ ਗਿਆ ਸੀ।... ਉਹਨਾਂ ਲਈ ਲੱਕ ਦੁਆਲੇ ਦਰਖਤਾਂ ਦੇ ਪੱਤੇ ਬੰਨ੍ਹਣ ਤੋਂ ਬਿਨਾ ਕੋਈ ਚਾਰਾ ਨਹੀਂ ਸੀ।... ਅਜਿਹੇ ਹਾਲਾਤਾਂ ਵਿਚ ਜਦ ਆਰੀਆ ਇਸਤਰੀਆਂ ਪੁਸ਼ਕਲਾਵਤੀ ਦੇ ਬਾਜ਼ਾਰਾਂ ਵਿਚ ਘੁੰਮਣ ਜਾਂਦੀਆਂ ਤਾਂ ਜੁਲਾਹਿਆਂ ਦੀਆਂ ਦੁਕਾਨਾਂ ਵਿਚ ਪਏ ਰੰਗ, ਬਰੰਗੇ ਸੂਤੀ ਕੱਪੜੇ ਛੱਡਕੇ ਅੱਗੇ ਜਾਣ ਨੂੰ ਉਨ੍ਹਾਂ ਦਾ ਦਿਲ ਨਾ ਕਰਦਾ। ਉਹਨਾਂ ਦੀਆਂ ਭਾਵਨਾਵਾਂ ਨੂੰ ਸਮਝ ਨੌਜਵਾਨ ਆਸੁਰ ਉਨ੍ਹਾਂ ਦੇ ਲੱਕ ਦੁਆਲਿਓਂ ਦਰਖਤਾਂ ਦੇ ਪੱਤੇ ਲਾਹ ਕੇ ਉਹਨਾਂ ਦੇ ਲੱਕ ਦੁਆਲੇ ਰੰਗ, ਬਰੰਗੇ ਕੱਪੜੇ ਲਪੇਟ ਦਿੰਦੇ। ਉਹ ਛਾਤੀਆਂ ਢਕੀਆਂ ਅਸੁਰ ਇਸਤਰੀਆਂ ਵੱਲ ਦੇਖਦੀਆਂ ਤਾਂ ਅਸੁਰ ਮੁੰਡੇ ਮਹੀਨ, ਰੰਗਦਾਰ ਪੱਟੀ ਉਹਨਾਂ ਦੀ ਛਾਤੀ ਦੁਆਲੇ ਲਪੇਟ ਕੇ ਪਿੱਠ ਪਿਛੇ ਗੰਢ ਮਾਰ ਦਿੰਦੇ।... ਕਪੜੇ ਨਾਲ ਤਨ ਢਕੇ ਜਦ ਇਹ ਇਸਤਰੀਆਂ ਵਾਪਸ ਆਪਣੀਆਂ ਚਾਰਾਗਾਹਾਂ ਵਿਚ ਜਾਂਦੀਆਂ... ਤਾਂ ਉਹਨਾਂ ਨੂੰ ਦੇਖਕੇ ਆਰੀਆ ਇਸਤਰੀਆਂ ਦੇ ਝੁੰਡ ਪੁਸਕਲਾਵਤੀ ਦੇ ਬਾਜ਼ਾਰਾਂ ਵੱਲ ਦੌੜਨ ਲਗਦੇ। ਤੇ ਪੁਸ਼ਕਲਾਵਤੀ ਦੇ ਬਜ਼ਾਰਾਂ ਵਿਚ ਉਨ੍ਹਾਂ ਨੂੰ ਤਨ ਢਕਣ ਲਈ ਕਪੜੇ ਜਾਂ ਮਾਸ ਭੁੰਨ ਕੇ ਖਾਣ ਦੀ ਥਾਂ ਤਲ ਕੇ ਖਾਣ ਲਈ ਵੱਡੇ ਪਤੀਲੇ ਬਦਲੇ ਇਕ ਇਕ ਜਾਂ ਦੋ ਦੋ ਘੋੜੇ ਵੀ ਦੇਣੇ ਪੈਂਦੇ, ਉਹ ਖੁਸ਼ੀ ਨਾਲ ਦੇਣ ਨੂੰ ਤਿਆਰ ਹੋ ਜਾਂਦੀਆਂ।... ਤੇ ਕਿੰਨੀਆਂ ਹੀ ਆਰੀਆ ਮੁਟਿਆਰਾਂ ਪੁਸ਼ਕਲਾਵਤੀ ਦੇ ਬਾਜ਼ਾਰਾਂ ਦੀਆਂ ਦੁਕਾਨਾਂ ਤੇ ਗਹਿਣਿਆਂ, ਕਪੜਿਆਂ ਵਿਚ ਸਜਦੀਆਂ, ਫਬਦੀਆਂ... ਅਸੁਰ ਨੌਜਵਾਨਾਂ ਨਾਲ ਹੀ ਰਹਿਣ ਨੂੰ ਤਿਆਰ ਹੋ ਜਾਂਦੀਆਂ... ਉਹਨਾਂ ਦਾ ਸੁਹਜ ਭਰਿਆ ਨਗਰੀ ਜੀਵਨ ਛੱਡ ਕੇ ਮੁੜ ਔਕੜਾ ਭਰੇ ਜੀਵਨ ਵਾਲੇ ਆਰੀਆਂ ਦੇ ਪਸ਼ੂ-ਪਾਲਕ ਕਬੀਲੇ ਵਿਚ ਜਾਣ ਨੂੰ ਦਿਲ ਨਾ ਕਰਦਾ।

ਜੇ ਪੁਰੂ ਕਬੀਲੇ ਦੇ ਮਹਾਪਿੱਤਰ ਦੇ ਭੇਜੇ ਬੰਦੇ ਪੁਸਕਲਾਵਤੀ ਵਿਚ ਇਸਤਰੀਆਂ ਨੂੰ ਵਾਪਸ ਲਿਜਾਣ ਲਈ ਆਉਂਦੇ ਵੀ... ਤਾਂ ਚੰਚਲ ਹਾਰੀਆਂ ਆਰੀਆਂ ਇਸਤਰੀਆਂ... ਅਸੁਰਾਂ ਦੇ ਵੱਡੇ ਵੱਡੇ ਮਕਾਨਾਂ ਵਿਚ ਲੁਕ ਜਾਂਦੀਆਂ... ਉਹ ਮਹਿਲਾ ਵਰਗੇ ਘਰਾਂ ਵਿਚੋਂ ਵਾਪਸ ਜਾਣ ਤੋਂ ਇਨਕਾਰ ਕਰ ਦਿੰਦੀਆਂ। ਪੁਸ਼ਕਲਾਵਤੀ ਦਾ ਨਗਰ ਪਤੀ ਆਰੀਆਂ ਨੂੰ ਸਮਝਾਉਂਦਾ, ਅਸੀਂ ਮਨ-ਮਰਜੀ ਨਾਲ ਅਸੁਰ ਨੌਜਵਾਨਾਂ ਨਾਲ ਰਹਿੰਦੀਆਂ ਆਰੀਆਂ ਇਸਤਰੀਆਂ ਨੂੰ ਵਾਪਸ ਨਹੀਂ ਭੇਜ ਸਕਦੇ। ਜਦ ਦੋ ਨਸਲਾਂ ਦੇ ਲੋਕਾਂ ਦਾ ਆਪਸ ਵਿਚ ਤਾਲਮੇਲ ਹੋਵੇਗਾ ਤਾਂ ਦੋਹਾਂ ਨਸਲਾਂ ਦੇ ਇਸਤਰੀ ਪੁਰਖਾਂ ਦੇ ਆਪੋ ਵਿਚੀਂ ਸੰਬੰਧ ਬਣਨਗੇ ਹੀ ਬਣਨਗੇ। ... ਪੁਸ਼ਕਲਾਵਤੀ ਦੀਆਂ ਨਰਤਕੀਆਂ ਦਾ ਨ੍ਰਿਤ ਦੇਖਣ ਲਈ ਕਿੰਨੇ ਹੀ ਆਰੀਆਂ ਨੌਜਵਾਨ ਆਉਂਦੇ ਹਨ। ਤੇ ਉਹ ਹਾਰ-ਸਿੰਗਾਰ ਕਰੀਂ ਮਨ-ਮੋਹਕ ਅਦਾਵਾਂ ਨਾਲ ਨ੍ਰਿਤ ਕਰਦੀਆਂ...



ਗੀਤ ਸੰਗੀਤ ਦੀਆਂ ਮਹਿਫਲਾਂ ਸਜਾਉਂਦੀਆਂ... ਨਰਤਕੀਆਂ ਨਾਲ ਰਾਤਾਂ ਗੁਜ਼ਾਰ ਜਾਂਦੇ ਹਨ। ਇਹ ਨਗਰੀ ਜੀਵਨ ਸ਼ੈਲੀ ਦਾ ਇਕ ਅੰਗ ਹੈ। ਤੇ ਕਿੰਨੀਆਂ ਹੀ ਸਾਹਸੀ ਆਸੁਰ ਮੁਟਿਆਰਾਂ ਆਰੀਆ ਘੋੜਸਵਾਰਾਂ ਨਾਲ ਘੋੜਸਵਾਰੀ ਸਿੱਖਣ ਜਾਂਦੀਆਂ ਹਨ ਤੇ ਉਨ੍ਹਾਂ ਵਿਚੋਂ ਕਈ ਵਾਪਸ ਨਹੀਂ ਪਰਤਦੀਆਂ ਉਹ ਆਰੀਆ ਨੌਜਵਾਨਾਂ ਨਾਲ ਜੀਵਨ ਗੁਜਾਰਨਾ ਬਿਹਤਰ ਸਮਝਦੀਆਂ ਹਨ।"

ਨਗਰਪਤੀ ਨੇ ਆਪਣੀ ਗੱਲ ਮੁਕਾਉਂਦਿਆਂ ਕਿਹਾ, "ਆਸੁਰਾਂ ਤੇ ਆਰੀਆਂ ਦੇ ਘਰਾਂ ਵਿਚ... ਆਰੀਆਂ ਅਸ਼ੁਰਾਂ ਦੀ ਮਿਲੀ-ਜੁਲੀ ਨਸਲ ਦੇ ਬੱਚੇ ਖੇਡਦੇ ਮਿਲ ਹੀ ਜਾਂਦੇ ਹਨ। ਜਦ ਦੋ ਨਸਲਾਂ ਦੇ ਇਸਤਰੀ ਪੁਰਸ਼ਾਂ ਨੇ ਨੇੜੇ ਨੇੜੇ ਰਹਿਣਾ ਹੈ ਤਾਂ ਇਸਨੂੰ ਰੋਕਿਆ ਨਹੀਂ ਜਾ ਸਕਦਾ।"

ਪਰ ਥੋੜੀਆਂ ਥੋੜੀਆਂ ਝੋਪੜੀਆਂ ਦੇ ਗ੍ਰਾਮ ਵਸਾ ਕੇ ਰਹਿੰਦੇ ਪਸ਼ੂਪਾਲਕ ਪੁਰੂ ਕਬੀਲੇ ਦਾ ਮਹਾ ਪਿੱਤਰ ਖ਼ੂਨ ਰਲਣ ਦੇ ਹੱਕ ਵਿਚ ਨਹੀਂ ਸੀ। ਇਸੇ ਤਰ੍ਹਾਂ ਕੁਝ ਨੇੜਤਾ ਕੁਝ ਕਸ਼-ਮ-ਕਸ਼ ਵਿਚ ਸਮਾਂ ਬੀਤਦਾ ਗਿਆ। ਆਸੁਰਾਂ ਦੇ ਨਗਰਪਤੀ ਤੇ ਪੁਰੂ ਕਬੀਲੇ ਦੇ ਮਹਾ ਪਿੱਤਰ ਪੀੜ੍ਹੀ ਦਰ ਪੀੜ੍ਹੀ ਬਦਲਦੇ ਚਲੇ ਗਏ।

ਸਮਾਂ ਗੁਜਰਦਾ ਚਲਾ ਗਿਆ। ਮਹਾਰਿਸ਼ੀ ਅੰਗਿਰਾ ਪੁਰੂ ਕਬੀਲੇ ਦਾ ਮਹਾਪਿਤਰ ਬਣਿਆ। ਉਹ ਆਰੀਆ ਦਾ ਅਸੁਰਾਂ ਨਾਲ ਲਹੂ ਦਾ ਰਿਸ਼ਤਾ ਕਾਇਮ ਹੋਣ ਦਾ ਸਖਤ ਵਿਰੋਧੀ ਸੀ। ਉਹ ਕਬੀਲੇ ਦੇ ਲੋਕਾਂ ਨੂੰ ਇਕੱਠੇ ਕਰਕੇ ਦੱਸਦਾ ਕਿ ਸੁਰਾਂ ਤੇ ਅਸੁਰਾਂ ਦੇ ਖ਼ੂਨ ਦੇ ਰਿਸ਼ਤੇ ਬਣਨ ਨਾਲ ਭਿਆਨਕ ਨਤੀਜੇ ਨਿਕਲਣਗੇ। ਆਰੀਆ ਕੁੜੀਆਂ ਤੇ ਅਸੁਰ ਮਰਦਾਂ ਤੋਂ ਪੈਦਾ ਹੋਏ ਬੱਚੇ ਪਛਾਣੇ ਨਹੀਂ ਜਾਣਗੇ ਕਿ ਉਹ ਅਸੁਰਾਂ ਦੇ ਹਨ। ਉਹ ਆਰੀਆਂ ਵਿਚ ਆ ਕੇ ਰਲ਼ ਜਾਣਗੇ ਤੇ ਆਰੀਆ ਦੇ ਭੇਤ ਅਸੁਰਾਂ ਨੂੰ ਦੇ ਕੇ ਨੁਕਸਾਨ ਪਹੁੰਚਾਉਣਗੇ।

ਪਰ ਰਿਸ਼ੀ ਨੇ ਇਹ ਵੀ ਸਪਸ਼ਟ ਕੀਤਾ, "ਆਰੀਆ ਦਾ ਆਸੁਰਾਂ ਨਾਲ ਕਿਨਾਰਾ ਕਰ ਕੇ ਵੀ ਸਰ ਨਹੀਂ ਸਕਦਾ। ਆਰੀਆ ਦੇ ਘੋੜਿਆ, ਕੰਬਲਾਂ ਤੇ ਕੰਦ-ਮੂਲ ਆਦਿ ਬਦਲੇ ਅਸੁਰਾਂ ਤੋਂ ਲਏ ਗਹਿਣੇ, ਬਰਤਨ, ਵਸਤਰ ਤੇ ਹਥਿਆਰ ਆਦਿ ਹਿਮਾਲਾ ਪਰਬਤ ਦੀਆਂ ਚੋਟੀਆਂ ਤੇ ਰਹਿੰਦੇ ਆਰੀਆ ਤੱਕ ਪਹੁੰਚ ਚੁੱਕੇ ਹਨ।... ਇਹ ਹੈ ਵੀ ਆਰੀਆ ਨੂੰ ਸੁਖ ਪਹੁੰਚਾਉਣ ਵਾਲੇ। ਇਕ ਪਤੀਲੇ ਵਿਚ ਲੂਣ, ਮਸਾਲਾ ਲਾ ਕੇ ਪਕਾਇਆ ਮਾਸ ਅੱਗ ਤੇ ਭੁੰਨੇ ਮਾਸ ਨਾਲੋਂ ਕਿੰਨਾ ਵੱਧ ਸੁਆਦੀ ਹੁੰਦਾ ਹੈ। ਪੱਥਰ ਦੇ ਕੁਹਾੜੇ ਦੀ ਥਾਂ ਅਸੁਰਾਂ ਤੋਂ ਲਏ ਲੋਹੇ ਦੇ ਕੁਹਾੜੇ ਨਾਲ ਲੱਕੜਾਂ ਕੱਟਣੀਆਂ ਕਿੰਨੀਆ ਆਸਾਨ ਹਨ ਤੇ ਖੋਪਰੀਆਂ, ਲੱਕੜ ਦੇ ਪਿਆਲਿਆਂ ਤੇ ਚਮੜੇ ਦੇ ਟੁਕੜਿਆਂ ਤੇ ਰੱਖਕੇ ਮਾਸ ਖਾਣ ਨਾਲੋਂ ਅੱਗ ਤੇ ਭੁੰਨਣ ਦੀ ਥਾਂ ਪਤੀਲੇ ਵਿਚ ਰਿੰਨ੍ਹਕੇ ਤਾਂਬੇ ਦੇ ਬਰਤਨਾਂ ਵਿਚ ਪਾ ਕੇ ਖਾਣਾ ਕਿੰਨਾ ਸੁਵਿਧਾ ਜਨਕ ਹੈ ਅਤੇ ਬਾਂਸ ਦੀ ਨਾਲੀ ਦੀ ਥਾਂ ਤਾਂਬੇ ਦੇ ਪਿਆਲਿਆਂ ਵਿਚ ਦਾਰੂ ਪੀਣੀ ਕਿੰਨੀ ਆਨੰਦ-ਦਾਇਕ ਹੈ। ਤੇ ਪੱਥਰ ਦੇ...ਹਥਿਆਰਾਂ ਨਾਲੋਂ, ਲੋਹ ਤਾਂਬੇ ਦੇ ਬਰਛੇ, ਭਾਲੇ ਤੇ ਤਲਵਾਰਾਂ ਨਾਲ ਸ਼ੇਰ ਚੀਤੇ, ਖ਼ੂੰਖਾਰ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨਾ ਕਿੰਨਾ ਸੌਖਾ ਹੋ ਗਿਆ ਹੈ।"

"ਪਰ ਦੁਖ ਇਸ ਗੱਲ ਦਾ ਹੈ ਕਿ ਅਸੁਰ ਵਪਾਰ ਵਿਚ ਆਰੀਆ ਨੂੰ ਲੁੱਟ ਰਹੇ ਹਨ। ਜਿਸਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਅਸੁਰ ਇਕ ਪਤੀਲੀ ਬਦਲੇ ਇਕ ਘੋੜਾ ਲੈਂਦੇ ਹਨ ਤੇ ਆਖਦੇ ਹਨ ਕਿ ਘੋੜੇ ਦਾ ਕੀ ਐ... ਇਕ ਵਛੇਰਾ ਉਹ ਵੀ ਆਸੁਰ ਆਖਦੇ ਹਨ ਕਿ ਸਾਡੀਆਂ ਚਰਾਂਦਾ ਵਿਚ ਘਾਹ ਚਰਦਿਆਂ ਪਲ ਕੇ ਘੋੜਾ ਬਣ ਜਾਂਦਾ ਹੈ।... ਪਰ ਇਕ ਪਤੀਲੀ ਬਣਾਨ ਲਈ ਉਹ ਦੱਸਦੇ ਹਨ ਕਿ ਉਹਨਾਂ ਦੇ ਸ਼ਿਲਪੀਆਂ ਨੂੰ ਪਹਿਲਾਂ ਲੋਹੇ ਤੇ ਤਾਂਬੇ ਦੀ ਭਾਲ ਕਰਨੀ ਪੈਂਦੀ ਹੈ। ਫਿਰ ਧਾਤੂ ਨੂੰ ਆਰਨ ਵਿਚ ਲਾਲ ਸੁਰਖ ਕਰਕੇ ਉਹਨੂੰ ਇਕ ਪਤੀਲੀ ਦੀ ਸ਼ਕਲ ਦੇਣ ਵਿਚ ਕਿੰਨੇ ਕਿੰਨੇ ਦਿਨ ਹਫਤੇ ਲੱਗ ਜਾਂਦੇ ਹਨ। ਤੇ ਉਹ ਇਕ ਇਕ ਕੁਹਾੜੇ, ਪਤੀਲੇ ਭਾਲੇ, ਬਰਛੇ ਆਦਿ ਬਦਲੇ ਕਿੰਨੇ ਕਿੰਨੇ ਘੋੜੇ ਲੈ ਲੈਂਦੇ ਹਨ।"

ਰਿਸ਼ੀ ਅੰਗਿਰਾ ਆਰੀਆਂ ਦੇ ਮਨ ਵਿਚ ਆਸੁਰਾਂ ਪ੍ਰਤੀ ਵਿਰੋਧ ਭੜਕਾਉਣਾ ਚਾਹੁੰਦੀ ਸੀ। ਉਹ ਦੱਸਦਾ ਰਹਿੰਦਾ, "ਸਾਡਾ ਪਸ਼ੂ-ਪਾਲਕਾਂ ਦਾ ਪਸ਼ੂ ਚਰਾਂਦਾ ਬਿਨਾ ਗੁਜਾਰਾ ਨਹੀਂ। ਪਰ ਜਿਨ੍ਹਾਂ ਪਸ਼ੂ-ਚਰਾਂਦਾ

ਵਿਚ ਸਾਡੇ ਪਸ਼ੂ ਚਰਦੇ ਹਨ... ਉਨ੍ਹਾਂ 'ਤੇ ਅਸੁਰ ਆਪਣਾ ਅਧਿਕਾਰ ਸਮਝਦੇ ਹਨ। ਉਨ੍ਹਾਂ ਨੂੰ ਆਪਣੀ ਮਲਕੀਅਤ ਸਮਝਦੇ ਹਨ। ਇਹ ਹੈ ਵੀ ਠੀਕ, ਇਹ ਧਰਤੀ ਉਨ੍ਹਾਂ ਦੀ ਮਾਤਭੂਮੀ ਹੈ। ਕਿਸੇ ਵੀ ਚਰਾਂਦ ਵਿਚ ਸਾਡੇ ਪਸ਼ੂ ਚਰਦਿਆਂ... ਜੇ ਅਸੁਰਾਂ ਦੇ ਪਸ਼ੂ ਆ ਜਾਣ ਤਾਂ ਸਾਨੂੰ ਆਪਣੇ ਪਸ਼ੂ ਹੱਕ ਕੇ ਅਗਲੀਆਂ ਦੂਰ ਦੀਆਂ ਚਾਰਾਗਾਹਾਂ ਵਿਚ ਲਿਜਾਣੇ ਪੈਂਦੇ ਹਨ। ਜਾਂ ਫੇਰ ਆਪਸੀ ਝੜੱਪਾਂ ਹੁੰਦੀਆਂ ਰਹਿੰਦੀਆਂ ਹਨ।"

"ਪਰ ਮੁੱਖ ਪਾੜਾ ਇਹਨਾਂ ਦੀ ਤੇ ਸਾਡੀ ਸਭਿਆਤਾ, ਸੰਸਕ੍ਰਿਤੀ ਦਾ ਹੈ।" ਰਿਸ਼ੀ ਨੇ ਆਪੇ ਤੋਂ ਬਾਹਰ ਹੁੰਦਿਆਂ ਦੱਸਿਆ, "ਇਹ ਅਨਾਸ-ਚਪਟੀ ਨੱਕ ਵਾਲੇ ਸਾਡੇ ਕਿੰਨੇ ਵਿਰੋਧੀ ਹਨ ਕਿ ਇਹ ਅਨਯਵਰਤ ਸਾਡੇ ਵਾਂਗ ਵਰਤ ਨਹੀਂ ਰੱਖਦੇ। ਅਕਰਮਨ-ਅਨੁਸ਼ਠਾਨਾਂ ਦੇ ਵਿਰੋਧੀ ਹਨ। ਅਯਜਵਨ ਯੱਗ ਨਹੀਂ ਕਰਦੇ ਅਤੇ ਯੱਗ ਕਰਨ ਦੀ ਪ੍ਰਕਿਰਿਆ ਦਾ ਮਜ਼ਾਕ ਉਡਾਉਂਦੇ ਹਨ। ਇਹ ਅਦੇਵਯੂ-ਵੈਦਿਕ ਦੇਵਤਿਆਂ ਪ੍ਰਤੀ ਉਦਾਸੀਨ ਹੀ ਨਹੀਂ, ਸਗੋਂ ਦੇਵਪੀਯੂ-ਸਾਡੇ ਦੇਵੀ ਦੇਵਤਿਆਂ ਦੇ ਵਿਰੋਧੀ ਵੀ ਹਨ। ਇਹੀ ਨਹੀਂ ਇਹ ਮਰਿਧਵਾਕ-ਅਬੂਝ, ਸਾਨੂੰ ਸਮਝ ਨਾ ਆਉਣ ਵਾਲੀ ਬੋਲੀ ਬੋਲਦੇ ਹਨ। ਸਾਡੇ ਵਿਰੁੱਧ ਪਤਾ ਨਹੀਂ ਕੀ ਕੀ ਸਾਜਿਸ਼ਾਂ ਰਚਦੇ ਹੋਣਗੇ। ਇਹ ਤਾਂ ਅਜਿਹੀਆਂ ਸਾਡੇ ਵਿਰੋਧੀ ਗੱਲਾਂ ਨੂੰ ਲਿਖਕੇ ਵੀ ਰੱਖਦੇ ਹਨ। ਇਕ ਅਸੁਰ-ਮਿੱਟੀ, ਪੱਥਰ ਜਾਂ ਚਮੜੇ 'ਤੇ ਕੋਈ ਚਿੰਨ੍ਹ ਬਣਾ ਦੇਵੇਗਾ... ਦੂਸਰਾ ਝੱਟ ਸਮਝ ਜਾਵੇਗਾ। ਪਰ ਸਾਨੂੰ ਸੈਂਕੜੇ ਸਾਲਾਂ ਤੋਂ ਨਾ ਇਹਨਾਂ ਦੀ ਬੋਲੀ ਸਮਝ ਆਈ, ਨਾ ਹੀ ਇਹਨਾਂ ਦੀ ਲਿਖਤ ਦਾ ਪਤਾ ਲੱਗਿਆ ਕੀ ਇਹ ਕੀ ਕੀ ਲਿਖਕੇ ਰੱਖੀ ਜਾ ਰਹੇ ਹਨ।" ਅੰਤ ਰਿਸ਼ੀ ਨੇ ਇਕ ਦਿਨ ਦੋ ਟੁੱਕ ਫੈਸਲਾ ਸੁਣਾਇਆ ਕਿ ਇਹਨਾਂ ਦਾ ਕਿਸੇ ਵੀ ਪੱਧਰ 'ਤੇ ਕਿਸੇ ਵੀ ਸਮੇਂ ਸਾਡੇ ਨਾਲ ਮੇਲ ਨਹੀਂ ਹੋ ਸਕਦਾ।"

ਇਕੱਠ ਵਿਚੋਂ ਬਹੁਤ ਸਾਰੀਆਂ ਅਵਾਜ਼ਾਂ ਆਈਆਂ, "ਰਿਸ਼ੀਵਰ ਫੇਰ ਸਾਨੂੰ ਕੀ ਕਰਨਾ ਚਾਹੀਦਾ ਹੈ?" ਰਿਸ਼ੀ ਜੋਸ਼ ਨਾਲ ਬੋਲਿਆ, "ਮੈਂ ਤੁਹਾਡੇ ਕੋਲੋਂ ਇਹੀ ਤਾਂ ਸੁਣਨਾ ਚਾਹੁੰਦਾ ਸਾਂ। ਇਹ ਇਸ ਧਰਤੀ ਦੇ ਮਾਲਕ ਹਨ... ਸਾਨੂੰ ਇਹਨਾਂ ਨੂੰ ਯੁੱਧ ਕਰਕੇ ਪਰਾਜਿਤ ਕਰਨਾ ਹੋਵੇਗਾ... ਤੇ ਇਸ ਧਰਤੀ ਦੇ ਆਪ ਮਾਲਕ ਬਣਨਾ ਹੋਵੇਗਾ।"

"ਪਰ ਇਹ ਕਠਿਨ ਹੀ ਨਹੀਂ ਅਸੰਭਵ ਹੈ।" ਇਕੱਠ ਵਿਚੋਂ ਫੇਰ ਮਰੀਅਲ ਜਹੀ ਆਵਾਜ਼ ਆਈ।

ਰਿਸ਼ੀ ਨੇ ਉਹਨਾਂ ਦੀ ਗੱਲ ਦਾ ਕੋਈ ਜਵਾਬ ਨਹੀਂ ਦਿੱਤਾ।... ਬੱਸ ਉਹਨਾਂ ਨੂੰ ਦੱਸੇ ਬਿਨਾ ਉਹਨਾਂ ਨੂੰ ਹੌਸਲਾ ਦੇਣ ਲਈ ਕੁਝ ਮੰਤਰ ਬੋਲਣ ਲੱਗਾ-

"ਹੇ ਇੰਦਰ! ਅਸੀਂ ਦਸੂਆਂ ਦੇ ਵਿਚਕਾਰ ਰਹਿੰਦੇ ਹਾਂ। ਇਹ ਯੱਗ ਨਹੀਂ ਕਰਦੇ, ਦੇਵਤਿਆਂ ਵਿਚ ਭਗਤੀ ਭਾਵ ਨਹੀਂ ਰੱਖਦੇ।

ਹੇ ਇੰਦਰ! ਇਹਨਾਂ ਸੋਮ (ਮਦਰਾ) ਦੀ ਵਰਤੋ ਨਾ ਕਰਨ ਵਾਲਿਆ ਦਾ ਅਤੇ ਕਠਿਨਾਈ ਨਾਲ ਵਸ ਵਿਚ ਆਉਣ ਵਾਲਿਆ ਦਾ ਨਾਸ਼ ਕਰੇ।

ਹੇ ਬਰਿਤਰ ਨੂੰ ਮਾਰਨ ਵਾਲੇ ਅਤੇ ਸ਼ੱਤਰੂਆਂ ਨੂੰ ਤੋੜਨ ਵਾਲੇ ਇੰਦਰ, ਤੁਸੀਂ ਸਾਰੀਆਂ ਕਾਲੀਆਂ ਦਾਸੀਆਂ ਨੂੰ ਮਾਰੋ।

ਹੇ ਅਗਨੀ! ਤੂੰ ਆਰੀਆਂ ਵਾਸਤੇ ਤੇਜ ਉਤਪਨ ਕਰਕੇ ਦਸੂਆਂ ਨੂੰ ਉਨ੍ਹਾਂ ਦੇ ਸਥਾਨਾਂ ਵਿਚੋਂ ਬਾਹਰ ਕੱਢੋ।

ਹੇ ਇੰਦਰ! ਤੁਸੀਂ ਸਾਰੇ ਯਕਸ਼ਾ ਨੂੰ ਸਮਾਪਤ ਕਰ ਦਿਓ।"

ਪੁਰੂ ਕਬੀਲੇ ਦਾ ਸੁਘੜ ਨੌਜਵਾਨ ਪੁਰੂਧਾਨ ਉਠਿਆ ਤੇ ਰਿਸ਼ੀ ਅੰਗਿਰਾ ਨੂੰ ਨਮਸ਼ਕਾਰ ਕਰਕੇ, ਹੱਥ ਜੋੜ ਕੇ ਨਿਮਰਤਾ ਸਹਿਤ ਕਹਿਣ ਲੱਗਾ, "ਰਿਸ਼ੀਵਰ! ਤੁਹਾਡੇ ਦੱਸੇ ਹੋਏ ਮੰਤਰ, ਮੇਰੇ ਯਾਦ ਹੋ ਗਏ ਹਨ। ਹੁਣ ਹੋਰਾਂ ਨੂੰ ਕੰਠ ਕਰਵਾਉਣ ਲਈ ਮੈਂ ਅੱਗੇ ਅੱਗੇ ਬੋਲਦਾ ਹਾਂ।... ਤੁਸੀਂ ਆਸਣ ਗ੍ਰਹਿਣ ਕਰੋ।" ਅੰਗਿਰਾ ਰਿਸ਼ੀ ਮੂੰਹ ਸਿਰ ਤੇ ਗਰਦਨ ਉੱਤੇ ਲੰਮੇ ਲੰਮੇ ਵਾਲਾ ਸਮੇਤ ਰੰਗ ਕੇ ਤਿਆਰ ਕੀਤੀ ਹੋਏ ਬੱਬਰ ਸ਼ੇਰ ਦੀ ਚਰਮ-ਸਿੰਘ -ਆਸਣ 'ਤੇ ਜਾ ਵਿਰਾਜੇ। ਪੁਰੂਧਾਨ ਉਹਦੇ ਮਗਰ ਮਗਰ ਉੱਚੀ ਉੱਚੀ ਬੋਲਣ ਲੱਗ ਪਏ



ਸਨ।

ਅੰਗਿਰਾ ਰਿਸ਼ੀ ਨੇ ਪੁਰੂ ਕਬੀਲੇ ਦੇ ਤਾਕਤਵਾਰ ਨੌਜਵਾਨਾਂ ਨੂੰ ਨਾਲ ਲਿਜਾ ਕੇ ਪੁਸ਼ਕਲਾਵਤੀ ਤੋਂ ਦੂਰ ਪੱਛਮੀ ਹਿਮਾਲਾਂ ਦੀਆਂ ਢਲਾਨਾ ਵਿਚ ਆਪਦਾ ਆਸ਼ਰਮ ਬਣਾ ਲਿਆ ਸੀ। ਉਥੇ ਉਹ ਆਰੀਆ ਜਵਾਨਾਂ ਨੂੰ ਘੋੜ ਸਵਾਰੀ ਤੇ ਸ਼ਾਸ਼ਤਰ ਵਿਦਿਆ ਸਿਖਾਉਣ ਲੱਗਾ। ਨਿੱਤ ਹੁੰਦੀਆਂ ਵਕਸ਼ੂ ਘਾਟੀ ਵਿਚ ਲੜਾਈਆਂ ਤੋਂ ਤੰਗ ਆ ਕੇ ਪੁਰੂਆਂ ਤੋਂ ਬਿਨਾ ਯਦੂ, ਦਹਯੂ, ਅਨੂ ਤੇ ਤੁਰਵਸ਼ ਕਬੀਲਿਆਂ ਦੇ ਆਰੀਆਂ ਅਬਦਾ ਦੱਰਾ ਪਾਰ ਕੇ ਆਉਂਦੇ ਗਏ ਤੇ ਉਨ੍ਹਾਂ ਵਿਚੋਂ ਲੋੜਵੰਦ ਜਵਾਨ ਅੰਗਿਰਾ ਰਿਸ਼ੀ ਦੇ ਆਸ਼ਰਮ ਵਿਚ ਚਲਦੇ ਯੁੱਧ ਅਭਿਆਸ ਵਿਚ ਸ਼ਾਮਿਲ ਹੁੰਦੇ ਗਏ। ਰਿਸ਼ੀ ਦਾ ਬਣਾਇਆ ਇਕ ਦਲ ਘੋੜਿਆ 'ਤੇ ਸਵਾਰ ਹੋ ਕੇ ਪਹਾੜੀ ਪਿਛੇ ਲੁਕੇ ਦੂਸਰੇ ਦਲ 'ਤੇ ਤੀਰਾਂ, ਤਲਵਾਰਾਂ ਬਰਛਿਆ, ਭਾਲਿਆਂ ਨਾਲ ਆਕਰਮਣ ਕਰਦਾ।... ਦੂਸਰਾ ਦਲ ਢਾਲਾਂ ਨਾਲ ਹਥਿਆਰਾਂ ਦੇ ਵਾਰਾਂ ਨੂੰ ਰੋਕਦਾ ਤੇ ਆਪਣੇ ਹਥਿਆਰਾਂ ਨਾਲ ਬਚਾਅ ਕਰਦਾ। ਹਥਿਆਰ ਚਲਾਉਣ ਦੀ ਪ੍ਰੀਖਿਆ ਵਿਚ ਸਭ ਤੋਂ ਮਾਹਿਰ ਨਿਕਲੇ ਪੁਰੂਧਾਨ ਨੂੰ ਰਿਸ਼ੀ ਅੰਗਿਰਾ ਨੇ ਆਰੀਆਂ ਦਾ ਸੈਨਾਪਤੀ, ਥਾਪ ਦਿਤਾ ਸੀ। ਜਿਸਨੂੰ ਇੰਦਰ ਦੀ ਉਪਾਧੀ ਦਿੱਤੀ ਗਈ ਸੀ।

ਦੁਪਹਿਰ ਤੋਂ ਬਾਅਦ ਇਹ ਯੁੱਧ ਅਭਿਆਸੀ, ਆਸ਼ਰਮ ਦੇ ਨਾਲ ਲਗਦੀ ਜ਼ਮੀਨ ਵਿਚ ਖੇਤੀ ਕਰਦੇ ਚਾਰਾਗਾਹਾਂ ਵਿਚ ਪਸ਼ੂ ਚਰਾਉਂਦੇ, ਜੰਗਲ ਵਿਚੋਂ ਕੱਲੜਾਂ ਕੱਟਕੇ ਲਿਆਉਂਦੇ ਤੇ ਜੰਗਲੀ ਜੀਵਾ ਦਾ ਸ਼ਿਕਾਰ ਕਰਦੇ। ਦਿਨ ਛਿਪਦਿਆਂ ਨਾਲ ਹਵਨ ਕੁੰਡ ਵਿਚ ਅਗਨੀ ਪ੍ਰਚੰਡ ਕੀਤੀ ਜਾਂਦੀ। ਇੰਦਰ, ਵਰੁਣ ਆਦਿ ਦੇਵਤਿਆਂ ਦੇ ਨਾਂ ਦੀਆਂ ਅੰਨ, ਮਾਸ, ਚਰਬੀ, ਘਿਓ, ਮਧੂ, ਸੁਰਾ ਆਦਿ ਦੀਆਂ ਆਹੂਤੀਆਂ ਪਾਉਂਦਿਆਂ... ਅੰਗਿਰਾ ਰਿਸ਼ੀ ਆਰੀਆਂ ਦੀ ਆਸੁਰਾਂ ਉੱਤੇ ਜਿੱਤ ਪ੍ਰਾਪਤ ਕਰਨ ਦੇ ਆਪਣੇ ਬਣਾਏ ਮੰਤਰ ਉਚਾਰਦੇ।... ਇਸ ਤੋਂ ਬਾਅਦ ਸ਼ਾਮ ਹੁੰਦਿਆਂ ਹੀ ਆਰੀਆ ਸਮੁਦਾਇ ਦੇ ਨਰ, ਨਾਰੀ ਬੈਲ ਦਾ ਵੱਡੇ ਵੱਡੇ ਪਤੀਲਿਆ ਵਿਚ ਪਕਾਇਆ ਹੋਇਆ ਮਾਸ ਅਤੇ ਅੰਗੂਰ, ਸ਼ਾਹਿਦ, ਖਜ਼ੂਰ, ਤਾੜੀ ਗੁੜ, ਜੌਂ ਆਦਿ ਤੋਂ ਕੱਢੀ ਗਈ ਸੋਮ, ਸ਼ਰਾਬ ਦਾ ਸੇਵਨ ਕਰਦਿਆਂ ਹਵਨ ਕੁੰਡ ਦੇ ਦੁਆਲੇ ਨੱਚਦੇ ਗਾਉਂਦੇ ਭਰਪੂਰ ਮਨੋਰੰਜਨ ਕਰਦਿਆਂ ਸੌਂ ਜਾਂਦੇ।

ਨਾਲ ਦੀ ਨਾਲ ਰਿਸ਼ੀ ਅੰਗਿਰਾ ਆਰੀਆਂ ਨੂੰ ਇਕੱਤਰ ਕਰਕੇ ਅਸੁਰਾਂ ਦੀਆਂ ਯੁੱਧ ਸੰਬੰਧੀ ਕਮਜ਼ੋਰੀਆਂ ਬਾਰੇ ਸਮਝਾਉਂਦਾ ਰਹਿੰਦਾ। ਉਹ ਦੱਸਦਾ, "ਆਰੀਆਂ ਵਾਂਗ ਸਾਰੇ ਅਸੁਰ ਯੋਧੇ ਨਹੀਂ। ਉਹਨਾਂ ਦਾ ਸਮਾਜ ਵੱਖ ਵੱਖ ਵਰਗਾਂ ਵਿਚ ਵੰਡਿਆ ਹੋਇਆ ਹੈ-ਸੈਨਾਨੀਆਂ, ਸ਼ਿਲਪੀਆਂ, ਵਪਾਰੀਆਂ, ਕਿਸਾਨਾਂ, ਪ੍ਰਸ਼ਾਸਕਾਂ ਦੀਆਂ ਵੱਖ ਵੱਖ ਸ਼੍ਰੇਣੀਆਂ ਹਨ। ਅਸੁਰ ਯੋਧਿਆਂ ਨੂੰ ਵੀ ਨਗਰ ਦੇ ਸੁਖੀ ਜੀਵਨ ਨੇ ਸੁਸਤ ਤੇ ਅਲਸੀ ਬਣਾ ਦਿੱਤਾ ਹੈ। ਉਨ੍ਹਾਂ ਦੀ ਦੂਸਰੀ ਕਮਜ਼ੋਰੀ, ਉਨ੍ਹਾਂ ਨੇ ਭਾਵੇਂ ਸੈਂਕੜੇ ਘੋੜੇ ਸਾਥੋਂ ਵਸਤੂ ਵਟਾਂਦਰੇ ਵਿਚ ਲੈ ਲਏ ਹਨ। ਉਹ ਘੋੜ ਸਵਾਰੀ ਵੀ ਕਰਦੇ ਹਨ। ਪਰ ਉਹ ਘੋੜ ਸਵਾਰੀ ਵਿਚ, ਘੋੜਿਆ ਤੇ ਸਵਾਰ ਹੋਕੇ ਕਰਤੱਬ ਦਿਖਾਉਣ ਵਿਚ ਸਾਡੇ ਯੋਧਿਆ ਜਿੰਨੇ ਪ੍ਰਵੀਨ ਨਹੀਂ। ਜਿਸਦਾ ਪ੍ਰਮਾਣ ਇਹ ਏ ਕਿ ਉਹ ਹੁਣ ਵੀ ਮੇਲਿਆਂ ਵਿਚ ਘੋੜਿਆ ਵਾਲੇ ਰੱਥਾਂ ਤੇ ਨਹੀਂ ਸਗੋਂ ਬਲਦਾ ਵਾਲੇ ਰਥਾਂ 'ਤੇ ਸਵਾਰ ਹੋ ਕੇ ਆਉਂਦੇ ਹਨ। ਭਲਾ ਸਵਾਰ ਨੂੰ ਬਿਠਾ ਕੇ ਪਿਛਲੇ ਪੈਰਾਂ ਭਾਰ ਖੜਾ ਹੋਣ, ਸਵਾਰ ਨੂੰ ਲੈ ਕੇ ਬਹਿਣ, ਐਧਰ ਉਧਰ ਮੁੜਨ ਤੇ ਨੱਸਣ-ਭੱਜਣ ਵਿਚ ਘੋੜੇ ਦਾ ਮੁਕਾਬਲਾ ਬੈਲ ਕੀ ਕਰ ਲਊ?"

ਇਸ ਸ਼ਾਮ ਰਿਸ਼ੀ ਅੰਗਿਰਾ ਦੇ ਆਸ਼ਰਮ ਵਿਚ ਚੁਪ-ਚਾਂ ਛਾਈ ਰਹੀ। ਯੱਗ, ਅਨੁਸ਼ਠਾਨ ਦੀਆਂ ਸਾਰੀਆਂ ਰਸਮਾਂ ਚੁਪ-ਚਾਪ ਕੀਤੀਆਂ ਗਈਆਂ। ... ਉਸ ਰਾਤ ਸੈਨਾਪਤੀ ਪੁਰੂਧਾਨ ਨੇ ਟਿੱਡੀ ਦਲ ਆਰੀਆ ਘੋੜ ਸਵਾਰਾਂ ਯੋਧਿਆਂ ਨਾਲ ਪੁਸ਼ਕਲਾਵਤੀ 'ਤੇ ਆਕਰਮਣ ਕਰ ਦਿੱਤਾ। ਇਸ ਤੋਂ ਅਵੇਸਲੇ ਅਸੁਰ ਯੋਧਿਆ ਨੂੰ ਪੂਰੀ ਤਰ੍ਹਾਂ ਸੰਭਲਣ, ਯੁੱਧ ਦੀ ਤਿਆਰੀ ਕਰਨ ਦਾ ਮੌਕਾ ਹੀ ਨਾ ਮਿਲਿਆ। ਅਸੁਰ ਯੋਧੇ, ਪੁਰੂਧਾਨ ਦੀ ਉਨ੍ਹਾਂ ਤੋਂ ਕਈ ਗੁਣਾਂ ਵੱਧ ਤਾਕਤ ਨਾਲ ਕੀਤੇ ਗਏ ਹਮਲੇ ਅੱਗੇ ਇਕ ਪਹਿਰ ਵੀ ਨਾ ਟਿਕ ਸਕੇ। ਆਰੀਆਂ ਯੋਧਿਆ ਕੋਲੋਂ ਆਸੁਰ ਯੋਧਿਆਂ ਨੂੰ ਧੜਾਧੜ ਡਿਗਦਿਆਂ ਮਰਦਿਆ ਦੇਖ... ਅਸੁਰ

ਸੈਨਾਪਤੀ ਨੇ ਹਾਰ ਸਵੀਕਾਰ ਕਰ ਲਈ। ...ਦੇਖਦਿਆਂ ਹੀ ਦੇਖਦਿਆਂ ਹੱਥ ਖੜ੍ਹੇ ਕਰਕੇ ਹਾਰ ਸਵੀਕਾਰ ਕਰਨ ਵਾਲੇ ਅਸੁਰ-ਸੈਨਾਪਤੀ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ ਗਿਆ। ਪੁਸਕਲਾਵਤੀ ਨੂੰ ਆਰੀਆਂ ਸੈਨਿਕਾਂ ਦੁਆਰਾ ਲੁਟਿਆ ਜਾਣ ਲੱਗਿਆ... ਤੇ ਨਾਲ ਦੀ ਨਾਲ ਅੱਗ ਲਾ ਕੇ ਸਾੜ ਦਿੱਤਾ ਜਾਣ ਲੱਗਿਆ।

ਪੁਸ਼ਕਲਾਵਤੀ ਦਾ ਨਗਰਪਤੀ ਆਪਣੀ ਛੁਪਣ ਗਾਹ ਵਿਚੋਂ ਸੁਰੱਖਿਅਤ ਬਚ ਕੇ ਨਿਕਲਣ ਦੀ ਥਾਂ ...ਆਪਣੇ ਇੱਕ-ਇੱਕ ਇਟ ਲਾ ਕੇ ਉਸਾਰੇ ਗਏ ਨਗਰ ਨੂੰ... ਆਪਣੀਆਂ ਅੱਖਾਂ ਸਾਹਮਣੇ ਅੱਗ ਦੀਆਂ ਲਾਟਾਂ ਵਿਚ ਜਲਦਿਆਂ ਦੇਖ... ਆਰੀਆਂ ਸੈਨਾਪਤੀ ਪੁਰੁਧਾਨ ਸਾਹਮਣੇ ਪੇਸ਼ ਹੋਇਆ ਤੇ ਹੱਥ ਜੋੜ ਕੇ ਖੜ੍ਹ ਗਿਆ। ਤੇ ਗਿੜ-ਗਿੜਾਂਦਿਆਂ ਇਸ਼ਾਰਿਆਂ ਨਾਲ ਸਮਝਾਉਣ ਲੱਗਿਆ ਉਹਨੇ ਹੱਥ ਖੜੇ ਕਰਦਿਆਂ ਹਾਰ ਸਵੀਕਾਰ ਕੀਤੀ। ਤੇ ਸੜ ਰਹੇ ਘਰਾਂ ਵੱਲ ਇਸ਼ਾਰਾ ਕਰਕੇ ਉਂਗਲੀ ਹਿਲਾਈ ਕਿ ਇਹਨਾਂ ਨੂੰ ਨਾ ਫੂਕੋ। ਤੇ ਆਸੁਰਾਂ ਰਾਹੀਂ ਇਨ੍ਹਾਂ ਘਰਾਂ ਨੂੰ ਖਾਲੀ ਕਰਨ ਲਈ ਸਮਾਂ ਮੰਗਿਆ ਤੇ ਆਰੀਆਂ ਨੂੰ ਇਨ੍ਹਾਂ ਘਰਾਂ ਨੂੰ ਤਬਾਹ ਕਰਨ ਦੀ ਥਾਂ ਇਨ੍ਹਾਂ ਘਰਾਂ ਵਿਚ ਵਸਣ ਲਈ ਇਸ਼ਾਰਾ ਕੀਤਾ। ਤਾਂ ਜੋ ਏਨੀ ਮਿਹਨਤ ਤੇ ਚਾਵਾਂ ਨਾਲ ਉਸਾਰੀ ਨਗਰੀ ਤਬਾਹ ਨਾ ਹੋਵੇ।

ਅਰਵਿੰਦਰ ਆਰੀਆ ਸਰ ਨੇ ਦੱਸਿਆ ਸੀ ਕਿ ਅੰਗਿਰਾ ਰਿਸ਼ੀ ਨੇ ਪੁਰੁਧਾਨ ਨੂੰ ਇਸ਼ਾਰਾ ਕਰਦਿਆਂ ਨਗਰਪਤੀ ਦੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ... ਆਰੀਆਂ ਨੇ ਨਗਰੀ ਜੀਵਨ ਵਾਲੀ ਸੰਸਕ੍ਰਿਤੀ ਨੂੰ ਵਿਕਸਿਤ ਨਹੀਂ ਕੀਤਾ... ਸਗੋਂ ਕਬੀਲਿਆਂ ਦੇ ਗ੍ਰਾਮਾਂ ਦੇ ਖੁਲ੍ਹੇ ਪਸ਼ੂਪਾਲਕਾਂ ਵਾਲਾ ਜੀਵਨ ਜੀਣ ਨੂੰ ਪਹਿਲ ਦਿੰਦੇ ਰਹੇ। ਰਿਸ਼ੀ ਅੰਗਿਰਾ ਨੇ ਕਿਹਾ ਸੀ ਕਿ ਨਗਰੀ ਜੀਵਨ ਜੀਂਦਿਆਂ ਆਰੀਆ, ਅਸੁਰਾਂ ਵਾਂਗ ਸੁਸਤ ਤੇ ਆਲਸੀ ਹੋ ਜਾਣਗੇ।

ਅੰਗਿਰਾ ਰਿਸ਼ੀ ਦੇ ਇਸ਼ਾਰੇ 'ਤੇ ਪੁਰੁਧਾਨ ਨਗਰਪਤੀ ਵੱਲ ਵਧਿਆ। ਪਰ ਨਗਰਪਤੀ ਨਾਲ ਦੇ ਘਰ ਵਿਚ ਅਜਿਹਾ ਛੁਪਿਆ... ਆਰੀਆ ਸੈਨਿਕਾਂ ਨੇ ਬਥੇਰਾ ਭਾਲਿਆ... ਪਰ ਉਹਨਾਂ ਦੇ ਹੱਥ ਨਹੀਂ ਆਇਆ। ...ਅਸੁਰ ਸੈਨਿਕਾਂ ਨੂੰ ਆਰੀਆਂ ਯੋਧਿਆਂ ਨੇ ਕਤਲ ਕਰ ਦਿੱਤਾ ਸੀ। ਪੁਸ਼ਕਲਾਵਤੀ ਨਗਰ ਨੂੰ ਲੁੱਟਕੇ ਅੱਗ ਲਾ ਦਿੱਤੀ ਸੀ। ਬੱਚਿਆਂ ਤੇ ਬੁੱਢਿਆ ਨੂੰ ਕਤਲ ਕਰ ਦਿੱਤਾ ਗਿਆ ਸੀ। ...ਪੁਰੁਧਾਨ ਨੇ ਰਿਸ਼ੀ ਅੰਗਿਰਾ ਨੂੰ ਲੁੱਟੇ ਹੋਏ ਧਨ ਵਿਚੋਂ ਬਹੁਤ ਸਾਰਾ ਧਨ ਤੇ ਆਸਰਮ ਵਿਚ ਸੇਵਾ ਕਰਨ ਲਈ 50 ਦਾਸ ਤੇ ਭੋਗਣ ਲਈ 50 ਸੁੰਦਰ ਦਾਸੀਆਂ ਦਿੱਤੀਆਂ ਸਨ। ਸ਼ਿਲਪੀਆਂ ਨੂੰ ਅਲੱਗ ਕੱਢਕੇ ਬਾਕੀ ਨਰ, ਨਾਰੀਆਂ ਨੂੰ ਦਾਸ ਬਣਾ ਕੇ ਸੈਨਿਕ ਆਪਣੇ ਨਾਲ ਖੇਤਾਂ ਤੇ ਘਰਾਂ ਵਿਚ ਕੰਮ ਕਰਨ ਲਈ ਲੈ ਗਏ ਸਨ। ਅਸੁਰ ਨਰ, ਨਾਰੀ ਆਪਣੇ ਘਰਾਂ ਨੂੰ ਜਲਦਿਆਂ ਦੇਖ ਉੱਚੀ ਉੱਚੀ ਚੀਕਾਂ ਮਾਰ ਕੇ ਰੋ ਰਹੇ ਸਨ। ਪਰ ਆਰੀਆਂ ਸੈਨਿਕ ਉਨ੍ਹਾਂ ਨੂੰ ਘੋੜੇ ਹੱਕਣ ਵਾਲੇ ਚਾਬੁਕ ਛਾਂਟੇ ਮਾਰ ਮਾਰ ਕੇ ਆਪਣੇ ਘੋੜਿਆਂ ਅੱਗੇ ਦੌੜਨ ਲਈ ਮਜਬੂਰ ਕਰ ਰਹੇ ਸਨ। ਇਹ ਪਹਿਲੇ ਅਸੁਰ ਕਿਲੇ ਦਾ ਅੰਤ ਸੀ। ਅਤੇ ਸੁਰ ਅਸੁਰ ਸੰਗਰਾਮ ਦੀ ਸ਼ੁਰੂਆਤ ਸੀ।

ਅੰਗਿਰਾ ਰਿਸ਼ੀ ਨੇ ਹਵਨ ਕੁੰਡ ਵਿਚ ਆਹੂਤੀ ਪਾਈ, "ਹੇ ਅਗਨੀ! ਤੂੰ ਆਰੀਆ ਵਾਸਤੇ ਤੇਜ ਉਤਪਨ ਕਰਕੇ... ਦਸੂਆਂ ਨੂੰ ਉਹਨਾਂ ਦੇ ਸਥਾਨਾਂ ਵਿਚੋਂ ਕੱਢ ਦਿੱਤਾ।

"ਤਾਂ ਫੇਰ ਪੀਲੇ ਕੇਸ ਵਾਲੇ ਆਰੀਆ ਅੱਗੇ... ਚਪਟੇ ਨੱਕ ਵਾਲੇ ਅਸੁਰ, ਏਦਾਂ ਭੱਜਦੇ ਚਲੇ ਗਏ... ਜਿਵੇਂ ਸ਼ੇਰਾਂ ਕੋਲੋਂ ਗਾਵਾਂ ਦਾ ਵੱਗ ਭੱਜਿਆ ਜਾ ਰਿਹਾ...?"

ਮੇਰਾ ਧਿਆਨ ਉਧਰ ਗਿਆ। ਫ਼ੌਜੀ ਦੀ ਦੁਕਾਨ ਵਿਚ ਲੱਗੇ ਟੈਲੀਵਿਜ਼ਨ ਦੇ ਡਿਸਕਵਰੀ ਚੈਨਲ ਤੇ... ਪੰਜ, ਸੱਤ ਸ਼ੇਰਾਂ ਅੱਗੇ... ਸੈਂਕੜੇ ਗਾਵਾਂ ਸਾਨ੍ਹਾਂ ਦਾ ਵੱਗ ਜਾਨ ਬਚਾਉਣ ਲਈ ਵਾਹੋ ਦਾਹੀ ਭੱਜਿਆ ਜਾ ਰਿਹਾ ਸੀ। ਲੰਮੀਆਂ ਛਾਲਾਂ ਮਾਰਦਾ... ਇਕ ਤਾਕਤਵਾਰ ਸ਼ੇਰ ਬਾਕੀਆਂ ਨਾਲੋਂ ਅੱਗੇ ਹੋ ਕੇ... ਇਕ ਪਿਛੇ ਰਹੀ ਗਾਂ ਨਾਲ ਰਲਣ ਵਿਚ ਕਾਮਯਾਬ ਹੋ ਗਿਆ ਹੈ। "ਲੈ ਬਈ ਦਬੋਚ ਲਈ" ਦੇਸੀ



ਦਾਰੂ ਵਾਲਾ ਚੀਕਿਆ। ਗਾਂ ਨਾਲ ਰਲੇ ਸ਼ੇਰ ਨੇ, ਉਹਦੇ ਉਪਰ ਨੂੰ ਛਾਲ ਮਾਰਦਿਆਂ... ਅਗਲੇ ਪੰਜੇ ਗਾਂ ਦੀ ਗਰਦਨ ਦੁਆਲੇ ਘੁੰਮਾ ਕੇ, ਤੇਜ ਜਬਾੜੇ ਗਾਂ ਦੀ ਸੰਘੀ ਵਿਚ ਗੱਡਕੇ... ਗਾਂ ਥੱਲੇ ਸੁੱਟ ਲਈ ਹੈ। ਦੇਸ਼ੀ ਦਾਰੂ ਵਾਲਾ ਠਹਾਕਾ ਮਾਰ ਕੇ ਹੱਸਿਆ ਹੈ... ਸਾਰੇ ਉਹਦੇ ਨਾਲ... ਸ਼ਾਇਦ ਸ਼ੇਰ ਦੇ ਸ਼ਿਕਾਰ ਕਰਨ ਦੇ ਢੰਗ ਨੂੰ ਦੇਖਕੇ ਹਸ ਰਹੇ ਹਨ।... ਪਰ ਮੇਰੇ ਉਨ੍ਹਾਂ ਨਾਲ ਮਿਲਕੇ ਨਾ ਹੱਸਣ ਤੇ ਇੰਦਰ ਸਿੰਘ ਨੇ ਮੇਰੇ 'ਤੇ ਪੁਰਾਣੀ ਟਕੋਰ ਮਾਰੀ, "ਤੂੰ ਤਾਂ ਕਮਜ਼ੋਰ ਮਨ ਵਾਲਾ ਈ ਰਿਹਾ... ਤੇਰੀ ਹਮਦਰਦੀ ਹਮੇਸ਼ਾ ਪੀੜਤ ਧਿਰ ਨਾਲ ਹੁੰਦੀ ਐ... ਮਾਰੀ ਗਈ ਗਾਂ ਨਾਲ ਹੋਊ... ਹਾਰ ਖਾ ਰਹੇ ਆਸੁਰਾਂ ਨਾਲ ਹੋਊ... ਐ ਦੱਸ ਜੇ ਸ਼ੇਰ ਗਾਂ ਨੂੰ ਨਾ ਮਾਰਦੇ ... ਤਾਂ ਉਨ੍ਹਾਂ ਦੇ ਨਾਲ ਘੁੰਮਦੇ ਦਰਜਨਾਂ ਬੱਚੇ ਭੁੱਖੇ ਨਾ ਮਰ ਜਾਂਦੇ।" ਮੈਂ ਇੰਦਰ ਸਿੰਘ ਨਾਲ ਅੱਧ-ਪਚੱਧ ਸਹਿਮਤ ਹੁੰਦਿਆਂ ਆਖਦਾ ਹਾਂ... ਕਿ ਮੈਂ ਸ਼ੇਰਾਂ ਰਾਹੀਂ ਪੇਟ ਦੀ ਭੁੱਖ ਮਿਟਾਉਣ ਲਈ ਗਾਵਾਂ ਨੂੰ ਮਾਰ ਕੇ ਖਾਣ ਦੇ ਵਿਰੁੱਧ ਨਹੀਂ। ... ਪਰ ਇਕ ਤਕੜੀ ਨਸਲ ਦੇ ਗ੍ਰਮੀਣ ਜੀਵਨ ਵਾਲੀ ਸਭਿਅਤਾ ਵਾਲੇ ਆਰੀਆ ਨਗਰੀ ਜੀਵਨ ਜੀਣ ਵਾਲੇ ਅਸੁਰਾਂ 'ਤੇ ਹਮਲਾਂ ਕਰਕੇ... ਉਨ੍ਹਾਂ ਦੇ ਨਗਰੀ ਜੀਵਨ ਨੂੰ ਤਬਾਹ ਕਰਕੇ... ਉਨ੍ਹਾਂ ਨੂੰ ਆਪਣਾ ਗੁਲਾਮ ਬਣਾ ਰਹੇ ਹਨ... ਇਹ ਕਿਥੋਂ ਤਕ ਵਾਜਬ ਹੈ?

ਪਰ ਇਸ ਤੋਂ ਪਹਿਲਾਂ ਕਿ ਇੰਦਰ ਸਿੰਘ ਮੇਰੇ 'ਤੇ ਹਸਦਿਆ... ਕੋਈ ਨਵੀਂ ਟਕੋਰ ਮਾਰਦਾ... ਟੀ. ਵੀ. ਦੀ ਸਕਰੀਨ 'ਤੇ ਮੱਝਾਂ ਦਾ ਵੱਗ ਚੁਗਦਾ ਦਿਖਾਈ ਦੇ ਰਿਹਾ ਹੈ। ਪੰਜ, ਸੱਤ ਸ਼ੇਰ ਮੱਝਾਂ 'ਤੇ ਝਪਟਣ ਨੂੰ ਅਹੁਲਦੇ ਹਨ।... ਪਰ ਤਾਕਤਵਾਰ ਝੋਟੇ ਸਿਰ ਨੀਵੇਂ ਕਰਕੇ... ਸ਼ੇਰਾਂ ਮਗਰ ਭੱਜਦੇ ਹਨ... ਜਿਵੇਂ ਸ਼ੇਰਾਂ ਨੂੰ ਸਿੰਗਾਂ 'ਤੇ ਚੁਕ ਕੇ ਪਰ੍ਹਾਂ ਵਗਾਹ ਮਾਰਨਗੇ। ...ਸ਼ੇਰ ਮੱਝਾਂ ਦੇ ਚਰ ਰਹੇ ਵੱਗ ਤੋਂ ਪਰ੍ਹਾਂ ਨੂੰ ਭੱਜ ਲਏ ਹਨ।... ਜੇ ਸ਼ੇਰ ਫੇਰ ਨੇੜੇ ਆਉਂਦੇ ਹਨ... ਝੋਟੇ ਉਹਨਾ ਮਗਰ ਫੇਰ ਭੱਜ ਲੈਂਦੇ ਹਨ।

ਮੈਨੂੰ ਗੱਲ ਸੁੱਝੀ। ਇੰਦਰ ਸਿੰਘ ...ਅਸੁਰ ਗਾਵਾਂ ਦੇ ਵੱਗ ਵਾਂਗ ਨਹੀਂ ਭੱਜੇ... ਸਗੋਂ ਸ਼ੇਰਾ ਦਾ ਝੋਟਿਆਂ ਵਾਂਗ ਮੁਕਾਬਲਾ ਕਰਦੇ ਰਹੇ। ਸਗੋਂ ਪੁਸ਼ਕਲਾਵਤੀ ਦੀ ਹਾਰ ਤੋਂ ਬਾਅਦ.. ਉਹ ਹੋਰ ਸੁਚੇਤ ਹੋ ਗਏ ਸਨ।... ਅਸੁਰਾਂ ਨੇ ਆਪਣਾ... ਤੇ ਆਪਣੇ ਦੁਸ਼ਮਣ ਬਣੇ ਆਰੀਆਂ ਦਾ ...ਆਪਣੀ ਮਾਤ ਭੂਮੀ ਦੀ ਇਕ ਇਕ ਇੰਚ ਧਰਤੀ ਲਈ ਖੂਨ ਪਾਣੀ ਵਾਂਗ ਬਹਾਇਆ।

ਆਪਣੇ ਇਕ ਇਕ ਕਿਲੇ ਲਈ ਉਹਨਾਂ ਨੇ ਅਨੋਖੇ ਬਲੀਦਾਨ ਦਿਤੇ। ਅਸੁਰ ਸੈਨਾ ਦਾ ਸੈਨਾਪਤੀ ਸੰਬਰ ਕਿਰਾਤ ...ਆਰੀਆ ਸੈਨਾ ਦੇ ਇੰਦਰ ਥਾਪੇ ਗਏ ਸੈਨਾਪਤੀ ਦਿਵੋਦਾਸ ਨਾਲ ਚਾਲੀ ਸਾਲ ਯੁੱਧ ਕਰਦਾ ਰਿਹਾ। ਇਥੋਂ ਤਕ ਕਿ ਆਰੀਆ ਦੇ ਸੈਨਾਪਤੀਆਂ ਦਾ ਗੁਣਗਾਨ ਕਰਨ ਵਾਲੇ ਰਿਸ਼ੀਆਂ ਨੇ ਵੀ... ਰਿਗਵੇਦ ਵਿਚ ਸੰਬਰ ਕਿਰਾਤ ਦੇ ਬਹਾਦਰੀ ਨਾਲ ਯੁੱਧ ਕਰਨ ਦੇ ਸੰਬੰਧ ਵਿਚ ਮੰਤਰ ਉਚਾਰੇ ਹਨ।

-"ਪ੍ਰਤਾਪੀ ਰਾਜੇ ਸੰਬਰ ਨੇ ਦਿਵੋਦਾਸ ਦੇ ਛੱਕੇ ਛੁਡਾਏ।

-ਹੇ ਇੰਦਰ! ਤੈਂ ਆਪਣੇ ਭਗਤ ਦਿਵੋਦਾਸ ਲਈ ਸੰਬਰ ਦੇ 99 ਨਗਰਾਂ ਨੂੰ ਤੋੜਿਆ।

-ਹੇ ਇੰਦਰ! ਪਹਾੜ ਦੇ ਰਾਜੇ ਕਿਰਾਤ ਸੰਬਰ ਨਾਲ ਅਨੇਕਾਂ ਜਬਰਦਸਤ ਲੜਾਈਆਂ ਲੜਕੇ 40 ਸਾਲ ਬਾਅਦ ਦਿਵੋਦਾਸ ਜੇਤੂ ਹੋਣ ਵਿਚ ਸਫਲ ਹੋਇਆ।

-ਹੇ ਇੰਦਰ! ਤੈਂ ਚਾਲੀ ਹਜ਼ਾਰ ਕਿਸ਼ਨ, ਕਾਲੀ ਚਮੜੀ ਵਾਲਿਆਂ ਨੂੰ ਤਬਾਹ ਕੀਤਾ।

-ਹੇ ਇੰਦਰ! ਤੂੰ ਪੁਰੂ ਦਿਵੋਦਾਸ ਲਈ ਸ਼ਤਰੂ ਦੇ ਕਿਲੇ ਨੂੰ ਤੋੜਿਆ।

-ਹੇ ਅਗਨੀ ਤੂੰ ਪੁਰੂ ਰਾਜਾ ਵਾਸਤੇ ਤੇਜਮਾਨ ਹੋ ਕੇ ਸ਼ੱਤਰੂ ਦੇ ਨਗਰਾਂ ਨੂੰ ਜਲਾ ਦਿੱਤਾ।"

ਇਸ ਤਰ੍ਹਾਂ ਨਾਲ ਅਸੁਰਾਂ ਕੋਲੋਂ ਇਕ ਇਕ ਦੁਰਗ, ਪੁਰ ਖੁੱਸਦਾ ਗਿਆ... ਤੋੜ ਦਿੱਤਾ ਜਾਂਦਾ ਰਿਹਾ... ਜਲਾ ਦਿੱਤਾ ਜਾਂਦਾ ਰਿਹਾ। ਉਨ੍ਹਾਂ ਦੀ ਭੂਮੀ ਨੂੰ ਲਹੂ-ਲੁਹਾਣ ਕਰ ਦਿੱਤਾ ਜਾਂਦਾ ਰਿਹਾ। ਹਜ਼ਾਰਾਂ ਸਾਲ ਦੀ ਲੜਾਈ ਤੋਂ ਬਾਅਦ ...ਅਸੁਰਾਂ ਨੇ ਸਦਾ ਸਦਾ ਲਈ ਆਰੀਆਂ ਦੀ ਦਾਸਤਾ ਸਵੀਕਾਰ ਕਰ ਲਈ। ਇੰਦਰ ਸਿੰਘ ਨੇ ਫੇਰ ਟਕੋਰ ਮਾਰੀ, "ਉਹ ਮੰਤਰ ਵੀ ਪੜ੍ਹ ਕੇ ਸੁਣਾ?" ਅਰਵਿੰਦਰ ਆਰੀਆ ਸਰ ਬਦਲੀ ਕਰਵਾ ਕੇ ਜਾਣ ਲੱਗੇ, ਮੈਨੂੰ ਆਪਣੀ ਡਾਇਰੀ ਦੇ ਗਏ ਸਨ। ਮੈਨੂੰ ਵੀ, ਜਿਹੜੀ ਨਵੀਂ ਗੱਲ

ਆਰੀਆ-ਅਸੁਰ ਸੰਗਰਾਮ ਬਾਰੇ ਪਤਾ ਲਗਦੀ, ਇਸ ਡਾਇਰੀ ਵਿਚ ਦਰਜ ਕਰ ਲੈਂਦਾ। ਅਰਵਿੰਦਰ ਸਰ ਵਾਂਗ ਮੈਂ ਵੀ ਰਿਸ਼ੀਆਂ ਦੇ ਆਰੀਆਂ ਦੀ ਉਸਤਤ ਵਿਚ ਲਿਖੇ ਮੰਤਰ ਪੜ੍ਹਕੇ ਸੁਣਾਉਂਦਾ ਰਹਿੰਦਾ ਸਾਂ। ਮੈਂ ਡਾਇਰੀ ਵਿਚੋਂ ਇੰਦਰ ਸਿੰਘ ਹੋਰਾਂ ਨੂੰ ਕਈ ਵਾਰ ਪੜ੍ਹਕੇ ਸੁਣਾਇਆ ਮੰਤਰ... ਸੁਣਾਉਣ ਲੱਗਾ-

"ਹੇ ਇੰਦਰ! ਸੋਮ (ਸ਼ਰਾਬ) ਦੀ ਵਰਤੋਂ ਨਾ ਕਰਨ ਵਾਲਿਆ ਨੂੰ ਤੇ ਕਠਿਨਾਈ ਨਾਲ ਵਸ ਵਿਚ ਆਉਣ ਵਾਲਿਆਂ ਨੂੰ ਕਤਲ ਕਰੋ। ਕਿਉਂਕਿ ਉਹ ਤੈਨੂੰ ਸੁਖੀ ਨਹੀਂ ਕਰ ਸਕਦੇ। ਉਹਨਾਂ ਦਾ ਲੁਟਿਆ ਧਨ ਸਾਨੂੰ ਦਿਓ।" ਹਾਸੇ-ਹਾਸੇ ਵਿਚ ਇੰਦਰ ਸਿੰਘ ਨੇ ਫਿਰ ਟਕੋਰ ਮਾਰੀ, "ਬਈ ਸੋਮ (ਸ਼ਰਾਬ) ਦੀ ਵਰਤੋਂ ਨਾ ਕਰਨ ਵਾਲੇ ਅਸੁਰਾਂ ਨਾਲ ਇੱਦਾ ਈ ਹੋਣੀ ਚਾਹੀਦੀ ਸੀ। -ਰਿਸ਼ੀ ਜੰਗਾਂ- ਯੁੱਧਾਂ ਵਿਚ ਲੁੱਟਿਆ ਧਨ ਤੇ ਦਾਸ-ਦਾਸੀਆਂ ਲੈਣ ਦੇ ਸ਼ੁਕੀਨ ਬਣ ਗਏ ਸਨ। ... ਇਸਦੇ ਇਵਜਾਨੇ ਵਿਚ ਆਰੀਆਂ ਦੇ ਸੈਨਾਪਤੀ। ਇੰਦਰ ਦੀ ਉਸਤਤ ਕਰਨ ਵਿਚ ਲੱਗੇ ਰਹਿੰਦੇ ਸਨ।

## 2.

ਹੁਣੇ ਇੰਦਰ ਸਿੰਘ ਨੇ ਹਾਸੇ ਵਿਚ ਵੈਦਿਕ ਰਿਸ਼ੀਆਂ ਬਾਰੇ ਗੱਲ ਕੀਤੀ ਸੀ ਕਿ ਰਿਸ਼ੀ ਅਸੁਰਾਂ ਉੱਤੇ ਜਿੱਤ ਪ੍ਰਾਪਤ ਕਰਨ ਅਸੁਰਾਂ ਤੋਂ ਲੁੱਟਿਆ ਧਨ ਰਿਸ਼ੀਆਂ ਨੂੰ ਦਾਨ ਕਰਦੇ ਸਨ। ... ਪਰ ਮੈਂ ਉਹਦੀ ਗੱਲ ਦਾ ਜਵਾਬ ਦਿੰਦਾ ਹਾਂ ਕਿ ਉੱਤਰ ਵੈਦਿਕ ਕਾਲ ਵਿਚ ਵੈਦਿਕ ਕਾਲ ਦੇ ਰਿਸ਼ੀ ਆਪ੍ਰਸੰਗਿਕ ਹੋ ਗਏ ਸਨ।

ਆਪਣੀ ਗੱਲ ਅੱਗੇ ਤੋਰਨ ਲਈ ਮੈਂ ਇੰਦਰ ਸਿੰਘ ਨੂੰ ਯਾਦ ਕਰਵਾਉਂਦਾ ਹਾਂ ਕਿ ਜਦ ਵੀ ਸਰ ਨਵਾਂ ਲੈਸਨ ਪੜ੍ਹਾਉਣਾ ਸ਼ੁਰੂ ਕਰਦੇ, ਉਹ ਕਈ ਦਿਨ ਕਲਾਸ ਵਿਚ ਨਕਸ਼ਾ ਜ਼ਰੂਰ ਲੈ ਕੇ ਆਉਂਦੇ ਸਨ, "ਨਕਸ਼ਾ ਤਾਂ ਉਹ ਕੱਛ ਵਿਚ ਲੈ ਕੇ ਹੀ ਘੁੰਮੀਂ ਜਾਂਦੇ ਸਨ।" ਇੰਦਰ ਸਿੰਘ ਰਤਾ ਸਰੂਰ ਵਿਚ ਹਸਦਿਆਂ ਆਖਦਾ ਹੈ, "ਸਗੋਂ ਉਹਨਾਂ ਦੇ ਸਾਥੀ ਅਧਿਆਪਕ ਵੀ ਉਨ੍ਹਾਂ ਨੂੰ ਮਜ਼ਾਕ ਕਰਦੇ।... ਉਹ ਜਵਾਬ ਦਿੰਦੇ... ਸਮਝ ਨੀ ਲਗਦੀ... ਵਿਦਿਆਰਥੀਆਂ ਨੂੰ ਨਕਸ਼ਾ ਵਖਾਏ ਬਗੈਰ ... ਇਤਿਹਾਸ ਕਿਵੇਂ ਪੜ੍ਹਾਇਆ ਜਾ ਸਕਦਾ।"

ਮੈਂ ਉਹਦੀ ਗੱਲ ਅੱਗੇ ਤੋਰਦਾ ਹਾਂ ਕਿ ਉਨ੍ਹਾਂ ਨੇ ਉੱਤਰ ਵੈਦਿਨ ਕਾਲ ਤੱਕ ਆਰੀਆਂ ਦੁਆਰਾ ਜਿੱਤਿਆ ਹੋਇਆ ਇਲਾਕਾ ਦਿਖਾਉਂਦਿਆਂ... ਭਾਰਤ ਦੇ ਨਕਸ਼ੇ 'ਤੇ ਹਿਮਾਲਾ ਪਰਬਤ ਅਤੇ ਸਵਾਤ ਘਾਟੀ ਤੋਂ ਲੈ ਕੇ ਯੂ.ਪੀ. ਬਿਹਾਰ ਤੱਕ ਹੱਥ ਫੇਰਦਿਆਂ ਦੱਸਿਆ ਸੀ ਕਿ ਉਦੋਂ ਇਸ ਇਲਾਕੇ ਵਿਚ ਸਤਲੁਜ (ਸਤਦਰੁ), ਵਿਆਸ (ਵਿਪਾਸਾ), ਚਨਾਬ (ਚੰਦਰਭਾਗਾ), ਜਿਹਲਮ (ਵਿਤਸਤਾ), ਸਿੰਧ (ਸਵਾਤ) ਤੇ ਸਰੁਸਤੀ (ਸਰਸਵਤੀ), ਸੱਤ ਨਦੀਆਂ ਵਗਦੀਆਂ ਸਨ। ਇਸ ਲਈ ਰਿਸ਼ੀਆਂ ਨੇ ਰਿਗਵੇਦ ਵਿਚ ਇਸ ਭੂ-ਭਾਗ ਨੂੰ ਸਪਤਸਿੰਧੁ ਦਾ ਨਾਂ ਦਿੱਤਾ ਹੈ। ਰਿਸ਼ੀ ਸੱਤ ਨਦੀਆਂ ਨੂੰ ਸੱਤ ਭੈਣਾਂ ਕਹਿੰਦੇ ਸਨ... ਤੇ ਰਿਗਵੇਦ ਵਿਚ ਸਰਸਵਤੀ ਦੀ ਵੱਧ ਮਹਿੰਮਾ ਗਾਈ ਹੈ। ਅਰਵਿੰਦਰ ਸਰ ਨੇ ਦੱਸਿਆ ਸੀ ਕਿ ਗੰਗਾ ਤੇ ਜਮਨਾ ਦਾ ਜਿਕਰ ਰਿਗਵੇਦ ਵਿਚ ਦੋ-ਤਿੰਨ ਵਾਰ ਹੀ ਆਇਆ ਹੈ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਵੈਦਿਕ ਕਾਲ ਦੇ ਅੰਤ ਵਿਚ ਆਰੀਆ ਦਾ ਅਧਿਕਾਰ ਗੰਗਾ-ਜਮਨਾ ਤੋਂ ਅੱਗੇ ਤੱਕ ਹੋ ਚੁੱਕਾ ਸੀ।

ਆਰੀਆ ਸਰ ਨੇ ਸਰਲ ਤੋਂ ਸਰਲ ਸ਼ਬਦਾਂ ਵਿਚ ਦੱਸਣਾ ਸ਼ੁਰੂ ਕੀਤਾ। ਤਾਂ ਜੋ ਸਾਧਾਰਣ ਬੁੱਧੀ ਵਾਲੇ ਵਿਦਿਆਰਥੀਆਂ ਨੂੰ ਵੀ ਸਮਝ ਆ ਜਾਵੇ ਕਿ ਵੈਦਿਕ ਕਾਲ ਦੇ ਰਿਸ਼ੀਆਂ ਦੀ ਸਮੱਸਿਆ ਆਰੀਆਂ ਦੁਆਰਾ ਅਸੁਰਾਂ ਨੂੰ ਹਰਾ ਕੇ ਉਨ੍ਹਾਂ ਦੀ ਭੂਮੀ 'ਤੇ ਆਰੀਆਂ ਦਾ ਅਧਿਕਾਰ ਕਰਵਾਉਣਾ ਸੀ।

ਵਕਸ਼ੂ ਘਾਟੀ ਵਿਚੋਂ ਹਾਰ ਕੇ ਅਤਿਅੰਤ ਮੁਸ਼ਕਲ ਝਾਗਦਿਆਂ ਇਸ ਧਰਤੀ 'ਤੇ ਆ ਕੇ ਵਸੇ ਆਰੀਆ ਬਹੁਤ ਡਰੇ ਹੋਏ ਸਨ... ਕਿ ਜੇ ਇਸ ਧਰਤੀ ਦੇ ਆਦਿ ਵਾਸੀਆਂ ਵਲੋਂ ਉਹ ਹੋਰ ਅੱਗੇ ਨਾ ਧੱਕ ਦਿੱਤੇ ਗਏ... ਉਹ ਇਸ ਅਣਜਾਣੇ ਇਲਾਕੇ ਵਿਚ ਕਿਥੇ ਜਾਣਗੇ?

ਇਸ ਲਈ ਆਰੀਆ ਦਾ ਮਨੋਬਲ ਉੱਚਾ ਕਰਨ ਲਈ, ਰਿਸ਼ੀ ਯੱਗ, ਹਵਨ ਕਰਕੇ ਇੰਦਰ, ਅਗਨ,



ਵਰੁਣ ਆਦਿ ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਮੰਤਰ ਉਚਾਰਦੇ ਸਨ... ਕਿ ਉਹ ਦੇਵਤਾ ਆਰੀਆ ਦੀ ਅਸੁਰਾ ਉੱਤੇ ਜਿੱਤ ਪ੍ਰਾਪਤ ਕਰਨ ਵਿਚ ਸਹਾਈ ਹੋਣਗੇ। ... ਇਸ ਲਈ ਉਹ ਆਰੀਆਂ ਦੇ ਥਾਪੇ ਸੈਨਾਪਤੀ ਨੂੰ ਇੰਦਰ ਦੀ ਉਪਾਧੀ ਦਿੰਦੇ ਸਨ।

ਆਰੀਆਂ ਦਾ ਮਨੋਬਲ ਉਚਾ ਕਰਕੇ ਉਨ੍ਹਾਂ ਨੂੰ ਓਪਰੀ ਧਰਤੀ ਤੇ ਅਸੁਰਾਂ ਵਿਰੁੱਧ ਲੜਾਉਣ ਦੀ ਰਿਸ਼ੀਆਂ ਦੀ ਇਹ ਵਿਧੀ ਬਹੁਤ ਕਾਰਗਰ ਸਾਬਤ ਹੋਈ। ਪੀੜ੍ਹੀ ਦਰ ਪੀੜ੍ਹੀ ਆਰੀਆ ਨੂੰ ਰਿਸ਼ੀ ਅਸੁਰਾਂ ਨਾਲ ਲੜਾਉਂਦੇ ਰਹੇ। ਹਜ਼ਾਰਾਂ ਸਾਲ ਚੱਲੇ ਸੰਗਰਾਮ ਵਿਚ ਆਰੀਆ ਅਸੁਰਾਂ ਨੂੰ ਉਹਨਾਂ ਦੀ ਮਾਤ ਭੂਮੀ 'ਤੇ ਪਰਾਜਿਤ ਕਰਕੇ ਉਨ੍ਹਾਂ ਨੂੰ ਆਪਣੇ ਗੁਲਾਮ, ਦਾਸ ਬਣਾਉਣ ਵਿਚ ਕਾਮਯਾਬ ਹੋਏ। ... ਤੇ ਪੀੜ੍ਹੀ ਦਰ ਪੀੜ੍ਹੀ ਅਸੁਰ ਆਰੀਆ ਦੇ ਖੇਤਾਂ, ਘਰਾਂ ਤੇ ਕਾਰੋਬਾਰਾਂ ਵਿਚ ਗੁਲਾਮ ਬਣਾ ਕੇ ਕੰਮ ਕਰਨ ਲੱਗ ਪਏ।

ਪਰ ਉੱਤਰ ਆਧੁਨਿਕ ਕਾਲ ਤੱਕ ਪੁੱਜਦਿਆਂ ਜਦ ਆਸੁਰਾਂ ਦੀ ਭੂਮੀ ਤੇ ਆਰੀਆਂ ਦਾ ਅਧਿਕਾਰ ਹੋ ਗਿਆ ਤੇ ਅਸੁਰ ਪੀੜ੍ਹੀ ਦਰ ਪੀੜ੍ਹੀ ਆਰੀਆ ਦੇ ਗੁਲਾਮ ਬਣਨ ਲੱਗੇ ਤਾਂ ਦੇਵਤਿਆਂ ਦੀ ਕਿਰਪਾ ਨਾਲ ਆਰੀਆਂ ਦੁਆਰਾ ਅਸੁਰਾਂ 'ਤੇ ਜਿੱਤ ਪ੍ਰਾਪਤ ਕਰਨ ਦੀ ਵਿਚਾਰਧਾਰਾ ਬੇਲੋੜੀ ਹੋ ਗਈ। ਤੇ ਵੈਦਿਕ ਕਾਲ ਦੇ ਦੇਵਤਾ ਆਪ੍ਰਸੰਗਿਕ ਹੋ ਗਏ। ਦੇਵਤਿਆਂ ਦੇ ਨਾਂ ਤੇ ਯੱਗ ਨਾ ਹੋਣ ਕਰਕੇ... ਬ੍ਰਾਹਮਣਾਂ ਨੂੰ ਰਾਜਿਆਂ ਵਲੋਂ ਮਿਲਣ ਵਾਲਾ ਧਨ, ਰਥ, ਘੋੜੇ, ਦਾਸ, ਦਾਸੀਆਂ ਦਾਨ ਵਿਚ ਮਿਲਣੇ ਬੰਦ ਹੋ ਗਏ ਸਨ।

ਜਦ ਬ੍ਰਾਹਮਣਾਂ ਨੂੰ ਰਾਜ ਦਰਬਾਰਾਂ ਵਿਚੋਂ ਧਨ, ਮਾਲ, ਹਾਥੀ, ਘੋੜੇ, ਦਾਸ, ਦਾਸੀਆਂ ਮਿਲਣੇ ਬੰਦ ਹੋ ਗਏ... ਫਿਰ ਉਹ ਜਿਨ੍ਹਾਂ ਲੋਕਾਂ ਨੂੰ ਸਮਝਾਉਂਦੇ ਸਨ ਕਿ ਰਾਜੇ ਨੇ ਦੇਵੀ-ਦੇਵਤਿਆਂ ਦੀ ਕਿਰਪਾ ਨਾਲ ਰਾਜ ਪ੍ਰਾਪਤ ਕੀਤਾ ਹੈ... ਜੋ ਲੋਕ ਰਾਜੇ ਦਾ ਵਿਰੋਧ ਕਰਨਗੇ... ਤਾਂ ਉਹ ਦੇਵਤਿਆਂ ਦੀ ਕਰੋਪੀ ਦਾ ਸ਼ਿਕਾਰ ਹੋਣਗੇ। ਪਰ ਜਦ ਬ੍ਰਾਹਮਣ ਆਪ ਹੀ ਰਾਜਿਆਂ ਦੇ ਆਲੋਚਕ ਬਣ ਬੈਠੇ... ਤਾਂ ਲੋਕਾਂ ਸਾਹਮਣੇ ਵੀ ਰਾਜਿਆਂ ਦਾ ਅਤਿਆਚਾਰੀ ਚਿਹਰਾ ਨੰਗਾ ਹੋਣ ਲੱਗਿਆ।

ਅਜਿਹੇ ਵੇਲੇ ਜਦ ਲੋਕ-ਮਨਾਂ ਵਿਚ ਉਲਝਣ ਵਿਚ ਪਾਉਣ ਵਾਲੀ ਕੋਈ ਵਿਚਾਰਧਾਰਾ ਸਮਾਜ ਵਿਚ ਚਾਲੂ ਨਹੀਂ ਸੀ। ਲੋਕ-ਮਨਾਂ ਨੂੰ ਉਲਝਣਾ ਵਿਚੋਂ ਕੱਢਣ ਵਾਲੀ ਪ੍ਰਾਕ੍ਰਿਤਕਵਾਦੀਆਂ ਦੀ ਧਾਰਨਾ 'ਕਿ ਆਪਣੀਆਂ ਅੱਖਾਂ ਨਾਲ ਪ੍ਰਤਖ ਦੇਖਿਆ ਹੀ ਪ੍ਰਮਾਣ ਹੁੰਦਾ ਹੈ।' ਜ਼ੋਰ ਫੜਨ ਲੱਗੀ। ਉਹ ਸਮਝਾਉਂਦੇ.. ਕਿ ਜਦ ਲੋਕਾਂ ਨੇ ਇੰਦਰ, ਵਰੁਣ, ਅਗਨੀ ਆਦਿ ਦੇਵਤਿਆਂ ਨੂੰ ਦੇਖਿਆ ਹੀ ਨਹੀਂ... ਫਿਰ ਉਹ ਕਿਉਂ ਡਰਦੇ ਹਨ? ਕਿ ਜੇ ਉਹ ਰਾਜਿਆਂ ਦਾ ਵਿਰੋਧ ਕਰਨਗੇ... ਤਾਂ ਦੇਵਤੇ ਉਨ੍ਹਾਂ 'ਤੇ ਕਹਿਰ ਵਰਤਾਉਣਗੇ? ਇਸ ਤਰ੍ਹਾਂ ਦੀ ਸਮਝ ਆਉਣ ਨਾਲ ਲੋਕਾਂ ਦੇ ਮਨਾਂ ਵਿਚੋਂ ਦੇਵਤਿਆਂ ਦੇ ਕਹਿਰ ਦਾ ਡਰ ਨਿਕਲਣ ਲੱਗ ਪਿਆ ਸੀ ਤੇ ਉਹ ਰਾਜਿਆਂ ਦੀਆਂ ਗਲਤ ਨੀਤੀਆਂ ਦਾ ਵਿਰੋਧ ਕਰਨ ਲਈ ਤਿਆਰ ਹੋਣ ਲੱਗ ਪਏ ਸਨ।

"ਵਿਰੋਧ ਤਾਂ ਅਸੀਂ ਤੇਰਾ ਵੀ ਕਰਨ ਲੱਗ ਪੈਣਾ... ਤੂੰ ਸਾਡੀ ਗੱਲ ਸੁਣਦਾ ਈ ਨੀ... ਪਹਿਲਾਂ ਪੈੱਗ ਪਾਉਣ ਦੇ।" ਪੈੱਗ ਪਾਉਂਦਿਆਂ ਉਹ ਫੇਰ ਅਰਵਿੰਦਰ ਆਰੀਆਂ ਸਰ ਦੀ ਪ੍ਰਸ਼ੰਸ਼ਾ ਕਰਨ ਲੱਗ ਪਿਆ ਸੀ। ਪ੍ਰਸ਼ੰਸ਼ਾਂ ਤਾਂ ਉਹਨਾਂ ਦੀ ਲਗਭਗ ਸਾਰੇ ਅਧਿਆਪਕ ਤੇ ਵਿਦਿਆਰਥੀ ਕਰਦੇ ਸਨ। ਪਰ ਇੰਦਰ ਸਿੰਘ ਨੂੰ ਉਨ੍ਹਾਂ ਨੇ ਸਾਡੀ ਕਲਾਸ ਦਾ ਮਨੀਟਰ ਬਣਾਇਆ, ਹੋਇਆ ਸੀ ਇਸ ਲਈ ਉਹ ਉਨ੍ਹਾਂ ਦੀ ਵੱਧ ਪ੍ਰਸ਼ੰਸ਼ਾ ਕਰਦਾ ਰਹਿੰਦਾ ਸੀ।

ਉਹ ਦੱਸਣ ਲੱਗਾ, "ਆਰੀਆ ਸਰ 'ਵਿਚਾਰ-ਵਟਾਂਦਰਾਂ ਵਿਧੀ ਦੇ ਨਾਲ ਨਾਲ 'ਕਹਾਣੀ ਵਿਧੀ' ਰਾਹੀ ਪੜ੍ਹਾਉਂਦੇ ਸਨ। " ਮੈਂ ਉਨ੍ਹਾਂ ਨੂੰ ਦੱਸਣ ਲੱਗਿਆ ਕਿ ਅਗਲੀਆਂ ਗੱਲਾਂ ਉਹਨਾਂ ਨੇ ਕਹਾਣੀ ਜਹੀ ਬਣਾ ਕੇ ਸਮਝਾਈਆਂ ਸਨ। ਉਨ੍ਹਾਂ ਨੇ ਦੱਸਿਆ ਸੀ ਕਿ ਪੰਚਾਲ ਰਾਜ ਦਾ ਰਾਜਾ ਪਰਵਾਹਨ ਤ੍ਰਈ-ਰਿਗ, ਸ਼ਾਮ, ਅਜੁਰ, ਤਿੰਨ ਵੇਦਾਂ ਦਾ ਗਿਆਤਾ ਤੇ ਵੱਡਾ ਚਿੰਤਕ ਹੋਣ ਕਰਕੇ ਵੱਧ ਚਿੰਤਾਤੁਰ ਸੀ। ਉਹਦੀ ਚਿੰਤਾ ਦਾ ਕਾਰਨ ਪੰਚਾਲ, ਵਿਦੇਹ ਆਦਿ ਨਿਰੰਕੁਸ਼ ਰਾਜਾਂ ਦੇ ਆਲੇ-ਦੁਆਲੇ ਕਾਸ਼ੀ, ਅੰਗ, ਵੱਜ ਮੱਲ,

ਮੱਛ, ਸੂਰਸੈਨ, ਕੰਬੋਜ ਆਦਿ ਕਿੰਨੇ ਹੀ ਸਾਥਾਪਤ ਗਣਰਾਜ ਸਨ। ... ਇਨ੍ਹਾਂ ਗਣਾਂ ਦਾ ਰਾਜ-ਪ੍ਰਬੰਧ ਬਜ਼ੁਰਗਾਂ ਦੀ ਸਮਿਤੀ ਤੇ ਆਮ ਨਾਗਰਿਕਾਂ ਦੀ ਸਮਿਤੀ ਰਾਹੀਂ ਚਲਾਇਆ ਜਾਂਦਾ ਸੀ। ਗਣ ਦਾ ਗਣਪਤੀ-ਆਮ ਨਾਗਰਿਕਾਂ ਦੀ ਸਮਿਤੀ ਰਾਹੀਂ ਚੁਣਿਆ ਜਾਂਦਾ ਸੀ। ਭਾਵੇਂ ਉਹਨੂੰ ਰਾਜਾ ਦੀ ਪਦਵੀ ਦਿੱਤੀ ਗਈ ਸੀ ਪਰ ਉਹ ਸ਼ਕਤੀਹੀਨ ਸੀ। ਗਣ ਵਿਚ ਅਪਰਾਧ ਤੇ ਅਤਿਆਚਾਰ ਕਰਨ ਵਾਲਿਆਂ ਨੂੰ ਸਮਿਤੀਆਂ ਰਾਹੀਂ ਸਥਾਪਤ ਕੀਤੀਆਂ ਅਦਾਲਤਾਂ ਰਾਹੀਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਗਣਪਤੀ ਕੇਵਲ ਗਣ ਉੱਤੇ ਬਾਹਰੀ ਆਕਰਮਣ ਹੋਣ ਦੀ ਸੂਰਤ ਵਿਚ ਹੀ ਗਣ ਦੀ ਸੈਨਾ ਦੀ ਕਮਾਨ ਸੰਭਾਲਦਾ ਸੀ। ਪ੍ਰਾਕਿਰਤਕ ਅਵਸਥਾ ਵਿਚ ਰਹਿੰਦੇ ਕਬੀਲਿਆਂ ਦੀ ਚਲੀ ਆ ਰਹੀ ਰਵਾਇਤ ਅਨੁਸਾਰ ... ਗਣ ਦੇ ਬਲਵਾਨ ਇਸਤਰੀ ਪੁਰਸਾਂ ਪਰ ਕੁਝ ਸਮੇਂ ਤੋਂ ਇਕੱਲੇ ਪੁਰਸ਼ਾਂ ਦੀ ਸੈਨਾ ਹੀ ਗਣ ਦੀ ਰਖਸ਼ਾ ਕਰਦੀ ਚਲੀ ਆ ਰਹੀ ਸੀ। ਭਾਵ ਨਿਰੰਕੁਸ ਰਾਜਿਆਂ ਦੇ ਸੈਨਿਕਾਂ ਰਾਹੀਂ ਤਨਖਾਹ ਲੈਣ ਵਾਂਗ... ਗਣ ਦੇ ਆਪਾ ਵਾਰੂ ਸੈਨਿਕ ਕੋਈ ਤਨਖਾਹ ਨਹੀਂ ਲੈਂਦੇ ਸਨ। ਇਸ ਲਈ ਗਣ ਦੇ ਨਾਗਰਿਕਾਂ ’ਤੇ ਕੋਈ ਖਾਸ ਟੈਕਸ ਨਹੀਂ ਲਾਏ ਜਾਂਦੇ ਸਨ। ... ਗਣਾਂ ਦੀ ਪਰਜਾ ਅਮਨ-ਅਮਾਨ ਨਾਲ ਵਸਦੀ ਸੀ।

ਪਰ ਮਨ ਮਾਨੇ ਢੰਗ ਨਾਲ ਸ਼ਾਸ਼ਨ ਚਲਾਉਣ ਵਾਲੇ ਨਿਰੰਕੁਸ਼ ਰਾਜਿਆਂ ਤੇ ਰਾਜਾਂ ਦੇ ਨਾਗਰਿਕ ਵੀ ਆਪਣੇ ਪੂਰਵਜਾਂ ਤੋਂ ਅੱਗੇ ਤੋਂ ਅੱਗੇ ਸੁਣਦੇ ਆਏ ਸਨ ਕਿ ਕੁਝ ਹੀ ਪੁਸ਼ਤਾਂ ਪਹਿਲਾਂ... ਇਨ੍ਹਾਂ ਰਾਜਿਆਂ ਦੇ ਰਾਜਾਂ ਵਿਚ ਵੀ ਨਾਲ ਲਗਦੇ ਗਣਾਂ ਵਰਗਾ ਸ਼ਾਸ਼ਨ ਪ੍ਰਬੰਧ ਚਾਲੂ ਸੀ। ... ਪਰ ਇਹਨਾਂ ਰਾਜਿਆਂ ਦੇ ਕਿਸੇ ਨਾ ਕਿਸੇ ਪੂਰਵਜ ਨੇ ਸੈਨਿਕਾਂ ਨੂੰ ਲੁੱਟੇ ਹੋਏ ਧਨ ਵਿਚ ਹਿੱਸਾ ਤੇ ਤਨਖਾਹ ਦੇਣ ਦਾ ਲਾਲਚ ਦੇ ਕੇ... ਸਮਿਤੀਆਂ ਤੋਂ ਰਾਜ ਪ੍ਰਬੰਧ ਚਲਾਉਣ ਦੀਆਂ ਸ਼ਕਤੀਆਂ ਖੋਹ ਕੇ ਮਨ-ਮਾਨੇ ਢੰਗ ਨਾਲ ਰਾਜ ਚਲਾਉਣ ਵਾਲੇ ਨਿਰੰਕੁਸ਼ ਰਾਜ ਸਥਾਪਤ ਕਰ ਲਏ। ਇਹਨਾਂ ਰਾਜਾਂ ਵਿਚ ਬਜ਼ੁਰਗਾਂ ਤੇ ਆਮ ਨਾਗਰਿਕਾਂ ਦੀਆਂ ਸਮਿਤੀਆਂ ਸਨ, ਪਰ ਉਹ ਸ਼ਕਤੀ ਹੀਨ ਸਨ। ਇਨ੍ਹਾਂ ਰਾਜਿਆਂ ਨੇ ਸਮਿਤੀਆਂ ਤੋਂ ਰਾਜ ਪ੍ਰਬੰਧ ਚਲਾਉਣ ਦੀਆਂ ਸ਼ਕਤੀਆਂ ਖੋਹ ਕੇ ਆਪਣੀ ਮਨ-ਮਰਜੀ ਅਨੁਸਾਰ ਭੂਮੀ ਦੀ ਉਪਜ, ਵਣ ਸੰਪਤੀ, ਰਾਜ ਦੀਆਂ ਸੀਮਾਵਾਂ ਤੇ ਚੁੰਗੀ, ਦਰਿਆਵਾਂ, ਨਦੀਆਂ ਨੂੰ ਪਾਰ ਕਰਨ ਵਾਲੇ ਘਾਟਾਂ ਤੇ ਕਰ, ਵਸਤਾਂ ਵੇਚਣ ਤੇ ਟੈਕਸ ਤੇ ਅਪਰਾਧੀਆਂ ’ਤੇ ਭਾਰੀ ਜੁਰਮਾਨਾ ਤੇ ਦੰਡ ਆਦਿ ਨਾਲ ਆਪਣੇ ਖਜਾਨਿਆਂ ਵਿਚ ਅਪਾਰ ਧਨ ਜਮਾ ਕਰਨਾ ਸ਼ੁਰੂ ਕਰ ਦਿੱਤਾ ਸੀ। ਵੱਡੇ ਸਾਮੰਤ ਤੇ ਸੈਨਾਪਤੀ ਜੇ ਕਿਸੇ ਵਪਾਰੀ ਜਾਂ ਨਾਗਰਿਕ ਦੀ ਜ਼ਮੀਨ ਖੋਹ ਲੈਂਦੇ ਸਨ ਜਾਂ ਧਨ ਲੁੱਟ ਲੈਂਦੇ ਸਨ ... ਤਾਂ ਉਹਨਾਂ ਨੂੰ ਕੋਈ ਪੁੱਛਣ ਵਾਲਾ ਨਹੀਂ ਸੀ। ਕਿਉਂਕਿ ਰਾਜਾ ਆਪ ਉਹਨਾਂ ਤੋਂ ਵੱਡਾ ਲੋਟੂ ਸੀ।

ਪਰ ਹੁਣ ਪ੍ਰਾਕਿਰਤੀਵਾਦੀਆਂ ਰਾਹੀਂ ਦੱਸਣ ਅਨੁਸਾਰ ਦੇਵਤਿਆਂ ਦੇ ਪ੍ਰਕੋਪ ਦਾ ਡਰ ਹਟ ਜਾਣ ’ਤੇ ਨਿਰੰਕੁਸ਼ ਰਾਜਿਆਂ ਦੇ ਰਾਜਾਂ ਦੇ ਨਾਗਰਿਕ ਰਾਜਿਆਂ ਕੋਲੋਂ ਰਾਜ ਖੋਹ ਕੇ ... ਕੁਝ ਪੀੜ੍ਹੀਆਂ ਪਿਛਾਂਹ ਵਾਲਾ... ਨਾਲ ਲੱਗਦੇ ਗਣਾਂ ਦੀਆਂ ਸਮਿਤੀਆਂ ਵਾਲਾ ਰਾਜ ਸਥਾਪਤ ਕਰਨ ਦੀਆਂ ਗੋਂਦਾ ਗੁੰਦਣ ਲੱਗ ਪਏ ਸਨ।

ਪੰਚਾਲ ਰਾਜ ਦਾ ਗਿਆਨਵਾਨ ਰਾਜਾ... ਪਰਵਹਨ ਭਲੀ ਭਾਂਤ ਜਾਣਦਾ ਸੀ ਕਿ ਉਹਦੇ ਕੋਲ ਬੁਲੰਦ ਹੋ ਰਹੀ ਜਨਤਾ ਦੀ ਵਿਰੋਧੀ ਆਵਾਜ਼ ਨੂੰ ਕੁਚਲਣ ਲਈ ਸੈਨਿਕ ਸ਼ਕਤੀ ਵੀ ਨਹੀਂ ਸੀ। ... ਕਿਉਂਕਿ ਹੋਰ ਨਾਗਰਿਕਾਂ ਦੇ ਨਾਲ ਨਾਲ ਸੈਨਿਕਾਂ ਦੇ ਪਰਵਾਰਾਂ ਤੋਂ ਵੀ ਸਾਮੰਤ ਖੇਤਾਂ ਦੇ ਵਿਚ ਜਬਰਦਸਤੀ ਵਗਾਰ ਕਰਵਾਉਂਦੇ ਸਨ। ... ਤੇ ਸਾਮੰਤ ਆਪਣੇ ਅਧੀਨ ਇਲਾਕੇ ਵਿਚ ਵਿਆਹੁਲੀ ਆਈ ਵਹੁਟੀ ਨੂੰ... ਪਹਿਲੀਆਂ ਕੁਝ ਰਾਤਾਂ ਆਪਣੇ ਕੋਲ ਰੱਖਣਾ... ਆਪਣਾ ਅਧਿਕਾਰ ਸਮਝਦੇ ਸਨ। ਅੰਦਰੇ-ਅੰਦਰ ਸੈਨਿਕ ਵੀ ਹੋਰ ਨਾਗਰਿਕਾਂ ਨਾਲ ਮਿਲਕੇ ਅਤਿਆਚਾਰੀਆਂ ਦਾ ਰਾਜ ਸਮਾਪਤ ਕਰਨ ਲਈ ਵਿਦਰੋਹ ਵਿਚ ਸਾਮਿਲ ਹੋਣ ਦੀਆਂ ਦਿਨ ਰਾਤ ਤਿਆਰੀਆਂ ਕਰ ਰਹੇ ਸਨ। ਉਧਰ ਪਰਵਹਨ ਰਾਜਾਂ ਦਿਨ ਰਾਤ ਲੋਕਾਂ ਦੇ ਵਿਦਰੋਹ ਨਾਲ ਨਿਪਟਣ ਦੀਆਂ ਵਿਉਂਤਾਂ ਬਣਾਉਂਦਾ ਰਹਿੰਦਾ ਸੀ। ਲੋਕਾਂ ਦੀਆਂ ਸਮੱਸਿਆਵਾਂ



ਦਾ ਹੱਲ ਕਰਕੇ... ਉਹਨਾਂ ਨੂੰ ਖੁਸ਼ਹਾਲ ਕਰਨ ਦਾ... ਪਰਵਾਹਨ ਰਾਜੇ ਨੂੰ ਕੋਈ ਉਪਾਅ ਨਹੀਂ ਸੀ ਲੱਭ ਰਿਹਾ। ... ਪਰ ਤਾਂ ਵੀ ਲੋਕਾਂ ਨੂੰ ਸਮੱਸਿਆਵਾਂ ਸਮੇਤ ਸੰਤੁਸ਼ਟ ਕਰਨ ਦਾ ਉਪਾਅ ਉਹਨੇ ਲੱਭ ਲਿਆ ਸੀ। ਇਕ ਦਿਨ ਪਰਵਾਹਨ ਰਾਜੇ ਨੂੰ ਇਲਹਾਮ ਹੋਇਆ... ਉਹਨੇ ਪਰੋਹਿਤ ਨੂੰ ਕੋਲ ਬੁਲਾ ਕੇ ਖੁਸ਼ ਹੁੰਦਿਆਂ ਦੱਸਿਆ... ਕਿ ਉਹਨੇ ‘ਬ੍ਰਹਮ’ ਦੀ ਨਵੀਂ ਕਾਢ ਕੱਢੀ ਏ। ਪਰੋਹਿਤ ਨੇ ਰਾਜੇ ਨੂੰ ਪਹਿਲਾ ਸਵਾਲ ਇਹੀ ਕੀਤਾ, “ਰਾਜਨ! ਸੰਦੇਹਵਾਦੀ ਫੇਰ ਇਹਨੂੰ ਦਿਖਾਉਣ ਦੀ ਗੱਲ ਕਰਨਗੇ... ਤੇ ਇਹਨੂੰ ਰੱਦ ਕਰ ਦੇਣਗੇ।”

ਰਾਜੇ ਨੇ ਹਸਕੇ ਕਿਹਾ, “ਪਰੋਹਿਤ ਜੀ, ਮੈਂ ਦੱਸਦਾ ਹਾਂ... ਬ੍ਰਹਮ ਹੀ ਪਰਮ ਸੱਤਾ ਹੈ... ਯਥਾਰਥ ਸੱਤਾ ਹੈ... ਵਿਸ਼ਵ ਤਾਂ ਮਿਥਿਆ ਹੈ... ਮਾਇਆ ਹੈ। ... ਜਦ ਵਿਸ਼ਵ ਹੈ ਈ ਮਿਥਿਆ... ਪਰਮਾਤਮਾ ਦੀ ਮਾਇਆ ... ਫੇਰ ਸੰਦੇਹਵਾਦੀ ਇਹਨੂੰ ਦਿਖਾਉਣ ਦੀ ਕੀ ਮੰਗ ਕਰਨਗੇ?”

ਪਰੋਹਿਤ ਆਚੰਭਿਤ ਹੁੰਦਿਆਂ ਬੋਲਿਆ, “ਰਾਜਨ! ਮੈਨੂੰ ਤਾਂ ਕੁਝ ਸਮਝ ਨਹੀਂ ਆ ਰਿਹਾ।” ਰਾਜਾ ਫੇਰ ਹੱਸਿਆ... ਤੈਨੂੰ ਕੀ ਕਿਸੇ ਨੂੰ ਵੀ ਸਮਝ ਨਹੀਂ ਆਵੇਗਾ।... ਬ੍ਰਹਮ ਜੀਵਾਤਮਾ ਤੇ ਬ੍ਰਹਮ ਇਕ ਹੀ ਹਨ। ... ਜੀਵ ਆਤਮਾ ਬ੍ਰਹਮ ਦੀ ਅੰਸ਼ ਮਾਤਰ ਹੈ। ਉਸ ਤੋਂ ਅਲੱਗ ਨਹੀਂ।”

ਰਾਜੇ ਪਰਵਹਨ ਨੇ ਆਪਣੀ ਗੱਲ ’ਤੇ ਜ਼ੋਰ ਦਿੰਦਿਆਂ ਕਿਹਾ, “ਪਰੋਹਿਤ ਜੀ! ਇਹ ਰਹੱਸ ਹੈ... ਜਿਹੜਾ ਪੰਜੇ ਗਿਆਨ ਇੰਦਰੀਆਂ ਰਾਹੀਂ ਦੇਖਿਆ ਤੇ ਜਾਣਿਆ ਨਹੀਂ ਜਾ ਸਕਦਾ। ... ਇਸਨੂੰ ਦੇਖਣ ਲਈ ਛੇਵੀਂ ਗਿਆਨ ਇੰਦਰੀ ਵਿਕਸਿਤ ਕਰਨੀ ਪਵੇਗੀ। ਉਹ ਸੰਸਾਰਿਕ ਸੁਖਾਂ ਦਾ ਤਿਆਗ ਕਰਕੇ ਜਪ ਤਪ ਕਰਕੇ ਬ੍ਰਹਮਚਾਰੀ ਜੀਵਨ ਬਿਤਾਂਦਿਆਂ ਕੋਈ ਵਿਰਲਾ ਟਾਵਾਂ ਹੀ ਵਿਕਸਿਤ ਕਰ ਸਕੇਗਾ। ਪਰ ਜਿਹੜਾ ਇਸ ਭੇਦ ਨੂੰ ਪਾ ਗਿਆ ਬ੍ਰਹਮ ਨੂੰ ਜਾਣ ਗਿਆ... ਉਹ ਪੂਜਣ ਯੋਗ ਹੋਵੇਗਾ।”

ਦੂਰੋਂ ਦੂਰੋਂ ਬ੍ਰਾਹਮਣ ... ਕਸ਼ੱਤਰੀ ਰਾਜੇ, ਰਿਸ਼ੀ ਪਰਵਾਹਨ ਦੇ ਰਾਜ-ਦਰਬਾਰ ਤੇ ਬਣਾਏ ਹੋਏ ਆਸ਼ਰਮ ਵਿਚ ਬ੍ਰਹਮ ਗਿਆਨ ਪ੍ਰਾਪਤ ਕਰਨ ਲਈ ਆਉਣ ਲੱਗ ਪਏ ਸਨ।... ਬ੍ਰਹਮ ਗਿਆਨ ਪ੍ਰਾਪਤ ਕਰਨ ਲਈ... ਉਹ ਰਾਜੇ ਦੀਆਂ ਗਊਆਂ ਚਰਾਉਂਦੇ ਸਵਾ ਸਵਾ ਮਹੀਨਾ ਬ੍ਰਹਮਚਾਰੀ ਰਹਿਕੇ ਇਕ ਟੰਗ ਭਾਰ ਖੜ੍ਹ ਕੇ ਰਾਜੇ ਦੇ ਦੱਸੇ ਮੰਤਰ ਦਾ ਜਾਪ ਕਰਦੇ। ਤੇ ਨਿੱਤ ਰਾਜਨ ਉਨ੍ਹਾਂ ਨਾਲ ਦਰਬਾਰ ਵਿਚ ਸ਼ਾਸ਼ਤਸ਼ਰਥ ਕਰਦਾ। ਲੰਬੇ ਸਮੇਂ ਲਈ ਜਪ, ਤਪ, ਤਿਆਗ ਤੇ ਬ੍ਰਹਮ ਗਿਆਨ ਪ੍ਰਾਪਤ ਕਰਦਿਆਂ ਕੋਈ ਰਿਸ਼ੀ ਆਖਦਾ-

“ਅਹੰ ਬ੍ਰਹਮਆਸਮਿ ਆਤਮਨ ਮੈ ਹੀ ਬ੍ਰਹਮ ਹਾਂ।” ਦੂਸਰੇ ਨੂੰ ਇਲਹਾਮ ਹੁੰਦਾ,

“ਤਤ ਤਵਮਸਿ...” ਉਹ (ਉਪਰ ਨੂੰ ਹੱਥ ਕਰਕੇ) ਆਖਦਾ-

“ਉਹ ਬ੍ਰਹਮ ਤੂੰ ਹੈ।”

ਕਿਸੇ ਤੀਸਰੇ ਦਾ ਅੰਤਰ-ਮਨ ਜਾਗਦਾ

“ਸਰਵ ਖਲ ਇੰਦਮ, ਬ੍ਰਹਮ, ਬ੍ਰਹਮ ਦੇ ਸਮਾਨ ਹੈ।”

ਦਰਸ਼ਨ ਵੇਤਾ ਕਸ਼ੱਤਰੀ ਰਾਜਾ ਪਰਵਾਹਨ ਪੁਰੋਹਿਤ ਨੂੰ ਦੱਸਦਾ, “ਬ੍ਰਹਮ ਦੇ ਭੇਦਾਂ ਨੂੰ ਜਿੰਨਾ ਕੋਈ ਵਿਦਵਾਨ ਖੋਲ੍ਹਦਾ ਚਲਿਆ ਜਾਵੇਗਾ... ਉਨਾ ਹੀ ਉਹ ਇਨ੍ਹਾਂ ਨੂੰ ਉਲਝਾਉਂਦਾ ਚਲਿਆ ਜਾਵੇਗਾ। ਅੱਗੇ ਤੋਂ ਅੱਗੇ ਪੀੜ੍ਹੀ ਦਰ ਪੀੜ੍ਹੀ ਇਹ ਗੁੰਝਲ ਸੁਲਝਾਣ ਦੀ ਥਾਂ ਉਲਝਦੀ ਚਲੀ ਜਾਵੇਗੀ। ਉਲਝਦੀ ਹੀ ਚਲੀ ਜਾਵੇਗੀ।”

ਪੰਚਾਲ ਦਾ ਰਾਜਾ ਪਰਵਾਹਨ ਤੇ ਵਿਦੇਹ ਦਾ ਰਾਜਾ ਜਨਕ ਆਪਣੇ ਦਰਬਾਰ ਵਿਚ ਦਰਸ਼ਨ ਸੰਬੰਧੀ ਬੋਧਿਕ ਪਰਿਸ਼ਦਾਂ ਬੁਲਾਉਣ ਲੱਗੇ, ਵਾਦ-ਵਿਵਾਦ ਵਿਚ ਜਿੱਤ ਪ੍ਰਾਪਤ ਕਰਨ ਵਾਲੇ ਬ੍ਰਾਹਮਣ ਨੂੰ ਰਹਿਣ ਲਈ ਮਹਿਲ ਵਰਗਾ ਘਰ, ਸਵਾਰੀ ਲਈ ਘੋੜਿਆਂ ਵਾਲਾ ਰਥ, ਧਨ, ਗਾਂਈਆਂ, ਸੇਵਾ ਕਰਨ ਲਈ ਦਾਸ ਤੇ ਭੋਗਣ ਲਈ ਰਾਜ ਮਹਿਲਾਂ ਵਿਚ ਪਲੀਆਂ ਸੁੰਦਰ ਦਾਸੀਆਂ ਪੁਰਸਕਾਰ ਵਿਚ ਦਿੱਤੀਆਂ ਜਾਂਦੀਆਂ। ਏਨਾ ਕੁਝ ਪ੍ਰਾਪਤ ਕਰਨ ਵਾਲਾ ਵਾਦ-ਵਿਵਾਦ ਜਿੱਤਣ ਲਈ ਬ੍ਰਾਹਮਣ ਇਕ ਦੂਸਰੇ ਦਾ ਸਿਰ ਵੱਢਣ ਤੱਕ ਜਾਂਦੇ। ਯੱਗਵਲਕਯ, ਤੈਤਰੇਆ, ਗਾਰਗੀ, ਆਦਿ ਬ੍ਰਾਹਮਣ ਤੇ ਬ੍ਰਾਹਮਵਾਦੀਆਂ ਰਾਜਿਆਂ ਦੇ

ਦਰਬਾਰਾਂ ਵਿਚ ਸ਼ਾਸ਼ਤਰਾਰਥ ਵਾਦ-ਵਿਵਾਦ ਵਿਚ ਭਾਗ ਲੈਂਦੇ ਸਨ। ਵਾਦ-ਵਿਵਾਦ ਤੇ ਚਲਦੀਆਂ ਗੱਲਾਂ-ਗੱਲਾਂ ਵਿਚ ਇਕ ਦਿਨ ਪਰਵਹਨ ਰਾਜੇ ਨੇ 'ਪੁਨਰਜਨਮ' ਦੀ ਕਾਢ ਕੱਢ ਮਾਰੀ। ਸ਼ਾਸ਼ਤਰਾਰਥ ਵਿਚ ਭਾਗ ਲੈ ਰਹੇ ਰਿਸ਼ੀ, ਬ੍ਰਾਹਮਣ ਅਸ਼ ਅਸ਼ ਕਰ ਉਠੇ। ਮਰਨ ਤੋਂ ਬਾਅਦ ਵੀ ਦੂਸਰਾ ਜਨਮ ਲੈ ਕੇ ਸੰਸਾਰ ਵਿਚ ਆਉਣ ਦੀ ਕਲਪਨਾ ਨਾਲ ਉਹ ਗਦ ਗਦ ਹੋ ਉਠੇ। ਪੁਨਰ ਜਨਮ ਨਾਲ ਫੇਰ ਤਾਂ ਵਾਦ-ਵਿਵਾਦ ਵਿਚੋਂ ਅਗਲਾ ਜਨਮ, ਪਿਛਲੇ ਜਨਮ, ਪਾਪ ਕਰਮ, ਪੁਨ ਕਰਮ, ਨਰਕ, ਸਵਰਗ, ਆਵਾਗਮਨ ਮੋਕਸ਼ ਅਨੇਕਾਂ ਧਾਰਨਾਵਾਂ ਨਿਕਲਣ ਲੱਗੀਆ। ... ਇਨ੍ਹਾਂ ਧਾਰਨਾਵਾਂ ਦੀ ਵਿਆਖਿਆ ਕਰਦਿਆਂ ਛਾਂਦੋਗਯ, ਤੈਤਰੇਆ, ਏਤਰੇਆ, ਕੋਸ਼ੀਤਕੀ, ਕਠ, ਮੁੰਡਕ ਆਦਿ ਰਿਸ਼ੀ ਧੜਾਧੜ ਉਪਨਿਸਦਾਂ ਦੀ ਰਚਨਾ ਕਰਨ ਲੱਗੇ।

"ਪਰ ਇਨ੍ਹਾਂ ਅਧਿਆਤਮਕ ਖੋਜਾਂ ਦਾ ਆਮ ਆਦਮੀ ਦੇ ਜੀਵਨ 'ਤੇ ਕੀ ਅਸਰ ਹੋਇਆ?" ਇੰਦਰ ਸਿੰਘ ਨੇ ਮੈਨੂੰ ਘੇਰਨ ਲਈ ਫੇਰ ਪੁਛਿਆ। ਇਹ ਪੜ੍ਹਾਉਂਦਿਆਂ ਅਰਵਿੰਦਰ ਸਰ ਨੇ ਦੱਸਿਆ ਸੀ ਕਿ ਰਾਜਾ ਪਰਵਾਹਨ ਭੇਸ਼ ਬਦਲਕੇ ਨਾਲ ਮਹਾਂ ਮੰਤਰੀ ਨੂੰ ਲੈ ਕੇ ਪਰਜਾ ਵਿਚ ਘੁੰਮ ਕੇ ਦੇਖਦਾ ਹੁੰਦਾ ਸੀ ਕਿ ਲੋਕ ਕੀ ਗੱਲਾਂ ਕਰ ਰਹੇ ਸਨ। ਉਹ ਜਿਥੇ ਵੀ ਦੇਖਦੇ ਗਲੀਆਂ, ਬਾਜਾਰਾਂ ਦੇ ਚੌਂਕਾਂ ਵਿਚ, ਵੱਡੇ ਘਰਾਂ ਦੇ ਵਿਹੜਿਆਂ ਵਿਚ... ਬ੍ਰਾਹਮਣ 'ਕੱਠੇ ਹੋਏ ਲੋਕਾਂ ਨੂੰ ਧਰਮ ਉਪਦੇਸ਼ ਦੇ ਰਹੇ ਹੁੰਦੇ। ਤੇ ਲੋਕੀਂ ਮੰਤਰ-ਮੁਗਧ ਹੋਏ ਉਨ੍ਹਾਂ ਦੀਆਂ ਗੱਲਾਂ ਸੁਣ ਰਹੇ ਹੁੰਦੇ।

ਬ੍ਰਾਹਮਣ ਦੱਸਦੇ ਕਿ ਪ੍ਰਾਣੀ ਜਿਸ ਵਿਚ ਪ੍ਰਾਣ ਹੈ, ਜਾਨ ਹੈ ਇਸ ਸੰਸਾਰ ਵਿਚ ਪੂਰਵਲੇ ਕਰਮਾਂ ਦਾ ਫ਼ਲ ਭੋਗਣ ਲਈ ਜਨਮ ਲੈਂਦਾ ਹੈ। ... ਜਿਨ੍ਹਾਂ ਪ੍ਰਾਣੀਆਂ ਨੇ ਸੱਤਾਂ ਸੰਪੰਨ, ਧਨਵਾਨ ਤੇ ਉੱਚੀਆਂ ਜਾਤੀਆਂ ਵਿਚ ਜਨਮ ਲਿਆ ਹੈ... ਉਨ੍ਹਾਂ ਨੇ ਪੂਰਵਲੇ ਜਨਮਾਂ ਵਿਚ ਜਪ, ਤਪ ਤੇ ਪੁੰਨ ਦੇ ਕਰਮ ਕੀਤੇ ਹਨ। ਤੇ ਜਿਨ੍ਹਾਂ ਪ੍ਰਾਣੀਆਂ ਨੇ ਧਨ ਹੀਨ, ਨਿਰਧਨ ਤੇ ਨੀਂਵੀਆਂ ਜਾਤੀਆਂ ਵਿਚ ਜਨਮ ਲਿਆ ਹੈ... ਉਨ੍ਹਾਂ ਨੇ ਪਿਛਲੇ ਜਨਮਾਂ ਵਿਚ ਪਾਪ ਕਰਮ ਕੀਤੇ ਹਨ। ਤੇ ਜੇ ਉਹ ਇਸ ਜਨਮ ਵਿਚ ਪੁੰਨ ਦੇ ਕਰਮ ਕਰਨਗੇ... ਤਾਂ ਉਨ੍ਹਾਂ ਦਾ ਅਗਲਾ ਜਨਮ ਉਚ ਵਰਣ ਵਿਚ ਹੋਵੇਗਾ। ਤੇ ਉਹ ਜਪ, ਤਪ, ਭਗਤੀ, ਦਾਨ-ਪੁੰਨ ਕਰਕੇ ਆਵਾਗਮਨ ਦੇ ਚੱਕਰ ਤੋਂ ਛੁਟਕਾਰਾ ਪਾ ਸਕਦੇ ਹਨ। ਨਹੀਂ ਤਾਂ ਉਨ੍ਹਾਂ ਦੀ ਜੀਵ-ਆਤਮਾ ਆਵਾ ਗਮਨ, ਜਨਮ-ਮਰਨ ਦੇ ਚੱਕਰ ਵਿਚ ਫਸਕੇ ਦੁਖ ਭੋਗਦੀ ਰਹੇਗੀ... ਨਰਕ ਕੁੰਡ ਵਿਚ ਸੁੱਟੀ ਜਾਵੇਗੀ... ਜਿਥੇ ਯਮ ਉਸਨੂੰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦੇਣਗੇ।

ਰਾਜਾ ਲੋਕਾਂ ਵਿਚ ਚਲਦੀਆਂ ਗੱਲਾਂ ਨੂੰ ਸੁਣ ਕੇ ਹੈਰਾਨ ਹੁੰਦਾ... ਕਿ ਉਹ ਨਰਕ ਦੇ ਡਰ, ਭੈ ਕਾਰਨ... ਇਸ ਜੀਵਨ ਦੀਆਂ ਖੁਸ਼ੀਆਂ, ਉਮੰਗਾਂ ਭੁੱਲ ਗਏ ਸਨ। ... ਉਨ੍ਹਾਂ ਦੇ ਮਨਾਂ 'ਤੇ ਅਗਲੇ ਜਨਮ ਨੂੰ ਸੁਧਾਰਨ, ਜੀਵਨ-ਮਰਨ ਦੇ ਆਵਾਗਮਨ ਦੇ ਚੱਕਰ ਵਿਚੋਂ ਨਿਕਲਕੇ ਮੋਕਸ਼ ਪ੍ਰਾਪਤ ਕਰਨ ਦਾ ਭੂਤ ਸਵਾਰ ਹੋਇਆ ਸੀ।

ਮਹਾਂਮੰਤਰੀ ਨੇ ਰਾਜੇ ਨੂੰ ਇਕ ਭੇਤ ਦੀ ਗੱਲ ਦੱਸੀ।

"ਰਾਜਨ! ਬ੍ਰਾਹਮਣ ਤਾਂ ਤੁਹਾਨੂੰ ਵੀ ਨੀ ਬਖ਼ਸ਼ ਰਹੇ। ਉਹ ਆਖਦੇ ਐ, "ਤਪੋਂ ਰਾਜ... ਤੇ ਰਾਜੋਂ ਨਰਕ... ਭਾਵ ਰਾਜਿਆਂ ਨੇ ਪਿਛਲੇ ਜਨਮਾਂ ਵਿਚ ਤਪੱਸਿਆ ਕੀਤੀ, ਇਸ ਲਈ ਉਨ੍ਹਾਂ ਨੂੰ ਇਸ ਜਨਮ ਵਿਚ ਰਾਜ ਪ੍ਰਾਪਤ ਹੋਇਆ... ਤੇ ਰਾਜੇ ਬਣ ਕੇ ਉਹ ਉਪੱਦਰ ਕਰਦੇ ਹਨ... ਜਿਸਦੀ ਸਜ਼ਾ ਉਹਨਾਂ ਨੂੰ ਮੌਤ ਉਪਰੰਤ ਨਰਕ ਵਿਚ ਜਾ ਕੇ ਭੋਗਣੀ ਪਵੇਗੀ।" ਮਹਾ ਮੰਤਰੀ ਨੇ ਰਾਜੇ ਨੂੰ ਦੱਸਿਆ ਸੀ ਕਿ ਕਿੰਨੇ ਹੀ ਸਾਮੰਤ, ਵਪਾਰੀ ਤੇ ਸ਼ਿਲਪੀ ਬ੍ਰਾਹਮਣਾ ਦੇ ਦੱਸਣ ਤੇ ਉਨ੍ਹਾਂ ਦੀ ਬੀਮਾਰੀ ਤੇ ਗ੍ਰਹਿ ਕਲੇਸ਼ ਨੂੰ ਪਿਛਲੇ ਮਾੜੇ ਕਰਮਾਂ ਦਾ ਫ਼ਲ ਭੋਗ ਰਹੇ ਦੱਸਦੇ ਐ... ਤੇ ਉਹ ਅਗਲਾ ਜਨਮ ਸੁਆਰਨ ਲਈ... ਬ੍ਰਾਹਮਣਾਂ ਨੂੰ ਜ਼ਮੀਨਾਂ, ਬਾਗ਼ ਤੇ ਧਨ ਸੰਪਤੀ ਦਾਨ ਕਰਕੇ ਬ੍ਰਾਹਮਣਾਂ ਦੇ ਦੱਸੇ ਮੰਤਰ ਦਾ ਜਾਪ ਕਰਦਿਆਂ ਜੰਗਲ ਵਿਚ ਤਪਸਿਆ ਕਰਨ ਲਈ ਚਲੇ ਗਏ ਹਨ।



ਮਹਾਂਮੰਤਰੀ ਨੇ ਰਾਜੇ ਨੂੰ ਹੋਰ ਭੇਤ ਦੀ ਗੱਲ ਦੱਸੀ ਸੀ ਕਿ ਬ੍ਰਾਹਮਣਾਂ ਦੀ ਮੰਡਲੀ ਰਾਜੇ ਨੂੰ ਵੀ ਨੇਕ ਸਲਾਹ ਦੇਣ ਲਈ ਆਉਣ ਵਾਲੀ ਹੈ... ਕਿ ਰਾਜਾ ਨੂੰ ਵੀ ਰਾਜ ਗੱਦੀ ਛੱਡਕੇ ਮਹਾਰਾਣੀ ਨੂੰ ਨਾਲ ਲੈ ਕੇ ਜੰਗਲ ਵਿਚ ਤਪੱਸਿਆ ਕਰਨ ਲਈ ਚਲੇ ਜਾਣਾ ਚਾਹੀਦਾ ਹੈ।

ਰਾਜਾ ਪਰਵਾਹਨ ਸੋਚੀ ਪੈ ਗਿਆ। ਜਿਵੇਂ ਉਹ ਆਪਣੇ ਬੁਣੇ ਜਾਲ਼ ਵਿਚ ਹੀ ਫਸਦਾ ਜਾ ਰਿਹਾ ਸੀ। ਚਿੰਤਕ ਰਾਜੇ ਨੇ ਸੋਚਿਆ... ਉਹਨੇ ਸਖਤੀ ਕਰਕੇ ਐਵੇਂ ਪ੍ਰਾਕਿਰਤਕਵਾਦੀਆਂ ਨੂੰ ਜੰਗਲਾਂ ਵਿਚ ਜਾਣ ਲਈ ਮਜਬੂਰ ਕਰ ਦਿੱਤਾ। ਜੇ ਉਹ ਪਰਜਾ ਵਿਚ ਆਪਣੀ ਗੱਲ ਕਰਦੇ ਰਹਿੰਦੇ ਤਾਂ ਸਾਰੀ ਪਰਜਾ ਅੰਧਵਿਸ਼ਵਾਸ ਵਿਚ ਤਾਂ ਨਾ ਫਸਦੀ... ਪਰਜਾ ਵਿਚ ਦੋਵੇਂ ਵਿਚਾਰਧਾਰਾਵਾਂ ਕਾਇਮ ਰਹਿੰਦੀਆਂ। ... ਰਾਜੇ ਨੂੰ ਸੁਝਿਆ ਕਿਉਂ ਨਾ ਗੁਪਤਚਰ ਭੇਜਕੇ ਪ੍ਰਾਕਿਰਤਕਵਾਦੀਆਂ ਨੂੰ ਜੰਗਲ ਵਿਚੋਂ ਵਾਪਸ ਬੁਲਾਇਆ ਜਾਵੇ। ਪਰ ਜੇ ਇਹ ਭੇਤ ਖੁਲ੍ਹ ਗਿਆ... ਇਸ ਤੋਂ ਵੀ ਮਾੜੀ ਗੱਲ ਹੋਵੇਗੀ।

ਰਾਜਾ ਆਪਣੇ ਆਪ ਨੂੰ ਜੰਗਲ ਵਿਚ ਤਪ ਕਰਨ ਲਈ ਜਾਣ ਤੋਂ ਬਚਾਉਣ ਲਈ ਕੋਈ ਹੋਰ ਉਪਾਅ ਸੋਚਣ ਲੱਗਿਆ ਉਹਨੇ ਕੁਲ ਪੁਰੋਹਿਤ ਨੂੰ ਬੁਲਾ ਕੇ ਆਪਣੇ ਦਿਲ ਦੀ ਗੱਲ ਦੱਸੀ। ਕੁਲ ਪੁਰੋਹਿਤ ਨੇ ਹਸਦਿਆਂ ਕਿਹਾ, "ਰਾਜਨ! ਇਹ ਵੀ ਕੋਈ ਔਖੀ ਗੱਲ ਹੈ? ਤੁਸੀਂ ਤਾਂ ਐਵੇਂ ਡਰਦੇ ਫਿਰਦੇ ਓ... ਇਸ ਵਿਚ ਕੀ ਏ... ਜ਼ਬਾਨ ਹੀ ਹਿਲਾਉਣੀ ਏ।" ਕੁਲ ਪਰੋਹਿਤ ਨੇ ਬ੍ਰਾਹਮਣਾਂ ਨੂੰ ਰਾਜ ਮਹਿਲ ਵਿਚ ਬ੍ਰਹਮ ਭੋਜ 'ਤੇ ਬੁਲਾਇਆ। ਕੁਲ ਪਰੋਹਿਤ ਬ੍ਰਾਹਮਣਾਂ ਨੂੰ ਭੋਜਨ ਛਕਾ ਕੇ ਦੱਸਣ ਲੱਗਿਆ, "ਪਰਤਾਪੀ ਮਹਾਰਾਜਾਂ ਪਰਵਾਹਨ ਨੇ ਪਿਛਲੇ ਸੌ ਜਨਮ ਵਿਚ ਘੋਰ ਤਪੱਸਿਆ ਕੀਤੀ ਸੀ। ਰਾਜ ਕਰਦਿਆਂ ਵੀ ਉਹ ਬ੍ਰਾਹਮਣਾਂ ਨੂੰ ਪੁੰਨ, ਦਾਨ ਕਰਦੇ ਰਹਿੰਦੇ ਹਨ। ... ਉਹਨੂੰ ਦੇਵਤਿਆਂ ਦਾ ਵਰਦਾਨ ਪ੍ਰਾਪਤ ਹੈ ਕਿ ਉਹ ਜਿੰਨੇ ਮਰਜ਼ੀ ਜਨਮ ਚਾਹੁਣ ਰਾਜ ਕਰ ਸਕਦੇ ਹਨ। ਇਹਨਾਂ ਦਾ ਜਨਮ ਮਰਨ ਇਹਨਾਂ ਦੇ ਆਪਣੇ ਹੱਥ ਵਿਚ ਹੈ। ਇਹ ਜਿਹੜੇ ਜਨਮ ਵਿਚ ਵੀ ਚਾਹੁਣ... ਜਨਮ ਮਰਨ ਦੇ ਚੱਕਰ ਤੋਂ ਮੋਕਸ਼ ਪ੍ਰਾਪਤ ਕਰ ਸਕਦੇ ਹਨ।" ਰਾਜੇ ਨੇ ਬ੍ਰਾਹਮਣਾਂ ਨੂੰ ਮੂੰਹ ਮੰਗਿਆ ਦਾਨ ਦਿੱਤਾ ਤੇ ਉਹ ਰਾਜੇ ਦੀ ਜੈ ਜੈ ਕਾਰ ਕਰਦੇ ਹੋਏ ਰਾਜ ਮਹਿਲ ਵਿਚੋਂ ਚਲੇ ਗਏ।

ਰਾਜਾ ਪਰਵਹਨ ਸੋਚਦਾ, ਸਾਇਦ ਉਹ ਬੁੱਢਾ ਹੋਣ ਕਰਕੇ ਏਨਾ ਡਰਾਕਲ ਹੋ ਗਿਆ ਸੀ। ... ਉਹ ਅਜੇ ਵੀ ਬ੍ਰਾਹਮਣਾਂ ਦੇ ਪ੍ਰਕੋਪ ਤੋਂ ਡਰ ਰਿਹਾ ਸੀ ਕਿ ਉਹਨੂੰ ਜੰਗਲ ਵਿਚ ਤਪੱਸਿਆ ਕਰਨ ਲਈ ਭੇਜ ਹੀ ਨਾ ਦੇਣ। ਅਸਲ ਵਿਚ ਬ੍ਰਾਹਮਣਾਂ ਨੇ ਕਰਮ ਕਾਂਡ ਏਨੇ ਜਟਿਲ ਬਣਾ ਦਿੱਤੇ ਸਨ... ਕਿ ਜੇ ਧਰਮ ਅਨੁਸ਼ਠਾਨ ਕਿਰਿਆ ਵਿਚ ਰਤਾ ਜਿੰਨੀ ਵੀ ਭੁੱਲ ਹੋ ਗਈ ਪਰਵਾਰ 'ਤੇ ਪਤਾ ਨਹੀਂ ਕਿਹੜੀ ਆਪੱਤੀ ਟੁੱਟ ਪਵੇਗੀ... ਬ੍ਰਾਹਮਣ ਸਮਝਾਉਂਦੇ ਕਿ ਜਜਮਾਨ ਦਾ ਕਲਿਆਣ ਯੱਗ ਦੀ ਹਰੇਕ ਕਿਰਿਆ ਨੂੰ ਪੂਰਾ ਕਰਨ ਵਿਚ ਹੈ। ਬ੍ਰਾਹਮਣਾਂ ਦਾ ਪ੍ਰਭਾਵ ਏਨਾ ਵਧ ਗਿਆ ਸੀ ਕਿ ਉਹ ਧਰਤੀ ਦੇ ਦੇਵਤਾ ਮੰਨੇ ਜਾਣ ਲੱਗੇ। ਤੇ ਉਹ ਰਿਗਵੇਦ ਦੇ ਦੇਵਤਿਆਂ ਦਾ ਸਥਾਨ ਲੈ ਗਏ ਸਨ। ਰਾਜਾ ਪਰਵਾਹਨ ਬ੍ਰਾਹਮਣਾਂ ਨੂੰ ਹੋਰ ਖੁਸ਼ ਕਰਨਾ ਚਾਹੁੰਦਾ ਸੀ।

ਇਕ ਦਿਨ ਰਾਜੇ ਨੇ ਬ੍ਰਾਹਮਣਾਂ ਨੂੰ ਰਾਜ ਮਹਿਲ ਵਿਚ ਬੁਲਾਇਆ। ਰਾਜਾ ਬਹੁਤ ਥੱਕਿਆ- ਥੱਕਿਆ ਤੇ ਬੀਮਾਰ ਨਜ਼ਰ ਆ ਰਿਹਾ ਸੀ। ਉਹਨੇ ਬ੍ਰਾਹਮਣਾਂ ਨੂੰ ਦੱਸਿਆ ਕਿ ਉਹ ਸਾਰੀ ਰਾਤ ਸੌਂ ਨਹੀਂ ਸਕਿਆ। ਪਰਲੋਕ ਵਿਚ ਉਹਦੇ ਪਿੱਤਰ ਬਹੁਤ ਦੁੱਖੀ ਹਨ। ਉਹ ਪਰਲੋਕ ਵਿਚ ਭੁੱਖੇ, ਪਿਆਸੇ ਘੁੰਮ ਰਹੇ ਸਨ। ... ਰਾਜਾ ਬ੍ਰਾਹਮਣਾਂ ਨੂੰ ਤਰ੍ਹਾਂ ਤਰ੍ਹਾਂ ਦੇ ਬਣੇ ਹੋਏ ਪਕਵਾਨ ਖੁਆਈ ਗਿਆ। ਨਾਲੇ ਦੱਸੀ ਗਿਆ... "ਖੀਰ ਮੇਰੀ ਦਾਦੀ ਨੂੰ ਬਹੁਤ ਚੰਗੀ ਲਗਦੀ ਸੀ। ... ਪੂੜੇ ਖਾਣ ਦਾ ਮੇਰਾ ਪਿਓ ਬਹੁਤ ਸ਼ੁਕੀਨ ਸੀ। ਕੜਾਹ ਮੇਰੀ ਮਾਤਾ ਸ੍ਰੀ ਦਾ ਮਨ ਭਾਉਂਦਾ ਖਾਣਾ ਸੀ।" ਇਸ ਤਰ੍ਹਾਂ ਉਹ ਸਬਜੀਆਂ ਦਾਲਾਂ ਦਾ ਜਿਕਰ ਕਰੀ ਗਿਆ ਕਿ ਕਿਹੜੀ ਦਾਲ, ਸਬਜੀ ਖਾਣ ਦਾ ਉਹਦਾ ਕਿਹੜਾ ਪਿੱਤਰ ਸ਼ੁਕੀਨ ਸੀ। ... ਫਿਰ ਆਈ ਕਪੜਿਆਂ ਦੀ ਵਾਰੀ... ਇਸੇ ਤਰ੍ਹਾਂ ਪਿੱਤਰ ਦੇ ਨਾਂ 'ਤੇ ਰਾਜਾ ਬ੍ਰਾਹਮਣਾਂ ਨੂੰ ਵਸਤਰ ਦਾਨ ਕਰੀ ਗਿਆ... ਤੇ ਦੱਸੀ

ਗਿਆ ਕਿ ਇਹ ਵਸਤਰ ਉਸਦਾ ਕਿਹੜਾ ਪਿੱਤਰ ਪਹਿਨਣ ਦਾ ਸ਼ੁਕੀਨ ਸੀ। ... ਅੰਤ ਵਿਚ ਰਾਜੇ ਨੇ ਬ੍ਰਾਹਮਣਾਂ ਨੂੰ ਰਾਜ਼ ਦੀ ਗੱਲ ਦੱਸੀ ਕਿ ਉਹਦੇ ਪਿੱਤਰ ਨੇ ਰਾਤੀਂ ਸੁਪਨੇ ਵਿਚ ਕਿਹਾ ਸੀ ਕਿ ਪਿੱਤਰਾਂ ਦੇ ਨਾਂ ਤੇ ਬ੍ਰਾਹਮਣਾਂ ਨੂੰ ਖੁਆ ਪਿਆ ਕੇ ਸੰਤੁਸ਼ਟ ਕਰੇ... ਇਸ ਨਾਲ ਪਰਲੋਕ ਵਿਚਲੇ ਪਿੱਤਰਾਂ ਦੀ ਤ੍ਰਿਪਤੀ, ਸੰਤੁਸ਼ਟੀ ਹੋਵੇਗੀ। ਤੇ ਰਾਜੇ ਨੇ 'ਪਿੱਤਰ' ਦੇ ਨਾਂ ਤੇ ਧਨ, ਗਾਂਈਆਂ, ਦਾਸ, ਦਾਸੀਆਂ ਬ੍ਰਾਹਮਣਾਂ ਨੂੰ ਦਾਨ ਦਿੱਤੀਆਂ ਤੇ ਹਾਸੇ ਵਿਚ ਕਿਹਾ ਕਿ ਉਹਦਾ ਪਿਓ ਰਾਣੀਆਂ ਦੇ ਨਾਲ ਨਾਲ ਸੁੰਦਰ ਦਾਸੀਆਂ ਦਾ ਵੀ ਬਹੁਤ ਚਾਹਵਾਨ ਹੁੰਦਾ ਸੀ ਤੇ ਰਾਜੇ ਨੇ 'ਦੇਵਯਾਨ' ਦੇ ਨਾਲ ਪਿਤਰ ਦੇ ਨਾਂ 'ਤੇ ਬ੍ਰਾਹਮਣਾਂ ਨੂੰ ਦਾਨ ਪੁੰਨ ਕਰਨ ਨੂੰ 'ਪਿਤਰਯਾਨ' ਦਾ ਨਾਂ ਦਿੱਤਾ।

"ਤੁਸੀਂ 'ਪਿੱਤਰ' ਨੂੰ ਖੁਸ਼ ਕਰਨ ਲਈ ਕੀ ਕਰਦੇ ਹੁੰਦੇ ਓ? ਥੁਆਡੇ ਵੀ ਤਾਂ ਪਿਤਰ ਹੈਗੇ।" ਮੈਂ ਇੰਦਰ ਸਿੰਘ ਤੋਂ ਕੋਈ ਚੁਰਚੁਰੀ ਜਹੀ ਗੱਲ ਸੁਣਨ ਲਈ ਉਹਨੂੰ ਛੇੜਿਆ।

ਐਨੇ ਨੂੰ ਫ਼ੌਜੀ ਗੱਲ ਸਾਂਭ ਲੈਂਦਾ ਹੈ, "ਅੱਜਕੱਲ ਤਾਂ ਲੋਕੀਂ ਮਰ ਰਹੇ ਬੁੜੇ ਬੁੜੀ ਦੀ... ਮਰੇ ਹੋਏ ਕੱਟੇ ਜਿੰਨੀ ਵੀ ਕਦਰ ਨਹੀਂ ਕਰਦੇ... ਆਹ ਅਖ਼ਬਾਰ ਚੁੱਕ ਕੇ ਪੜ੍ਹ ਲਓ।"

"ਬੁੜ੍ਹਾ-ਬੁੜ੍ਹੀ ਮਰਨ ਤੇ ਤਾਂ ਖਰਚ ਕਰਨਾ ਪਓ... ਪਰ ਮਰੇ ਹੋਏ ਕੱਟੇ ਦੀ ਤਾਂ ਖੱਲ੍ਹ ਵੀ ਵਿਕਦੀ ਐ ਤੇ ਹੱਡ ਵੀ ਵਿਕਦੇ ਨੇ।" ਇੰਦਰ ਸਿੰਘ ਨੇ ਮਜ਼ਾਕ ਵਿਚ ਕਿਹਾ।

"ਆਹ ਦੇਖ ਲਓ ਕੱਟਾ ਵੀ ਆ ਗਿਆ।" ਫ਼ੌਜੀ ਨੇ ਹੱਥ ਦਾ ਇਸ਼ਾਰਾ ਕੀਤਾ। ਹਰੀਏ ਬੰਗਾਲੇ ਦਾ ਪੋਤਾ ਮੋਟਰ ਸਾਈਕਲ ਪਿਛੇ ਮਰਿਆ ਹੋਇਆ ਕੱਟਾ ਲੱਦੀ। ਫ਼ੌਜੀ ਦੀ ਦੁਕਾਨ ਕੋਲ ਬੈਠੇ ਗੱਡੀਆਂ ਵਾਲਿਆਂ ਤੋਂ ਪਿਛੇ ਨੂੰ ਲੰਘ ਗਿਆ। "ਹਰੀਏ ਬੰਗਾਲੇ ਦੀ ਬੁੱਢੀ ਤੀਵੀਂ ਤੋਂ ਬਿਨਾ ਇਹਨਾਂ ਦਾ ਕੋਈ ਜੀਅ ਮੰਗ ਕੇ ਨੀ ਲਿਆਉਂਦਾ।" ਫੌਜੀ ਦੱਸਦਾ ਹੈ, "ਮਰਿਆ ਹੋਇਆ ਕੱਟਾ ਚੁੱਕੀ ਲਿਜਾਣ ਵਾਲੇ ਦੀ ਹੈਂਡੀਕੈਪਡ ਭੈਣ ਬਾਰ੍ਹਵੀਂ ਵਿਚ ਪੜ੍ਹਦੀ ਹੈ। ਆਹ ਪਿਛਲੇ ਪਾਸੇ ਬੰਗਾਲਿਆਂ ਦੇ ਅੱਠ, ਦਸ ਘਰ ਪੰਚਾਇਤ ਦੀ ਸ਼ਾਮਲਾਟ ਵਿਚੇ ਦਿੱਤੇ ਚਾਰ-ਚਾਰ ਮਰਲੇ ਦੇ ਪਲਾਟਾਂ ਵਿਚ ਮਕਾਨ ਬਣਾਈ ਬੈਠੇ ਐ।"

"ਆਹ ਕੀ" ਸਾਨੂੰ ਮਰ ਰਹੇ ਕੱਟੇ ਦਾ ਕਰੁਣਾਮਈ ਅੜਾਟ ਸੁਣਾਈ ਦਿੱਤਾ। "ਲੈ ਬਈ ਸਾਲੇ ਨੇ ਅਧਮਰਿਆ ਕੱਟਾ ਚੁੱਕਾ ਦਿੱਤਾ... ਮੁੰਡਾ ਖੱਲ ਲਾਹੁਣ ਲੱਗਿਆ ਹੋਣਾ... ਆਹ ਦੇਖ ਲਓ।"

"ਆਹ ਲੈ ਬਈ ਮਾਰ'ਤਿਆ" ਇਕ ਪਾਸੇ ਨੂੰ ਟੇਢਾ ਹੁੰਦਿਆਂ ਦੇਸੀ ਦਾਰੂ ਵਾਲਾ ਚੀਕਿਆ। ਅਸੀਂ ਉਧਰ ਦੇਖਿਆ। ਅਵਾਜ਼ ਜਿਧਰੋਂ ਸ਼ੱਕ ਹੋਵੇ ਉਧਰੋਂ ਆਉਂਦੀ ਜਾਪਦੀ ਹੈ। ਪਰ ਮਰ ਰਿਹਾ ਕੱਟਾ ਰਿੰਗਣ ਦੀ ਅਵਾਜ਼ ਟੈਲੀਵੀਜ਼ਨ ਵਿਚੀ ਆ ਰਹੀ ਸੀ।

"ਉਹ ਦੇਖੋ ਭੀਮ ਰਾਖਸ਼ ਦੀ ਛਾਤੀ 'ਤੇ ਚੜ੍ਹਿਆ ਹੋਇਆ। ਉਹਨੇ ਰਾਕ਼ਸ ਦੇ ਦੋਵੇ ਸਿੰਗ ਖਿੱਚਕੇ ਉਹਦੀ ਛਾਤੀ ਵਿਚ ਖੰਭ ਦਿੱਤੇ। ਰਾਖਸ਼ ਪ੍ਰਾਣ ਤਿਆਗ ਗਿਆ। " ਦੇਸੀ ਦਾਰੂ ਵਾਲਾ ਹੁੱਬ ਕੇ ਰਾਖਸ਼ ਦੀ ਕਹਾਣੀ ਸੁਣਾਉਣ ਲੱਗ ਪਿਆ। "ਜਲ ਰਹੇ ਲਾਖ ਦੇ ਘਰ ਵਿਚੋਂ ਨਿਕਲਕੇ ਪੰਜੇ ਪਾਂਡਵ ਤੇ ਉਹਨਾਂ ਦੀ ਮਾਤਾ ਸ੍ਰੀ ਕੁੰਤੀ ਜੰਗਲ ਵਿਚ ਵਸੀ ਚਕਰਾ ਨਗਰੀ ਵਿਚ ਇਕ ਬ੍ਰਾਹਮਣ ਦੇ ਘਰ ਰਹਿੰਦੇ ਸਨ। ਚੱਕਰਾ ਨਗਰੀ ਨੇੜੇ ਰਹਿੰਦਾ ਵਿਕਰਾਲ ਰਾਖਸ ਬਕਾਸੁਰ ਹਫ਼ਤੇ ਬਾਅਦ ਤੀਹ ਮਣ ਖਾਦ-ਖੁਰਾਕ ਤੇ ਇਕ ਬੰਦੇ ਦੀ ਬਲੀ ਲੈਂਦਾ ਸੀ। ਉਸ ਹਫ਼ਤੇ ਬ੍ਰਾਹਮਣ ਦੀ ਰਾਖ਼ਸ਼ ਦੀ ਖੁਰਾਕ ਬਣਨ ਦੀ ਵਾਰੀ ਸੀ ਪਰ ਉਹਦੀ ਥਾਂ ਉਹਦੇ ਘਰ ਅਟਕੇ ਪਾਂਡਵਾਂ ਵਿਚੋਂ ਭੀਮ ਨੇ ਜਾ ਕੇ ਰਾਖਸ਼ ਨੂੰ ਉਹਦੇ ਸਿੰਗਾ ਨਾਲ ਮਾਰ ਦਿੱਤਾ। ਟੀ. ਵੀ. ਸਕਰੀਨ 'ਤੇ ਭੀਮ ਤੋਂ ਵੀ ਤਿੰਨ ਗੁਣਾਂ ਵੱਡਾ ਰਾਖ਼ਸ਼ ਉਸੇ ਦੇ ਸਿੰਗ ਉਹਦੀ ਛਾਤੀ ਵਿਚ ਖੋਭੀ ਪਿਆ ਸੀ।

ਅਰਵਿੰਦਰ ਆਰੀਆ ਸਰ ਨੇ ਦੱਸਿਆ ਸੀ ਕਿ ਰਿਗ ਵੇਦ ਵਿਚ ਅਸੁਰਾਂ ਰਕਸ਼ੂਆਂ ਤੇ ਯਕਸ਼ੂਆਂ ਨੂੰ ਨਾਟੇ ਕੱਦ, ਕਾਲੇ ਰੰਗ ਤੇ ਚਪਟੇ ਨੱਕ ਵਾਲੇ ਲਿਖਿਆ ਹੈ ਤੇ ਉਨ੍ਹਾਂ ਵਿਚ ਕੋਈ ਆਦ੍ਰਿਸ਼ ਸਕਤੀ ਨਹੀਂ ਦਿਖਾਈ। ਪਰ ਉੱਤਰ ਵੈਦਿਕ ਕਾਲ ਵਿਚ ਲਿਖੇ ਪੁਰਾਣਾ, ਮਹਾਂਭਾਰਤ ਰਾਮਾਇਣ ਆਦਿ ਗ੍ਰੰਥਾਂ ਵਿਚ ਰਕਸ਼ੂ ਤੋਂ ਬਣਾਏ ਰਾਖਸ਼ਾਂ ਤੇ ਯਕਸ਼ੂ ਤੋਂ ਬਣਾਏ ਯਕਸ਼ਾਂ ਨੂੰ ਵਿਕਰਾਲ ਸ਼ਕਲਾ ਤੇ ਪੂਛਾ ਵਾਲੇ ਆਦ੍ਰਿਸ਼



ਸ਼ਕਤੀਆਂ ਵਾਲੇ ਚਿਤਰਿਆ ਹੈ। ਉਹ ਫੂਕ ਮਾਰ ਕੇ ਜਾਂ ਹੱਥ ਖੜਾ ਕਰਕੇ ਸਾਹਮਣੇ ਖੜੇ ਦੁਸਮਣ ਨੂੰ ਅੱਗ ਲਾ ਦਿੰਦੇ ਹਨ।

ਦੇਸੀ ਦਾਰੂ ਵਾਲੇ ਨੇ ਆਪਣੀ ਗੱਲ ਜਾਰੀ ਰੱਖਦਿਆਂ ਦੱਸਿਆ ਸੀ ਕਿ ਉਹ ਤਾਂ ਕੇਵਲ ਧਾਰਮਿਕ ਸੀਰੀਅਲ ਹੀ ਦੇਖਦਾ ਹੈ। ਟੀ. ਵੀ. ਤੇ ਬੜਾ ਕੁਝ ਬਕਵਾਸ ਦਿਖਾਇਆ ਜਾਂਦਾ ਉਹ ਨੀ ਦੇਖਦਾ। ਤੇ ਫੇਰ ਉਹਨੇ ਅਧਿਆਤਮਕ ਗਿਆਨ ਦਾ ਵਖਾਵਾ ਕਰਦਿਆਂ ਦੱਸਿਆ ਸੀ ਕਿ ਤਿੰਨ ਦੇਵਤੇ ਸ੍ਰਿਸ਼ਟੀ ਦਾ ਕਾਰੋਬਾਰ ਚਲਾ ਰਹੇ ਹਨ। ਬ੍ਰਹਮਾ ਸੰਸਾਰ ਨੂੰ ਸਾਜਣ ਵਾਲਾ ਹੈ। ਵਿਸ਼ਨੂੰ ਭਗਵਾਨ ਪਾਲਨਹਾਰ ਹੈ ਤੇ ਸ਼ਿਵਜੀ ਸੰਘਾਰ ਕਰਦਾ ਹੈ। ਇਕ ਵਾਰ ਸ਼ੁਰੂ ਹੋਇਆ ਚਾਰ ਆਸ਼ਰਮਾਂ, ਚਾਰ ਵਰਣਾਂ ਦੀਆਂ ਗੱਲਾਂ ਛੇੜ ਕੇ ਬਹਿ ਗਿਆ।

ਮੈਂ ਉਹਦੀ ਗੱਲ ਕੱਟ ਕੇ ਬੋਲਿਆ, ਪਰ ਅਰਵਿੰਦਰ ਸਰ ਦੱਸਦੇ ਹੁੰਦੇ ਸਨ... ਮੈਂ ਹੋਰ ਵੀ ਕਈ ਥਾਵਾਂ ਤੇ ਪੜ੍ਹਿਆ ਕਿ ਪੁਨਰ ਜਨਮ ਦੇਵਤੇ ਕਈ ਕਈ ਜਨਮ ਲੈਂਦੇ ਹਨ, ਵਿਸ਼ਨੂੰ ਭਗਵਾਨ ਵੱਖ ਵੱਖ ਅਵਤਾਰ ਧਾਰਦਾ ਹੈ। ਪਿਛਲੇ ਜਨਮ ਦਾ ਫ਼ਲ ਭੋਗਦੇ ਹਨ। ਨਰਕ ਸ੍ਵਰਗ, ਮੋਕਸ਼ ਪ੍ਰਾਪਤ ਕਰਦੇ ਹਨ। ਗੱਲ ਕੀ ਪੁੰਨ-ਪਾਪ ਆਵਾਗਮਨ ਆਦਿ ਨੂੰ ਯੋਗ ਠਹਿਰਾਉਣ ਲਈ ਸਾਰਾ ਪੌਰਾਇਕ ਸਾਹਿਤ ਰਚਿਆ ਗਿਆ ਹੈ। ਤੇ ਇਸ ਵਿਚ ਸਾਰੇ ਔਗਣ, ਰਾਖਸ਼ਾ ਵਿਚ ਦਰਸਾ ਕੇ, ਅੰਤ ਨੂੰ ਵਿਕਰਾਲ ਡਰਾਉਣੀਆਂ ਸ਼ਕਲਾਂ ਵਾਲੇ ਰਾਖਸ਼ਾ ਨੂੰ ਮਰਵਾਇਆ ਗਿਆ ਹੈ। ਤੇ ਇਸ ਨੂੰ ਅੱਜ ਦੇ ਯੁੱਗ ਵਿਚ ਯੋਗ ਬਣਾ ਕੇ ਟੀ. ਵੀ. ਸੀਰੀਅਲਾਂ ਵਿਚ ਪੇਸ਼ ਕੀਤਾ ਜਾ ਰਿਹਾ। ਪਰ ਦੇਸੀ ਦਾਰੂ ਵਾਲਾ ਮੇਰੀਆਂ ਗੱਲਾਂ ਨਹੀਂ ਸੁਣ ਰਿਹਾ ਸੀ, ਉਹ ਕੋਈ ਹੋਰ ਧਾਰਮਿਕ ਸੀਰੀਅਲ ਦੇਖਣ ਵਿਚ ਮਗਨ ਸੀ।

ਮੈਂ ਫੇਰ ਇੰਦਰ ਸਿੰਘ ਨੂੰ ਛੇੜਿਆ ਉਹ ਤੇਰੀ ਪਿਤਰਾ ਵਾਲੀ ਗੱਲ ਵਿਚੇ ਰਹਿ ਗਈ। "ਲਾ ਲਵਾ ਤਿਪਕਾ ਰਤਾ ਕਾਇਮ ਹੋ ਲਵਾਂ। " ਗਿਲਾਸ ਵਿਚ ਬਚੀ ਹੋਈ ਦਾਰੂ ਪੀ ਕੇ ਕਾਇਮ ਹੋ ਕੇ ਦੱਸਣ ਲੱਗਿਆ, "ਪਿੱਤਰ ਤਾਂ ਤੇਰੇ ਮੇਰੇ ਫ਼ੌਜੀ ਦੇ ਤੇ ਦੇਸ ਰਾਜ, ਜੀਹਨੂੰ ਤੂੰ 'ਦੇਸੀ ਦਾਰੂ ਵਾਲਾ ਕਹੀਂ ਜਾਂਦਾ, ਸਭ ਦੇ ਹੈਗੇ... ਪਰ ਤੈਂ ਮੈਨੂੰ ਪੁਛਿਆ ... ਤੂੰ ਮੈਤੋਂ ਕੋਈ ਕਹਾਣੀ ਸੁਣਨੀ ਚਾਹੁੰਦਾ ... ਲੈ ਮੈਂ ਸੁਣਾਉਂਦਾ...।"

ਮੈਂ ਇੰਦਰ ਸਿੰਘ ਨੂੰ ਕਹਿ ਤਾਂ ਬੈਠਾ ਮੈਨੂੰ ਡਰ ਵੀ ਲਗਦਾ ਹੁਣ ਇਹਨੇ ਦੋ ਗੱਲਾਂ ਕਰਕੇ ਮੇਰੀਆਂ ਕੀਤੀਆਂ ਕਰਾਈਆਂ ਪਿਛੇ ਪਾ ਦੇਣੀਆਂ ਨੇ।

"ਜਜਮਾਨੀ ਪੁਰੋਹਿਤੀ ਤਾਂ ਬਜ਼ੁਰਗਾਂ ਵੇਲੇ ਹੁੰਦੀ ਤੀ। ਹੁਣ ਤਾਂ ਪਰੋਹਿਤਾਂ ਦੇ ਕੁਝ ਮੁੰਡੇ ਨੌਕਰੀਆਂ ਲੱਗ ਗਏ, ਕੁਝ ਬਾਹਰ ਚਲੇ ਗਏ। ਇਕ ਬਜ਼ੁਰਗ ਆਉਂਦਾ ਹੁੰਦਾ, ਜਿੰਨੇ ਕੁ ਸਰਦੇ ਐ... ਘਰ ਪਰਤੀ ਦਾਣੇ ਬੋਰੀਆਂ ਵਿਚ ਪਾ ਕੇ ਰੱਖ ਦਿੰਦੇ ਐ... ਉਹ ਆਉਂਦਾ ਚੁੱਕ ਲਿਜਾਂਦਾ ਐ।

"ਪੁਰੋਹਿਤ ਦੀਆਂ ਗੱਲਾਂ ਤਾਂ ਸਾਡਾ ਬਾਬਾ ਸੁਣਾਉਂਦਾ ਹੁੰਦਾ ਸੀ। ਉਨ੍ਹਾਂ ਦੇ ਪਰੋਹਿਤ ਨੇ ਕਹਿਣਾ, "ਪਿੱਤਰ ਬ੍ਰਾਹਮਣਾਂ ਦੇ ਮੂੰਹ ਰਾਹੀਂ ਭੋਜਨ ਕਰਦੇ ਐ, ਜਿੰਨ੍ਹਾਂ ਬ੍ਰਾਹਮਣਾਂ ਨੂੰ ਤ੍ਰਿਪਤ ਕਰੋਗੇ... ਪਿੱਤਰ ਤ੍ਰਿਪਤ ਹੋਣਗੇ। ਤੇ ਜਿਹੜੀ ਚੀਜ਼ ਦੀ ਜ਼ਰੂਰਤ ਹੁੰਦੀ ਐ... ਪਿੱਤਰ ਬ੍ਰਾਹਮਣਾਂ ਰਾਹੀਂ ਮੰਗਦੇ ਐ। ... ਤੇ ਬ੍ਰਾਹਮਣ ਜਿਹੜੀ ਵੀ ਖਾਣ ਪੀਣ ਦੀ ਚੀਜ... ਆਟਾ ਦਾਲ, ਚੌਲ, ਗੁੜ ਆਦਿ ਪਿੱਤਰਾਂ ਦੇ ਨਾਂ ਤੇ ਮੰਗਦੇ ਜਜਮਾਨ ਦੇਈ ਜਾਂਦੇ। ਪੁਰੋਹਿਤ ਨੇ ਸੋਚਿਆ ਇਹ ਤਾਂ ਬੜਾ ਵਧੀਆ ਸਾਧਨ ਐ। ਇਕ ਦਿਨ ਪਰੋਹਿਤ ਨੂੰ ਕੀ ਸੁਝੀ, ਬਾਬੇ ਨੂੰ ਕਹਿਣ ਲੱਗਿਆ "ਜਜਮਾਨਾ ਕੀ ਦੱਸਾ? ... ਰਾਤ ਸੁਪਨੇ ਵਿਚ ਤੇਰਾ ਪਿਓ ਮਿਲਿਆ... ਉਹ ਨਿਰਾਸਿਆ ਜਿਹਾ ਪੈਦਲ ਘੁੰਮੇ... ਹੋਰਾਂ ਕੋਲ ਘੋੜੀਆਂ।" ਬਾਬੇ ਦੇ ਮੂੰਹ ਨਿਕਲਿਆ ... "ਪਰੋਹਿਤ ਜੀ ਫੇਰ ਘੋੜੀ ਲੈ ਲਓ... ਦੇ ਦਿਓ ਪਿਤਰਾਂ ਨੂੰ।" ਤੇ ਪੁਰੋਹਿਤ ਘੋੜੀ 'ਤੇ ਚੜ੍ਹ ਕੇ ਅਹੁ ਗਿਆ।"

ਮੈਂ ਕਿਹਾ ਸਾਨੂੰ ਤਾਂ ਦਿਖਾਦੇ ਬ੍ਰਾਹਮਣ ਘੋੜੀ ਤੇ ਚੜ੍ਹਕੇ ਜਿਹੜਾ ਅਹੁ ਗਿਆ। ਸਾਰੇ ਹੱਸਣ ਲੱਗੇ। "ਦਿਖਾਉਂਦਾ ਥੁਆਨੂੰ ਵੀ। ਨਵੀਂ ਘੋੜੀ ਲੈਣ ਜੋਗੇ... ਬਾਬੇ ਕੋਲ ਏਨੇ ਪੈਸੇ ਨਹੀਂ ਸਨ। ਬਾਬਾ ਤੁਰਕੇ ਖੇਤ

ਜਾਇਆ ਕਰੇ, ਪਰੋਹਿਤ ਘੋੜੀ ਤੇ ਬਹਿਕੇ ਸਾਕਾਂ, ਰਿਸ਼ਤੇਦਾਰੀਆਂ ਵਿਚ ਘੁੰਮ ਆਇਆ।"

ਇਕ ਦਿਨ ਖੇਤ ਵਿਚ ਪਰੋਹਿਤ ਮੱਝ ਲਈ ਪੱਠੇ ਲੈਣ ਚਲਿਆ ਗਿਆ। ਸੀਰੀ ਦਾਰੂ ਕੱਢ ਰਿਹਾ ਸੀ। ਫੇਰ ਸਾਰੇ ਹੱਸੇ ਫੌਜੀ ਬੋਲਿਆ, "ਤੈਂ ਦਾਰੂ ਦੀ ਗੱਲ ਜ਼ਰੂਰ ਕਰਨੀ ਹੋਈ।"

"ਦਾਰੂ ਤੋਂ ਬਿਨਾ ਜੱਟਾਂ ਤੋਂ ਖੇਤੀ ਦਾ ਔਖਾ ਕੰਮ ਹੁੰਦਾ ਈ ਨੀ ਹੈਗਾ। ਸੁਣੋ ਬ੍ਰਾਹਮਣ ਤੇ ਬ੍ਰਾਹਮਣੀ ਤਾਂ ਜਜਮਾਨ ਦੇ ਘਰ ਖੀਰ ਬਣਾ ਕੇ ਪਹਿਲਾਂ ਆਪ ਖਾ ਲੈਂਦੇ ਸਨ। ਪਰ ਵੰਡ ਕੇ ਛਕਣ ਦੀ ਰਵਾਇਤ ਅਨੁਸਾਰ ਬਾਬੇ ਨੇ ਆਪਣੇ ਗਿਲਾਸ ਨਾਲ ਦਾਰੂ ਦਾ ਗਿਲਾਸ ਭਰਕੇ ਪਰੋਹਿਤ ਨੂੰ ਵੀ ਦੇ ਦਿੱਤਾ ਤੇ ਕਿਹਾ, "ਪਰੋਹਿਤ ਜੀ ਮਾਰ੍ਹਾਜ ਰਾਤ ਬਾਪੂ ਸੁਪਨੇ ਵਿਚ ਮੈਨੂੰ ਮਿਲਿਆ... ਉਹ ਦਾਰੂ ਪੀਣ ਨੂੰ ਮੰਗਦਾ ਰਿਹਾ... ਹੁਣ ਥੁਆਡਾ ਖਾਧਾ ਪੀਤਾ ਈ ਪਿੱਤਰਾ ਨੂੰ ਪ੍ਰਾਪਤ ਹੋਣਾ... ਸਾਡਾ ਖਾਧਾ ਪੀਤਾ ਤਾਂ ਪ੍ਰਾਪਤ ਹੋਣਾ ਨੀ। ਇਸ ਲਈ ਤੁਸੀਂ ਦਾਰੂ ਪੀਓ ਰੱਜ ਕੇ। ... ਨਾਲੇ ਦਾਰੂ ਪੀ ਕੇ ਮੈਂ ਤੇ ਬਾਪੂ ਲੜ ਵੀ ਪੈਂਦੇ ਸਾਂ। ... ਸਵੇਰੇ ਫੇਰ ਇਕੋ ਜਹੇ।"

ਪੁਰੋਹਿਤ ਸਮਝ ਗਿਆ। ਬਾਬਾ ਦਾਰੂ ਨਾਲ ਰੱਜਿਆ ਹੋਇਆ ਸੀ। ... ਉਹਨੂੰ ਕੁੱਟੂੰਗਾ ਵੀ। ਉਹ ਜਦੇ ਘੋੜੀ ਛੱਡ ਕੇ ਭੱਜ ਗਿਆ। ਬਾਬਾ ਹਾਕਾਂ ਮਾਰੇ, "ਪੁਰੋਹਿਤ ਜੀ... ਆਹ ਆਪਣੀ ਘੋੜੀ ਤਾਂ ਲੈ ਜਾਓ... ਪੱਠੇ ਸੀਰੀਂ ਕੋਲ ਭੇਜ ਦਿਆਂਗਾ।" ਪੁਰੋਹਿਤ ਦੂਰੋਂ ਈ ਹੱਥ ਜੋੜੇ ਰਾਤ ਸੁਪਨੇ ਵਿਚ ਤੇਰਾ ਪਿਓ ਮਿਲਿਆ ਤੀ... ਕਹਿੰਦਾ ਹੁਣ ਨੀ ਘੋੜੀ ਚਾਹੀਦੀ... ਮੈਂ ਤਾਂ ਮੋੜਨ ਈ ਆਇਆ ਤੀ।"

ਅਸੀਂ ਹਸ-ਹਸ ਲੋਟ ਪੋਟ ਹੁੰਦੇ ਰਹੇ। ਫ਼ੌਜੀ ਕਹਿੰਦਾ, " ਗੱਲ ਸੁਣਾ ਕੇ ਪੂਰੀ ਬੋਤਲ ਜਿੰਨਾ ਨਸ਼ਾ ਲਿਆ 'ਤਾ।"

## 3.

ਮੈਂ ਇੰਦਰ ਸਿੰਘ ਦੀ ਗੱਲ 'ਤੇ ਹਸਦਿਆਂ ਕਿਹਾ, ਜਿਵੇਂ ਪੁਰੋਹਿਤ ਨੇ ਤੇਰੇ ਬਾਬੇ ਕੋਲੋਂ ਘੋੜੀ ਲੈ ਲਈ ਸੀ। ਅਰਵਿੰਦਰ ਆਰੀਆ ਸਰ ਵੀ ਕਲਾਸ ਵਿਚ ਪੜ੍ਹਾਉਂਦੇ ਹੁੰਦੇ ਸਨ, "ਜੇ ਕਿਸੇ ਦੂਸਰੇ ਲੋਕ ਵਿਚ ਵਸਦੇ ਮ੍ਰਿਤ ਰਿਸ਼ਤੇਦਾਰ ਨੂੰ ਸਰਾਧ ਵਿਚ ਬ੍ਰਾਹਮਣਾਂ ਦੇ ਖਾਧੇ ਪਕਵਾਨ ਤ੍ਰਿਪਤ ਕਰਦੇ ਹਨ... ਫਿਰ ਯਾਤਰਾਂ 'ਤੇ ਜਾਣ ਵਾਲੇ ਵਿਅਕਤੀਆਂ ਨੂੰ ਏਨੇ ਦਿਨਾਂ ਦੀ ਖਾਧ ਸਮੱਗਰੀ ਦਾ ਭਾਰ ਚੁੱਕ ਕੇ ਲਿਜਾਣ ਦੀ ਕੀ ਲੋੜ ਹੈ? ਯਾਤਰਾ 'ਤੇ ਜਾਣ ਵਾਲਿਆਂ ਦੇ ਨਾਂ 'ਤੇ ਬ੍ਰਾਹਮਣਾਂ ਨੂੰ ਖੁਆਈ ਜਾਓ ... ਤੇ ਸਫ਼ਰ 'ਤੇ ਜਾਣ ਵਾਲਿਆਂ ਦੀ ਭੁੱਖ ਮਿਟਦੀ ਰਹੇ। ਇੰਦਰ ਸਿੰਘ ਨੇ ਫਿਰ ਮਜ਼ਾਕ ਕੀਤਾ, "ਫਿਰ ਜੋ ਬ੍ਰਾਹਮਣਾਂ ਨੂੰ ਖੁਆਇਆ ਅੰਨ... ਇਸ ਲੋਕ ਵਿਚਲੇ ਯਾਤਰੂਆਂ ਤੱਕ ਨਹੀਂ ਪਹੁੰਚ ਸਕਦਾ... ਫਿਰ ਮਰ ਕੇ ਗਏ ਦੂਸਰੇ ਲੋਕ ਵਿਚ ਗਏ ਪਿੱਤਰਾਂ ਤੱਕ ਕਿਵੇਂ ਪਹੁੰਚ ਸਕਦਾ ਹੋਵੇਗਾ।"

ਮੈਂ ਕਿਹਾ-ਇੰਦਰ ਸਿੰਘ ਤੇਰੇ ਯਾਦ ਹੀ ਹੋਵੇਗਾ... ਸਰ ਲੋਕਾਇਤ ਦਰਸ਼ਨ ਪੜ੍ਹ ਰਹੇ ਸਨ, "ਜੇ ਆਤਮਾ ਸ਼ਰੀਰ ਤੋਂ ਵੱਖ ਹੋ ਕੇ ਕਿਸੇ ਦੂਸਰੇ ਲੋਕ ਚਲੀ ਜਾਂਦੀ ਹੈ... ਤਾਂ ਨਜ਼ਦੀਕੀਆਂ ਦੇ ਰੋਣ ਕੁਰਲਾਣ 'ਤੇ ਉਨ੍ਹਾਂ ਨੂੰ ਮਿਲਣ ਵਾਪਸ ਕਿਉਂ ਨਹੀਂ ਆ ਜਾਂਦੀ!... ਜਦਕਿ ਕਿਤੇ ਦੂਰ ਗਿਆ ਵਿਅਕਤੀ ਨਜ਼ਦੀਕੀਆਂ ਦੇ ਬੁਲਾਉਣ 'ਤੇ ਆ ਜਾਂਦਾ ਹੈ।" ਇੰਦਰ ਸਿੰਘ ਤੇ ਫ਼ੌਜੀ ਦੇਸੀ ਦਾਰੂ ਵਾਲੇ ਨੂੰ ਦੇਖਕੇ ਮੁਸਕਰਾ ਰਹੇ ਸਨ ਜਦਕਿ ਉਹ ਵਿਸ਼ ਘੋਲ ਰਿਹਾ ਸੀ ਜਿਵੇਂ ਮਨ ਹੀ ਮਨ ਕਹਿ ਰਿਹਾ ਹੋਵੇ... ਕਿ ਉਹ ਇਕ ਕੀ ਸੁਣ ਰਿਹਾ ਹੈ?

"ਜੇ ਯੱਗ ਵਿਚ ਬਲੀ ਦਿੱਤਾ ਪਸ਼ੂ... ਸਿੱਧਾ ਸਵਰਗ ਨੂੰ ਚਲਿਆ ਜਾਂਦਾ ਹੈ... ਫਿਰ ਜਜਮਾਨ ਆਪਣੇ ਪਿਤਾ ਨੂੰ ਇਸ ਤਰ੍ਹਾਂ ਸਵਰਗ ਵਿਚ ਕਿਉਂ ਨਹੀਂ ਪਹੁੰਚਾ ਦਿੰਦਾ।" ਕਲਾਸ ਵਿਚ ਵਿਦਿਆਰਥੀ ਖੁਲ੍ਹ ਕੇ ਹਸੇ ਸਨ। ਸਰ ਵੀ ਮੁਸਕਰਾਏ ਬਿਨਾ ਨਾ ਰਹਿ ਸਕੇ। "ਇਸ ਤੋਂ ਸਿੱਧ ਹੁੰਦਾ ਹੈ ਕਿ ਸਰਾਧ ਦਾ ਸੰਸਕਾਰ ਬ੍ਰਾਹਮਣਾਂ ਦੀ ਜੀਵਿਕਾ ਦਾ ਸਾਧਨ ਮਾਤਰ ਹੈ। ਇਹ ਸਾਰੇ ਸਰਾਧ ਤੇ ਸੰਸਕਾਰ ਮ੍ਰਿਤਕਾ ਲਈ ਹਨ। ਇਨ੍ਹਾਂ



ਨਾਲ ਕਿਤੇ ਵੀ ਕੋਈ ਫ਼ਲ ਨਹੀਂ ਮਿਲਦਾ। "

ਦੇਸੀ ਦਾਰੂ ਵਾਲੇ ਵਾਂਗ ਕਲਾਸ ਵਿਚ ਬੈਠੇ ਕੁਝ ਵਿਦਿਆਰਥੀ ਨੱਕ, ਬੁੱਲ੍ਹ ਵੱਟ ਰਹੇ ਸਨ। ਉਨ੍ਹਾਂ ਨੂੰ ਸਰ ਦੀਆਂ ਦੱਸੀਆਂ ਗੱਲਾਂ ਚੰਗੀਆਂ ਨਹੀਂ ਸਨ ਲੱਗ ਰਹੀਆਂ। ਸਰ ਨੇ ਸ਼ਪਸ਼ਟ ਕਰਦਿਆਂ ਕਿਹਾ ਸੀ ਕਿ ਇਹ ਉਨ੍ਹਾਂ ਦੇ ਆਪਣੇ ਵਿਚਾਰ ਨਹੀਂ, ਉਹ ਲੋਕਾਇਤਾਂ ਦਾ ਮੱਤ ਪ੍ਰਗਟ ਕਰ ਰਹੇ ਹਨ। ਉਨ੍ਹਾਂ ਨੇ ਅੱਗੇ ਬੋਲਦਿਆਂ ਦੱਸਿਆ ਸੀ ਕਿ ਲੋਕਾਇਤ ਪ੍ਰਤੱਖ ਇੰਦਰੀ ਬੋਧ ਨੂੰ ਮਹੱਤਵ ਦਿੰਦੇ ਸਨ... ਜਿਹੜਾ ਪੰਜੇ ਗਿਆਨ ਇੰਦਰੀਆਂ ਰਾਹੀਂ ਪ੍ਰਗਟ ਹੁੰਦਾ ਹੈ। ਆਤਮਾ ਹੋਰ ਕੁਝ ਨਹੀਂ। ਧਰਤ, ਅਗਨ ਤੇ ਵਾਯੂ ਦੇ ਉਸ ਰੂਪਾਂਤਰਣ ਦੀ ਰਸਾਇਣਕ ਪ੍ਰਕਿਰਿਆ ਦੇ ਸਿੱਟੇ ਵਜੋਂ ਜੀਵਨ, ਚੇਤਨਾ ਤੇ ਸਿਮਰਤੀ ਤੋਂ ਸੰਪੰਨ ਸਰੀਰ ਪੈਦਾ ਹੋਇਆ ਹੈ ਤੇ ਸਰੀਰ ਵਿਚ ਚੇਤਨਾ ਹੀ ਆਤਮਾ ਹੈ। ਇਸ ਤੋਂ ਅਲਗ ਇਸ ਸਰੀਰ ਵਿਚ ਪ੍ਰਵੇਸ਼ ਹੋਣ ਵਾਲੀ ਤੇ ਮਰਨ ਤੋਂ ਬਾਅਦ ਇਸ ਵਿਚੋਂ ਨਿਕਲ ਕੇ ਦੂਸਰੇ ਲੋਕ 'ਚ ਜਾਣ ਵਾਲੀ ਕੋਈ ਵਸਤੂ ਨਹੀਂ ਹੁੰਦੀ।

ਦੇਸੀ ਦਾਰੂ ਵਾਲੇ ਦਾ ਕੋਈ ਮਨਪਸੰਦ ਸੀਰੀਅਲ ਆ ਗਿਆ ਸੀ। ਉਹ ਰਤਾ ਕੁਰਸੀ ਪਰ੍ਹਾਂ ਕਰਕੇ ਉੱਚੀ ਅਵਾਜ਼ ਵਿਚ ਟੀ. ਵੀ. ਲਾ ਕੇ ਬੈਠ ਗਿਆ ਤਾਂ ਜੋ ਸਾਡੀਆਂ ਗੱਲਾਂ ਉਹਦੇ ਕੰਨਾਂ ਵਿਚ ਨਾ ਪੈਣ।

ਸਰ ਪੜ੍ਹਾ ਰਹੇ ਸਨ, "ਜੋ ਮਿਰਤੂ ਤੋਂ ਬਾਅਦ ਕਿਸੇ ਤਰ੍ਹਾਂ ਦਾ ਜੀਵਨ ਹੈ ਹੀ ਨਹੀਂ... ਫਿਰ ਸਰੀਰ ਵਿਚਲੀ ਚੇਤਨਾ ਤੋਂ ਬਿਨਾਂ ਕਿਸੇ ਹੋਰ ਆਤਮਾ ਦੀ ਧਾਰਨਾ... ਆਪਣੇ-ਆਪ ਰੱਦ ਹੋ ਜਾਂਦੀ ਹੈ... ਸਵਰਗ ਤੇ ਨਰਕ ਦੀ ਮਨੌਤ ਨਿਰੀ ਕਲਪਨਾ ਮਾਤਰ ਰਹਿ ਜਾਂਦੀ ਹੈ। ਤੇ ਫਿਰ ਨਾ ਕੋਈ ਮੋਕਸ਼ ...ਮੁਕਤੀ ਹੈ।"

"ਲੋਕਾਇਤ ਦਰਸ਼ਨ ਵੇਤਾ ਲੋਕਾਂ ਨੂੰ ਦੱਸਦੇ ਸਨ ਕਿ ਜਦ ਤਕ ਜੀਵਨ ਹੈ, ਤਦ ਤਕ ਆਦਮੀ ਨੂੰ ਸੁਖ ਪੂਰਵਕ ਰਹਿਣਾ ਚਾਹੀਦਾ ਹੈ... ਕਰਜਾ ਲੈ ਕੇ ਵੀ ਮਜੇ ਨਾਲ ਦੁੱਧ, ਘੀ ਖਾਣਾ ਚਾਹੀਦਾ ਹੈ।" ਸਰ ਨੇ ਦੱਸਿਆ ਸੀ ਕਿ ਇਹਨਾਂ ਗੱਲਾਂ ਵਿਚ ਲੋਕਾਂ ਦੀ ਭਲਾਈ ਸੀ। ਇਸ ਦਰਸ਼ਨ ਦਾ ਨਾਂ ਲੋਕਾਇਤ-ਆਮ ਲੋਕਾਂ ਦਾ ਦਰਸ਼ਨ ਪੈ ਗਿਆ ਸੀ।

ਸਰ ਨੇ ਹੱਸਦਿਆਂ ਕਿਹਾ ਸੀ ਕਿ ਲੋਕਾਇਤਾਂ ਦੀਆਂ ਗੱਲਾਂ ਨੂੰ ਲੋਕੀ ਸਮਝਣ ਲੱਗ ਪਏ ਸਨ। ਕਿ ਇਹ ਸਾਰਾ ਬ੍ਰਾਹਮਣਾਂ ਨੇ ਆਪਣੀ ਰੋਜੀ-ਰੋਟੀ ਲਈ ਬਣਾਇਆ ਪਾਖੰਡ ਹੈ, ਪ੍ਰਪੰਚ ਹੈ। ਬ੍ਰਾਹਮਣਾਂ ਦੀਆਂ ਗੱਲਾਂ ਲੋਕਾਂ ਨੂੰ ਚੰਗੀਆਂ ਲੱਗਣੋਂ ਹਟ ਗਈਆਂ ਸਨ। ... ਪਰ ਦੂਸਰੇ ਪਾਸੇ ਬ੍ਰਾਹਮਣ ਕਿਹੜਾ ਟਿਕ ਕੇ ਬੈਠਣ ਵਾਲੇ ਸਨ। ਉਹ ਲੋਕਾਇਤਾਂ ਦੀਆਂ ਗੱਲਾਂ ਨੂੰ ਚਰਮ, ਚਮੜੀ ਤੱਕ ਸੀਮਿਤ ਦੱਸਦੇ। ਕਿ ਇਹ ਚਰਮ-ਸੁਖ ਇੰਦਰੀ ਸੁਖ ਤੱਕ ਸੀਮਿਤ ਹਨ। ਬੱਸ ਖਾਣ-ਪਹਿਨਣ ਤੱਕ ਸੀਮਿਤ... ਇਹ ਕੇਵਲ ਘੱਟ ਸਮਝ ਵਾਲਿਆਂ ਲਈ ਹਨ। ਇਹਨਾਂ ਦੇ ਉੱਚੇ ਆਦਰਸ਼ ਤਾਂ ਕੀ ਕੋਈ ਆਦਰਸ਼ ਹੀ ਨਹੀਂ ਹਨ। ਉਹ ਕਹਿੰਦੇ ਕਿ ਭੌਤਿਕਵਾਦ ਨਿਰਾ ਪੇਟੂਪਣ... ਅੱਖਾਂ ਦੀ ਪਿਆਸ ਬੁਝਾਉਣਾ, ਮਨਮਾਨਾ ਇੰਦਰੀ ਭੋਗ ਕਰਨਾ... ਹੰਕਾਰ, ਤ੍ਰਿਸ਼ਨਾ, ਲੋਭ ਮੁਨਾਫ਼ਾ-ਖੋਰੀ ਦਾ ਨਾਮ ਹੈ।

ਬ੍ਰਾਹਮਣਾਂ ਨੇ ਇਸ ਦੇ ਨਾਲ ਮਹਾਂਭਾਰਤ ਦੀ ਇਕ ਕਥਾ ਜੋੜਦਿਆਂ... ਇਸ ਦਾ ਨਾਂ ਚਾਰਵਾਕਵਾਦ' ਰੱਖ ਦਿੱਤਾ। ਸਰ ਕਹਾਣੀ ਸੁਣਾਉਂਦੇ ਕਿ ਕੁਰੂਕਸ਼ੇਤਰ ਵਿਚ ਹੋਏ ਮਹਾਂਭਾਰਤ ਦੇ ਯੁੱਧ ਵਿਚ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਪਾਂਡਵ ਖੁਸ਼ੀ ਵਿਚ ਵਾਪਸ ਪਰਤ ਰਹੇ ਸਨ ਯੁਧਿਸ਼ਟਰ ਨੂੰ ਆਸ਼ੀਰਵਾਦ ਦੇਣ ਲਈ ਹਾਜ਼ਾਰਾਂ ਬ੍ਰਾਹਮਣ ਹਸਤਨਾਪੁਰ ਦੇ ਮੁੱਖ ਦਵਾਰ ਤੇ ਇਕੱਠੇ ਹੋਏ ਖੜ੍ਹੇ ਸਨ। ਉਹਨਾਂ ਵਿਚ ਚਾਰਵਾਕ ਵੀ ਸੀ। ਬ੍ਰਾਹਮਣ ਯੁਧਿਸ਼ਟਰ ਦੀ ਧੂੰਆਂਧਾਰ ਉਸਤਤ ਕਰੀ ਜਾ ਰਹੇ ਸਨ। ਇਨ੍ਹਾਂ ਬ੍ਰਾਹਮਣਾਂ ਦੀ ਪਰਵਾਹ ਨਾ ਕਰਦਿਆਂ ਚਾਰਵਾਕ ਅੱਗੇ ਵਧਿਆ ਅਤੇ ਯੁਧਿਸ਼ਟਰ ਨੂੰ ਸਿੱਧਾ ਸੰਬੋਧਨ ਕਰਦਿਆਂ ਬੋਲਿਆ, "ਆਪਣੇ ਹੀ ਰਿਸ਼ਤੇ-ਨਾਤੇਦਾਰਾਂ ਨੂੰ ਮੌਤ ਦੇ ਘਾਟ ਉਤਾਰਨ 'ਤੇ ਮੈਂ ਤੈਨੂੰ ਧਰਕਾਰਦਾ ਹਾਂ। ਅਸਲ ਵਿਚ ਤੈਂ ਜੋ ਕੁਝ ਪ੍ਰਾਪਤ ਕੀਤਾ ਉਹ ਆਪਣੇ ਗੁਰੂ, ਭਾਈ, ਭਤੀਜਿਆਂ ਤੇ ਨਜਦੀਕੀ ਰਿਸ਼ਤੇਦਾਰਾਂ ਦਾ ਨਾਸ਼ ਕਰਕੇ ਪ੍ਰਾਪਤ ਕੀਤਾ ਹੈ। ਤੈਨੂੰ ਤਾਂ ਸ਼ਰਮ ਨਾਲ ਮਰ ਜਾਣਾ ਚਾਹੀਦਾ ਹੈ।"

"ਚਾਰਵਾਕ ਦੀ ਇਸ ਤਰ੍ਹਾਂ ਦੀ ਘੋਸ਼ਣਾ ਸੁਣਕੇ ਬ੍ਰਾਹਮਣ ਹੈਰਾਨ ਰਹਿ ਗਏ। ਯੁਧਿਸ਼ਟਰ ਦਾ ਜਿੱਤ ਦਾ ਹੰਕਾਰ ਚਕਨਾਚੂਰ ਹੋ ਗਿਆ। ਉਹ ਆਤਮ ਹੱਤਿਆ ਕਰਨ ਦਾ ਮਨ ਬਣਾਉਣ ਲੱਗਿਆ। ਪਰ ਇਸੇ ਸਮੇਂ ਬ੍ਰਾਹਮਣਾਂ ਨੂੰ ਫੁਰਨਾ ਫੁਰਿਆ। ਉਨ੍ਹਾਂ ਨੇ ਯੁਧਿਸ਼ਟਰ ਨੂੰ ਭਰੋਸਾ ਦਿੱਤਾ ਕਿ ਉਹਨੂੰ ਚਾਰਵਾਕ ਦੇ ਆਖੇ ਹੋਏ ਨੂੰ ਗੰਭੀਰਤਾ ਨਾਲ ਨਹੀਂ ਲੈਣਾ ਚਾਹੀਦਾ। ਕਿਉਂਕਿ ਚਾਰਵਾਕ ਉਨ੍ਹਾਂ ਦਾ ਸੱਚਾ ਸ਼ਰਧਾਵਾਨ ਹੋਣ ਦੀ ਥਾਂ ਅਸਲ ਵਿਚ ਬ੍ਰਾਹਮਣ ਦਾ ਰੂਪ ਧਾਰਨ ਕੀਤੇ ਹੋਏ ਰਾਖ਼ਸ਼, ਦੈਂਤ ਹੈ, ਉਹ ਦੁਰਯੋਧਨ ਦਾ ਮਿੱਤਰ ਤੇ ਸਹਿਯੋਗੀ ਰਿਹਾ ਹੈ। ਉਨ੍ਹਾਂ ਨੇ ਸਮਰਾਟ ਯੁਧਿਸ਼ਟਰ ਨੂੰ ਵਿਸ਼ਵਾਸ ਦਵਾਇਆ ਕਿ ਸੱਚੇ ਬ੍ਰਾਹਮਣਾਂ ਦੇ ਹਿਰਦੇ ਉਨ੍ਹਾਂ ਦੀ ਗੌਰਵਸ਼ਾਲੀ ਜਿੱਤ ਦੀ ਖੁਸ਼ੀ ਨਾਲ ਭਰੇ ਪਏ ਹਨ। ... ਤੇ ਉਨ੍ਹਾਂ ਨੇ ਚਾਰਵਾਕ ਨੂੰ ਜਲਾ ਕੇ ਰਾਖ ਕਰ ਦਿੱਤਾ। ਸਮਰਾਟ ਯੁਧਿਸ਼ਟਰ ਨੇ ਬ੍ਰਾਹਮਣਾਂ ਦਾ ਧੰਨਵਾਦ ਕੀਤਾ। ਤੇ ਉਨ੍ਹਾਂ ਨੂੰ ਮੂੰਹ ਮੰਗਿਆ ਦਾਨ ਦੇ ਕੇ ਵਿਦਾ ਕੀਤਾ।"

ਵਿਦਿਆਰਥੀਆਂ ਨੂੰ ਸਰ ਦੀ ਪੂਰੀ ਗੱਲ ਸਮਝ ਆਈ ਜਾਂ ਨਹੀਂ ਆਈ। ਪਰ ਉਨ੍ਹਾਂ ਨੇ ਮੱਥੇ ਤੇ ਆਈ ਤ੍ਰੇਲੀ ਪੂੰਝਦਿਆ ਕਿਹਾ ਕਿ ਬ੍ਰਾਹਮਣਾਂ ਨੇ ਲੋਕਾਇਤ ਨੂੰ 'ਚਾਰਵਾਕਵਾਦ' 'ਦੈਂਤਵਾਦ' ਕਹਿਣਾ ਸ਼ੁਰੂ ਕਰ ਦਿੱਤਾ ਸੀ। ਇਸਦੇ ਨਾਲ ਉਨ੍ਹਾਂ ਨੇ ਦੈਂਤਾਂ ਤੇ ਦੇਵਤਿਆਂ ਦੀ ਇਕ ਹੋਰ ਕਹਾਣੀ ਜੋੜ ਲਈ। ਕਿ ਦੈਂਤ ਜਿੱਤਦੇ ਹੀ ਜਾ ਰਹੇ ਸਨ, ਦੇਵਤਿਆਂ ਕੋਲੋਂ ਹਾਰਦੇ ਨਹੀਂ ਸਨ। ਦੇਵਤੇ ਇਕੱਠੇ ਹੋ ਕੇ ਦੈਂਤਾਂ ਤੇ ਦੇਵਤਿਆਂ ਦੇ ਗੁਰੂ ਬ੍ਰਿਹਿਸਪਤ ਕੋਲ ਗਏ। ਗੁਰੂ ਬ੍ਰਿਹਿਸਪਤ ਨੇ ਦੈਂਤਾਂ ਨੂੰ ਭੌਤਿਕਵਾਦ, ਚਾਰਵਾਕਵਾਦ ਸਿਖਾਇਆ। ਦੈਂਤਾਂ ਦਾ ਆਤਮਾ, ਪਰਮਾਤਮਾ ਵਿਚੋਂ ਵਿਸ਼ਵਾਸ਼ ਜਾਂਦਾ ਰਿਹਾ। ਉਹ ਬ੍ਰਹਮਾ, ਵਿਸ਼ਣੂ ਤੇ ਸ਼ਿਵ ਦੀਆਂ ਦਿੱਤੀਆਂ ਸ਼ਕਤੀਆਂ ਤੋਂ ਹੀਣ, ਹੋ ਗਏ ਤੇ ਸ਼ਕਤੀਹੀਨ ਦੈਤਾਂ ਨੂੰ ਦੇਵਤਿਆਂ ਨੇ ਯੁੱਧ ਵਿਚ ਹਰਾ ਦਿੱਤਾ। ਇਸ ਤਰ੍ਹਾਂ ਇਸ ਦਾ ਨਾਂ ਚਾਰਵਾਕ ਬ੍ਰਾਹਮਣ ਤੇ ਦੈਂਤਾਂ ਦੇ ਨਾ 'ਤੇ 'ਚਾਰਵਾਕਵਾਦ' ਪੈ ਗਿਆ।

ਬ੍ਰਾਹਮਣਾਂ ਨੇ ਲੋਕਾਇਤਵਾਦ ਦੀ ਨਿੰਦਿਆਂ ਕਰਨ ਲਈ ਇਸਦਾ ਨਾਂ ਮਹਾਂਭਾਰਤ ਦੇ ਚਾਰਵਾਕ ਦੈਂਤ ਦੇ ਨਾਂ 'ਤੇ ਚਾਰਵਾਕਵਾਦ ਰੱਖਿਆ ਤੇ ਇਸਨੂੰ ਦਾਨਵਵਾਦ ਬਣਾ ਕੇ ਪੇਸ਼ ਕੀਤਾ। ਅਜਿਤ, ਕੇਸ਼ ਕੰਬਲ ਆਦਿ ਸੈਂਕੜੇ ਲੋਕਾਇਤਵਾਦੀ ਇਸਨੂੰ ਲਹਿਰ ਦਾ ਰੂਪ ਨਹੀਂ ਦੇ ਸਕੇ... ਕਿਉਂਕਿ ਉਹਨਾਂ ਨੇ ਅਲਗ ਵਿਚਾਰ ਰੱਖਦਿਆਂ ਵੀ ਸੰਨਿਆਸ ਧਾਰਨ ਕੀਤਾ ਹੋਇਆ ਸੀ ਪਰ ਮਹਾਤਮਾ ਬੁੱਧ ਤੇ ਉਹਦੇ ਭਿਕਸ਼ੂਆਂ ਨੇ ਵਖਰੇ ਵਿਚਾਰਾਂ ਦੇ ਨਾਲ ਵਖਰੀ ਜੀਵਨ ਸ਼ੈਲੀ ਅਪਣਾਈ।

ਇੰਦਰ ਸਿੰਘ ਨੇ ਵੀ ਮੇਰੇ ਨਾਲ ਸਹਿਮਤ ਹੁੰਦਿਆਂ ਕਿਹਾ, "ਤਾਂ ਹੀ ਤਾਂ ਬੁੱਧ ਧਰਮ ਭਾਰਤ ਤੋਂ ਬਾਹਰ ਚੀਨ, ਜਾਪਾਨ, ਲੰਕਾ, ਮਲਾਇਆ, ਕੋਰੀਆ, ਥਾਈਲੈਂਡ, ਬਰਮਾ ਆਦਿ ਦੇਸ਼ਾ ਦੇ ਲੋਕਾਂ ਨੇ ਆਪਣਾ ਲਿਆ ਸੀ।" ਅਰਵਿੰਦਰ ਸਰ ਨੇ ਦੱਸਿਆ ਸੀ ਕਿ ਆਮ ਲੋਕਾਂ ਤੋਂ ਬਿਨਾਂ ਉਸ ਵੇਲੇ ਦੇ ਰਾਜਿਆਂ, ਸਾਮੰਤਾਂ, ਵਪਾਰੀਆਂ ਨੇ ਵੀ ਬੁੱਧ ਧਰਮ ਗ੍ਰਹਿਣ ਕਰ ਲਿਆ ਸੀ। ਤੇ ਸਰ ਪ੍ਰਸੇਨਜਿਤ ਰਾਜੇ ਦੁਆਰਾ ਬੁੱਧ ਧਰਮ ਦਾ ਉਪਾਸ਼ਕ ਬਣਨ ਦੀ ਕਹਾਣੀ ਸੁਣਾਇਆ ਕਰਦੇ ਸਨ।

ਪ੍ਰਸੇਨਜਿਤ ਇਹ ਪਤਾ ਲਗਦਿਆਂ ਹੀ ਕਿ ਤਥਾਗਤ ਬੁੱਧ ਆ ਰਹੇ ਹਨ ਕੌਸ਼ਲ ਦੀ ਰਾਜਧਾਨੀ ਸਰਾਵਸਤੀ ਦੇ ਬੋਧ ਵਿਹਾਰ ਵਿਚ ਪਹੁੰਚ ਗਿਆ। ਰਾਜੇ ਨੇ ਦੇਖਿਆ ਕਿ ਆਮ ਨਾਗਰਿਕਾਂ ਨੂੰ ਵੀ ਬੋਧ ਭਿਕਸ਼ੂ ਮਿਲ ਰਹੇ ਸਨ... ਪਰ ਰਾਜੇ ਵੱਲ ਕਿਸੇ ਨੇ ਧਿਆਨ ਨਾ ਦਿੱਤਾ। ਤਦ ਰਾਜਾ ਆਪ ਚੱਲਕੇ ਲਕੜੀਆਂ ਪਾੜ ਰਹੇ ਭਿਕਸ਼ੂ ਕੋਲ ਗਿਆ। ਤੇ ਬੋਧ ਵਿਹਾਰ ਦੇ ਮੁੱਖੀ ਬਾਰੇ ਪੁੱਛਿਆ।

ਭਿਕਸ਼ੂ ਨੇ ਇਸ਼ਾਰਾ ਕਰਕੇ ਦੱਸਿਆ ਕਿ ਧਰਮ ਦੀਕਸ਼ਤ ਹੋਰ ਭਿਕਸ਼ੂਆਂ ਨਾਲ ਝਾੜੂ ਲਾ ਰਹੇ ਹਨ। ਰਾਜੇ ਨੇ ਅਚੰਭਿਤ ਹੁੰਦਿਆਂ ਸਵਾਲ ਕੀਤਾ–

"ਉਹ ਜਿਹੜੇ ਕਾਲੇ ਜਹੇ ਹਨ।"

"ਉਹ ਕਾਲੇ ਜਹੇ ਸਾਡੇ ਵਿਚੋਂ ਸਭ ਤੋਂ ਗਿਆਨਵਾਨ ਸਭ ਤੋਂ ਸ੍ਰੇਸ਼ਠ ਹਨ। ਉਹ ਚੰਡਾਲ ਕੁਲ ਵਿਚੋਂ ਹਨ। ਸੰਘ ਵਿਚ ਇਸਤਰੀ, ਪੁਰਸ਼ ਬ੍ਰਾਹਮਣ ਤੋਂ ਲੈ ਕੇ ਚੰਡਾਲ ਜਾਤੀ ਤਕ ਦੇ ਸਭ ਬਰਾਬਰ ਹਨ। ਧਰਮ



ਦੀਕਸਤ ਆਪਣੀ ਵਿਦਿਆ ਤੇ ਗੁਣਾਂ ਕਰਕੇ ਸਾਰੇ ਕੌਸ਼ਲ ਰਾਜ ਦੇ ਭਿਕਸ਼ੂ ਸੰਘ ਦੇ ਨਾਇਕ ਨੇ। ... ਜੇ ਕਿਸੇ ਦਿਨ ਭਿਖਿਆ ਦਾ ਅੰਨ ਬਹੁਤ ਥੋੜਾ ਵੀ ਹੋਵੇ... ਤਾਂ ਵੀ ਸਾਰਿਆ ਵਿਚ ਵੰਡ ਕੇ ਖਾਂਦੇ ਹਨ।"

ਭਿਕਸ਼ੂ ਨੇ ਅਚੰਭਿਤ ਹੁੰਦੇ ਜਾ ਰਹੇ ਰਾਜੇ ਨੂੰ ਹੋਰ ਦੱਸਿਆ ਕਿ ਭਿਕਸ਼ੂਆਂ ਦੇ ਤਿੰਨ ਕਪੜੇ ਤੇ ਭਿਕਸ਼ਾ ਮੰਗਣ ਦਾ ਮਿੱਟੀ ਦੇ ਬਰਤਨ ਆਪਣੀ ਮਲਕੀਅਤ ਹੈ। ਇਸ ਤੋਂ ਬਿਨਾਂ ਸਭ ਕੁਝ ਸੰਘ ਦਾ ਹੈ। ਬੋਧ ਵਿਹਾਰ ਦੇ ਨਾਂ ਜਿਹੜੀ ਜ਼ਮੀਨ ਹੈ, ਉਸ ਵਿਚ ਭਿਕਸ਼ੂ ਖੇਤੀ ਕਰਦੇ ਹਨ, ਉਹ ਜ਼ਮੀਨ ਵੀ ਸੰਘ ਦੀ ਜਾਇਦਾਦ ਹੈ। ਭਿਕਸ਼ੂ ਦੀਆਂ ਗੱਲਾਂ ਸੁਣਕੇ ਰਾਜਾ ਬਹੁਤ ਪ੍ਰਭਾਵਿਤ ਹੋਇਆ। ਉਹ ਸੰਘ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦਾ ਸੀ। ਭਿਕਸ਼ੂ ਲਕੜੀਆਂ ਪਾੜਨੀਆਂ ਛੱਡ ਕੇ ਇਕ ਪਾਸੇ ਬਹਿ ਕੇ ਰਾਜੇ ਨੂੰ ਦੱਸਣ ਲੱਗਿਆ ਕਿ ਸੰਘ ਦੀ ਬੁਨਿਆਦ ਕਪਿਲ ਵਸਤੂ, ਵਿਚ ਚੱਲਦੇ ਸ਼ਾਸ਼ਨ ਪ੍ਰਬੰਧ ਦੇ ਆਧਾਰ 'ਤੇ ਰੱਖੀ ਗਈ ਹੈ। ਤੇ ਭਿਕਸ਼ੂ ਰਾਜੇ ਨੂੰ ਕਪਿਲ ਵਸਤੂ ਵਿਚ ਚਲ ਰਹੀਆਂ ਸਮਿਤੀਆਂ ਦੀ ਕਾਰਗੁਜਾਰੀ ਬਾਰੇ ਦੱਸਣ ਲੱਗਿਆ–

ਕਿ ਸ਼ਾਕਿਆ ਗਣ ਦਾ ਪ੍ਰਧਾਨ ਸ਼ਕਤੀਹੀਣ ਹੁੰਦਾ ਹੈ, ਪਰ ਕਹਾਉਂਦਾ 'ਰਾਜਾ' ਹੀ ਹੈ। ਪਹਿਲਾਂ ਬੁੱਧ ਦਾ ਪਿਤਾ ਸ਼ੁਧੋਧਨ ਰਾਜਾ ਸੀ। ਉਸਦੀ ਮੌਤ ਤੋਂ ਬਾਅਦ ਬਜ਼ੁਰਗਾਂ ਦੀ ਸਮਿਤੀ ਨੇ ਨਵੇਂ ਰਾਜੇ ਦੀ ਚੋਣ ਕਰਨੀ ਸੀ। ਬਜ਼ੁਰਗਾਂ ਦੀ ਸਮਿਤੀ ਨੇ ਬੁੱਧ ਦੇ ਚਚੇਰੇ ਭਰਾ ਭਦੀਯ ਨੂੰ ਰਾਜ-ਪ੍ਰਬੰਧ ਚਲਾਉਣ ਲਈ ਚੁਣਿਆ। ਰਾਜੇ ਦੇ ਚੁਣੇ ਜਾਣ ਤੇ ਸ਼ਕਤੀਹੀਣ ਹੋਣ ਦੀ ਗੱਲ ਕੌਸ਼ਲ ਨਰੇਸ਼ ਪ੍ਰਸੇਨਜਿਤ ਬੜੇ ਧਿਆਨ ਨਾਲ ਸੁਣ ਰਿਹਾ ਸੀ।

ਭਿਕਸ਼ੂ ਨੇ ਅੱਗੇ ਦੱਸਿਆ ਕਿ ਉਸ ਤੋਂ ਬਾਦ ਆਮ ਨਾਗਰਿਕਾਂ ਦੀ ਸਮਿਤੀ ਦਾ ਅਧਿਵੇਸ਼ਨ ਸੰਸਥਾਗਾਰ ਵਿਚ ਬੁਲਾਇਆ ਗਿਆ। ਜਿਸ ਵਿਚ ਯੁਵਾ ਤੇ ਬਿਰਧ, ਗਰੀਬ ਤੇ ਅਮੀਰ ਸਭ ਸ਼ਾਮਿਲ ਹੋਏ।

ਅਧਿਵੇਸ਼ਨ ਵਿਚ ਬੈਠਣ ਦਾ ਪ੍ਰਬੰਧ ਵਿਸ਼ਿਸ਼ਟ ਅਧਿਕਾਰੀ ਜਿਸਨੂੰ ਪਾਲੀ ਭਾਸ਼ਾ ਵਿਚ 'ਆਸ ਪ੍ਰਗਿਆਪਰਕਾ' ਕਹਿੰਦੇ ਸਨ ਨੇ ਕੀਤਾ। ਅਧਿਵੇਸ਼ਨ ਦੀ ਪ੍ਰਧਾਨਗੀ ਰਾਜਾ ਆਪ ਨਹੀਂ ਸੀ ਕਰਦਾ ਸਗੋਂ ਵਿਨਯਧਰ (ਪ੍ਰਧਾਨ) ਕਰਦਾ ਸੀ।

ਮੰਤਰਣਾ ਆਰੰਭ ਕਰਨ ਤੋਂ ਪਹਿਲਾਂ ਗਣਪੂਰਕ ਨੇ ਸਦੱਸਿਆਂ ਦੀ ਗਿਣਤੀ ਕੀਤੀ। ਕੋਰਮ ਪੂਰਾ ਹੋਣ ਦੀ ਨਿਸ਼ਚਿਤ ਗਿਣਤੀ ਜ਼ਰੂਰੀ ਸੀ। ਪਰ ਸਦੱਸਿਆਂ ਵਿਚ ਵਿਨਯਧਰ (ਪ੍ਰਧਾਨ) ਦੀ ਗਿਣਤੀ ਨਹੀਂ ਕੀਤੀ ਜਾਂਦੀ ਸੀ।

ਵਿਨਯਧਰ ਨੇ ਉੱਚੀ ਆਵਾਜ਼ ਵਿਚ ਕਿਹਾ ਸੀ ਕਿ ਅੱਜ ਦੇ ਅਧਿਵੇਸ਼ਨ ਵਿਚ ਰਾਜੇ ਦੀ ਚੋਣ ਤੇ ਹੀ ਵਾਦ-ਵਿਵਾਦ ਹੋਵੇਗਾ। ਬਾਕੀ ਸਾਰੇ ਪ੍ਰਸਤਾਵਾਂ 'ਤੇ ਵਾਦ-ਵਿਵਾਦ ਰੋਕ ਦਿੱਤਾ ਗਿਆ ਹੈ।

ਅਧਿਵੇਸ਼ਨ ਵਿਚ ਬਜ਼ੁਰਗਾਂ ਦੀ ਸਮਿਤੀ ਨੇ ਰਾਜੇ ਦੀ ਪਦਵੀ ਲਈ ਭਦੀਯ ਦੇ ਨਾਂ ਦਾ ਪ੍ਰਸਤਾਵ ਪੇਸ਼ ਕੀਤਾ ਚਾਰੇ ਪਾਸੇ ਚੁਪ ਛਾ ਗਈ। ਪ੍ਰਸਤਾਵ 'ਤੇ ਮੌਨ ਰਹਿਣ ਨੂੰ ਸਵੀਕ੍ਰਿਤੀ ਸਮਝ ਲਿਆ ਜਾਂਦਾ ਸੀ। ਵਿਨਯਧਰ ਨੇ ਭਦੀਯ ਦੀ ਰਾਜੇ ਵਜੋਂ ਚੋਣ ਦਾ ਪ੍ਰਸਤਾਵ ਸਰਵ ਸੰਮਤੀ ਨਾਲ ਪਾਸ ਹੋਇਆ ਐਲਾਨ ਕਰ ਦਿੱਤਾ ਸੀ।

ਰਾਜੇ ਨੇ ਭਿਕਸ਼ੂ ਨੂੰ ਪੁਛਿਆ ਕਿ ਜੇ ਰਾਜੇ ਦੀ ਚੋਣ ਦਾ ਪ੍ਰਸਤਾਵ ਸਰਵ ਸਮੰਤੀ ਨਾਲ ਪਾਸ ਨਾ ਹੁੰਦਾ... ਫੇਰ ਕੀ ਹੋਣਾ ਸੀ?

"ਪ੍ਰਸਤਾਵ ਦੇ ਪੇਸ਼ ਹੋਣ 'ਤੇ ਜੇ ਸਰਵ ਸੰਮਤੀ ਨਾ ਬਣਦੀ।" ਭਿਕਸ਼ੂ ਨੇ ਦੱਸਿਆ "ਤਾਂ ਪ੍ਰਸਤਾਵ ਦੇ ਪਾਸ ਹੋਣ ਜਾਂ ਨਾ ਪਾਸ ਹੋਣ ਸੰਬੰਧੀ ਫੈਸਲਾ ਛੰਦ (ਵੋਟਾਂ) ਨਾਲ ਹੋਣਾ ਸੀ।"

ਭਿਕਸ਼ੂ ਨੇ ਰਾਜਾ ਨੂੰ ਦੱਸਿਆ ਸੀ, "ਵੋਟਾਂ ਗਿਣਨ ਵਾਲੇ ਅਧਿਕਾਰੀ ਨੂੰ ਗਾਹਾਧਕ ਕਹਿੰਦੇ ਹਨ। ਉਹ ਬਰਾਬਰ ਗਿਣਤੀ ਦੀਆਂ ਲਾਲ ਤੇ ਕਾਲੀਆ ਸਲਾਕਾਂ (ਸੀਖਾਂ) ਲੈ ਕੇ ਕੱਲੇ ਕੱਲੇ ਸਦੱਸਿਆਂ ਕੋਲ ਜਾਂਦਾ ਹੈ। ਜਿਹੜਾ ਸਦੱਸਿਆਂ ਪ੍ਰਸਤਾਵ ਦੇ ਹੱਕ ਵਿਚ ਹੋਵੇ, ਉਹ ਲਾਲ ਸਲਾਕ ਚੁੱਕਦਾ ਹੈ, ਤੇ ਜਿਸਨੇ ਵਿਰੋਧ

ਵਿਚ ਵੋਟ ਪਾਉਣੀ ਹੋਵੇ ਉਹ ਕਾਲੀ ਸਲਾਕ ਚੁੱਕਦਾ ਹੈ। ਬਾਦ ਵਿਚ ਉਹ ਬਾਕੀ ਬਚਦੀਆਂ ਸਲਾਕਾ ਦੀ ਗਿਣਤੀ ਕਰਦਾ ਹੈ। ਜੇ ਲਾਲ ਸਲਾਕਾਂ ਘੱਟ ਬਚਣ ਇਸ ਦਾ ਮਤਲਬ ਹੋਇਆ-ਲਾਲ ਸਲਾਕਾਂ ਵੱਧ ਚੁੱਕੀਆਂ ਪਸਤਾਵ ਪਾਸ ਹੋ ਗਿਆ ਜੇ ਕਾਲੀਆਂ ਸਲਾਕਾਂ ਘੱਟ ਬਚਣ ਤਾਂ ਇਸ ਦਾ ਭਾਵ ਹੈ ਕਿ ਕਾਲੀਆਂ ਸਲਾਕਾਂ ਵੱਧ ਚੁੱਕੀਆਂ ਗਈਆਂ। ਸਦੱਸਿਆਂ ਨੇ ਵੋਟਾਂ ਰਾਹੀ ਪ੍ਰਸਤਾਵ ਰੱਦ ਕੀਤਾ ਸਮਝ ਲਿਆ ਜਾਂਦਾ ਹੈ।'' ਭਿਕਸ਼ੂ ਨੇ ਇਸ ਦੇ ਬਾਰੇ ਕੁੱਝ ਚੋਰ ਗੱਲਾਂ ਦੱਸੀਆਂ-

''ਮਤਾਧਿਕਯ (ਮਤਾਧਿਕਾਰ) ਵੋਟਾਂ ਪਾਉਣ ਲਈ ਸਭ ਨਾਗਰਿਕ ਸੁਤੰਤਰ ਹਨ। ਇਕ ਵਾਰ ਇਕ ਪ੍ਰਸ਼ਨ ਤੇ ਵਿਚਾਰ ਹੋਣ ਤੋਂ ਬਾਅਦ ਫੇਰ ਉਸ 'ਤੇ ਵਿਚਾਰ ਨਹੀਂ ਕੀਤਾ ਜਾਂਦਾ। ਲੇਖਕ ਅਧਿਵੇਸ਼ਨ ਦਾ ਰਿਕਾਰਡ ਸੁਰੱਖਿਅਤ ਰੱਖਦਾ ਹੈ।

ਇਸ ਪ੍ਰਕਾਰ ਇਹ ਕਾਰਜ ਕਰਮ ਜਨ-ਤੰਤਰੀਆ ਹੈ।'' ਰਾਜਾ ਸਮਿਤੀਆਂ ਦੀ ਕਾਰਵਾਈ ਬਾਰੇ ਹੋਰ ਪ੍ਰਸ਼ਨ ਪੁਛਣਾ ਚਾਹੁੰਦਾ ਸੀ। ਉਹਨੂੰ ਤਥਾਗਤ ਦੇ ਆਉਣ ਦਾ ਪਤਾ ਲੱਗਿਆ।

ਰਾਜਾ ਪ੍ਰਸੇਨਜਿਤ ਗੁੱਸੇ ਨਾਲ ਤ੍ਰੇਲੀਓ-ਤ੍ਰੇਲੀ ਹੋਣ ਲੱਗਿਆ। ਉਹਦੇ ਰਾਜ ਦਰਬਾਰ ਵਿਚ ਵੱਡੇ ਵੱਡੇ ਰਿਸ਼ੀ ਬ੍ਰਾਹਮਣ, ਪੁਜਾਰੀ ਆਉਂਦੇ ਸਨ। ਉਹ ਉਨ੍ਹਾਂ ਨੂੰ ਆਸਣ ਗ੍ਰਹਿਣ ਕਰਵਾਉਂਦਾ ਸੀ। ਰਾਜਾ ਉਨ੍ਹਾਂ ਦੀ ਪੂਜਾ-ਅਰਚਨਾ ਕਰਕੇ ਦਾਨ-ਦੱਖਣਾ ਦੇ ਕੇ ਵਿਦਾ ਕਰ ਦਿੰਦਾ ਸੀ।

ਪਰ ਇਥੇ ਤਾਂ ਉਹਨੂੰ ਬਿਲਕੁਲ ਨਜ਼ਰ ਅੰਦਾਜ਼ ਕਰ ਦਿੱਤਾ ਗਿਆ ਸੀ। ਤਥਾਗਤ ਬੁੱਧ, ਚੇਲਿਆ ਸਮੇਤ ਉਹਦੇ ਕੋਲ ਨੂੰ ਲੰਘਕੇ ਬੋਧ ਵਿਹਾਰ ਦੇ ਪਿਛਲੇ ਪਾਸੇ ਬੋਹੜ ਦੇ ਰੁੱਖ ਥੱਲੇ ਬਹਿਕੇ ਵਿਖਿਆਨ ਦੇਣ ਲਗ ਪਏ ਸਨ। ਰਾਜਾ ਆਪਣੇ ਆਪ ਨੂੰ ਅਪਮਾਨਿਤ ਮਹਿਸੂਸ ਕਰ ਰਿਹਾ ਸੀ। ਉਸ ਨੇ ਅੱਕ ਕੇ ਲਕੜੀਆਂ ਪਾੜ ਰਹੇ ਭਿਕਸ਼ੂ ਨੂੰ ਤਥਾਗਤ ਬੁੱਧ ਕੋਲ ਭੇਜਿਆ ਕਿ ਪੁੱਛ ਕੇ ਆਵੇ... ਕੌਸ਼ਲ ਨਰੇਸ਼ ਪ੍ਰਸੇਨਜਿਤ ਉਨ੍ਹਾਂ ਨੂੰ ਮਿਲਣ ਆਇਆ ਹੈ।

ਤਥਾਗਤ ਦੇ ਪ੍ਰਮੁੱਖ ਚੇਲੇ ਆਨੰਦ ਨੇ ਆ ਕੇ ਰਾਜੇ ਨੂੰ ਕਿਹਾ ਕਿ ਉਹ ਜਨ-ਸਾਧਾਰਨ ਦੇ ਸਤਿਕਾਰ ਲਈ ਰਾਜ ਸੱਤਾ ਦੇ ਚਿਨ੍ਹ ਮੁਕਟ, ਕਟਾਰ, ਤੀਰ-ਕਮਾਣ ਤੇ ਹੀਰਿਆਂ ਜੜੇ ਵਸਤਰ ਉਤਾਰ ਕੇ ਆਮ ਆਦਮੀਆਂ ਵਾਂਗ ਤਥਾਗਤ ਨੂੰ ਮਿਲ ਸਕਦਾ ਹੈ। ਰਾਜੇ ਨੇ ਅਤਿਅੰਤ ਗੁੱਸੇ ਵਿਚ ਸ਼ਾਹੀ ਵਸਤਰ ਉਤਾਰੇ। ਪਰ ਜਦ ਉਸਨੇ ਸਾਧਾਰਨ ਚੋਲਾ ਤੇ ਧੋਤੀ ਪਹਿਨੀ ਤਾਂ ਉਹਦੇ ਦਿਮਾਗ ਵਿਚ ਰਾਜਾ ਹੋਣ ਦਾ ਸਾਰਾ ਹੰਕਾਰ ਜਾਂਦਾ ਰਿਹਾ... ਉਸ ਨੂੰ ਸਾਧਾਰਣ ਵਿਅਕਤੀ ਬਣਕੇ ਜਾਂਦਿਆਂ ਅਥਾਹ ਖੁਸ਼ੀ ਮਿਲ ਰਹੀ ਸੀ। ਉਹ ਤਥਾਗਤ ਨੂੰ ਨਮਸਕਾਰ ਕਰਕੇ ਉਨ੍ਹਾਂ ਦੇ ਸਾਹਮਣੇ ਬੈਠੇ ਭਿਕਸ਼ੂਆਂ ਤੇ ਇਸਤਰੀ ਪੁਰਖਾਂ ਵਿਚ ਬੈਠ ਗਿਆ।

ਤਥਾਗਤ ਦਾ ਵਿਖਿਆਨ ਜਾਰੀ ਸੀ। ''ਸੰਸਾਰ ਵਿਚ ਵਾਪਰਦੀ ਹਰ ਘਟਨਾ ਦਾ ਕੋਈ ਨਾ ਕੋਈ ਕਾਰਨ ਹੈ। ਬਿਨਾ ਕਾਰਨ ਤੋਂ ਤਾਂ ਪੱਤਾ ਵੀ ਨਹੀਂ ਹਿੱਲਦਾ। ਤੇ ਇਹ ਸੰਸਾਰ ਛਿਣ ਛਿਣ ਬਦਲ ਰਿਹਾ ਹੈ... ਅਬਦਲ ਅਮਰ ਇਥੇ ਕੁਝ ਵੀ ਨਹੀਂ।'' ਨਾਲ ਦੀ ਨਾਲ ਅਰਵਿੰਦਰ ਸਰ ਆਪਣੇ ਵਲੋਂ ਦੱਸੀ ਗਏ ਕਿ ਬੁੱਧ ਦੇ ਇਸ ਫਲਸ਼ਫ਼ੇ ਨੂੰ ਛਣਿਕਵਾਦ ਕਹਿੰਦੇ ਹਨ। ਯੂਨਾਨ ਦਾ ਬੁੱਧ ਦਾ ਸਮਕਾਲੀ ਫਿਲਾਸਫ਼ਰ ਹੀਰਾਕਲੇਤੂ ਵੀ ਛਣਿਕਵਾਦੀ ਸੀ। ਰਾਜਾ ਮਨ ਹੀ ਮਨ ਆਪਣੇ ਗਿਆਨ ਦਾ ਬੁੱਧ ਦੇ ਵਿਚਾਰਾਂ ਨਾਲ ਮੁਕਾਬਲਾ ਕਰ ਰਿਹਾ ਸੀ। ਰਾਜੇ ਨੇ ਤਾਂ ਹੁਣ ਤੱਕ ਧਰਮ ਉਪਦੇਸ਼ਕਾਂ ਤੋਂ ਇਹੀ ਸੁਣਿਆ ਸੀ ਕਿ ਕੋਈ ਸੰਸਾਰ ਤੋਂ ਬਾਹਰਲੀ ਉੱਚ ਸ਼ਕਤੀ ਹੈ। ਜਿਸਦੇ ਹੁਕਮ ਤੋਂ ਬਿਨਾ ਪੱਤਾ ਵੀ ਨਹੀਂ ਹਿਲਦਾ ਤੇ ਰਾਜੇ ਦੇ ਦਿਮਾਗ਼ ਵਿਚੋਂ ਬ੍ਰਾਹਮਣਾਂ ਦੇ ਦੱਸੇ ਇਸ ਵਿਚਾਰ ਦੇ ਪਰਖਚੇ ਉਡ ਗਏ ਸਨ।

ਬੁੱਧ ਵੀ ਲੋਕਾਇਤਾਂ ਵਾਂਗ ਅਨਾਤਮਵਾਦੀ ਸਨ। ਉਹ ਦੱਸ ਰਹੇ ਸਨ ਕਿ ਜੇ ਆਤਮਾ ਇਕ ਜਨਮ ਤੋਂ ਦੂਸਰੇ ਜਨਮ ਵਿਚ ਪ੍ਰਵੇਸ਼ ਕਰਦੀ ਹੈ... ਫਿਰ ਵਿਅਕਤੀ ਨੇ ਪਿਛਲੇ ਜਨਮ ਵਿਚ ਜੋ ਕੁਝ ਸਿੱਖਿਆ ਹੈ ... ਇਸ ਜਨਮ ਵਿਚ ਉਸ ਤੋਂ ਅੱਗੇ ਸਿਖਣਾ ਕਿਉਂ ਨਹੀਂ ਸ਼ੁਰੂ ਕਰਦਾ। ਜਿਵੇਂ ਵਿਦਿਆਰਥੀ ਇਕ ਜਮਾਤ ਵਿਚ ਪ੍ਰਾਪਤ ਕੀਤੇ ਗਿਆਨ ਤੋਂ ਅੱਗੇ ਅਗਲੀ ਜਮਾਤ ਵਿਚ ਉਸਨੂੰ ਆਧਾਰ ਬਣਾ ਕੇ ਸਿਖਦਾ



ਹੈ। ਪਰ ਇਥੋਂ ਤਾਂ ਬੱਚਾ ਜੰਮਣ ਤੋਂ ਬਾਅਦ ਹੀ ਸਭ ਕੁਝ ਸਿਖਦਾ ਹੈ। ਪੰਜ ਸਾਲ, ਦਸ ਸਾਲ, ਚਾਲੀ ਸਾਲ, ਪੰਜਾਹ ਸਾਲ ਵਿਚ ਪੁਜਦਿਆਂ ਉਹਦੀ ਹਰ ਸਟੇਜ ਤੇ ਸੋਚ ਬਦਲਦੀ ਰਹਿੰਦੀ ਹੈ। ਫਿਰ ਮਨੁੱਖ ਵਿਚ ਅਬਦਲ ਅਮਰ, ਹੋਣ ਵਾਲਾ ਕੀ ਕੁਝ ਹੋਇਆ? ਜਿਸਨੂੰ ਆਤਮਾ ਕਹਿੰਦੇ ਹਨ। ਅਸਲ ਵਿਚ ਚੇਤਨਾ ਹੈ ਜਿਹੜੀ ਕਿ ਵਿਅਕਤੀ ਦੇ ਆਲੇ-ਦੁਆਲੇ ਦੇ ਪ੍ਰਭਾਵ ਤੇ ਸੰਪਰਕ ਵਿਚ ਆਉਣ ਨਾਲ ਪ੍ਰਾਪਤ ਹੁੰਦੀ ਹੈ। ਬਦਲਦੀ ਰਹਿੰਦੀ ਹੈ। ਵਿਕਸਿਤ ਹੁੰਦੀ ਰਹਿੰਦੀ ਹੈ।

ਬੁੱਧ ਇਸਦੀ ਅੱਗੇ ਹੋਰ ਵਿਆਖਿਆ ਕਰਦਿਆਂ ਦਸ ਰਹੇ ਸਨ ਕਿ ਭਾਵੇਂ ਮਨੁੱਖ ਵਿਚ ਆਤਮਾ ਵਰਗੀ ਕੋਈ ਚੀਜ਼ ਨਹੀਂ... ਪਰ ਬ੍ਰਾਹਮਣਾਂ ਰਾਹੀਂ ਇਸਨੂੰ ਅਮਰ ਦੱਸਣ ਨਾਲ.. ਵਿਅਕਤੀ ਦਾ ਆਪਣੇ ਆਪ ਨਾਲ ਲਾਲਚ ਭਰਿਆ ਲਗਾਅ ਬਣਿਆ ਰਹਿੰਦਾ ਹੈ। ਇਸ ਲਗਾਅ ਸਨੇਹ ਵਿਅਕਤੀ ਨੂੰ ਆਪਣੇ ਕੀਤੇ ਕੁਕਰਮ ਦੋਸ਼ ਨਜ਼ਰ ਨਹੀਂ ਆਉਂਦੇ। ਅਜਿਹਾ ਵਿਅਕਤੀ ਉਹ ਕੰਮ ਕਰਕੇ। ਜਿਸ ਵਿਚ ਉਹਨੂੰ ਵੱਧ ਲਾਭ ਨਜ਼ਰ ਆਉਂਦਾ ਹੋਵੇ। ਭਾਵੇਂ ਉਹ ਕੰਮ ਵਾਜਬ ਹੋਵੇ ਜਾਂ ਨਾ ਹੋਵੇ।

ਬੁੱਧ ਦੇ ਵਿਖਿਆਨ ਤੋਂ ਬਾਦ ਭਿਕਸ਼ੂ ਤੇ ਨਾਗਰਿਕ ਆਪਣੀਆਂ ਆਪਣੀਆਂ ਗੱਲਾਂ ਵਿਚ ਰੁਝ ਗਏ ਸਨ। ਰਾਜੇ ਨੂੰ ਪ੍ਰਮੁੱਖ ਚੇਲੇ ਨੇ ਦੱਸਿਆ ਕਿ ਰਿਸ਼ੀ ਮੁਨੀ ਕਹਿੰਦੇ ਹਨ-ਅਮੀਰੀ ਗਰੀਬੀ ਤੰਦਰੁਸਤੀ, ਬੀਮਾਰੀ ਵਿਅਕਤੀ ਦੇ ਪੂਰਵਲੇ ਜਨਮਾਂ ਦਾ ਫ਼ਲ ਹੈ ਤੇ ਰਾਜਿਆ ਸਾਮਤਾਂ ਨੇ ਪਿਛਲੇ ਜਨਮਾ ਵਿਚ ਪੁੰਨ-ਦਾਨ ਕੀਤੇ ਹਨ ਇਸ ਲਈ ਉਹਨਾਂ ਨੂੰ ਰਾਜ ਭਾਗ ਧਨ, ਸੰਪਤੀ ਪ੍ਰਾਪਤ ਹੋਈ ਜਦਕਿ ਤਥਾਗਤ ਬੁੱਧ ਧਨ ਸੰਪਤੀ, ਐਸੋਂ ਇਸ਼ਰਤ ਨੂੰ ਹੀ ਮਨੁੱਖ ਦੇ ਦੁੱਖਾਂ ਦਾ ਕਾਰਨ ਮੰਨਦੇ ਹਨ... ਬੁੱਧ ਕਹਿੰਦੇ ਹਨ ਸੰਸਾਰ ਇਕੱਠੀਆਂ ਕੀਤੀਆਂ ਵਸਤੂਆਂ ਦਾ ਸਮੂਹ ਨਹੀਂ... ਸਗੋਂ ਘਟਨਾਵਾਂ ਦਾ ਪ੍ਰਵਾਹ ਹੈ... ਵਸਤਾ ਪੈਦਾ ਹੁੰਦੀਆਂ ਹਨ... ਟੁੱਟ-ਭੱਜ ਕੇ ਹੋਰ ਵਸਤੂਆਂ ਵਿਚ ਤਬਦੀਲ ਹੋ ਜਾਂਦੀਆਂ ਹਨ। ਇਹ ਪ੍ਰਵਾਹ ਅੱਗੇ ਤੋਂ ਅੱਗੇ ਚਲਦਾ ਰਹਿੰਦਾ ਹੈ। ਪਰੰਤੂ ਰਾਜਾ ਬ੍ਰਾਹਮਣਾਂ ਦਾ ਦੱਸਿਆ ਸੱਚ ਮੰਨਦਾ ਸੀ ਕਿ ਇਕ ਵਸਤੂ ਦੇ ਨਸ਼ਟ ਹੋਣ ਤੋਂ ਬਾਅਦ ਹੀ ਦੂਸਰੀ ਵਸਤੂ ਪੈਦਾ ਹੁੰਦੀ ਹੈ। ਭਦੰਤ ਨੇ ਰਾਜੇ ਨੂੰ ਦੱਸਿਆ ਸੀ ਕਿ ਬੋਧ ਵਿਹਾਰ ਨੂੰ ਦਿੱਤੀ ਸੰਪਤੀ ਕਿਸੇ ਦੀ ਨਿੱਜੀ ਨਹੀਂ ਬੌਧ ਸੰਘ ਦੀ ਸਾਂਝੀ ਸੰਪਤੀ ਹੈ ਤੇ ਬੋਧ ਸੰਘ ਦਾ ਸੰਚਾਲਨ ਵੱਖ-ਵੱਖ ਸਮਿਤੀਆਂ ਰਾਹੀਂ ਕੀਤਾ ਜਾਂਦਾ ਹੈ।

ਰਾਜਾ ਪ੍ਰਸੇਨਜਿਤ ਬੁੱਧ ਦੀਆਂ ਸਿੱਖਿਆਵਾਂ ਤੋਂ ਏਨਾ ਪ੍ਰਭਾਵਿਤ ਹੋਇਆ ਉਹ ਬੋਧ ਵਿਹਾਰ ਤੋਂ ਬੌਧ ਦੀਕਸ਼ਾ ਲੈ ਕੇ ਹੀ ਤੁਰਿਆ। ਮਗਧ ਦਾ ਰਾਜਾ ਬਿੰਬਸਰ ਬੁੱਧ ਦਾ ਅਨੁਯਾਈ ਬਣ ਗਿਆ ਸੀ। ਮਗਧ ਦੇ ਸਾਰਿਪੁੱਤਰ ਮੌਦਗਲਿਆਨ, ਮਹਾਂਕਸਥਪ ਹੀ ਨਹੀਂ ਸਗੋਂ ਉਜੈਨ ਦਾ ਰਾਜਪੁਰੋਹਿਤ ਮਹਾਂਕਾਤਿਆਨ ਵਰਗੇ ਵਿਦਵਾਨ ਬ੍ਰਾਹਮਣ ਵੀ ਬੁੱਧ ਦੇ ਸ਼ਿਸ਼ ਬਣੇ।

ਰਾਜਿਆਂ ਦੇ ਰਾਜਾਂ ਦੀ ਥਾਂ ਜਨਤੰਤਰੀ ਗਣਾਂ ਵਿਚਲੇ ਲਗਭਗ ਸਾਰੇ ਨਾਗਰਿਕ ਬੁੱਧ ਦੇ ਅਨੁਯਾਈ ਸਨ। ਜਿਨ੍ਹਾਂ ਵਿਚ ਕਪਿਲ ਵਸਤੂ ਗਣ ਦਾ ਸ਼ਾਕਿਆ ਕਬੀਲਾ, ਕੇਸ਼ਪੁਤ ਗਣ ਦਾ ਕਾਲਾਮ ਕਬੀਲਾ , ਰਾਮ ਰਾਮ ਗਣ ਦਾ ਕੌਲਯ ਕਬੀਲਾ, ਪਾਵਾਂ ਦਾ ਮੱਲ ਕਬੀਲਾ, ਵੈਸ਼ਾਲੀ ਦਾ ਲਿਛਵੀ ਕਬੀਲਾ, ਸੁਸਮਾਗਿਰੀ, ਅਲਕੱਪ ਦਾ ਬੁਲੀ ਕਬੀਲਾ, ਕੁਸ਼ੀਨਾਗ ਦਾ ਮੱਲ ਕਬੀਲਾ, ਮਿਥਿਲਾ ਆਦਿ ਦੇ ਕਬੀਲੇ ਪ੍ਰਮੁੱਖ ਸਨ।

ਅਰਵਿੰਦਰ ਸਰ ਉਚੇਚਾ ਦੱਸਦੇ ਕਿ ਜਿਹੜੇ ਰਾਜਿਆਂ ਨੇ ਬੁਧ ਧਰਮ ਅਪਣਾਇਆ ਹੋਇਆ ਨਹੀਂ ਸੀ ਉਹ ਵੀ ਬ੍ਰਾਹਮਣਾਂ ਦੇ ਮੰਦਰਾਂ ਦੇ ਨਾਲ ਨਾਲ ਬੌਧ ਵਿਹਾਰਾਂ ਨੂੰ ਬਰਾਬਰ ਦਾ ਧਨ ਦਾਨ ਕਰਦੇ ਸਨ।

ਕੌਸ਼ਲ ਦਾ ਰਾਜਾ ਪ੍ਰਸੇਨਜਿਤ ਤਾਂ ਬੁੱਧ ਦਾ ਏਨਾ ਉਪਾਸ਼ਕ ਬਣ ਗਿਆ ਸੀ ਕਿ ਉਹ ਬੁੱਧ ਦੇ ਸਾਕਿਆ ਕਬੀਲੇ ਵਿਚ ਵਿਆਹ ਕਰਵਾ ਕੇ ਬੁੱਧ ਨਾਲ ਨੇੜੇ ਦੇ ਸੰਬੰਧ ਜੋੜਨਾ ਚਾਹੁੰਦਾ ਸੀ। ਪਰੰਤੂ ਸ਼ਾਕਿਆ ਕਬੀਲਾ ਆਪਣੇ ਆਪ ਨੂੰ ਬਹੁਤ ਉਚਾ ਸਮਝਦਾ ਸੀ। ਉਨ੍ਹਾਂ ਵਿਚ ਸਗੋਤਰ ਵਿਆਹ ਦੀ ਰਵਾਇਤ ਪ੍ਰਚਲਤ ਸੀ। ਉਹ ਦੂਸਰੇ ਕਬੀਲੇ ਦੀ ਲੜਕੀ ਲੈ ਤਾਂ ਲੈਂਦੇ ਸਨ ਪਰ ਦੂਸਰੇ ਕਬੀਲੇ ਨੂੰ ਲੜਕੀ ਦਿੰਦੇ ਨਹੀਂ

ਸਨ। ਪਰ ਉਹ ਕੌਸ਼ਲ ਦੇ ਸ਼ਕਤੀਸ਼ਾਲੀ ਰਾਜੇ ਪ੍ਰਸੇਨਜਿਤ ਨਾਲ ਸ਼ਾਕਿਆ ਰਾਜ ਕੁਮਾਰੀ ਵਿਆਹੁਣ ਤੋਂ ਇਨਕਾਰ ਕਰਕੇ ਉਸ ਨਾਲ ਦੁਸ਼ਮਣੀ ਵੀ ਨਹੀਂ ਪਾਉਣੀ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਤਥਾਗਤ ਬੁੱਧ ਦੇ ਚਾਚੇ ਦੇ ਪੁੱਤਰ ਮਹਾਨਾਮ ਦੀ ਦਾਸੀ ਦੀ ਸੁੰਦਰ, ਸੁਸ਼ੀਲ ਪੁੱਤਰੀ ਵਾਸਭ ਦੱਤਾ ਨੂੰ ਸ਼ਾਕਿਆ ਕੁਲ ਦੀ ਰਾਜਕੁਮਾਰੀ ਦਾ ਵਿਆਹ ਪ੍ਰਸੇਨਜਿਤ ਨਾਲ ਕਰ ਦਿੱਤਾ ਸੀ।

ਦਾਸੀ ਦੀ ਪੁੱਤਰੀ ਵਾਸਤਭਦੱਤਾ ਦਾ ਬੁੱਧ ਧਰਮ ਵੱਲ ਪਹਿਲਾਂ ਤੋਂ ਹੀ ਬਹੁਤ ਝੁਕਾ ਸੀ। ਪਰ ਉਹ ਦਾਸੀ ਪੁੱਤਰੀ ਹੋਣ ਕਰਕੇ ਬੁੱਧ ਧਰਮ ਗ੍ਰਹਿਣ ਨਹੀਂ ਕਰ ਸਕਦੀ ਸੀ।

ਤਥਾਗਤ ਬੁੱਧ ਨੇ ਬਿਨਾਂ ਕਿਸੇ ਭੇਦ ਭਾਵ ਤੋਂ ਬੋਧ ਵਿਹਾਰਾਂ ਦੇ ਦਵਾਰ ਸਾਰੇ ਲੋਕਾਂ ਲਈ ਖੋਲ੍ਹੇ ਸਨ। ਤੇ ਉਚ ਵਰਣਾ ਦੇ ਨਾਲ ਸ਼ੂਦਰ ਸ਼ਿਲਪੀ ਦਾਸ ਤੇ ਸੈਨਿਕ ਵੀ ਬੋਧ ਵਿਹਾਰਾਂ ਵਿਚ ਜਾ ਕੇ ਭਿਕਸ਼ੂ ਬਣਨ ਲਗ ਪਏ ਸਨ। ਪਰ ਰਾਜਿਆਂ ਤੇ ਸਮੰਤਾਂ ਨੇ ਦਾਸਾਂ ਸੈਨਿਕਾਂ ਤੇ ਕਰਜ਼ਦਾਰਾਂ ਨੂੰ ਭਿਕਸ਼ੂ ਬਣਾਉਣ ਦਾ ਸਖਤ ਵਿਰੋਧ ਕੀਤਾ ਸੀ। ਉਹ ਆਖਦੇ ਕਿ ਜੇ ਦਾਸ, ਦਾਸੀਆਂ ਭਿਕਸ਼ੂ ਬਣਨ ਲੱਗੇ ਤਾਂ ਖੇਤਾਂ ਤੇ ਘਰਾਂ ਵਿਚ ਕੰਮ ਕੌਣ ਕਰੇਗਾ? ਸੈਨਿਕਾਂ ਦੇ ਭਿਕਸ਼ੂ ਬਣਨ ਨਾਲ ਰਾਜਿਆਂ ਦੀ ਸੁਰੱਖਿਆ ਕੌਣ ਕਰੇਗਾ?? ਤੇ ਜੇ ਕਰਜ਼ਦਾਰ ਭਿਕਸ਼ੂ ਬਣਨ ਲਗ ਪਏ... ਫੇਰ ਉਹਨਾਂ ਦਾ ਲਿਆ ਹੋਇਆ ਕਰਜ਼ਾ ਕੌਣ ਉਤਾਰੇਗਾ??? ਤਥਾਗਤ ਨੂੰ ਸੈਨਿਕਾਂ, ਦਾਸਾਂ ਤੇ ਕਰਜ਼ਦਾਰਾਂ 'ਤੇ ਬੋਧ ਭਿਕਸ਼ੂ ਬਣਨ 'ਤੇ ਰੋਕ ਲਾਉਣੀ ਪਈ। ਉਹਨਾਂ ਨੇ ਕਿਹਾ, "ਨਾਬਰਾਬਰੀ ਦੇ ਸਮੁੰਦਰ ਵਿਚ ਬੋਧ ਵਿਹਾਰ ਬਰਾਬਰੀ ਦੇ ਛੋਟੇ ਛੋਟੇ ਟਾਪੂ ਹਨ... ਜੇ ਸਾਰੇ ਸੰਸਾਰ ਵਿਚ ਬਰਾਬਰੀ ਨਹੀਂ ਲਿਆਂਦੀ ਜਾ ਸਕਦੀ ਤਾਂ ਜਿੰਨੇ ਕੁ ਵਿਚ ਲਿਆਂਦੀ ਜਾ ਸਕਦੀ ਹੈ , ਉਨੇ ਕੁ ਵਿਚ ਤਾਂ ਲਿਆਂਦੀ ਜਾਵੇ।"

ਪਰ ਹੁਣ ਵਾਸਭ ਦੱਤਾ ਦਾਸੀ ਨਹੀਂ ਸੀ ਰਹੀ ਕੌਸਲ ਨਰੇਸ ਪ੍ਰਸੇਨਜਿਤ ਦੀ ਮਹਾਰਾਣੀ ਬਣ ਗਈ ਸੀ। ਉਸਨੇ ਪ੍ਰਸੇਨਜਿਤ ਨਾਲ ਬੋਧ ਵਿਹਾਰ ਵਿਚ ਜਾ ਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਸੀ। ਉਹ ਬੋਧ ਵਿਹਾਰ ਦੇ ਨਿਯਮਾਂ ਅਨੁਸਾਰ ਰਾਣੀਆਂ ਵਾਲਾ ਹਾਰ-ਸ਼ਿੰਗਾਰ ਉਤਾਰ ਕੇ ਸਾਦੇ ਕਪੜਿਆਂ ਵਿਚ ਕੁਝ ਦਾਸੀਆਂ ਨੂੰ ਲੈ ਕੇ ਸਰਾਵਸਤੀ ਦੇ ਬੋਧ ਵਿਹਾਰ ਵਿਚ ਜਾ ਕੇ ਧਰਮ ਉਪਦੇਸ਼ ਸੁਣਦੀ ਅਤੇ ਤਥਾਗਤ ਨੂੰ ਚੇਲਿਆਂ ਸਮੇਤ ਰਾਜ ਮਹਿਲਾਂ ਵਿਚ ਬੁਲਾ ਕੇ ਉਹਨਾਂ ਨੂੰ ਭੋਜਨ ਬਣਾ ਕੇ ਖੁਆਉਂਦੀ ਤੇ ਤਥਾਗਤ ਬੁੱਧ ਦੇ ਵਖਿਆਨ ਸੁਣਦੀ ਰਹਿੰਦੀ।

ਕੁਝ ਸਮੇਂ ਬਾਅਦ ਵਾਸਤਭਦੱਤਾ ਦੇ ਘਰ ਇਕ ਪੁੱਤਰ ਨੇ ਜਨਮ ਲਿਆ, ਜਿਸਦਾ ਨਾਂ ਵਿਦੂਦਾਭ ਰੱਖਿਆ ਗਿਆ। ਜਿਉਂ ਜਿਉਂ ਵਿਦੂਦਾਭ ਵੱਡਾ ਹੁੰਦਾ ਗਿਆ ਉਹਦੇ ਮਨ ਵਿਚ ਇਹ ਕਮੀ ਖਟਕਦੀ ਰਹੀ ਕਿ ਉਹਦੇ ਨਾਲ ਖੇਡਦੇ ਬੱਚੇ, ਉਹਨਾਂ ਦੇ ਨਾਨਕਿਆਂ, ਨਾਨਿਆ, ਮਾਮਿਆ ਦੇ ਲਾਡ-ਪਿਆਰ ਦੀਆਂ ਗੱਲਾਂ ਟੱਪ ਟੱਪ ਕੇ ਕਰਦੇ ਹਨ ਤੇ ਉਹਨਾਂ ਨੂੰ ਨਾਨਕੇ ਜਾਣ ਦਾ ਕਿੰਨਾ ਚਾਅ ਚੜ੍ਹਿਆ ਰਹਿੰਦਾ ਹੈ। ਉਹ ਆਪਣੀ ਮਾਂ ਨੂੰ ਪੁੱਛਦਾ "ਪਰ ਉਹਦੇ ਨਾਨਕਿਆਂ ਤੋਂ ਨਾ ਕੋਈ ਆਉਂਦਾ ਹੈ ਤੇ ਨਾਂ ਹੀ ਉਹ ਉਹਨੂੰ ਨਾਨਕੇ ਲੈ ਕੇ ਜਾਂਦੀ ਹੈ।"

ਉਹਦੀ ਮਾਂ ਵਸਭ ਦੱਤਾ ਉਹਨੂੰ ਸਮਝਾਉਂਦੀ ਕਿ ਉਹਦੇ ਨਾਨਕੇ ਬਹੁਤ ਦੂਰ ਹਨ... ਇਸ ਕਰਕੇ ਉਹ ਮਿਲਣ ਨਹੀਂ ਆ ਸਕਦੇ। ਬਹੁਤ ਦੂਰ ਹੋਣ ਕਰਕੇ ਉਹ ਵੀ ਉਹਨਾਂ ਨੂੰ ਮਿਲਣ ਨਹੀਂ ਜਾਂਦੀ... ਵਿਦੂਦਾਭ ਮਾਂ ਦੀ ਗੱਲ ਅਣਮੰਨੇ ਮਨ ਨਾਲ ਮੰਨ ਕੇ ਬਹਿ ਜਾਂਦਾ।

ਪਰ ਹੁਣ ਉਹ ਸੋਝੀ ਸੰਭਲਦਿਆਂ ਗਭਰੇਟੂ ਹੁੰਦਾ ਜਾ ਰਿਹਾ ਸੀ। ਇਕ ਦਿਨ ਉਹ ਨਾਨਕੇ ਜਾਣ ਦੀ ਤਿਆਰੀ ਕਰਨ ਲੱਗਿਆ ਪਰ ਉਹ ਹੋਰ ਬੱਚਿਆ ਵਾਂਗ ਨਾਨਕਿਆਂ ਤੋਂ ਆ ਕੇ ਖੁਸ਼ ਨਹੀਂ ਸੀ। ਉਹਨੇ ਮਾਂ ਨੂੰ ਆ ਕੇ ਦੱਸਿਆ ਸੀ ਕਿ ਉਹਦੀ ਮਾਮਿਆਂ, ਨਾਨਿਆਂ ਤੇ ਹਮਉਮਰ ਮੁੰਡਿਆਂ ਨੇ ਚੰਗੀ ਆਓ ਭਗਤ ਕੀਤੀ, ਤੋਹਫਿਆਂ ਨਾਲ ਵੀ ਉਹਦਾ ਰੱਥ ਭਰ ਦਿੱਤਾ... ਸੰਸਥਾਗਾਰ ਵਿਚ ਉਹਨੂੰ ਮਹਾਂ ਭੋਜ ਦਿੱਤਾ ਗਿਆ। ਪਰ ਸਾਰੇ ਉਸ ਨਾਲ ਘੁੱਟੇ-ਘੁੱਟੇ ਰਹੇ... ਖੁਲ੍ਹ ਕੇ ਗੱਲਾਂ ਨਹੀਂ ਸਨ ਕਰ ਰਹੇ ਤੇ ਆਉਣ ਲੱਗੇ ਉਹਨੇ



ਦਾਸੀਆਂ ਨੂੰ ਗੱਲਾਂ ਕਰਦਿਆਂ ਸੁਣ ਲਿਆ ਕਿ ਵਿਦੂਦਾਭ ਹੈ ਤਾਂ ਦਾਸੀ ਪੁੱਤਰ ਹੀ ਤੇ ਇਸਦੇ ਜਾਣ ਬਾਦ ਉਹਨਾਂ ਨੂੰ ਸੰਸਥਾਗਾਰ ਮੁੜ ਧੋ ਕੇ ਪਵਿੱਤਰ ਕਰਨਾ ਪਵੇਗਾ। ਵਿਦੂਦਾਭ ਮਾਂ ਅੱਗੇ ਅੜ ਗਿਆ ਕਿ ਉਸ ਤੋਂ ਇਹ ਭੇਤ ਛੁਪਾ ਕੇ ਕਿਉਂ ਰੱਖਿਆ ਗਿਆ? ਕੀ ਉਸਦੀ ਮਾਂ ਸਚਮੁੱਚ ਦਾਸੀ ਪੁੱਤਰੀ ਹੈ??

ਵਾਸਭਦੱਤਾ ਨੂੰ ਵਿਦੂਦਾਭ ਅੱਗੇ ਸਾਰਾ ਭੇਤ ਖੋਲ੍ਹ ਕੇ ਦੱਸਣਾ ਪਿਆ 'ਮੇਰੀ ਮਾਂ ਜੰਗਲ ਵਿਚ ਰਹਿੰਦੇ ਖੱਤੀ ਕਬੀਲੇ ਦੇ ਸਰਦਾਰ ਦੀ ਧੀ ਹੈ। ਸ਼ਾਕਿਆਂ ਤੇ ਖੱਤੀਆਂ ਦਾ ਜੰਗਲ ਵਿਚਲੀਆਂ ਪਸ਼ੂ ਚਰਾਂਦਾ ਪਿਛੇ ਝਗੜਾ ਹੁੰਦਾ ਰਹਿੰਦਾ ਸੀ। ਖੱਤੀ ਆਪਣੇ ਆਪ ਨੂੰ ਜੰਗਲ ਦੇ ਰਾਜੇ ਸਮਝਦੇ ਸਨ। ਤੇ ਜੰਗਲ ਵਿਚਲੀਆਂ ਪਸ਼ੂ ਚਰਾਂਦਾ 'ਤੇ ਆਪਣਾ ਅਧਿਕਾਰ ਸਮਝਦੇ ਸਨ। ਸ਼ਾਕਿਆਂ ਉਨ੍ਹਾਂ ਤੋਂ ਡਰਦੇ ਸਨ। ਪਰ ਇਕ ਰਾਤ ਸ਼ਾਕਿਆਂ ਦੇ ਸੁੱਤੇ ਪਏ ਖੱਤੀਆਂ 'ਤੇ ਹਮਲਾ ਕਰ ਦਿੱਤਾ ਸੀ। ਖੱਤੀਆਂ ਨੇ ਉਥੋਂ ਭੱਜ ਕੇ ਜਾਨ ਬਚਾਉਣ ਵਿਚ ਹੀ ਆਪਣਾ ਭਲਾ ਸਮਝਿਆ ਕਿ ਤਾਕਤ ਇਕੱਠੀ ਕਰਕੇ ਉਹ ਫੇਰ ਆਪਣੀਆਂ ਪਸ਼ੂ ਚਰਾਂਦਾ ਸ਼ਾਕਿਆਂ ਤੋਂ ਛੁਡਾ ਲੈਣਗੇ। ਪਰ ਖੱਤੀ ਕਬੀਲੇ ਦੇ ਜਿਹੜੇ ਇਸਤਰੀ ਪੁਰਸ਼ ਸ਼ਾਕਿਆਂ ਦੇ ਘੇਰੇ ਵਿਚ ਆ ਗਏ, ਉਨ੍ਹਾਂ ਨੂੰ ਉਨ੍ਹਾਂ ਨੇ ਆਪਣੇ ਦਾਸ, ਗੁਲਾਮ ਬਣਾ ਲਿਆ ਤੇ ਖੇਤਾਂ, ਘਰਾਂ ਵਿਚ ਜਬਰਦਸਤੀ ਕੰਮ ਲੈਣ ਲੱਗ ਪਏ। ਮੇਰੀ ਮਾਂ ਖੱਤੀਆਂ ਦੇ ਸਰਦਾਰ ਦੀ ਸੁੰਦਰ, ਸੁਡੋਲ ਤੇ ਸੁਸ਼ੀਲ ਪਤਨੀ ਸੀ।" ਵਾਸਭ ਦੱਤਾਂ ਨੇ ਅੱਖਾਂ ਵਿਚ ਹੰਝੂ ਭਰ ਕੇ ਦੱਸਿਆ , " ਦਾਸੀਆਂ ਦਾ ਮਨ ਤਾਂ ਆਪਣੇ ਕਬਜੇ ਵਿਚ ਹੁੰਦਾ ਹੈ... ਪਰ ਗੁਲਾਮ ਹੋਣ ਕਰਕੇ ਉਹਨਾਂ ਦਾ ਜਿਸਮ ਉਨ੍ਹਾਂ ਦੇ ਆਪਣੇ ਕਬਜੇ ਵਿਚ ਨਹੀਂ ਹੁੰਦਾ ਇਸ ਲਈ ਮੇਰੀ ਮਾਂ ਨੂੰ ਵੀ ਪਤਾ ਨਹੀਂ ਸੀ ਕਿ ਮੈਂ ਕਿਸ ਸ਼ਾਕਿਆ ਰਾਜਕੁਮਾਰ ਦੀ ਧੀ ਹਾਂ।" ਵਾਸਭ ਦੱਤਾ ਨੇ ਵਿਦੂਦਾਭ ਨੂੰ ਹੌਸਲਾ ਦਿੰਦਿਆ ਕਿਹਾ, "ਪੁੱਤਰ ਹੁਣ ਤਾਂ ਤੂੰ ਇਕ ਰਾਜਕੁਮਾਰ ਹੈ ਤੇ ਕੌਸ਼ਲ ਦੇ ਰਾਜ ਦਾ ਇਕਲੌਤਾ ਵਾਰਸ । ... ਤੈਂ ਆਪਣੇ ਪਿਓ ਤੋਂ ਬਾਅਦ ਰਾਜਾ ਬਣਨਾ ਹੀ ਬਣਨਾ ਹੈ।"

ਪਰ ਵਿਦੂਦਾਭ ਦੇ ਮਨ ਵਿਚ ਕੌਸ਼ਲ ਰਾਜ ਦਾ ਰਾਜਕੁਮਾਰ ਹੋਣ ਦੀ ਨਹੀਂ ਸਗੋਂ ਇਕ ਦਾਸੀ ਦਾ ਪੁੱਤਰ ਹੋਣ ਦੀ ਗੱਲ ਡੂੰਘਾ ਜ਼ਖ਼ਮ ਕਰ ਗਈ ਸੀ। ਇਹ ਪਤਾ ਲੱਗਣ 'ਤੇ ਕਿ ਉਹ ਵੀ ਇਕ ਦਾਸੀ ਪੁੱਤਰ ਹੈ, ਦਾਸ-ਦਾਸੀਆਂ ਦਾ ਜੀਵਨ ਉਹਦੀਆਂ ਅੱਖਾਂ ਅੱਗੇ ਘੁੰਮਣ ਲੱਗਿਆ। ਰਾਜ ਦਰਬਾਰਾਂ ਵਿਚ ਯੱਗ, ਹਵਨ ਕਰਨ 'ਤੇ ਬ੍ਰਾਹਮਣਾਂ ਨੂੰ ਹੋਰ ਵਸਤਾਂ ਦੇ ਨਾਲ ਨੌਜਵਾਨ ਦਾਸ ਤੇ ਰਾਜਮਹਿਲਾਂ ਵਿਚ ਪਲੀਆਂ ਹੋਈਆਂ ਸੁੰਦਰ ਦਾਸੀਆਂ ਵੀ ਦਾਨ ਵਜੋਂ ਦਿੱਤੀਆਂ ਜਾਂਦੀਆਂ। ਇਸ ਤਰ੍ਹਾਂ ਬ੍ਰਾਹਮਣਾਂ ਦੇ ਘਰਾਂ ਵਿਚ ਦਾਸ, ਦਾਸੀਆਂ ਦੀ ਭਰਮਾਰ ਹੋ ਜਾਂਦੀ। ਤੇ ਉਹ ਫਾਲਤੂ ਦਾਸ, ਦਾਸੀਆਂ, ਪਸ਼ੂਆਂ ਨੂੰ ਵੇਚਣ ਖਰੀਦਣ ਲਈ ਲਗਦੀਆਂ ਮੰਡੀਆਂ ਵਾਂਗ ਦਾਸ, ਦਾਸੀਆਂ ਨੂੰ ਵੇਚਣ ਖਰੀਦਣ ਲਈ ਉਥੇ ਲੈ ਜਾਂਦੇ। ਬ੍ਰਾਹਮਣਾਂ ਕੋਲੋਂ ਸਾਮੰਤ, ਵਪਾਰੀ ਤੇ ਸ਼ਿਲਪੀ ਦਾਸ ਦਾਸੀਆਂ ਖਰੀਦਦੇ ਤੇ ਅੱਗੇ ਤੋਂ ਅੱਗੇ ਖਰੀਦੀ-ਵੇਚੀ ਜਾਂਦੇ। ਦਾਸ, ਦਾਸੀ ਪਤੀ, ਪਤਨੀ ਵਿਚੋਂ ਇਕ ਜਣਾ ਕਿਤੇ ਤੇ ਦੂਸਰਾ ਕਿਤੇ ਹੋਰ ਵਿਕ ਜਾਂਦਾ। ਉਹ ਵਿਛੜਨ ਲੱਗਿਆ ਰੋਂਦੇ, ਕੁਰਲਾਂਦੇ। ਪਰ ਖਰੀਦ ਕੇ ਲਿਜਾ ਰਿਹਾ ਦਾਸ, ਦਾਸੀ ਦਾ ਨਵਾਂ ਮਾਲਕ ਉਹਨੂੰ ਰੋਂਦਿਆਂ ਕੁਰਲਾਂਦਿਆਂ ਨੂੰ ਮਾਰਦਾ, ਕੁੱਟਦਾ ਲਿਜਾ ਰਿਹਾ ਹੁੰਦਾ। ਉਹਨਾਂ ਦੇ ਬੀਮਾਰ ਬੱਚੇ ਰੁਲਦੇ, ਖੁਲਦੇ ਰਹਿੰਦੇ, ਇਲਾਜ਼ ਖੁਣੋਂ ਉਹਨਾਂ ਦੀ ਮੌਤ ਹੋ ਜਾਂਦੀ। ਪਰੰਤੂ ਮਾਲਕ ਮਰ ਰਹੇ ਬੱਚਿਆਂ ਦੇ ਮਾਪਿਆਂ ਨੂੰ ਰੋਣ ਕੁਰਲਾਣ ਵੀ ਨਾ ਦਿੰਦੇ ਸਗੋਂ ਕੰਮ ਵਿਚ ਲਾਈ ਰੱਖਦੇ। ... ਦਾਸ, ਦਾਸੀਆਂ ਨੂੰ ਵੀ ਜਦ ਉਹ ਬੁੱਢੇ ਹੋ ਜਾਂਦੇ ਜਾਂ ਬੀਮਾਰ ਪੈ ਜਾਂਦੇ ਤਾਂ ਉਨ੍ਹਾਂ ਦੇ ਮਾਲਕ ਉਨ੍ਹਾਂ ਨੂੰ ਬੁਢਾਪੇ, ਬੀਮਾਰੀ ਨਾਲ ਕਰਾਹੁੰਦਿਆਂ ਨੂੰ ਖੁੱਲ੍ਹੇ ਅਸਮਾਨ ਥੱਲੇ ਮਰਨ ਲਈ ਛੱਡ ਕੇ ਤੁਰ ਜਾਂਦੇ।

ਵਿਦੂਦਾਭ ਨੂੰ ਹੁਣ ਸਮਝ ਆਈ ਕਿ ਉਹਦੀ ਮਾਤਾ ਸ੍ਰੀ ਵਾਸਭ ਦੱਤਾ ਰਾਜ ਮਹਿਲ ਦੇ ਦਾਸ, ਦਾਸੀਆਂ ਨਾਲ ਦੂਰ-ਵਿਹਾਰ ਕਿਉਂ ਨਹੀਂ ਕਰਦੀ। ਤੇ ਜਦ ਰਾਜਾ ਪ੍ਰਸੇਨਜਿਤ ਰਾਜ ਮਹਿਲ ਵਿਚ ਬ੍ਰਾਹਮਣਾਂ ਰਾਹੀਂ ਯੱਗ ਅਨੁਸ਼ਠਾਨ ਤੇ ਹੋਰ ਕਰਮ ਕਾਂਡ ਕਰਨ ਤੋਂ ਬਾਅਦ ਉਨ੍ਹਾਂ ਨੂੰ ਹੋਰ ਵਸਤਾਂ ਦੇ ਨਾਲ ਦਾਸ-ਦਾਸੀਆਂ ਵੀ ਦਾਨ ਵਿਚ ਦਿੰਦਾ ਹੈ... ਤਾਂ ਉਹਦੀ ਮਾਤਾ ਸ੍ਰੀ ਚਿਹਰੇ 'ਤੇ ਆਏ ਦੁਖ- ਦਰਦ ਨੂੰ

ਹੋਰਾਂ ਤੋਂ ਲੁਕਾਉਣ ਲਈ ਆਪਣੇ ਕਕਸ਼ ਵਿਚ ਚਲੀ ਜਾਂਦੀ ਹੈ। ਉਹ ਦਾਸੀ ਤੋਂ ਮਹਾਰਾਣੀ ਬਣੀ... ਦਾਸ-ਦਾਸੀਆਂ ਦੇ ਵਿਛੋੜੇ ਦੇ ਦਰਦ ਨੂੰ ਕਿਸੇ ਨਾਲ ਸਾਂਝਾ ਵੀ ਨਹੀਂ ਕਰ ਸਕਦੀ। ਪਰ ਉਹ ਸੈਨਾਪਤੀ ਬੰਧੁਲ ਮੱਲ ਤੇ ਹੋਰ ਸਾਮੰਤਾਂ ਦੀਆਂ ਪਤਨੀਆਂ ਨਾਲ। ਮਹਾਂਰਾਣੀਆਂ ਵਾਲੇ ਰੁਅਬ-ਦਾਬ ਨਾਲ ਪੇਸ਼ ਆਉਂਦੀ ਹੈ। ਪਰ ਜਦ ਤਥਾਗਤ ਤੇ ਉਹਦੇ ਚੇਲੇ ਰਾਜ-ਮਹਿਲ ਵਿਚ ਆਉਂਦੇ ਹਨ। ਤਾਂ ਉਹਦੀ ਮਾਤਾ ਸ੍ਰੀ ਹੋਰ ਅਮੀਰਾਂ, ਵਜੀਰਾਂ ਦੀਆਂ ਪਤਨੀਆਂ ਨੂੰ ਨਾਲ ਲੈ ਕੇ ਸਾਦੇ ਵਸਤਰਾਂ ਵਿਚ ਆਪਣੇ ਹੱਥਾਂ ਨਾਲ ਖਾਣਾ ਬਣਾ ਕੇ ਤਥਾਗਤ ਤੇ ਉਹਦੇ ਚੇਲਿਆਂ ਨੂੰ ਖੁਆਉਂਦੀ ਹੈ। ਤੇ ਤਥਾਗਤ ਦੇ ਉਪਦੇਸ਼ ਰਾਜ ਮਹਿਲ ਵਿਚ ਚਲਦੇ ਹੀ ਰਹਿੰਦੇ ਹਨ।

ਜਿਉਂ ਜਿਓ ਵਿਦੂਦਾਭ ਦੀ ਦਾਸ, ਦਾਸੀਆਂ ਨੂੰ ਖਰੀਦਣ, ਵੇਚਣ ਵਾਲਿਆਂ ਲਈ ਨਫ਼ਰਤ ਵਧਦੀ ਗਈ, ਉਹਦਾ ਸਮਾਜਿਕ ਬਰਾਬਰੀ ਵਾਲੇ ਬੁੱਧ ਧਰਮ ਵੱਲ ਝੁਕਾ ਵਧਦਾ ਗਿਆ ਪਰ ਦਾਸੀ ਪੁੱਤਰ ਹੋਣ ਕਰਕੇ ਸ਼ਾਕਿਆਂ ਰਾਹੀਂ ਕੀਤੀ ਜਾਂਦੀ ਨਫ਼ਰਤ ਨੂੰ ਦਿਲੋਂ ਨਹੀਂ ਕੱਢ ਸਕਿਆ। ਉਹ ਸ਼ਾਕਿਆ ਕਬੀਲੇ ਨੂੰ ਇਸਦੀ ਸਜ਼ਾ ਦੇਣੀ ਚਾਹੁੰਦਾ ਸੀ। ਉਹਨੇ ਛੇਤੀ ਤੋਂ ਛੇਤੀ ਰਾਜ ਪ੍ਰਾਪਤ ਕਰਨ ਲਈ ਆਪਣੇ ਬੁਢੇ ਪਿਤਾ ਸ੍ਰੀ ਪ੍ਰਸੇਨਜਿਤ ਨੂੰ ਰਾਜ ਵਿਚੋਂ ਕੱਢ ਦਿੱਤਾ। ਪ੍ਰਸੇਨਜਿਤ ਸਹਾਇਤਾ ਪ੍ਰਾਪਤ ਕਰਨ ਲਈ ਮਗਧ ਦੇ ਰਾਜਾ ਬਿੰਬਸਾਰ ਕੋਲ ਨੂੰ ਚੱਲ ਪਿਆ। ਪਰ ਰਾਹ ਵਿਚ ਹੀ ਡਿਗ ਕੇ ਮਰ ਗਿਆ। ਬਿਬਸਰ ਨੇ ਉਹਦਾ ਸ਼ਾਹੀ ਠਾਠ ਨਾਲ ਸੰਸਕਾਰ ਕੀਤਾ ਪਰ ਵਿਦੂਦਾਭ ਨੂੰ ਅਜੇ ਕੁਝ ਨਹੀਂ ਕਿਹਾ ਸੀ।

ਤਥਾਗਤ ਬੁੱਧ ਦੇ ਨਿਰਵਾਣ ਤੋਂ ਥੋੜਾ ਸਮਾਂ ਬਾਅਦ ਹੀ ਵਿਦੂਦਾਭ ਨੇ ਸਾਕਿਆਂ 'ਤੇ ਆਕਰਮਣ ਕਰ ਦਿੱਤਾ ਤੇ ਕਪਿਲ ਵਸਤੂ ਦੇ ਰਾਜ ਨੂੰ ਆਪਣੇ ਰਾਜ ਵਿਚ ਮਿਲਾ ਲਿਆ। ਇਸ ਤਰ੍ਹਾਂ ਨਾਲ ਉਹਨੇ ਸ਼ਾਕਿਆਂ ਤੋਂ ਉਹਦੇ ਕੀਤੇ ਅਪਮਾਨ ਦਾ ਬਦਲਾ ਲੈ ਲਿਆ ਸੀ।

ਮਗਧ ਦੇ ਰਾਜਾ ਬਿੰਬਸਾਰ ਨੇ ਪੰਜ ਰਾਜਾਂ ਦਾ ਸੰਘ ਬਣਾ ਕੇ ਸ਼ਕਤੀਸ਼ਾਲੀ ਰਾਜ ਕਾਇਮ ਕਰ ਲਿਆ ਸੀ। ਪ੍ਰਸੇਨਜਿਤ ਨੂੰ ਵੀ ਬਿੰਬਸਾਰ ਨਾਲ ਸੰਧੀ ਕਰਕੇ ਆਪਣੀ ਕੰਨਿਆਂ ਵਜੀਰਾ ਦਾ ਵਿਆਹ ਉਸ ਨਾਲ ਕਰਨਾ ਪਿਆ ਸੀ। ਤੇ ਕਾਸ਼ੀ ਦੀ ਆਮਦਨ ਵੀ ਦੇਣੀ ਪਈ ਸੀ।

ਵਿਦੂਦਾਭ ਦੁਆਰਾ ਸ਼ਾਕਿਆਂ ਨੂੰ ਹਰਾ ਕੇ ਕਪਿਲ ਵਸਤੂ ਨੂੰ ਆਪਣੇ ਵਿਚ ਮਿਲਾਉਣ ਤੋਂ ਕੁਝ ਸਾਲ ਬਾਅਦ ਹੀ ਮਗਧ ਦੇ ਰਾਜਾ ਬਿੰਬਸਾਰ ਨੇ ਕੌਸ਼ਲ ਤੇ ਚੜ੍ਹਾਈ ਕਰ ਦਿੱਤੀ। ਆਉਣ ਵਾਲੀ ਸਵੇਰ ਨੂੰ ਮਗਧ ਤੇ ਕੌਸ਼ਲ ਰਾਜ ਦੀਆਂ ਸੈਨਾਵਾਂ ਦਾ ਯੁੱਧ ਹੋਣਾ ਨਿਯਤ ਸੀ। ਵਿਦੂਦਾਭ ਨੇ ਸੈਨਾਪਤੀ ਬੰਧੁਲ ਮੱਲ ਨੂੰ ਕੌਸ਼ਲ ਰਾਜ ਦੀ ਸੈਨਾਂ ਨੂੰ ਤਿਆਰ ਕਰਨ ਲਈ ਭੇਜ ਦਿੱਤਾ। ਤੇ ਆਪ ਗੁਪਤ ਵਾਸ ਵਿਚ ਚਲਿਆ ਗਿਆ।

ਵਿਦੂਦਾਭ ਨੇ ਰਾਤੋ-ਰਾਤ ਸਾਰਥੀਆਂ ਨੂੰ ਰਥਾਂ ਨਾਲ ਘੋੜੇ ਜੋੜਨ ਲਈ ਕਿਹਾ ਤੇ ਸ਼ੂਦਰਾਂ, ਸ਼ਿਲਪੀਆਂ, ਦਸਤਕਾਰਾਂ ਤੇ ਦਾਸ, ਦਾਸੀਆਂ ਨੂੰ ਰਥਾਂ ਵਿਚ ਬਿਠਾ ਕੇ ਜੰਗਲ ਵਿਚ ਨੂੰ ਚੱਲ ਪਏ। ਉਹ ਉਥੇ ਪੁਜੇ ਜਿਥੇ ਖੱਤੀ ਕਬੀਲਾ ਵਾਸ ਕਰਦਾ ਸੀ। ਪਰ ਉਹ ਜੰਗਲ ਦੇ ਖੱਤੀਆਂ ਵਿਚ ਵੀ ਨਾ ਰਹੇ। ਕਿਉਂਕਿ ਜੰਗਲ ਵਿਚ ਰਹਿਣ ਦੇ ਉਹ ਆਦੀ ਨਹੀਂ ਸਨ। ਪਰ ਉਹ ਮਗਧ ਤੇ ਇਸਦੇ ਇਰਦ-ਗਿਰਦ ਦੇ ਰਾਜਾਂ ਦੇ ਜੰਗਲਾਂ ਵਿਚ ਰਹਿੰਦਿਆਂ ਮਗਧ ਰਾਜ ਦੇ ਸੈਨਿਕਾਂ ਰਾਹੀਂ ਫੜੇ ਜਾਣ ਤੇ ਮੁੜ ਗੁਲਾਮ ਬਣਾ ਲਏ ਜਾਣ ਤੋਂ ਡਰਦੇ ਸਨ। ਇਸ ਲਈ ਉਹ ਆਪਣੇ ਰੱਥਾਂ ਘੋੜਿਆਂ 'ਤੇ ਸਵਾਰ ਹੋ ਕੇ ਉਤਰਾਪਥ (ਪੰਜਾਬ) ਦੇ ਗਣ ਰਾਜਾਂ ਵੱਲ ਚੱਲ ਪਏ। ਤੇ ਪੰਜਾਬ ਦੇ ਮਲ, ਮਦਰ, ਅਭਿਸਾਰ, ਨਾਗ, ਪੁਸ਼ਵਕ, ਤਕਸ਼ਕ ਆਦਿ ਗਣਾਂ ਦੇ ਨਾਲ ਲਗਦੇ ਜੰਗਲਾਂ ਵਿਚ ਛੋਟੇ-ਛੋਟੇ ਝੁੰਡ ਬਣਾ ਕੇ ਰਹਿਣ ਲੱਗੇ। ਉਹਨਾਂ ਦੇ ਝੁੰਡ ਕਿਸੇ ਨਗਰ ਗ੍ਰਾਮ ਦੇ ਨਜ਼ਦੀਕ ਡੇਰੇ ਲਾਉਂਦੇ ਤੇ ਰਥਕਾਰ ਰਥ ਬਣਾਉਂਦੇ, ਧਾਤੂਕਾਰ, ਧਾਤਾਂ ਦੇ ਹਥਿਆਰ ਤੇ ਬਰਤਨ ਬਣਾਉਂਦੇ ਤੇ ਹੋਰ ਸਿਲਪੀ ਵਸਤੂਆਂ ਬਣਾਉਂਦੇ, ਦਾਸ, ਦਾਸੀਆਂ ਉਹਨਾਂ ਦੀ ਵਸਤਾਂ ਬਣਾਉਣ ਵਿਚ ਸਹਾਇਤਾ ਕਰਦਿਆਂ ਵੱਖ-ਵੱਖ ਦਸਤਕਾਰੀਆਂ ਸਿਖਣ ਲੱਗੇ। ਨਗਰਵਾਸੀ ਉਹਨਾਂ ਦੀਆਂ ਬਣੀਆਂ ਵਸਤਾਂ ਖਰੀਦਦੇ ਤੇ



ਉਹਨਾਂ ਦੀਆਂ ਪਤਨੀਆਂ ਹਲਕੀਆਂ-ਫੁਲਕੀਆਂ ਘੱਟ ਭਾਰ ਵਾਲੀਆਂ ਵਸਤਾਂ ਸਿਰਾਂ ਤੇ ਚੁੱਕ ਕੇ ਨਗਰਾਂ, ਗ੍ਰਾਮਾ ਦੀਆਂ ਗਲੀਆਂ ਮੁਹੱਲਿਆਂ ਵਿਚ ਵੇਚਣ ਚਲੀਆਂ ਜਾਂਦੀਆਂ ਤੇ ਕੁਝ ਚਿਰ ਰਹਿਕੇ ਇਹ ਆਪਣੀ ਮਰਜ਼ੀ ਦੇ ਮਾਲਕ ਅਗਲੇ ਗ੍ਰਾਮਾ, ਪਿੰਡਾਂ ਵੱਲ ਕੂਚ ਕਰ ਦਿੰਦੇ।

ਹੁਣ ਉਨ੍ਹਾਂ ਨੂੰ ਲੜਾਈ ਲਈ ਰਥਾਂ, ਘੋੜਿਆਂ ਦੀ ਜ਼ਰੂਰਤ ਨਹੀਂ ਸੀ। ਇਸ ਲਈ ਉਨ੍ਹਾਂ ਨੇ ਰੱਥਾਂ ਨੂੰ ਰਹਿਣ ਲਈ ਗੱਡੀਆਂ ਵਿਚ ਬਦਲ ਲਿਆ ਤੇ ਤੇਜ਼-ਤਰਾਰ ਨੱਸਣ ਵਾਲੇ ਘੋੜਿਆਂ ਦੀ ਥਾਂ ਹੌਲੀ ਚਾਲ ਚੱਲਣ ਵਾਲੇ ਬਲਦਾਂ ਨੂੰ ਗੱਡੀਆਂ ਅੱਗੇ ਜੋੜਨ ਲਗ ਪਏ। ਆਮ ਲੋਕ ਉਨ੍ਹਾਂ ਨੂੰ 'ਰਥਾ ਵਾਲਿਆਂ ਦੀ ਥਾਂ 'ਗੱਡੀਆਂ ਵਾਲੇ' ਕਹਿਣ ਲੱਗ ਪਏ।

ਅਰਵਿੰਦਰ ਆਰੀਆ ਸਰ ਇਹ ਕਹਾਣੀ ਸਾਹ ਲਏ ਬਗੈਰ ਫਟਾ-ਫਟ ਸੁਣਾਉਂਦੇ ਚਲੇ ਗਏ ਸਨ। ਜਿਵੇਂ ਜੰਗਲੀ ਜੀਵਨ ਤੋਂ ਨਗਰੀ ਜੀਵਨ ਧਾਰਨ ਕਰਨ ਤੇ ਨਗਰੀ ਜੀਵਨ ਦੀ ਗੁਲਾਮੀ ਤੋਂ ਤੰਗ ਆ ਕੇ ਮੁੜ ਅਰਧ ਜੰਗਲੀ ਜੀਵਨ ਜੀਊਣਾਂ ਸ਼ੁਰੂ ਕਰਨ ਵਾਲੇ ਲੋਕਾਂ ਦੀ ਕਹਾਣੀ ਸੁਣਾਉਂਦਿਆਂ ਉਹਨਾਂ ਨੂੰ ਬਹੁਤ ਦੁਖ ਹੋ ਰਿਹਾ ਹੋਵੇ। ਤੇ ਉਹ ਛੇਤੀ ਛੇਤੀ ਇਹ ਕਹਾਣੀ ਸੁਣਾ ਕੇ ਲਾਂਭੇ ਹੋਣਾ ਚਾਹੁੰਦੇ ਹੋਣ।

ਪਰ ਆਰੀਆ ਸਰ ਰਾਹੀਂ ਛੇਤੀ ਛੇਤੀ ਕਹਾਣੀ ਸੁਣਾ ਕੇ... ਲਾਂਭੇ ਹੋਣ ਨਾਲ... ਇਹਨਾਂ ਦੀ ਜੂਨ ਤਾਂ ਨਹੀਂ ਬਦਲ ਜਾਣੀ ਸੀ। ਸਦੀਆਂ ਬੀਤਦੀਆਂ ਗਈਆਂ। ਹਜ਼ਾਰਾਂ ਸਾਲ ਲੰਘ ਗਏ ਪਰ ਇਹ ਘੁਮੰਤਰੂ ਕਬੀਲੇ ਨਗਰੀ ਜੀਵਨ ਨਹੀਂ ਆਪਣਾ ਸਕੇ।

ਫ਼ੌਜੀ ਦੀ ਦੁਕਾਨ ਕਸੁੰਬੀ ਕਸਬੇ ਦਾ ਬਾਜ਼ਾਰ ਸ਼ੁਰੂ ਹੁੰਦਿਆਂ ਹੀ ਕੋਣੇ ਤੇ ਹੈ। ਉਸ ਤੋਂ ਬਾਹਰਲੇ ਪਾਸੇ ਬਰਸਾਤੀ ਸੀਸਵਾਂ ਨਦੀ ਦਾ ਛੰਭ ਹੈ। ਇਸ ਨਦੀ ਨੂੰ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਸੀਸਵਾਂ ਲਾਗੇ ਡੈਮ ਬਣਾ ਕੇ ਰੋਕ ਲੈਣ ਕਰਕੇ ਨਦੀ ਵਿਚ ਪਾਣੀ ਨਹੀਂ ਆਉਂਦਾ। ਇਸ ਖਾਲੀ ਪਈ ਥਾਂ ਵਿਚ ਗੱਡੀਆਂ ਵਾਲੇ, ਗਾਵਾਂ ਮੱਝਾਂ ਚਾਰਨ ਵਾਲੇ, ਬੰਗਾਲੇ, ਦਵਾਈਆਂ ਵੇਚਣ ਵਾਲੇ ਘੁੰਮਤਰੂ ਕਬੀਲੇ ਆਪਣੀਆਂ ਝੁੱਗੀਆਂ ਬਣਾ ਕੇ ਰਹਿੰਦੇ ਹਨ। ਤੇ ਸਾਰਾ ਸਾਲ ਇਹਨਾਂ ਦੀ ਆਵਾਜਾਈ ਰਹਿੰਦੀ ਹੈ।

ਦਿਨ ਢਲਦਿਆਂ ਹੀ ਗੱਡੀਆਂ ਵਾਲੇ ਪਰਤਣ ਲੱਗ ਪਏ ਹਨ। "ਹੁਣ ਹੋਊ ਫ਼ੌਜੀ ਦੀ ਦੁਕਾਨ 'ਤੇ ਰੌਣਕ" ਇੰਦਰ ਸਿੰਘ ਫ਼ੌਜੀ ਨੂੰ ਛੇੜਦਾ ਹੈ। ਕੋਈ ਗੱਡੀਆਂ ਵਾਲਾ ਆਪਣੀ ਗੱਡੀ 'ਤੇ ਤੂੜੀ ਤੇ ਹਰਾ ਚਾਰਾ ਲੱਦੀਂ ਆਉਂਦਾ ਹੈ। "ਇਹ ਮੰਗ ਪਿੰਨ ਕੇ ਜਾਂ ਖੇਤ ਵਿਚ ਕਿਸਾਨ ਨਾਲ ਕੰਮ ਧੰਦਾ ਕਰਵਾਕੇ ਲਿਆਇਆ ਹੋਊ।" ਫ਼ੌਜੀ ਟਿਪਣੀ ਕਰਦਾ ਹੈ। ਦੂਸਰਾ ਗੱਡੀਆਂ ਵਾਲਾ ਆਪਣੀ ਗੱਡੀ 'ਤੇ ਨਿਆਣਿਆਂ ਨੂੰ ਲੱਦੀ ਡੋਲਿਆਂ ਬਾਲਟੀਆਂ ਵਿਚ ਖਾਣ-ਪੀਣ ਦਾ ਸਮਾਨ ਲਈ ਆ ਰਿਹਾ ਹੈ।

"ਕਿਸੇ ਵੱਡੇ ਜਾਗੀਰਦਾਰ ਦੇ ਘਰ ਵਿਆਹ-ਸ਼ਾਦੀ ਹੋਊ... ਪਤਾ ਲਗਦਿਆਂ ਹੀ ਸਾਰੇ ਗੱਡੀਆਂ ਵਾਲੇ ਉਥੇ ਚਲੇ ਜਾਂਦੇ ਐ। ਗੱਡੀਆਂ ਵਾਲੇ ਉਥੇ ਖਾ ਪੀ ਆਏ ਹੋਊ... ਬਚਿਆਂ-ਖੁਚਿਆ ਦਾਲ, ਫੁਲਕਾ, ਚਾਵਲ ਇਹਨਾਂ ਨੂੰ ਦੇ ਦਿੱਤਾ ਹੋਊ।" ਇੰਦਰ ਸਿੰਘ ਕੁਮੈਂਟਸ ਦਿੰਦਾ ਹੈ। ਕੋਈ ਆਦਮੀ ਤੀਵੀਂ ਫ਼ੌਜੀ ਦੀ ਦੁਕਾਨ ਅੱਗੇ ਬੱਸ ਰੁਕਵਾ ਕੇ ਉਤਰ ਰਿਹਾ। ਕੋਈ ਬੁੱਢੀ ਤੀਵੀਂ ਜਵਾਨ ਤੀਵੀਂ ਨਾਲ ਕਿਸੇ ਪਿੰਡ ਵਿਚੋਂ ਸਿਰਾਂ ਤੇ ਗਠੜੀਆਂ ਚੁੱਕੀਂ ਆ ਰਹੀਆਂ ਹਨ।

"ਪਿੰਡ ਵਿਚ ਕਿਸੇ ਦੇ ਮੁੰਡੇ ਦਾ ਵਿਆਹ ਹੋਇਆ ਹੋਵੇ... ਇਹ ਵਧਾਈਆਂ ਦੇ ਕੇ ਸੂਟ ਮੰਗ ਲੈਂਦੀਆਂ। ਨਾਲੇ ਦਾਲ, ਚਾਵਲ, ਆਟਾ, ਗੁੜ, ਲੂਣ ਮਿਰਚਾ, ਮੰਗ ਲੈਂਦੀਆਂ ਅਗਲੇ ਦੇ ਦੁਪਹਿਰ ਦੀਆਂ ਬਚੀਆਂ ਰੋਟੀਆਂ ਦਾਲ ਸਬਜੀ ਖਾ ਆਉਂਦੀਆਂ ਜਾਂ ਨਾਲ ਚੁੱਕ ਲਿਆਉਂਦੀਆਂ। ਆਹ ਦੇਖ ਲਓ ਹੁਣ ਗਠੜੀਆਂ ਬੰਨ੍ਹੀ ਚੁੰਨੀਆਂ ਦੇ ਲੜਾਂ ਵਿਚ ਬੰਨ੍ਹ ਕੇ ਗੱਠਾ ਦੇਈਂ ਭੱਜੀਆਂ ਆ ਰਹੀਆਂ।" ਫ਼ੌਜੀ ਨਾਲ ਉਨ੍ਹਾਂ ਦਾ ਨਿੱਤ ਦਾ ਵਾਹ ਐ, ਉਹਨੂੰ ਇਹਨਾਂ ਬਾਰੇ ਸਭ ਪਤਾ ਹੈ। "ਆਹੋਂ ਇਨ੍ਹਾਂ ਦਾ ਖੁਰਚਣੇ, ਚਿਮਟੇ. ਝਰਨੇ, ਕੱਦੂਕਸ, ਬਣਾ ਕੇ ਵੇਚਣ ਦਾ ਅਤੇ ਤਸਲਿਆਂ ਬਾਲਟੀਆਂ ਨੂੰ ਥੱਲੇ ਲਾਉਣ ਦਾ ਕੰਮ ਤਾਂ ਪੱਚੀ ਤੀਹ ਸਾਲ ਪਹਿਲਾ ਖ਼ਤਮ ਹੋ ਗਿਆ ਮਸ਼ੀਨਾਂ ਇਹਨਾਂ ਦੇ ਕੰਮ ਧੰਦਿਆਂ ਨੂੰ ਖਾ ਗਈਆਂ। ਪਰ ਇਹ ਬਹੁਤ

ਤਜਰਬੇਕਾਰ ਲੁਹਾਰ ਨੇ। ਆਰਨ ਪਾਉਂਦੇ ਐ। ਇਹਨਾਂ ਕੋਲ ਲੋਹੇ ਨੂੰ ਤਪਾ ਕੇ ਢਾਲ ਕੇ ਵੱਖ ਵੱਖ ਵਸਤਾਂ ਬਣਾਉਣ ਦੇ ਸਾਰੇ ਸੰਦ ਹੈਗੇ ਐ। ਆਹ ਦੇਖ ਲੈ ਲੋਹੇ ਦੀ ਟੈਂਕੀ ਦਾ ਥੱਲੇ ਵਾਲਾ ਟੁੱਟਿਆ ਹੋਇਆ ਹਿੱਸਾ ਕੱਟ ਕੇ ਦੁਬਾਰਾ ਥੱਲਾ ਲਾ ਦਿੱਤਾ।" ਇੰਦਰ ਸਿੰਘ ਸਾਹਮਣੇ ਬੈਠੇ ਟੈਂਕੀ ਨੂੰ ਥੱਲਾ ਲਾ ਰਹੇ ਗੱਡੀਆਂ ਵਾਲੇ ਵੱਲ ਇਸ਼ਾਰਾ ਕਰਕੇ ਦੱਸਦਾ ਹੈ। ਪਰ ਹੁਣ ਇਹ ਕੀ ਕਰਨ, ਇਨ੍ਹਾਂ ਕੋਲ ਕੰਮ ਆਉਂਦਾ ਈ ਨਹੀਂ।" ਅਸੀਂ ਦੁਕਾਨ ਤੋਂ ਬਾਹਰ ਆ ਕੇ ਦੇਖਦੇ ਹਾਂ। ਕੋਈ ਚਿੱਟੀ ਦਾੜ੍ਹੀ ਵਾਲਾ ਬਜ਼ੁਰਗ ਬੈਠਾ ਹੁੱਕਾ ਪੀ ਰਿਹਾ। ਉਹ ਫ਼ੌਜੀ ਤੇ ਇੰਦਰ ਸਿੰਘ ਨੂੰ ਜਾਣਦਾ ਹੈ। ਮੰਜੇ 'ਤੇ ਬੈਠਣ ਲਈ ਕਹਿੰਦਾ ਹੈ। ਸਾਰੇ ਗੱਡੀਆਂ ਵਾਲਿਆਂ ਦੇ ਇੱਟਾਂ ਰੱਖਕੇ ਬਣਾਏ ਜਾ ਟੋਏ ਪੁੱਟ ਕੇ ਬਣਾਏ ਚੁਲ੍ਹੇ ਬਲ ਰਹੇ ਹਨ। ਇਹ ਰੋਟੀ ਇਕੋ ਡੰਗ ਸੰਝ ਨੂੰ ਬਣਾ ਕੇ ਖਾਂਦੇ ਹਨ। ਸਵੇਰੇ ਚਾਹ ਪੀ ਕੇ ਏਧਰ ਉਧਰ ਨੂੰ ਨਿਕਲ ਜਾਂਦੇ ਹਨ। ਦੀਵਾਂ ਨਹੀਂ ਬਾਲਦੇ। ਨ੍ਹੇਰਾ ਹੁੰਦਿਆਂ ਹੀ ਗੱਡੀਆਂ ਉੱਤੇ ਤਰਪਾਲਾਂ ਤਾਣ ਕੇ ਚਾਰੇ ਪਾਸੇ ਮੰਜਿਆਂ ਤੱਕ ਕਪੜੇ ਤਾਣ ਕੇ ਅੰਦਰ ਵੜ ਕੇ ਸੌਂ ਜਾਂਦੇ ਹਨ। ਪਰਦਾ ਕਰਨ ਲਈ ਨਾਲ ਦੇ ਮੰਜੇ 'ਤੇ ਪਏ ਬੱਚਿਆਂ ਵੱਲ ਵੀ ਕੱਪੜਾ ਜਿਹਾ ਤਾਣ ਲੈਂਦੇ ਹਨ।"

"ਓ ਵਿਚਾਰੇ ਕਰਨ ਵੀ ਕੀ? ਇਨ੍ਹਾਂ ਕੋਲ ਹੋਰ ਕਿਆ ਕੋਈ ਕੰਮ ਐ? ਬੱਚੇ ਮੰਗ ਖਾ ਕੇ ਆਪੇ ਪਲੀ ਜਾਂਦੇ ਐ।" ਇੰਦਰ ਸਿੰਘ ਨੇ ਕਿਹਾ, ਪਿਛਲੇ ਸਿਆਲ ਵਿਚ ਝੜੀ ਲੱਗ ਗਈ। ਇਹ ਕਿਧਰੇ ਜਾਣ ਜੋਗੇ ਨਾ ਰਹੇ... ਮੈਂ ਆਲੂਆਂ ਦੀ ਬੋਰੀ ਲਿਆ ਕੇ ਦਿੱਤੀ। ਫ਼ੌਜੀ ਨੇ ਚੋਲਾਂ ਦਾ ਥੈਲਾ ਦਿੱਤਾ।"

"ਪਰ ਹੁਣ ਕੁਝ ਗੱਡੀਆਂ ਵਾਲੇ ਕੰਮ ਕਰਨ ਲੱਗ ਪਏ ਐ।" ਫ਼ੌਜੀ ਨੇ ਦੱਸਿਆ ਪਰ ਕੰਮ ਉਹੀ ਕਰਦੇ ਐ... ਜੀਹਦੇ ਫੋਰੀ ਪੈਸੇ ਮਿਲਣ। ਕੁਝ ਗੱਡੀਆਂ ਵਾਲੇ ਮੁੰਡੇ ਜਦ ਆਏ ਹੁੰਦੇ ਐ, ਮੇਰੇ ਕੋਲ ਵੇਟਰ ਦਾ ਕੰਮ ਕਰਦੇ ਐ। ਸੰਝ ਨੂੰ ਸੌ ਰੁਪਏ ਦਿਹਾੜੀ ਲੈ ਲੈਂਦੇ ਐ। ਠੇਕੇ 'ਤੇ ਪੀ -ਖਾ ਕੇ ਆ ਜਾਂਦੇ ਐ। ਹੁਣ ਵੀ ਆਏ ਹੋਏ ਐ।'

ਏਨੇ ਨੂੰ ਗੱਡੀਆਂ ਵਾਲੇ ਵੇਟਰ ਮੁੰਡੇ ਠੇਕੇ ਕੰਨੀਓਂ ਆ ਕੇ ਬਾਹਰ ਧੋ ਕੇ ਸੁੱਕਣੇ ਪਾਏ ਸ਼ਾਮਿਆਨੇ ਤੇ ਮੈਟ ਚੁੱਕ ਕੇ ਅੰਦਰ ਰੱਖਣ ਲੱਗੇ ਪਏ। ਦੇਸੀ ਦਾਰੂ ਵਾਲਾ ਭਿੱਟ ਹੋਣ ਤੋਂ ਡਰਦਾ ਉਠਕੇ ਬਾਹਰ ਜਾ ਕੇ ਖੜ ਗਿਆ। ਮੈਂ ਵੀ ਮੈਟ ਚੁੱਕੀ ਕੋਲ ਨੂੰ ਖਹਿ ਕੇ ਲੰਘਦੇ ਮੁੰਡੇ ਨੂੰ ਕਿਹਾ,

"ਦੇਖ ਬਈ ਕੂਹਣੀ ਮਾਰ ਕੇ ਐਨਕ ਨਾ ਸੁੱਟ ਦੇਈਂ ਇਹ ਆਮ ਐਨਕ ਨਹੀਂ... ਵਿਸ਼ੇਸ਼ ਨਜ਼ਰ ਦੀ ਐਨਕ ਐ ਬੜੀ ਔਖੀ ਬਣਾਈ ਐ... ਜੇ ਇਕ ਵਾਰੀ ਟੁੱਟ ਗਈ ਇਹੋ ਜਿਹੀ ਨੀ ਬਣਨੀ... ਹੋਰ ਤਰ੍ਹਾਂ ਦੀ ਭਾਵੇਂ ਬਣ ਜਾਵੇ। ਵੇਟਰ ਮੁੰਡੇ ਨੂੰ ਮੇਰੀ ਗੱਲ ਸਮਝ ਆਈ ਜਾਂ ਨਹੀਂ। ਪਰ ਉਹ ਮੈਟ ਚੁੱਕੀ ਮੈਥੋਂ ਪਰ੍ਹਾਂ ਨੂੰ ਹੋ ਕੇ ਲੰਘਣ ਲੱਗ ਪਿਆ।

ਇਕ ਚੜ੍ਹਦੀ ਉਮਰ ਦੀ ਗੱਡੀਆਂ ਵਾਲੀ ਗਿਟਿਆ 'ਤੇ ਚਾਂਦੀ ਦੇ ਮੋਟੇ-ਮੋਟੇ ਕੜੇ ਪਾਈ ਲੱਕ ਗੋਡਿਆਂ ਤੱਕ ਘੱਗਰੀ ਗਲ ਲੱਕ ਤੋਂ ਰਤਾ ਥੱਲੇ ਤੱਕ ਬਦਾਮੀ ਰੰਗ ਦੀ ਕੁੜਤੀ ਤੇ ਸਿਰ 'ਤੇ ਗੂੜੇ ਲਾਲ ਰੰਗ ਦੀ ਚੁੰਨੀ ਲਈ ਕਾਉਂਟਰ ਕੋਲ ਨੂੰ ਲੰਘਕੇ ਫ਼ੌਜੀ ਦੇ ਨੇੜੇ ਜਾ ਖੜ੍ਹੀ ਉਹ ਖ਼ੀਸ਼ੇ ਵਿਚੋਂ ਇਕ ਪਰਚੀ ਜਹੀ ਕੱਢਕੇ ਫ਼ੌਜੀ ਨੂੰ ਫੜਾਉਂਦਿਆਂ ਉੱਚੀ ਆਵਾਜ਼ ਵਿਚ ਬੋਲੀ, "ਮਿਲਾਈਂ ਫ਼ੌਜੀ ਆਹ ਨੰਬਰ!" ਫ਼ੌਜੀ ਨੇ ਪਰਚੀ ਫੜਕੇ ਉਹਦੇ ਚਿਹਰੇ 'ਤੇ ਨਜਰਾਂ ਗੱਡਦਿਆਂ ਪੁੱਛਿਆ,

"ਪਹਿਲਾਂ ਇਹ ਦੱਸ ਇਹ ਸੱਚਮੁੱਚ ਐਡੀਆਂ-ਐਡੀਆਂ ਜਾਂ ਬਣਾਉਟੀ ਬਣਾਈਆਂ ਹੋਈਆਂ?" ਫ਼ੌਜੀ ਨੇ ਉਹਦੀਆਂ ਅੱਗੇ ਨੂੰ ਬਹੁਤ ਵਧਵੀਆਂ ਛਾਤੀਆਂ ਵੱਲ ਉਂਗਲ ਕਰਕੇ ਪੁੱਛਿਆ? ਉਹ ਦੰਦ ਕੱਢਦਿਆਂ ਕਹਿਣ ਲੱਗੀ, "ਫ਼ੌਜੀ ਹਟਜਾ ਛੇੜਨ ਤੋਂ... ਜੇ ਮੈਂ ਚਾਰ ਗੱਲਾਂ ਬਣਾ ਕੇ ਤੇਰੇ ਘਰ ਦੱਸ ਆਈ... ਤੈਨੂੰ ਸਰਦਾਰਨੀ ਨੇ ਘਰ ਵੜਨਾ ਔਖਾ ਕਰ ਦੇਣੈ। ਤੈਨੂੰ ਵੀਹ ਵਾਰ ਦੱਸਿਆ ਬਈ...।"

"ਮੈਨੂੰ ਤਾਂ ਪਤਾ ਐ ਪਰ ਇਹਨਾਂ ਨੂੰ ਨੀ ਪਤਾ।" ਫ਼ੌਜੀ ਨੇ ਸਾਡੇ ਵੱਲ ਇਸ਼ਾਰਾ ਕੀਤਾ। ਉਹ ਹਸਦਿਆਂ ਹੋਇਆਂ ਦੱਸਣ ਲੱਗੀ, "ਸਾਡੇ ਕਪੜੇ ਸੀਣ ਵਾਲੇ ਦਰਜੀ ਵੱਖਰੇ ਹੁੰਦੇ ਐ ਉਹ ਸਾਡੀ ਕੁੜਤੀ ਸਿਉਂਦਿਆਂ ਈ ਛਾਤੀਆਂ ਦੇ ਕਪੜੇ ਅੱਗੇ ਵਧਵੀ ਰੂਈ ਸਿਓਂ ਦਿੰਦੇ ਐ। ਫ਼ੌਜੀ ਤੇਰੇ ਵਰਗਿਆਂ ਨੇ ਤੀਵੀਂ



ਦੇ ਚਿਹਰੇ ਵੱਲ ਦੇਖਕੇ ਉਹਦੀਆਂ ਛਾਤੀਆਂ ਵੱਲ ਈ ਦੇਖਣਾ ਹੁੰਦੈ। ਚਿਹਰੇ ਤਾਂ ਸਾਡੇ ਧੁੱਪ ਨੇ ਲੂਸੇ ਪਏ ਐ ਜੇ ਸਾਡੀਆਂ ਛਾਤੀਆਂ ਵਧਵੀਆਂ ਹੋਊ ਤਾਂ ਹੀ ਤੇਰੇ ਵਰਗਾ ... ਸਾਡੇ ਵੱਲ ਦੇਖੂ।" ਫ਼ੌਜੀ ਚੁੱਪ ਕਰ ਗਿਆ।

"ਇਹ ਚਾਲੂ ਔਰਤ ਬੋਲਣ ਲੱਗੀ ਅੱਗਾ ਪਿੱਛਾ ਨੀ ਦੇਖਦੀ।" ਉਹ ਫੋਨ ਕਰਕੇ, ਹਸਕੇ ਠੀਠੂ ਦਿਖਾਉਂਦਿਆਂ ਆਪਣਾ ਮੋਬਾਇਲ ਫੋਨ ਫ਼ੌਜੀ ਨੂੰ ਬੈਟਰੀ ਚਾਰਜ ਕਰਨ ਲਈ ਦੇ ਕੇ ਚਲੀ ਗਈ। ਫ਼ੌਜੀ ਉਨ੍ਹਾਂ ਬਾਰੇ ਦੱਸਣ ਲੱਗਿਆ, "ਬਈ ਮਜ਼ਾਕ ਜਿੰਨਾ ਮਰਜੀ ਕਰੀ ਜਾਣ... ਪਰ ਕਿਰਦਾਰ ਦੀਆਂ ਬੜੀਆਂ ਸੁੱਚੀਆਂ ਪਰ ਹੁਣ ਜ਼ਮਾਨੇ ਨਾਲ ਇਹ ਵੀ ਬਦਲ ਰਹੀਆਂ ਦੋ ਚਾਰ ਜਣੀਆਂ ਕਾਰਾਂ ਵਿਚ ਬਹਿਕੇ ਜਾਣ ਲੱਗ ਪਈਆਂ। ਪਰ ਸਾਰੀਆਂ ਨੀ ਇਹੋ ਜਿਹੀਆਂ। ਪਰਸੋਂ ਦੀ ਗੱਲ ਐ। ਪਿੰਡ ਦੇ ਦੋ ਬਿਗੜੈਲ ਜਹੇ ਮੁੰਡੇ ਇਹਨਾਂ ਦੇ ਆਦਮੀਆਂ ਨੂੰ ਸਾਰਾ ਦਿਨ ਸ਼ਰਾਬ ਪਿਲਾਈ ਗਏ। ਸੰਝ ਨੂੰ ਇਹਨਾਂ ਦੀ ਕੁੜੀ ਨੂੰ ਕੁਝ ਕਹਿ 'ਤਾ। ਸਾਰਾ ਡੇਰਾ 'ਕੱਠਾ ਹੋ ਗਿਆ। ਆਦਮੀਆਂ ਨੇ ਡੰਡੇ ਚੁੱਕ ਲਏ, ਬੱਚੇ ਵੀ ਚਿਮਟੇ, ਖੁਰਚਣੇ ਚੁੱਕੀ ਫਿਰਨ। ਮੁੰਡਿਆਂ ਨੇ ਭੱਜਣ ਦੀ ਕੀਤੀ।" ਅਸੀਂ ਫ਼ੌਜੀ ਦੀ ਗੱਲ ਤੇ ਖੁਲ੍ਹ ਕੇ ਹਸੇ।

## 4.

ਫ਼ੌਜੀ ਨੂੰ ਗੱਲ ਫੁਰਦੀ ਦੇਖ ਇੰਦਰ ਸਿੰਘ ਨੇ ਸੋਚਿਆ... ਉਹ ਪਿਛੇ ਰਹਿ ਗਿਆ ਹੋਵੇ। ਅਜਿਹੇ ਵੇਲੇ ਉਹ ਮੇਰੇ ਮਗਰ ਹੀ ਪੈਂਦਾ ਹੈ। ਗੱਡੀਆਂ ਵਾਲਿਆਂ ਬਾਰੇ ਚਲਦੀਆਂ ਗੱਲਾਂ ਵਿਚ ਇੰਦਰ ਸਿੰਘ ਮੇਰੀ ਯਾਦ-ਦਾਸ਼ਤ ਪਰਖਣ ਲੱਗਿਆ, "ਲੈ ਬਈ ਐਂ ਦੱਸ... ਜਿਸ ਦਿਨ ਗੱਡੀਆਂ ਵਾਲੀ ਬੁੱਢੀ ਤੀਵੀਂ ਇਕ ਜਵਾਨ ਕੁੜੀ ਨੂੰ ਲੈ ਕੇ 'ਕੱਲੇ 'ਕੱਲੇ ਸਰ , ਮੈਡਮ ਕੋਲ ਘੁੰਮ ਰਹੀ ਸੀ, ਉਸ ਦਿਨ ਸਰ ਨੇ ਭਲਾ ਕਿਹੜਾ ਲੈਸਨ ਪੜ੍ਹਾਇਆ ਸੀ। ਮੈ ਜਾਣ ਕੇ ਘੇਸਲ ਮਾਰ ਗਿਆ ਤਾਂ ਜੋ ਇੰਦਰ ਸਿੰਘ ਦੀ ਚੜ੍ਹ ਮਚ ਜਾਏ। ਤੇ ਮੈਂ ਦਿਮਾ.ਗ 'ਤੇ ਭਾਰ ਪਾਉਣ ਦਾ ਬਹਾਨਾ ਬਣਾਉਂਦਿਆਂ ਕਿਹਾ, "ਸਵਾਰਕੇ ਯਾਦ ਨਹੀਂ ਥੋੜਾ ਜਿਹਾ ਦੱਸੀਂ ਫਿਰ ਯਾਦ ਆ ਜੂ।" ਦੇਖਿਆ ਫੇਰ ਮੈਂ ਈ ਦੱਸਾ।" ਉਹਨੇ ਆਦਤ ਅਨੁਸਾਰ ਗਰਦਨ ਘੁਮਾਂਦਿਆਂ ਸਿਰ ਫੇਰਿਆ, "ਮੇਰੇ ਯਾਦ ਐ... ਉਸ ਦਿਨ ਸਰ ਨੇ ਮਨੂੰ ਸਿਮਰਤੀ ਤੇ ਹੋਰ ਸਿਮਰਤੀਆਂ ਲਿਖੇ ਜਾਣ ਦਾ ਲੈਸਨ ਪੜ੍ਹਾਇਆ ਸੀ। ਤੇ ਉਹ ਜੇਤੂ ਅੰਦਾਜ਼ ਵਿਚ ਗਿਲਾਸ ਨੇੜੇ ਕਰਕੇ ਪੈੱਗ ਪਾਉਣ ਲੱਗ ਪਿਆ।

ਮੇਰੇ ਭਲਾ ਕਿਉਂ ਨੀ ਯਾਦ ਹੋਊ? ਮੈਂ ਤਾਂ ਸਗੋਂ ਸਰ ਕੋਲੋਂ ਪੜ੍ਹਨ ਤੋਂ ਬਾਅਦ ਜਿਥੋਂ ਕਿਤੇ ਵੀ ਇਸਦੇ ਬਾਰੇ ਲਿਖਿਆ ਹੋਇਆ ਪੜ੍ਹਦਾ। ਸਰ ਤੋਂ ਲਈ ਇਸ ਡਾਇਰੀ ਵਿਚ ਨੋਟ ਕਰਦਾ ਆ ਰਿਹਾਂ।

ਉਸ ਦਿਨ ਅਸੀਂ ਕਿੰਨੇ ਹੀ ਵਿਦਿਆਰਥੀ ਰੀਸੈੱਸ ਹੋਣ ਕਰਕੇ ਕਲਾਸ ਰੂਮ ਅਗਲੇ ਵਰਾਂਡੇ ਵਿਚ ਖੜ੍ਹੇ ਵੇਖ ਰਹੇ ਸੀ ਕਿ ਬੁੱਢੀ ਰਾਹੀਂ ਹੱਥ ਅੱਡਕੇ ਨਾਲ ਲਿਆਂਦੀ ਕੁੜੀ ਦਾ ਵਿਆਹ ਕਰਨ ਲਈ, ਜੋ ਸਰਦਾ ਐ, ਦੇਣ ਲਈ ਹਰੇਕ ਸਰ, ਮੈਡਮ ਕੋਲ ਜਾ ਕੇ ਗਿੜਗਿੜਾ ਰਹੀ ਸੀ। ਲਗਭਗ ਹਰੇਕ ਅਧਿਆਪਕ ਉਨ੍ਹਾਂ ਨੂੰ ਦਸ, ਵੀਹ ਰੁਪਏ ਦੇਣ ਦੇ ਨਾਲ ਨਾਲ ਉਨ੍ਹਾਂ ਨੂੰ ਇਸ ਤਰ੍ਹਾਂ ਮੰਗਣ 'ਤੇ ਝਾੜ ਜ਼ਰੂਰ ਪਾਉਂਦਾ ਸੀ ਕਿ ਵਿਹਲੀਆਂ ਖਾਣ ਲੱਗੀਆਂ ਹੋਈਆਂ ਓ, ਭਲੀਆਂ ਚੰਗੀਆਂ ਓ... ਕੋਈ ਕੰਮ-ਕਾਰ ਨੀ ਕਰ ਸਕਦੀਆਂ? ਆਰੀਆ ਸਰ ਨੇ ਉਨ੍ਹਾਂ ਨੂੰ ਪੰਜਾਹ ਦਾ ਨੋਟ ਦਿੱਤਾ ਸੀ ਤੇ ਇਤਿਹਾਸ ਦੇ ਪੀਰੀਅਡ ਵਿਚ, ਸਾਡੀ ਕਲਾਸ ਵਿਚ ਆ ਕੇ ਦੱਸਿਆ ਸੀ, "ਉਨ੍ਹਾਂ ਦੇ ਆ ਕੇ ਇਸ ਤਰ੍ਹਾਂ ਗਿੜ ਗਿੜਾ ਕੇ ਮੰਗਣ ਵਿਚ ਉਨ੍ਹਾਂ ਦਾ ਕੋਈ ਕਸੂਰ ਨਹੀਂ... ਹਾਲਾਂਤਾਂ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਦਾ ਬਣਾਇਆ... ਇਸ ਤਰ੍ਹਾਂ ਦੇ ਅਸਾਵੇਂ ਹਾਲਾਤ ਬਣਨ ਬਾਰੇ ਹੀ ਅੱਜ ਮੈਂ ਪੜ੍ਹਾਵਾਂਗਾ।"

"184 ਈ. ਪੂ. ਮਗਧ ਸਾਮਰਾਜ ਦੇ ਬੋਧੀ ਰਾਜੇ ਬ੍ਰਿਹਦਰਥ ਦਾ ਉਸਦੇ ਬ੍ਰਾਹਮਣ ਸੈਨਾਪਤੀ ਪੁਸ਼ਿਆਮਿੱਤਰ ਨੇ ਕਤਲ ਕਰ ਦਿੱਤਾ ਸੀ। ਉਸਨੇ ਮਗਧ ਦੇ ਆਲੇ-ਦੁਆਲੇ ਦੇ ਕੁਝ ਖੇਤਰ 'ਤੇ ਆਪਣਾ ਅਧਿਕਾਰ ਕਾਇਮ ਕਰ ਲਿਆ ਸੀ ਪਰ ਉਸਦੇ ਰਾਜ ਦੇ ਚੌਹੀਂ ਪਾਸੀਂ ਬੁੱਧ ਧਰਮ ਨੂੰ ਮੰਨਣ ਵਾਲੇ ਗਣ ਰਾਜ ਸਨ ਉਸਨੂੰ ਡਰ ਸੀ ਸੀ ਇਹ ਗਣ ਰਾਜ ਸੰਘ ਬਣਾ ਕੇ ਉਸਦੇ ਰਾਜ 'ਤੇ ਆਕਰਮਣ ਕਰਕੇ ਮੁੜ ਉਸਦੇ ਰਾਜ ਨੂੰ ਖ਼ਤਮ ਨਾ ਕਰ ਦੇਣ।

"ਰਾਜਾ ਪੁਸ਼ਿਆਮਿੱਤਰ ਨੇ ਦੂਰੋਂ ਦੂਰੋਂ ਐ ਬ੍ਰਾਹਮਣ ਰਿਸ਼ੀਆਂ, ਮੁਨੀਆਂ ਦੀ ਧਰਮ ਸੰਸਦ ਬੁਲਾਈ ਤੇ ਉਨ੍ਹਾਂ ਨੂੰ ਸਿਰ ਝੁਕਾ ਕੇ ਨਮਸਕਾਰ ਕਰਦਿਆਂ ਉਨ੍ਹਾਂ ਦੇ ਚਰਨਾਂ ਵਿਚ ਬੇਨਤੀ ਕੀਤੀ, "ਮੈਂ ਲਗਭਗ ਸਾਰੇ ਭਾਰਤ ਵਿਚ ਫੈਲੇ ਸ੍ਰਮਣੀ 'ਬੋਧ ਮੱਤ ਨੂੰ' ਮੰਨਣ ਵਾਲੇ ਰਾਜਾਂ ਵਿਚੋਂ, ਬੋਧੀ ਰਾਜੇ ਬ੍ਰਿਹਦਰਥ ਨੂੰ ਕਤਲ ਕਰਕੇ ਇਕ ਨਿੱਕਾ ਜਿਹਾ 'ਬ੍ਰਾਹਮਣੀ ਰਾਜ' ਸਥਾਪਤ ਕੀਤਾ ਹੈ। ਹੁਣ ਇਹਦੀਆਂ ਜੜ੍ਹਾਂ ਪੂਜਣਯੋਗ ਬ੍ਰਾਹਮਣਾਂ, ਵਿਦਵਾਨਾਂ ਨੇ ਮਜ਼ਬੂਤ ਕਰਨੀਆਂ ਹਨ।" ਰਾਜਾ ਉਨ੍ਹਾਂ ਨੂੰ ਦਾਨ ਦਕਸ਼ਣਾ ਦੇ ਕੇ ਰਾਜ ਦਰਬਾਰ ਵਿਚ ਚਲਿਆ ਗਿਆ, ਪਿਛੋਂ ਉਨ੍ਹਾਂ ਨੇ ਰਾਜੇ ਦੇ ਦਰਬਾਰੀਆਂ ਨੂੰ ਬਾਹਰ ਭੇਜ ਕੇ ਗੁਪਤ ਵਾਰਤਾਲਾਪ ਕੀਤਾ... ਤੇ ਰਿਸ਼ੀ ਆਪਣੇ ਆਪਣੇ ਆਸ਼ਰਮਾਂ ਵੱਲ ਚੱਲ ਪਏ।

"ਪਰ ਪੁਸ਼ਿਆਮਿੱਤਰ ਰਾਜੇ ਦਾ ਪਰੋਹਿਤ ਵਾਪਸ ਜਾਣ ਲੱਗੇ ਮਨੂੰ ਬ੍ਰਾਹਮਣ ਨੂੰ ਰਾਜੇ ਦੇ ਦਰਬਾਰ ਵਿਚ ਲੈ ਆਇਆ ਏਨੇ ਨੂੰ ਸੈਨਾਪਤੀ, ਸੈਨਿਕਾਂ ਨਾਲ, ਰਾਜ ਵਿਚੋਂ ਲੰਘ ਰਹੇ ਵਪਾਰੀਆਂ ਕੋਲੋਂ ਲੁੱਟਿਆ ਹੋਇਆ ਧਨ ਖੱਚਰਾਂ 'ਤੇ ਲੱਦ ਕੇ ਰਾਜ ਦਰਬਾਰ ਵਿਚ ਆਣ ਹਾਜਰ ਹੋਇਆ। ਰਾਜਾ ਪੁਰੋਹਿਤ ਵੱਲ ਦੇਖਣ ਲੱਗਾ ਕਿ ਉਹ ਦੱਸੇ ਇਸ ਧਨ ਦਾ ਕੀ ਕੀਤਾ ਜਾਵੇ। ਪਰ ਪਰੋਹਿਤ ਦੇ ਬੋਲਣ ਤੋਂ ਪਹਿਲਾਂ ਮਨੂੰ ਰਿਸ਼ੀ ਬੋਲ ਪਏ, "ਰਾਜਨ! ਅੱਧਾ ਧਨ ਰਾਜ ਕੋਸ਼ ਵਿਚ ਰੱਖਕੇ ਬਾਕੀ ਦਾ ਅੱਧਾ ਧਨ ਬ੍ਰਾਹਮਣਾਂ ਨੂੰ ਦਾਨ ਕਰ ਦਿਓ।" ਰਾਜੇ ਨੇ ਅੱਧਾ ਧਨ ਰਾਜ ਕੋਸ਼ ਵਿਚ ਰੱਖਿਆ ਤੇ ਬਾਕੀ ਦਾ ਧਨ ਮਨੂੰ ਬ੍ਰਾਹਮਣ ਸਮੇਤ ਰਾਜ ਦਰਬਾਰ ਵਿਚਲੇ ਬ੍ਰਾਹਮਣਾਂ ਨੂੰ ਦਾਨ ਕਰ ਦਿੱਤਾ। ਇਸ ਤਰ੍ਹਾਂ ਮਨੂੰ ਜੀ ਧਨ ਦੀਆਂ ਦੋ ਖੱਚਰਾਂ ਲੱਦੀ ਆਸ਼ਰਮ ਵਿਚ ਵਾਪਸ ਪਰਤ ਆਏ ਸਨ।"

ਅਰਵਿੰਦਰ ਆਰੀਆ ਸਰ ਨੇ ਦੱਸਿਆ ਸੀ ਕਿ ਬੋਧ ਵਿਹਾਰਾਂ ਦੀ ਤਰਜ਼ 'ਤੇ ਕਈ ਰਿਸ਼ੀਆਂ ਦੇ ਆਸ਼ਰਮ ਵਿਚ ਚਾਰੇ ਵਰਣਾਂ ਦੇ ਮੁੰਡਿਆਂ, ਕੁੜੀਆਂ ਨੂੰ ਵਿਦਿਆ ਪੜ੍ਹਾਈ ਜਾਣ ਲੱਗ ਪਈ ਸੀ। ਮਨੂੰ ਰਿਸ਼ੀ ਧਰਮ ਸੰਸਦ ਵਿਚੋਂ ਆ ਕੇ ਆਸ਼ਰਮ ਵਿਚ ਚਿੰਤਨ ਵਿਚ ਮਗਨ ਘੁੰਮ ਰਹੇ ਸਨ। ਚੇਲਿਆ ਨੂੰ ਉਨ੍ਹਾਂ ਕੋਲੋਂ ਡਰ ਲੱਗ ਰਿਹਾ ਸੀ।

"ਸਰ! ਜਿਵੇਂ ਕਲਾਸ ਵਿਚ ਡੰਡਾਂ ਚੁੱਕੀ ਘੁੰਮਦੇ ਸੁਰਿੰਦਰ ਸਰ ਤੋਂ ਸਾਰੇ ਸਟੂਡੈਂਟ ਡਰੇ ਸਹਿਮੇ ਬੈਠੇ ਰਹਿੰਦੇ ਹਨ... ਕੋਈ ਉਨ੍ਹਾਂ ਅੱਗੇ ਕੁਸਕਣ ਦੀ ਹਿੰਮਤ ਨੀ ਕਰਦਾ।" ਸਕੂਲ ਵਿਚ ਚੰਡੀਗੜ੍ਹੋਂ ਆ ਕੇ ਨਵੀਂ-ਨਵੀਂ ਦਾਖਲ ਹੋਈ ਅੰਜਲੀ ਚੁਸਤੀ ਦਿਖਾਉਂਦਿਆਂ ਬੋਲੀ। ਇੰਦਰ ਸਿੰਘ ਬੋਲਿਆ, "ਮੈਂ ਵੀ ਤਾਂ ਕਲਾਸ ਦੇ ਮੁੰਡਿਆਂ ਦਾ ਨਵਾਂ ਨਵਾਂ ਮਨੀਟਰ ਬਣਾਇਆ ਗਿਆ ਸਾਂ। ਮੈਂ ਹੀ ਉਹਨਾਂ ਨੂੰ ਘੇਰਦਾ ਸਾਂ। ਮੈਂ ਉਹਨੂੰ ਕਿਸਾ ਸੀ, "ਤੂੰ ਕਿਹੜਾ ਸੁਰਿੰਦਰ ਸਰ ਦੀ ਕਲਾਸ ਵਿਚ ਡੰਡੇ ਦੇ ਡਰ ਤੋਂ ਕੁਸਕਦੀ ਏਂ ਤੂੰ ਵੀ ਅਰਵਿੰਦਰ ਸਰ ਦੇ ਪੀਰੀਅਡ ਵਿਚ ਈ ਗੁਟਕਦੀ ਏਂ।" ਅੰਜਲੀ ਨੇ ਮੇਰੇ ਵੱਲ ਅੱਖਾਂ ਕੱਢ ਕੇ ਦੇਖਿਆ ਸੀ, ਬੋਲੀ ਕੁਝ ਨਹੀਂ ਸੀ।

ਸਰ ਅੱਗੇ ਪੜ੍ਹਾਉਣ ਲੱਗੇ ਸਨ, "ਮਨੂੰ ਰਿਸ਼ੀ ਨੂੰ ਪਤਾ ਨਹੀਂ ਕੀ ਸੁਝਿਆ ਉਹਨਾਂ ਨੇ ਸੂਦਰਾਂ, ਸ਼ਿਲਪੀਆਂ ਦੇ ਮੁੰਡਿਆ ਨੂੰ ਖੜ੍ਹੇ ਹੋਣ ਲਈ ਕਿਹਾ ਤੇ ਉਨ੍ਹਾਂ ਨੂੰ ਕਹੀਆਂ ਖੁਰਪੇ ਤੇ ਤਸਲੇ ਚੁਕਾ ਕੇ ਆਸ਼ਰਮ ਦੀ ਮਾਲਕੀ ਵਾਲੇ ਖੇਤ ਪੱਧਰੇ ਕਰਨ ਲਈ ਭੇਜ ਦਿੱਤਾ। ਬਾਕੀ ਬੈਠੇ ਚੇਲੇ ਹੈਰਾਨ ਸਨ ਕਿ ਅੱਗੇ ਦੁਪਹਿਰ ਤੱਕ ਵਿਦਿਆ ਗ੍ਰਹਿਣ ਕਰਕੇ, ਦੁਪਹਿਰ ਤੋਂ ਬਾਅਦ ਸਾਰੇ ਚੇਲੇ ਇਕੱਠੇ ਹੋ ਕੇ ਖੇਤਾਂ ਵਿਚ ਕੰਮ ਕਰਦੇ ਸਨ। ਤੇ ਆਸ਼ਰਮ ਵਿਚ ਯੱਗ, ਅਨੁਸ਼ਠਾਨ ਕਰਨ ਲਈ ਜੰਗਲ ਵਿਚੋਂ ਲੱਕੜਾਂ ਕੱਟ ਕੇ ਲਿਆਉਂਦੇ ਸਨ। ਪਰ



ਅੱਜ ਉਨ੍ਹਾਂ ਵਿਚੋਂ ਸੂਦਰਾਂ ਸ਼ਿਲਪੀਆਂ ਦੇ ਮੁੰਡਿਆਂ ਨੂੰ ਖੇਤਾਂ ਵਿਚ ਕੰਮ ਕਰਨ ਲਈ ਭੇਜਣ 'ਤੇ ਸਾਰੇ ਚੇਲੇ ਹੈਰਾਨ ਸਨ।"

"ਸਰ ਜਿਵੇਂ ਸਾਡੇ ਪ੍ਰਾਈਮਰੀ ਸਕੂਲ ਵਿਚ ਪੜ੍ਹਾਉਂਦੇ ਅਧਿਆਪਕ ਕੇਵਲ ਭੰਗੀਆਂ ਦੇ ਮੁੰਡਿਆਂ ਦੀ ਡਿਊਟੀ ਸਕੂਲ ਦੀ ਗਰਾਊਂਡ ਵਿਚੋਂ ਕੁੱਤਿਆਂ-ਬਿੱਲਿਆਂ ਦਾ ਗੰਦ ਹੂੰਝਣ ਦੀ ਲਾਉਂਦੇ ਹੁੰਦੇ ਸਨ।" ਇੰਦਰ ਸਿੰਘ ਨੇ ਕਲਾਸ ਵਿਚ ਖੜ੍ਹਾ ਹੋ ਕੇ ਕਿਹਾ ਸੀ।

ਇਹੀ ਨਹੀਂ ਉਨ੍ਹਾਂ ਨੇ ਕਸ਼ੱਤਰੀਆਂ ਦੇ ਮੁੰਡਿਆਂ ਨੂੰ ਆਸ਼ਰਮ ਦੇ ਇਕ ਪਾਸੇ ਬੁਲਾਇਆ ਤੇ ਉਨ੍ਹਾਂ ਨੂੰ ਧਨੁਸ਼ ਬਾਣ, ਤਲਵਾਰਾਂ ਤੇ ਢਾਲਾਂ ਦੇ ਕੇ ਦੋ ਟੋਲੀਆਂ ਬਣਾ ਕੇ ਦਵੰਦ ਯੁੱਧ ਕਰਨ ਲਾ ਦਿੱਤਾ।

ਤੇ ਫੇਰ ਉਨ੍ਹਾਂ ਨੇ ਆਸ਼ਰਮ ਵਿਚਲੀਆਂ ਸਾਰੀਆਂ ਕੁੜੀਆਂ ਨੂੰ ਖੜ੍ਹੇ ਹੋਣ ਲਈ ਕਿਹਾ ਤੇ ਉਨ੍ਹਾਂ ਨੂੰ ਪੱਕੇ ਤੌਰ ਤੇ ਘਰ ਭੇਜਦਿਆਂ ਦੱਸਿਆ ਕਿ ਧਰਮ ਸ਼ਾਸਤਰਾਂ ਅਨੁਸਾਰ ਸ਼ੂਦਰਾਂ ਤੇ ਔਰਤਾਂ ਨੂੰ ਵਿਦਿਆ ਗ੍ਰਹਿਣ ਕਰਨ ਦੀ ਮਨਾਹੀ ਹੈ।"

"ਸਰ ਜਿਵੇਂ ਅਫਗਾਨਿਸਤਾਨ ਵਿਚ ਤਾਲਿਬਾਨਾਂ ਦਾ ਰਾਜ ਕਾਇਮ ਹੋਣ 'ਤੇ ਉਨ੍ਹਾਂ ਨੇ ਸਕੂਲਾਂ ਵਿਚੋਂ ਸਾਰੀਆਂ ਲੜਕੀਆਂ ਅਤੇ ਅਧਿਆਪਕਾਵਾਂ ਨੂੰ ਘਰ ਭੇਜਦਿਆਂ ਉਨ੍ਹਾਂ ਦੇ ਵਿਦਿਆ ਗ੍ਰਹਿਣ 'ਤੇ ਸਰਕਾਰੀ ਕਾਨੂੰਨ ਬਣਾ ਕੇ ਰੋਕ ਲਾ ਦਿੱਤਾ ਸੀ ਤੇ ਦੱਸਿਆ ਸੀ ਕਿ ਇਸਲਾਮ ਧਰਮ ਇਸਤਰੀਆਂ ਨੂੰ ਪੜ੍ਹਨ ਲਿਖਣ ਦੀ ਇਜਾਜਤ ਨਹੀਂ ਦਿੰਦਾ। ਇਨ੍ਹਾਂ ਦਾ ਨਿਵਾਸ ਕੇਵਲ ਘਰਾਂ ਦੇ ਜਨਾਨਖਾਨਿਆਂ ਵਿਚ ਹੈ। ਜੋ ਇਨ੍ਹਾਂ ਦੇ ਘਰੋਂ ਬਾਹਰ ਨਿਕਲਣਾ ਹੈ। ਬੁਰਕਾ ਪਾ ਕੇ ਨਿਕਲਣ। ਪਰ ਮਨੂੰ ਸਰ ਤਾਂ ਤਾਲਿਬਾਨਾਂ ਤੋਂ ਵੀ ਦੋ ਕਦਮ ਅੱਗੇ ਨਿਕਲ ਗਏ... ਤਾਲਿਬਾਨਾ ਨੇ ਤਾਂ ਇਕੱਲੀਆਂ ਇਸਤਰੀਆਂ ਤੋਂ ਪੜ੍ਹਨ ਦਾ ਅਧਿਕਾਰ ਖੋਹਿਆ ਪਰ ਮਨੂੰ ਸਰ ਨੇ ਤਾਂ ਇਸਤ੍ਰੀਆਂ ਨਾਲ-ਨਾਲ ਸੂਦਰਾਂ ਤੇ ਸ਼ਿਲਪੀਆਂ ਤੋਂ ਵੀ ਇਹ ਅਧਿਕਾਰ ਖੋਹ ਲਿਆ ਸੀ।" ਅੰਜਲੀ ਵੀ ਕਲਾਸ ਵਿਚ ਲੈਕਚਰ ਦੇਣ ਵਿਚ ਤੇਰੇ ਨਾਲੋਂ ਪਿਛੇ ਨਹੀਂ ਸੀ। ਮੈਂ ਉਹਨੂੰ ਰਤਾ ਦਬਾਉਣ ਲਈ ਕਿਹਾ, "ਹੈਂ ਬਈ ਇੰਦਰ ਸਿੰਘ।" ਉਹ ਮੁਸਕਰਾ ਕੇ ਰਹਿ ਗਿਆ।

"ਪਰ ਫੇਰ ਉਹਨੂੰ ਏਨੇ ਮੌਕੇ ਦੀ ਫੁਰੀ ਉਹ ਮੈਨੂੰ ਚਿੱਤ ਕਰ ਗਿਆ। "ਤੂੰ ਆਪਣੀ ਦੱਸ ਏਥੇ ਤਾਂ ਤੂੰ ਬੋਲੀ ਜਾਂਦੈ ਤੈਂ ਕਲਾਸ ਵਿਚ ਕਦੇ ਅਰਵਿੰਦਰ ਆਰੀਆ ਸਰ ਤੋਂ ਪ੍ਰਸ਼ਨ ਪੁਛਿਆ?" ਪਰ ਆਪਾਂ ਪੀਰੀਅਡ ਤੋਂ ਬਾਅਦ ਤਾਂ ਅਰਵਿੰਦਰ ਸਰ ਤੋਂ ਕਿੰਨੇ ਪ੍ਰਸ਼ਨ ਪੁਛਦੇ ਸਾਂ। ਮੈਂ ਇੰਦਰ ਸਿੰਘ ਦੀ ਗੱਲ ਦਾ ਜਵਾਬ ਦਿੱਤਾ। ਪਰ ਇੰਦਰ ਸਿੰਘ ਵਾਂਗ ਅਰਵਿੰਦਰ ਸਰ ਵੀ ਮੈਨੂੰ ਕਹਿੰਦੇ ਰਹਿੰਦੇ ਸਨ ਕਿ ਮੈਂ ਕਲਾਸ ਰੂਮ ਵਿਚ ਹੁੰਦੀ ਡਿਸਕਸ਼ਨ ਵਿਚ ਭਾਗ ਕਿਉਂ ਨਹੀਂ ਲੈਂਦਾ? ਮੈਂ ਉਹਨਾਂ ਨੂੰ ਇਹੀ ਕਹਿੰਦਾ ਕਿ ਕਲਾਸ ਰੂਮ ਵਿਚ ਮੈਂ ਦੱਸੀਆਂ ਗੱਲਾਂ ਨੂੰ ਨੋਟ ਕਰਦਾ ਰਹਿੰਦਾ ਹਾਂ... ਕਿਉਂਕਿ ਸਲੇਬਸ ਦੀਆਂ ਪੁਸਤਕਾਂ ਵਿਚ ਇਹ ਏਨੇ ਸਰਲ ਢੰਗ ਨਾਲ ਲਿਖੀਆਂ ਹੋਈਆਂ ਨਹੀਂ ਮਿਲਦੀਆਂ।

ਮੈਨੂੰ ਪੱਕਾ ਸ਼ੱਕ ਸੀ ਕਿ ਇੰਦਰ ਸਿੰਘ ਫੇਰ ਮੈਨੂੰ ਪੁੱਛੂਗਾ ਕਿ ਜਦ ਤੂੰ ਏਨਾ ਪੜ੍ਹਦਾ ਸੀ... ਫਿਰ ਕਲਾਸ ਵਿਚ ਟੌਪ ਕਿਉਂ ਨਹੀਂ ਸੀ ਕਰਦਾ? ਮੈਂ ਸੋਚਿਆ ਆਪਣੇ ਆਪ ਹੀ ਇਸਦਾ ਜਵਾਬ ਦੇ ਦਿਆਂ। ਮੈਂ ਕਿਹਾ ਇੰਦਰ ਸਿਆਂ ਤੇਰੇ ਯਾਦ ਐ ਕਿੰਨੀ ਵਾਰੀ ਸਰ ਨੇ ਕਲਾਸ ਵਿਚ ਲਏ ਟੈਸਟ ਪੇਪਰ ਮਾਰਕ ਕਰਕੇ, ਮੇਰਾ ਪੇਪਰ ਦਿੰਦਿਆਂ ਕਿਹਾ ਸੀ, "ਇਸਦੀ ਟਰੈਜਿਡੀ ਇਹ ਹੈ ਕਿ ਸੌਖੇ ਪ੍ਰਸ਼ਨਾਂ ਦੇ ਉੱਤਰ, ਜਿਹੜੇ ਹੋਰ ਵਿਦਿਆਰਥੀਆਂ ਦੇ ਠੀਕ ਹਨ... ਇਸਦੇ ਗਲਤ ਹਨ। ਤੇ ਜਿਹੜੇ ਔਖੇ ਪ੍ਰਸ਼ਨਾਂ ਦੇ ਉੱਤਰ ਹੋਰਾਂ ਦੇ ਗਲਤ ਹਨ... ਇਸ ਦੇ ਠੀਕ ਹਨ।" ਮੈਂ ਇਸਦਾ ਜਵਾਬ ਦਿੰਦਿਆ ਕਿਹਾ ਸੀ-ਕਿ ਸੌਖੇ ਪਸ਼ਨਾਂ ਦੇ ਉੱਤਰ, ਜਿਨ੍ਹਾਂ ਨੂੰ ਚੇਤੇ ਕਰਨ ਲਈ ਦਿਮਾਗ਼ 'ਤੇ ਭਾਰ ਨਹੀਂ ਪਾਉਣਾ ਪੈਂਦਾ... ਮੇਰੇ ਦਿਮਾਗ਼ ਵਿਚ ਬੈਠਦੇ ਨਹੀਂ ਪਰ ਔਖੇ ਪ੍ਰਸ਼ਨਾਂ ਦੇ ਉੱਤਰ ਯਾਦ ਕਰਨ ਲੱਗਿਆ ਦਿਮਾਗ਼ ਤੇ ਵਧ ਭਾਰ ਪਾਉਣਾ ਪੈਂਦਾ ਹੈ। ਮੇਰੇ ਯਾਦ ਹੋ ਜਾਂਦੇ ਹਨ। ਮੇਰੀ ਗੱਲ ਸੁਣਕੇ ਕਲਾਸ ਵਿਚ ਬੈਠੇ ਕਈ ਵਿਦਿਆਰਥੀ ਅਚੰਭਿਤ ਹੋ ਜਾਂਦੇ ਸਨ।

"ਮਨੂੰ ਰਿਸ਼ੀ ਦੇ ਆਸ਼ਰਮ ਵਿਚ ਬ੍ਰਾਹਮਣਾਂ ਦੇ ਸਾਰੇ ਮੁੰਡੇ ਆਚੰਭਿਤ ਹੋਏ ਬੈਠੇ ਸਨ।" ਅਰਵਿੰਦਰ ਸਰ

ਨੇ ਦੱਸਿਆ ਸੀ ਕਿ ਫੇਰ ਮਨੂੰ ਰਿਸ਼ੀ ਨੇ ਮੁਸਕਰਾਂਦਿਆਂ ਉਹਨਾਂ ਨੂੰ ਧਰਮ ਸੰਸਦ ਵਿਚ ਹੋਇਆ ਫੈਸਲਾ ਸੁਣਾਇਆ ਕਿ ਨਵੇਂ ਲਿਖੇ ਜਾ ਰਹੇ ਧਰਮ ਸ਼ਾਸ਼ਤਰਾਂ ਅਨੁਸਾਰ ਕੇਵਲ ਬ੍ਰਾਹਮਣਾਂ ਦੇ ਮੁੰਡਿਆਂ ਨੂੰ ਹੀ ਵੇਦਾਂ, ਪੁਰਾਣਾਂ, ਉਪਨਿਸ਼ਦਾਂ, ਮਹਾਂਭਾਰਤ ਦੇ ਰਾਮਾਇਣ ਦਾ ਗਿਆਨ ਕੰਠ ਕਰਵਾ ਕੇ ਉਨ੍ਹਾਂ ਨੂੰ ਵਿਦਵਾਨ ਫਿਲਾਸਫਰ ਬਣਾਇਆ ਜਾਵੇ। ਐਨਾ ਸੁਣਦਿਆਂ ਹੀ ਬ੍ਰਾਹਮਣ ਚੇਲਿਆ ਦੇ ਚਿਹਰੇ ਖੁਸ਼ੀ ਨਾਲ ਚਹਿਕ ਉਠੇ।

ਤੇ ਰਿਸ਼ੀਵਰ ਚਹਿਕਦੇ ਚਿਹਰਿਆਂ ਵਾਲੇ ਚੇਲਿਆਂ ਨੂੰ ਭੋਜ ਪੱਤਰਾਂ 'ਤੇ ਲਿਖਵਾਉਣ ਲੱਗੇ।''

ਹੁਣ ਇੰਦਰ ਸਿੰਘ ਦੀ ਚੜ ਮੱਚੀ। ਉਹਨੇ ਮੈਨੂੰ ਕਿਹਾ-''ਤੇਰੇ ਯਾਦ ਐ... ਮੈਂ ਵਿਚੋਂ ਈ ਬੋਲ ਪਿਆ ਸਾਂ-ਸਰ! ਰਿਸ਼ੀ ਨੇ ਤਾਂ ਕੇਵਲ ਬ੍ਰਾਹਮਣਾਂ ਦੇ ਮੁੰਡਿਆਂ ਨੂੰ ਭੋਜ ਪੱਤਰਾਂ 'ਤੇ ਲਿਖਣ ਨੂੰ ਕਿਹਾ ਸੀ ਪਰ ਤੁਸੀਂ ਤਾਂ ਉਹਦਾ ਲਿਖਵਾਇਆ ਸਾਰੇ ਧਰਮਾਂ, ਜਾਤਾਂ ਦੇ ਮੁੰਡੇ-ਕੁੜੀਆਂ ਨੂੰ ਨੋਟ ਕਰਵਾ ਰਹੇ ਹੋ।''

ਸਰ ਨੇ ਖੁਸ਼ ਹੋ ਕੇ ਕਿਹਾ ਸੀ ਕਿ ''ਮੈਂ ਚਾਹੁੰਦਾ ਹਾਂ ਕਿ ਕਲਾਸ ਵਿਚ ਖੁਲ੍ਹ ਕੇ ਵਿਚਾਰ ਵਟਾਂਦਰਾਂ ਹੋਵੇ... ਵਿਦਿਆਰਥੀਆਂ ਨੂੰ ਪੜ੍ਹਾਈ ਦਾ ਭਾਰ ਮਹਿਸੂਸ ਨਾ ਹੋਵੇ। ... ਇਹ ਲੈਸਨ ਅਸੀਂ ਵਿਚਾਰ-ਵਟਾਂਦਰਾ ਵਿਧੀ ਰਾਹੀਂ ਹੀ ਪੜ੍ਹਾਂਗੇ। '' ਵਿਦਿਆਰਥੀਆਂ ਨੇ ਖੁਸ਼ ਹੁੰਦਿਆਂ ਤਾੜੀਆਂ ਮਾਰਨ ਲੱਗ ਪਏ ਸਨ।

''ਰਿਸ਼ੀ ਨੇ ਚੇਲਿਆ ਨੂੰ ਭੇਤ ਦੀ ਗੱਲ ਦੱਸੀ ਕਿ ਰਿਸ਼ੀਆਂ ਨੇ ਧਰਮ ਸੰਸਦ ਵਿਚੋਂ ਰਾਜੇ ਨੂੰ ਇਸ ਲਈ ਬਾਹਰ ਭੇਜ ਦਿੱਤਾ ਸੀ ਕਿ ਰਾਜਾ ਚਾਹੁੰਦਾ ਸੀ ਰਾਜ ਦੀ ਮਜਬੂਤੀ ਲਈ ਨਿਯਮ ਬਮਾਏ ਜਾਣ ਪਰ ਬ੍ਰਾਹਮਣ ਚਾਹੁੰਦੇ ਸਨ। ਪਹਿਲਾਂ ਆਪਣੀ ਮਜ਼ਬੂਤੀ ਕੀਤੀ ਜਾਵੇ ਤੇ ਉਹਨਾਂ ਨੇ ਆਪਣੀ ਸਰਵ ਉਚਤਾ ਸਥਾਪਤ ਕਰਨ ਲਈ ਨਿਯਮ ਬਣਾਏ। ਰਿਸ਼ੀ ਨੇ ਉਨ੍ਹਾਂ ਵਿਚੋਂ ਕੁਝ ਚੋਣਵੇਂ ਨਿਯਮ ਲਿਖਵਾਏ-

''ਬ੍ਰਾਹਮਣ ਜਨਮ ਲੈਂਦਿਆਂ ਹੀ ਪ੍ਰਿਥਵੀ ਦੇ ਸਾਰੇ ਜੀਵਾਂ ਤੋਂ ਸ਼ੇਸਠ ਬਣ ਜਾਂਦਾ ਹੈ। ਉਹ ਸਾਰੇ ਪ੍ਰਾਣੀਆਂ ਦਾ ਈਸ਼ਵਰ ਹੈ ਤੇ ਧਰਮ ਦੇ ਖ਼ਜਾਨੇ ਦਾ ਰੱਖਿਆਕ ਹੈ। ਇਸ ਲਈ ਰਾਜਾ ਸਵੇਰੇ ਉਠਕੇ ਰਿਗ, ਸ਼ਾਮ, ਅਜੁਰ... ਤਿੰਨ ਵੇਦਾਂ ਦੇ ਗਿਆਤਾ ਬ੍ਰਾਹਮਣਾਂ ਦੀ ਪੂਜਾ ਕਰੇ ਅਤੇ ਅਜਿਹੇ ਬ੍ਰਾਹਮਣਾਂ ਦੇ ਆਦੇਸ਼ ਅਨੁਸਾਰ ਸ਼ਾਸ਼ਨ ਚਲਾਵੇ।'' ਧਰਮ ਸੰਸਦ ਵਿਚ ਵਿਚਾਰ ਹੋਇਆ ਸੀ ਕਿ ਰਾਜੇ ਬ੍ਰਾਹਮਣਾ ਦਾ ਹੁਕਮ ਤਾਂ ਹੀ ਮੰਨਣਗੇ ਜੇ ਉਹਨਾਂ ਨੂੰ ਬ੍ਰਾਹਮਣਾਂ ਦਾ ਡਰ ਭੈ ਹੋਵੇਗਾ।

''ਬ੍ਰਾਹਮਣ ਰੱਬ ਨੂੰ ਵੀ ਸ੍ਰਾਪ ਦੇ ਸਕਦਾ ਹੈ ਬ੍ਰਾਹਮਣ ਦੇ ਪੈਰਾਂ ਵਿਚ ਕਾਲ ਵੀ ਸਿਰ ਝੁਕਾਉਂਦਾ ਹੈ।''

ਇੰਦਰ ਸਿੰਘ ਸਿਰ ਹਿਲਾਂਦਿਆਂ ਨਾਲ ਦੀ ਨਾਲ ਟੀਕਾ ਟਿਪਣੀ ਕਰੀ ਜਾ ਰਿਹਾ ਸੀ, ''ਦੇਖ ਲੈ... ਰਿਸ਼ੀ ਦੇ ਸ੍ਰਾਪ ਤੋਂ ਡਰਦਿਆਂ ਹੀ ਰਾਜੇ ਹਰੀ ਚੰਦ ਨੇ ਰਿਸ਼ੀ ਨੂੰ ਸਾਰਾ ਰਾਜ ਦਾਨ ਵਿਚ ਦੇ ਕੇ ਰਾਜਾ ਰਾਣੀ ਤੇ ਪੁੱਤਰ ਨੂੰ ਲੈ ਕੇ ਤਿੰਨ ਕੱਪੜਿਆ ਵਿਚ ਜੰਗਲ ਨੂੰ ਚਲੇ ਗਿਆ ਸੀ।''

ਰਿਸ਼ੀ ਨੇ ਬ੍ਰਾਹਮਣਾਂ ਨੂੰ ਉਪੱਦਰ ਤੇ ਭੈੜੇ ਕਰਮ ਕਰਨ 'ਤੇ ਵੀ ਉਨ੍ਹਾਂ ਨੂੰ ਦੋਸ਼ ਮੁਕਤ ਕਰਨ ਲਈ ਲਿਖਵਾਇਆ।

''ਜਿਵੇਂ ਤੇਜ ਵਾਲੀ ਅੱਗ, ਸ਼ਾਮਸਾਨ ਘਾਟ ਵਿਚ ਮੁਰਦਿਆਂ ਨੂੰ ਜਲਾ ਕੇ ਵੀ ਅਪਵਿੱਤਰ ਨਹੀਂ ਹੁੰਦੀ। ਇਸ ਤਰ੍ਹਾਂ ਬ੍ਰਾਹਮਣ ਭੈੜੇ ਕੰਮ ਕਰਨ ਤੇ ਵੀ। ਪੂਜਣ ਯੋਗ ਹੀ ਰਹਿੰਦਾ ਹੈ। ਕਿਉਂਕਿ ਬ੍ਰਾਹਮਣ ਪਰਮ ਦੇਵਤਾ ਸਰੂਪ ਹਨ। ਸਭ ਤੋਂ ਉਪਰ ਹਨ, ਸ੍ਰੇਸ਼ਠ ਹਨ। ਬ੍ਰਾਹਮਣ ਵੇਦ ਵਿਰੋਧੀ ਕੰਮ ਕਰਨ 'ਤੇ ਵੀ ਦੋਸ਼ੀ ਨਹੀਂ ਹੁੰਦਾ। ਕਿਉਂਕਿ ਸੰਸਾਰ ਦੇਵਤਿਆਂ ਅਧੀਨ ਹੈ। ਦੇਵਤੇ ਮੰਤਰਾਂ ਅਧੀਨ ਹਨ। ਤੇ ਮੰਤਰ ਬ੍ਰਾਹਮਣਾਂ ਅਧੀਨ ਹਨ। ਇਸ ਲਈ ਬ੍ਰਾਹਮਣਾਂ ਨੂੰ ਪੂਜੋ ਤੇ ਉਨ੍ਹਾਂ ਦਾ ਹੁਕਮ ਮੰਨੋ।''

ਇੰਦਰ ਸਿੰਘ ਹੱਸਿਆ, ''ਗੱਲ ਸਿਰੇ ਲਾ 'ਤੀ। ਸਾਰਾ ਸੰਸਾਰ ਬ੍ਰਾਹਮਣਾਂ ਅਧੀਨ ਹੈ।'' ਆਰੀਆ ਸਰ ਨੇ ਦੱਸਿਆ ਸੀ ਕਿ ਅਗਲੀ ਧਰਮ ਸੰਸਦ ਵਿਚ ਭਾਗ ਲੈ ਕੇ ਆਏ ਮਨੂੰ ਰਿਸ਼ੀ ਨੇ ਆਸ਼ਰਮ ਵਿਚ ਆ ਕੇ ਚੇਲਿਆਂ ਨੂੰ ਬ੍ਰਾਹਮਣਾਂ ਦੀ ਹੋਈ ਵਾਰਤਾਲਾਪ ਦੇ ਆਧਾਰ 'ਤੇ ਦੱਸਿਆ ਸੀ ਕਿ ਬ੍ਰਾਹਮਣ ਵਰਣ ਤਾਂ ਹੀ



ਉਚਾ ਹੋਵੇਗਾ, ਜੇ ਦੂਸਰੇ ਵਰਣ ਉਸ ਤੋਂ ਨੀਵੇਂ ਹੋਣਗੇ। ਰਿਸ਼ੀ ਨੇ ਸੰਖੇਪ ਵਿਚ ਲਿਖਵਾਇਆ-

''ਪੁਰਸ਼ ਜਿਸਦੇ ਹਜਾਰਾਂ ਸਿਰ, ਹਜਾਰਾਂ ਅੱਖਾਂ ਤੇ ਹਜ਼ਾਰਾਂ ਪੈਰ ਹਨ ਦੇ ਮੁਖ ਵਿਚੋਂ ਬ੍ਰਾਹਮਣ, ਬਾਹਾਂ ਵਿਚੋਂ ਕਸ਼ੱਤਰੀ, ਜਾਂਘਾ ਵਿਚੋਂ ਵੈਸ਼ ਤੇ ਪੈਰਾ ਵਿਚੋਂ ਸ਼ੂਦਰ ਪੈਦਾ ਹੋਏ।'' ਸਾਰੇ ਵਿਦਿਆਰਥੀ ਹੱਸੇ ਪਰ ਸਰ ਨੇ ਕਿਹਾ ਸੀ ਕਿ ਹੱਸਣ ਦੀ ਗੱਲ ਨਹੀਂ... ਜਿਸਦੇ ਕੋਲ ਤਾਕਤ ਹੁੰਦੀ ਹੈ... ਆਪਣੀ ਹਰ ਗੱਲ ਮੰਨਵਾਂ ਲੈਂਦਾ ਹੈ ਤੇ ਰਿੱਗ ਵੇਦ ਵਿਚ ਲਿਖੀ ਇਹ ਗੱਲ ਕਿ ਬ੍ਰਾਹਮਣ ਮੁਖ 'ਚੋਂ ਪੈਦਾ ਹੋਏ ਅੱਜ ਤੱਕ ਮੰਨੀ ਜਾਂਦੀ ਰਹੀ ਹੈ। ਤੇ ਅੱਗੇ ਨੂੰ ਮੰਨੀ ਜਾਂਦੀ ਰਹੇਗੀ।

ਬ੍ਰਾਹਮਣਾਂ ਦੀ ਉਚਤਾ ਸਥਾਪਤ ਕਰਨ ਲਈ ਹੋਰ ਲਿਖਵਾਇਆ, ''ਸ਼ੂਦਰਾਂ ਨਾਲੋਂ ਵੈਸ਼ ਵੈਸ਼ਾ ਨਾਲੋਂ ਕਸ਼ੱਤਰੀ ਤੇ ਕਸੱਤਰੀਆਂ ਨਾਲੋਂ ਬ੍ਰਾਹਮਣ ਸ਼ੇਸ਼ਠ ਹਨ। ਬ੍ਰਾਹਮਣ ਸਰਵ ਸ੍ਰੇਸ਼ਠ ਹਨ। ਬ੍ਰਾਹਮਣ ਗੋਰੇ ਰੰਗਾ ਦੇ, ਕਸੱਤਰੀ ਲਾਲ ਰੰਗ ਦੇ ਵੈਸ਼ ਪੀਲੇ ਰੰਗ ਦੇ ਤੇ ਅਸ਼ਰਾਂ ਤੋਂ ਬਣੇ ਸ਼ੂਦਰ ਕਾਲੇ ਰੰਗ ਦੇ ਹਨ।''

ਮਨੂੰ ਰਿਸ਼ੀ ਨੇ ਕਿਹਾ, ''ਨਾਮ ਹੀ ਮਾਨਵ ਦੀ ਪਛਾਣ ਹੈ। -ਬ੍ਰਾਹਮਣ ਦਾ ਨਾਮ ਮੰਗਲਕਾਰੀ, ਕਸੱਤਰੀ ਦਾ ਬਲਸਾਲੀ , ਵੈਸ਼ ਦਾ ਧਨਸ਼ਾਲੀ ਤੇ ਸ਼ੂਦਰ ਦਾ ਘਿਰਣਾ ਤੇ ਨਿੰਦਣਯੋਗ ਹੋਵੇ।''

ਮਨੂੰ ਰਿਸ਼ੀ ਨੇ ਲਿਖਵਾਇਆ ਕਿ ਰੰਗ ਤੇ ਨਾਮ ਦੇ ਨਾਲ ਉਮਰ ਦੇ ਹਿਸਾਬ ਨਾਲ ਵੀ ਬ੍ਰਾਹਮਣਾਂ ਦੀ ਉਚਤਾ ਸਥਾਪਤ ਕੀਤੀ ਗਈ, ''ਸੌ ਸਾਲ ਦਾ ਸ਼ੂਦਰ ਦਸ ਸਾਲ ਦੇ ਵੈਸ਼ ਨੂੰ ਸੌ ਸਾਲ ਦਾ ਵੈਸ਼ ਦਸ ਸਾਲ ਦੇ ਕਸ਼ੱਤਰੀ ਨੂੰ ਤੇ ਸੌ ਸਾਲ ਦਾ ਕਸ਼ੱਤਰੀ ਦਸ ਸਾਲ ਦੇ ਬ੍ਰਾਹਮਣ ਦਾ ਪਿਤਾ ਸਮਾਨ ਆਦਰ ਸਤਿਕਾਰ ਕਰੇ... ਤੇ ਉਹਨੂੰ ਪਿਤਾ ਸਮਾਨ ਹੀ ਸਮਝੇ।''

ਮੈਂ ਇੰਦਰ ਸਿੰਘ ਹੋਰਾਂ ਨੂੰ ਦੱਸਿਆ ਨਹੀਂ ਕਿ ਮੇਰੇ ਮਨ ਵਿਚ ਇਹ ਗੱਲ ਆਈ ਹੈ-ਜਿਹੜੀ ਪਹਿਲਾਂ ਕਦੇ ਨਹੀਂ ਸੀ ਆਈ ਕਿ ਮੇਰੇ ਅੱਸੀ, ਨੱਬੇ ਸਾਲ ਦੇ ਬਜ਼ੁਰਗ ਦਾਦੇ ਨੂੰ ਜ਼ਿੰਮੀਦਾਰਾਂ ਦੇ ਨਿੱਕੇ ਨਿੱਕੇ ਮੁੰਡੇ ਨਾਂ ਲੈ ਕੇ ਬੁਲਾਉਂਦੇ ਸਨ, ''ਓ ਨਾਥੂ... ਮੇਰੀ ਚੱਪਲ ਗੱਠ 'ਤੀ?'' ਮੈਂ ਤਾਂ ਰਾਤ ਈ ਗੱਠ ਕੇ ਪਿਆ ਦੀਵੇ ਦੀ ਲੋਅ ਵਿਚ।'' ਮੇਰਾ ਨੱਬੇ ਸਾਲ ਦਾ ਦਾਦਾ ਦਸ ਸਾਲ ਦੇ ਜ਼ਿੰਮੀਦਾਰ ਦੀ ਪਿਤਾ ਸਮਾਨ ਈ ਤਾਂ ਇਜ਼ਤ ਕਰਦਾ ਸੀ।

ਮੈਨੂੰ ਚੁੱਪ ਹੋਇਆ ਦੇਖ ਇੰਦਰ ਸਿੰਘ ਹੱਸਿਆ, ''ਹੁਣ ਕਿਹੜੀਆਂ ਸਿਮਰਤੀਆਂ ਵਿਧੀ, ਵਿਧਾਨਾਂ ਦੇ ਚੱਕਰਾਂ ਵਿਚ ਪੈ ਗਿਆ। ਫ਼ੌਜੀ ਦੇ ਗੱਡੀਆਂ ਵਾਲੇ ਵੇਟਰਾ ਦਾ ਹੈਡ ਵੇਟਰ, ਆਪਣਾ ਫ਼ਰਜ਼ ਨਿਭਾਉਂਦਿਆਂ ਉਹਦੇ ਕੋਲ ਆਇਆ।

ਫ਼ੌਜੀ ਬੋਲਿਆ, ''ਮੁੰਡਾ ਪੁੱਛਣ ਆਇਆ, ਫੇਰ ਇਹਨੇ ਚਲੇ ਜਾਣਾ, ਜੇ ਹੋਰ ਮੰਗਵਾਉਣੀ ਐ ਦਸੋਂ?'' ਸਾਰੇ ਇਕ ਦੂਸਰੇ ਵੱਲ ਦੇਖਣ ਲੱਗੇ। ਪਰ ਫ਼ੌਜੀ ਨੇ ਢਾਈ ਸੌ ਦੇ ਕੇ ਬੋਤਲ ਮੰਗਵਾ ਲਈ। ਇੰਦਰ ਸਿੰਘ ਨੇ ਸਾਕੀਆਂ ਵਾਲੀ ਉੱਚਤਾ ਦਿਖਾਈ, ''ਮੈਂ ਤਾਂ ਕਹਿਣ ਲੱਗਿਆ ਸੀ ਅਧੀਆ ਮੰਗਵਾਉਂਦੇ ਆ... ਅਧੀਆਂ ਪੀਂਦਿਆਂ ਪੀਂਦਿਆਂ ਤੇਰੀ ਕਹਾਣੀ ਸੁਣ ਲੈਂਦੇ ਆ ਪਰ ਫ਼ੌਜੀ ਨੇ ਬੋਤਲ ਮੰਗਵਾ ਲਈ ਚੰਗਾ ਕੀਤਾ ਹੁਣ ਇਹਦੇ ਪੀਂਦਿਆਂ ਆਪਣੀ ਕਹਾਣੀ ਜਹੀ ਪੂਰੀ ਕਰ ਲਈ। ਸਾਨੂੰ ਹੋਰ ਨਾ ਮੰਗਵਾਉਣੀ ਪਵੇ। ਬਈ ਤੇਰੀਆਂ ਵੀ ਦਿਮਾਗ਼ ਤੇ ਭਾਰ ਪਾਉਣ ਵਾਲੀਆਂ ਗੱਲਾਂ ਸੁਣਨੀਆਂ ਪੈਂਦੀਆਂ ਜੇ ਨਾ ਸੁਣੀਏ ਤੈਂ ਸਾਡੇ ਕੋਲ ਆਉਣ ਤੋਂ ਹਟ ਜਾਣੈ।'' ਉਹ ਠਹਾਕਾ ਮਾਰ ਕੇ ਹੱਸਿਆ ਜਿਵੇਂ ਕਹਿ ਰਿਹਾ ਹੋਵੇ, ਆਪਣੀ ਗੱਲ ਜਾਰੀ ਰੱਖ।

ਅਰਵਿੰਦਰ ਆਰੀਆ ਸਰ ਵੀ ਕਲਾਸ ਵਿਚ ਪੜ੍ਹਾਉਂਦਿਆਂ ਕਾਫੀ ਔਖ ਮਹਿਸੂਸ ਕਰ ਰਹੇ ਸਨ। ਉਹ ਬੁੜਬੁੜਾਏ, ''ਇਤਿਹਾਸ ਜਿਹੋ ਜਿਹਾ ਵੀ ਹੈ... ਪੜ੍ਹਾਉਣਾ ਈ ਪੈਣੇ।'' ਤੇ ਫਿਰ ਬੋਲੇ ਸਨ, ''ਲਓ ਬਈ ਵਿਦਿਆਰਥੀਓ ਮਨੂੰ ਰਿਸ਼ੀ ਦਾ ਆਪਣੇ ਆਸ਼ਰਮ ਵਿਚ ਚੇਲਿਆ ਨੂੰ ਲਿਖਵਾਇਆ ਨੋਟ ਕਰੋਂ

-ਮਨੂੰ ਰਿਸ਼ੀ ਧਰਮ ਸੰਸਦ ਵਿਚ ਨਖੇਧੀ ਦਾ ਪ੍ਰਸਤਾਵ ਲੈ ਕੇ ਆਏ ਕਿ ਜਿਹੜੇ ਬ੍ਰਾਹਮਣ ਜਵਾਲੀ, ਰਿਕਵ, ਕਵਸ਼ ਆਦਿ ਸ਼ੂਦਰਾਂ ਨੂੰ ਰਿਸ਼ੀ ਹੋਣ ਦੀ ਉਪਾਧੀ ਦਿੰਦੇ ਰਹੇ ਅਤੇ ਜਿਹੜੇ ਰਾਜੇ ਇਹਨਾਂ ਸ਼ੂਦਰ

ਰਿਸ਼ੀਆਂ ਨੂੰ ਧਰਮ ਉਪਦੇਸ਼ ਦੇਣ 'ਤੇ ਬ੍ਰਾਹਮਣਾਂ ਦੇ ਬਰਾਬਰ ਦਾਨ, ਪੁੰਨ ਦਿੰਦੇ ਰਹੇ... ਉਨ੍ਹਾਂ ਰਿਸ਼ੀਆਂ ਤੇ ਰਾਜਿਆਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਤੇ ਅੱਗੇ ਲਈ ਸ਼ੂਦਰਾਂ ਨੂੰ ਦੇਣ ਵਾਸਤੇ ਸਖਤ ਸਜ਼ਾਵਾਂ ਨਿਰਧਾਰਤ ਕੀਤੀਆਂ ਗਈਆਂ।

-ਜੇਕਰ ਸ਼ੂਦਰ ਮੰਤਰ ਦਾ ਉਚਾਰਨ ਕਰੇ ਤਾਂ ਰਾਜਾ ਉਹਦੀ ਜੀਭ ਕਟਵਾ ਦਵੇ।

-ਜੇ ਸ਼ੂਦਰ ਬ੍ਰਾਹਮਣ ਨੂੰ ਉਪਦੇਸ਼ ਦਵੇ ਤਾਂ ਰਾਜਾ ਉਹਦਾ ਮੂੰਹ ਗਰਮ ਤੇਲ ਨਾਲ ਭਰਵਾ ਦੇਵੇ।

-ਜੇ ਸ਼ੂਦਰ ਵੇਦਾਂ ਨੂੰ ਜਾਣ ਬੁਝ ਕੇ ਸੁਣੇ ਜਾਂ ਪੜ੍ਹੇ ਤਾਂ ਰਾਜਾ ਉਹਦੇ ਕੰਨਾਂ ਵਿਚ ਪਿਘਲਿਆ ਹੋਇਆ ਸਿੱਕਾ ਜਾ ਲੋਹਾ ਪਾ ਦਵੇ।

-ਅਗਰ ਵੇਦਾਂ ਦਾ ਉਚਾਰਨ ਕਰੇ, ਤੇ ਵੇਦਾਂ ਨੂੰ ਯਾਦ ਕਰ ਲਵੇ ਤਾਂ ਰਾਜਾ ਉਹਦੇ ਟੁਕੜੇ ਕਰ ਦਵੇ।"

ਇੰਦਰ ਸਿੰਘ ਆਪਣੇ ਹਸਾਉਣੇ ਸੁਭਾ ਅਨੁਸਾਰ ਹੱਸਿਆ, ਉਹ ਹਰ ਕੌੜੀ ਤੋਂ ਕੌੜੀ ਗੱਲ ਤੇ ਹਸਦਾ ਰਹਿੰਦਾ ਹੈ। ਉਹ ਬੋਲਿਆ, "ਓ ਬ੍ਰਾਹਮਣਾਂ ਨੇ ਇਹ ਸਜਾਵਾਂ ਲਿਖਕੇ ਹੀ ਰੱਖ ਛੱਡੀਆਂ ਕੀ ਕਿਸੇ ਨੂੰ ਦਿੱਤੀਆਂ ਵੀ?" ਹਾਂ ਹਾਂ ਦਿੱਤੀਆਂ ਵੀ ਅਰਵਿੰਦਰ ਆਰੀਆਂ ਸਰ ਨੇ ਰਿਸ਼ੀ ਬਾਲਮੀਕ ਦੀ ਰਚੀ ਰਮਾਇਣ ਵਿਚੋਂ ਰਿਸ਼ੀ ਰਾਹੀਂ ਆਸ਼ਰਮ ਵਿਚ ਚੇਲਿਆਂ ਨੂੰ ਸੁਣਾਈ ਕਹਾਣੀ ਕਲਾਸ ਵਿਚ ਸੁਣਾਈ ਸੀ।

"ਬ੍ਰਾਹਮਣ ਮਰੇ ਹੋਏ ਬਾਲਕ ਦਾ ਸ਼ਵ ਲੈ ਕੇ, ਰੋਂਦੇ ਕੁਰਲਾਂਦੇ ਰਾਜਾ ਰਾਮ ਚੰਦਰ ਦੇ ਦਰਬਾਰ ਵਿਚ ਗਏ। ਰਾਮ ਚੰਦਰ ਨੇ ਅਤਿਅੰਤ ਦੁਖੀ ਹੁੰਦਿਆਂ ਉਨ੍ਹਾਂ ਨੂੰ ਆਪਣੀ ਵਿਥਿਆ ਸੁਣਾਉਣ ਲਈ ਕਿਹਾ। ਬ੍ਰਾਹਮਣਾਂ ਨੇ ਕਿਹਾ ਕਿ ਉਹਦੇ ਰਾਜ ਵਿਚ ਘੋਰ ਉਪੱਦਰ ਹੋ ਰਿਹਾ ਹੈ, ਇਸ ਲਈ ਬ੍ਰਾਹਮਣ... ਜਿਸਦੇ ਪੈਰਾਂ ਵਿਚ ਕਾਲ ਵੀ ਸਿਰ ਝੁਕਾਉਂਦਾ ਹੈ... ਉਸ ਬ੍ਰਾਹਮਣ ਪਿਤਾ ਦੇ ਜਿਉਂਦਿਆਂ ਉਹਦੇ ਸਾਹਮਣੇ ਉਹਦੇ ਪੁੱਤਰ ਦੀ ਮੌਤ ਹੋ ਗਈ। ਰਾਜਾ ਰਾਮ ਚੰਦਰ ਚਿੰਤਾ ਵਿਚ ਡੁੱਬ ਗਏ। ਉਹਨਾਂ ਨੇ ਨਿਮਰਤਾ ਸਾਹਿਤ ਪੁੱਛਿਆ। ਬ੍ਰਾਹਮਣਾਂ ਨੇ ਦੱਸਿਆ ਕਿ ਉਹਦੇ ਰਾਜ ਵਿਚਲੇ ਜੰਗਲ ਵਿਚ ਬੈਠਾ ਸ਼ੂਦਰ ਸ਼ੰਭੂਕ ਵੇਦਾਂਤ ਦਾ ਗਿਆਨ ਪ੍ਰਾਪਤ ਕਰ ਰਿਹਾ ਅਤੇ ਘੋਰ ਤਪੱਸਿਆ ਕਰ ਰਿਹਾ ਸੀ। ਰਾਜਾ ਰਾਮ ਚੰਦਰ ਜੰਗਲ ਵਿਚ ਗਿਆ ਤੇ ਉਹਨੇ ਸ਼ੂਦਰ ਸੰਭੂਕ ਦੇ ਆਪਣੀ ਤਲਵਾਰ ਨਾਲ ਟੁਕੜੇ ਟੁਕੜੇ ਕਰ ਦਿੱਤੇ।"

ਮਨੂੰ ਜੀ ਨੇ ਆਪਣੇ ਚੇਲਿਆ ਨੂੰ ਰਿਸ਼ੀਆਂ ਦੇ ਗੁਪਤ ਵਾਰਤਾਲਾਪਾਂ ਵਿਚ ਹੋਈਆਂ ਗੱਲਾਂ ਸਮਝਾਉਂਦਿਆਂ ਦੱਸਿਆ ਕਿ ਰਿਸ਼ੀਆਂ ਦੀ ਧਰਮ ਸੰਸਦ ਵਿਚ ਇਹ ਗੱਲ ਉਭਰ ਕੇ ਸਾਹਮਣੇ ਆਈ ਸੀ ਕਿ ਸ਼ੂਦਰਾਂ ਨੂੰ ਧਰਮ-ਕਰਮ ਦੇ ਕੰਮਾਂ ਵਿਚ ਭਾਗ ਲੈਣ 'ਤੇ ਸ਼ਜਾਵਾਂ ਦੇਣੀਆਂ ਹੀ ਕਾਫੀ ਨਹੀਂ... ਇਹਨਾਂ ਨੂੰ ਸਮਾਜਿਕ ਆਰਥਿਕ ਤੌਰ ਤੇ ਦਬਾਏ ਜਾਣ ਲਈ ਵੀ ਕਰੜੇ ਨਿਯਮ ਬਣਾਏ-

"ਰਾਜਾ ਵੈਸ਼ਾ ਤੋਂ ਵਪਾਰ ਅਤੇ ਵਿਆਜ 'ਤੇ ਪੈਸਾ ਦੇਣ ਦਾ ਕੰਮ ਕਰਵਾਵੇ। ਅਤੇ ਸ਼ੂਦਰਾਂ ਤੋਂ ਉਪਰਲੇ ਤਿੰਨ ਵਰਣਾਂ ਦੀ ਮੁਫ਼ਤ ਸੇਵਾ ਕਰਵਾਵੇ... ਕਿਉਂਕਿ ਬ੍ਰਹਮਾਂ ਨੇ ਬ੍ਰਾਹਮਣਾਂ ਦੀ ਸੇਵਾ ਕਰਨ ਲਈ ਹੀ ਸ਼ੂਦਰ ਦੀ ਸ੍ਰਿਸ਼ਟੀ ਤੇ ਰਚਨਾ ਕੀਤੀ ਹੈ।

-ਰਾਜਾ ਵੱਖ ਵੱਖ ਵਰਣਾਂ ਨੂੰ ਦਿੱਤੇ ਕਰਜੇ ਦਾ ਵਿਆਜ ਵੀ ਵੱਖ-ਵੱਖ ਦਰ ਨਾਲ ਲਾਵੇ। ਬ੍ਰਾਹਮਣਾਂ ਤੋਂ 2 ਪ੍ਰਤੀਸ਼ਤ ਕਸ਼ੱਤਰੀ ਤੋਂ 3 ਪ੍ਰਤੀਸ਼ਤ ਵੈਸ਼ 4 ਰੁਪਏ ਪ੍ਰਤੀ ਸੈਂਕੜਾ ਤੇ ਸ਼ੂਦਰ ਤੋਂ 5 ਰੁਪਏ ਪ੍ਰਤੀ ਸੈਂਕੜਾ ਵਿਆਜ ਲਵੇ। "

ਇੰਦਰ ਸਿੰਘ ਗਰਦਨ ਘੁਮਾ ਕੇ ਸਿਰ ਮਾਰਦਿਆਂ ਫਿਰ ਹੱਸਿਆ, "ਆਹ ਤਾਂ ਬ੍ਰਾਹਮਣਾਂ ਨੇ ਸੋਹਣਾਂ ਵਿਧਾਨ ਬਣਾ ਲਿਆ-ਆਖੇ ਸ਼ੂਦਰਾਂ ਦਾ ਕੰਮ ਸੇਵਾ ਕਰਨਾ... ਉਨ੍ਹਾਂ ਨੂੰ ਕੰਮ ਕਰਵਾਉਣ ਬਦਲੇ ਦੇਣਾ ਵੀ ਕੁਝ ਨਹੀਂ। ਜਦ ਉਨ੍ਹਾਂ ਕੋਲ ਹੈ ਈ ਕੁਝ ਨਹੀਂ ਫੇਰ ਉਨ੍ਹਾਂ ਨੂੰ ਬੀਮਾਰੀ ਭੁਖਮਰੀ, ਗਰੀਬੀ ਵਿਚ ਕਰਜਾ ਕੋਣ ਦੇਵੇਗਾ। ਤੇ ਜੇ ਕਰਜਾ ਕਿਸੇ ਨੇ ਦੇ ਵੀ ਦਿੱਤਾ... ਉਨ੍ਹਾਂ 'ਤੇ ਵਿਆਜ ਵੀ ਵੱਧ। ਫੇਰ ਉਹ ਤੜਪ-ਤੜਪ ਕੇ ਮਰਨਗੇ ਹੀ।" ਮਨੂੰ ਰਿਸ਼ੀ ਨੇ ਚੇਲਿਆਂ ਨੂੰ ਦੱਸਿਆ ਕਿ ਸ਼ੂਦਰਾਂ ਦਾਸਾਂ ਸਾਰੇ ਵਿਧਾਨ ਨੂੰ ਪੂਰਾ ਕਰਦਿਆਂ ਧਰਮ ਕੰਮ ਕਰਵਾਉਣ ਜਾਂ ਮਰਨ-ਕੁੱਟਣ 'ਤੇ ਮਾਲਕ 'ਤੇ ਹੱਥ ਉਠਾ ਸਕਦਾ ਹੈ... ਜਾਂ ਦਾਸਾਂ, ਗੁਲਾਮਾਂ,



ਸ਼ੂਦਰਾਂ ਦੀ ਗਿਣਤੀ ਉਪਰਲੇ ਤਿੰਨ ਵਰਣਾਂ ਤੋਂ ਚਾਰ ਪੰਜ ਗੁਣਾਂ ਵੱਧ ਹੋਣ ਕਰਕੇ ਇਹ ਰਾਜੇ ਵਿਰੁੱਧ ਇਕੱਠੇ ਹੋ ਕੇ ਵਿਦਰੋਹ ਕਰ ਸਕਦੇ ਹਨ... ਇਸ ਲਈ ਇਨ੍ਹਾਂ ਨੂੰ ਬਰਾਬਰ ਬੋਲਣ, ਖੜਨ ਬੈਠਣ ਵਿਰੁੱਧ ਵੀ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।

"ਜੇ ਕੋਈ ਸ਼ੂਦਰ ਕਿਸੇ ਬ੍ਰਾਹਮਣ ਦੇ ਬਰਾਬਰ ਬੈਠੇ ਤਾਂ ਉਹਦਾ ਚਿੱਤੜ ਇਸ ਤਰ੍ਹਾਂ ਕਟਵਾਵੇ ਕਿ ਉਹ ਮਰੇ ਵੀ ਨਾ, ਤੜਪਦਾ ਰਹੇ।

ਐਤਰੇਆ ਬ੍ਰਾਹਮਣ ਸ਼ੂਦਰ ਤਿੰਨ ਵਰਣਾਂ ਦਾ ਦਾਸ ਹੈ। ਉਸਦਾ ਇੱਛਾ ਵਸ ਨਿਸ਼ਕਾਸ਼ਨ ਤੇ ਵਧ ਕੀਤਾ ਜਾ ਸਕਦਾ ਹੈ।

-ਸ਼ੂਦਰ ਦੀ ਹੱਤਿਆ, ਕੁੱਤੇ ਦੇ ਬਰਾਬਰ ਹੈ।"

"ਟੁਕੜੇ ਟੁਕੜੇ ਕਰਕੇ ਬ੍ਰਾਹਮਣ ਸਮਾਜ ਨੂੰ ਜਾਤੀਆਂ ਵਿਚ ਵੰਡਣਾ ਚਾਹੁੰਦੇ ਸਨ। ਇਸ ਲਈ ਉਹ ਅੰਤਰ ਜਾਤੀ ਵਿਆਹਾਂ ਦੇ ਵਿਰੋਧੀ ਸਨ ਜਦਕਿ ਅੰਤਰ ਜਾਤੀ ਵਿਆਹ ਸਮਾਜ ਵਿਚ ਉਦੋਂ ਤੱਕ ਕਾਫੀ ਮਾਤਰਾ ਵਿਚ ਪ੍ਰਚਲਤ ਸਨ। ਤੇ ਲੋਕੀਂ ਇਸਨੂੰ ਬੁਰਾ ਵੀ ਨਹੀਂ ਸਮਝਦੇ ਸਨ।" ਅਰਵਿੰਦਰ ਆਰੀਆ ਸਰ ਨੇ ਦੱਸਿਆ ਸੀ, "ਮਨੂੰ ਰਿਸ਼ੀ ਦੇ ਆਸ਼ਰਮ ਵਿਚ ਵਿਦਿਆ ਪ੍ਰਾਪਤ ਕਰਦੇ ਉਹਦੇ ਚੇਲੇ ਰਿਸ਼ੀਆਂ ਦੀਆਂ ਬਣਾਈਆਂ ਜਾਂ ਰਹੀਆਂ ਨਵੀਆਂ ਨੀਤੀਆਂ ਨੂੰ ਸਮਝਣ ਲੱਗ ਪਏ ਸਨ। ਤੇ ਉਸੇ ਤਰ੍ਹਾਂ ਦਾ ਵਿਹਾਰ ਕਰਨ ਲੱਗ ਪਏ ਸਨ। ਆਸ਼ਰਮ ਦੀ ਜ਼ਮੀਨ ਵਿਚ ਖੇਤੀ ਕਰਦੇ ਸ਼ੂਦਰ ਸੇਤੀਆਂ ਰਾਹੀਂ ਆਸ਼ਰਮ ਵਿਚੋਂ ਵਿਦਿਆ ਪ੍ਰਾਪਤ ਕਰਨ ਤੋਂ ਬ੍ਰਾਹਮਣਾਂ ਦੀ ਕੁੜੀ ਕਵਿਤਾ ਨਾਲ ਵਿਆਹ ਕਰਵਾਉਣ ਦਾ ਆਸ਼ਰਮ ਵਿਚਲੇ ਚੇਲੇ ਬਹੁਤ ਵਿਰੋਧ ਕਰ ਰਹੇ ਸਨ।

ਚੇਲੇ ਰਿਸ਼ੀ ਮਨੂੰ ਜੀ ਕੋਲ ਸ਼ਿਕਾਇਤ ਕਰ ਰਹੇ ਸਨ ਕਿ ਸੁਨਹਿਰੀ ਕੇਸਾਂ ਤੇ ਬਿੱਲੀਆਂ ਅੱਖਾਂ ਤੇ ਗੋਰੇ ਰੰਗ ਵਾਲੇ ਆਰੀਆ ਦੇ ਘਰ ਕਾਲੇ-ਕਲੂਟੇ , ਚਪਟੇ ਨੱਕ ਵਾਲੇ ਬੱਚੇ ਤੇ ਸ਼ਿਆਮ ਵਰਣ ਦੇ ਸ਼ੂਦਰਾਂ, ਅਸੁਰਾਂ ਦੇ ਘਰ ਪੀਲੇ ਕੇਸ ਤੇ ਗੋਰੇ ਰੰਗ ਵਾਲੇ ਬੱਚੇ ਦੇਖਕੇ ਮਨ ਨਫ਼ਰਤ ਨਾਲ ਭਰ ਜਾਂਦਾ ਹੈ।

ਮਨੂੰ ਰਿਸ਼ੀ ਚੇਲਿਆਂ ਦੀ ਗੱਲ ਸਮਝ ਗਿਆ ਸੀ। ਉਸਨੇ ਸੂਦਰ ਸੇਤੀਆਂ ਅਤੇ ਬ੍ਰਾਹਮਣ ਕੰਨਿਆਂ ਕਵਿਤਾ ਦੇ ਵਿਆਹ ਨੂੰ ਸ਼ਾਸ਼ਤਰਾਂ ਅਨੁਸਾਰ ਅਯੋਗ ਠਹਿਰਾਇਆ ਸੀ ਅਤੇ ਇਸਨੂੰ ਸੂਦਰ ਸੇਤੀਆਂ ਰਾਹੀਂ ਬ੍ਰਾਹਮਣ ਕੰਨਿਆਂ ਨਾਲ ਬਲਾਤਕਾਰ ਕੀਤਾ ਘੋਸ਼ਿਤ ਕਰ ਦਿੱਤਾ ਸੀ।"

ਮੈਂ ਕਿਹਾ, ਇੰਦਰ ਸਿੰਘ ਤੇਰੇ ਯਾਦ ਹੈ ਅੰਜੁਲੀ ਤੋਂ ਫੇਰ ਰਿਹਾ ਨਹੀਂ ਸੀ ਗਿਆ। ਉਠਕੇ ਕਹਿਣ ਲੱਗੀ, "ਸਰ ਜਿਵੇਂ ਹੁਣ ਵੀ ਲੜਕਾ, ਲੜਕੀ ਰਾਹੀਂ ਕਰਵਾਈ ਲਵ ਮੈਰਿਜ ਨੂੰ ਜੇ ਲੜਕੀ ਦੇ ਮਾਪੇ ਉਹ ਉਚ ਜਾਤੀ ਦੇ ਹੋਣ ਮਾਨਤਾ ਨਹੀਂ ਦਿੰਦੇ ਤੇ 'ਨੀਵੀਂ ਜਾਤੀ ਦੇ ਲੜਕੇ ਵਿਰੁੱਧ ਕੇਸ ਦਰਜ ਕਰਵਾ ਦਿੰਦੇ ਹਨ ਕਿ ਲੜਕਾ ਲੜਕੀ ਨੂੰ ਵਰਗਲਾ ਕੇ ਲੈ ਗਿਆ ਤੇ ਉਸ ਨਾਲ ਬਲਾਤਕਾਰ ਕਰਦਾ ਰਿਹਾ।"

ਸਰ ਨੇ ਕਿਹਾ, "ਸੁਣੋ ! ਗਲ ਇਥੇ ਹੀ ਨਹੀਂ ਮੁੱਕੀ। ਮਨੂੰ ਰਿਸ਼ੀ ਨੇ ਸਿਮਰਤੀ ਵਿਚ ਦਰਜ ਕੀਤਾ, 'ਜੇ ਸੂਦਰ ਬ੍ਰਾਹਮਣ ਇਸਤਰੀ ਨਾਲ ਸੰਭੋਗ ਕਰੇ, ਤਾਂ ਰਾਜਾ ਉਹਦਾ ਲਿੰਗ ਕਟਵਾ ਦਵੇ।' ਤੇ ਰਾਜੇ ਨੂੰ ਕਹਿਕੇ ਸੇਤੀਆਂ ਸ਼ੂਦਰ ਨੂੰ ਘਰ ਤੋਂ ਚੁੱਕ ਲਿਆਏ... ਰਾਜ ਦਰਬਾਰ ਵਿਚ ਲਿਜਾ ਕੇ ਉਹਦਾ ਲਿੰਗ ਕਟਵਾ ਦਿੱਤਾ। ... ਤੇ ਲਹੂ ਲੁਹਾਣ ਹੋਏ ਸੇਤੀਆਂ ਨੂੰ ਸ਼ੂਦਰ ਘੋੜ ਸਵਾਰ ਚੋਰੀ ਚੋਰੀ ਰਾਤ ਦੇ ਹਨੇਰੇ ਵਿਚ ਜੰਗਲ ਵਿਚਲੇ ਬੋਧ ਵਿਹਾਰ ਵਿਚ ਲੈ ਗਏ।

ਕਿਉਂਕਿ ਬ੍ਰਾਹਮਣ ਰਾਜੇ ਪੁਸਿਆਮਿੱਤਰ ਨੇ ਬੋਧੀ ਬ੍ਰਹਿਦਰਥ ਨੂੰ ਮਾਰ ਕੇ ਮਗਧ ਦਾ ਰਾਜ ਸੰਭਾਲਦਿਆਂ ਹੀ ਬੋਧੀਆਂ ਨੂੰ ਮਾਰਨਾ ਆਰੰਭ ਕਰ ਦਿੱਤਾ ਸੀ। ਉਹ ਬੋਧੀਆਂ ਦਾ ਕਤਲ ਕਰਨ ਵਾਲਿਆਂ ਨੂੰ ਇਨਾਮ ਦੇਣ ਲੱਗ ਪਿਆ। ਕੋਈ ਵਿਅਕਤੀ ਇਕ ਬੋਧੀ ਦਾ ਸਿਰ ਵੱਢਕੇ ਲੈ ਜਾਂਦਾ... ਰਾਜਾ ਉਹਨੂੰ ਸੌ ਦੀਨਾਰ ਇਨਾਮ ਵਜੋਂ ਦੇ ਦਿੰਦਾ। ਬਚੇ-ਖੁਚੇ ਬੋਧੀ ਜੰਗਲਾਂ ਵਿਚ ਨੂੰ ਭੱਜ ਲਏ ਸਨ। ਜੰਗਲ ਵਿਚ ਜਾ ਕੇ ਉਹ ਬੋਧ ਵਿਹਾਰ ਬਣਾ ਕੇ ਰਹਿਣ ਲੱਗ ਪਏ। ਉਹ ਦਰਖਤਾਂ ਦੇ ਪੱਤਿਆਂ ਨਾਲ ਆਪਣਾ ਤਨ ਢਕਦੇ ਤੇ ਕੰਦ-ਮੂਲ

ਜੰਗਲੀ ਫ਼ਲ ਖਾ ਕੇ ਆਪਣਾ ਪੇਟ ਪਾਲਣ ਲੱਗੇ।

ਸ਼ਲਯ ਚਿਕਿਤਸਾ ਭਾਵ ਸਰੀਰ ਦੀ ਚੀਰ-ਫਾੜ (ਸਰਜਰੀ) ਦੇ ਵੀ ਮਨੂੰ ਖ਼ਿਲਾਫ਼ ਸੀ। ਇਸ ਚਿਕਿਤਸਾ ਵਿਗਿਆਨ ਵਿਚ ਸ਼ੁਸੁਰਤ ਤੋਂ ਬਾਅਦ ਵਾਣ ਭੱਟ ਦਾ ਨਾਂ ਆਉਂਦਾ ਹੈ। ਰਿਗਵੇਦ ਦੇ ਉਪਵੇਦ ਆਯੁਰਵੇਦ ਵਿਚ ਲਿਖੀ ਵਿਧੀ ਅਨੁਸਾਰ ਵਾਣ ਭੱਟ ਆਪਣੇ ਚੇਲਿਆਂ ਨੂੰ ਸ਼ਵ ਦੀ ਚੀਰ ਫਾੜ ਕਰਕੇ ਵੱਖ ਵੱਖ ਅੰਗਾਂ ਦੀਆਂ ਕਿਰਿਆਵਾਂ ਕਰਨ ਬਾਰੇ ਸਮਝਾਉਂਦੇ। ਤਾਂ ਜੋ ਜੰਗਾ-ਯੁੱਧਾਂ ਜਾਂ ਸੱਟ ਫੇਟ ਵੱਜਣ ਨਾਲ ਨੁਕਸਾਨੇ ਹੋਏ ਅੰਗ ਦਾ ਨਿਰੀਖਣ ਕੀਤਾ ਜਾਵੇ ਕਿ ਉਹਦਾ ਕਿੰਨਾ ਨੁਕਸਾਨ ਹੋਇਆ ਹੈ ਤੇ ਉਸਦਾ ਉਪਚਾਰ ਕੀਤਾ ਜਾਵੇ।

ਪਰ ਮਨੂੰ ਨੂੰ ਇਹ ਸਵੀਕਾਰ ਨਹੀਂ ਸੀ। ਜਿਹੜੇ ਗੁਰੂ ਜੀ ਤੋਂ ਚੇਲੇ, ਗਿਆਨ ਪ੍ਰਾਪਤ ਕਰਦਿਆਂ ਉਹਦੀ ਸੇਵਾ ਸੰਭਾਲ ਵਿਚ ਲੱਗੇ ਰਹਿੰਦੇ ਸਨ ਤੇ ਉਹਦੇ ਚਰਨਾਂ ਵਿਚੋਂ ਸਿਰ ਨਹੀਂ ਸਨ ਉਠਾਉਂਦੇ ਸਨ... ਪਰ ਉਸ ਗੁਰੂ ਦੀ ਮ੍ਰਿਤਕ ਦੇਹ ਨੂੰ ਛੂਹਣ 'ਤੇ ਵੀ ਚੇਲਿਆਂ ਨੂੰ ਮਨੂੰ ਦੇ ਲਿਖੇ ਲੰਮੇ ਚੌੜੇ ਕਰਮ ਕਾਂਡਾਂ ਵਿਚ ਨੂੰ ਗੁਜਰਨਾ ਪੈਂਦਾ ਸੀ।

ਚਿਕਿਤਸਕਾਂ ਨੂੰ ਸ਼ਵ ਦੀ ਚੀਰ ਫਾੜ ਕਰਨ ਕਰਕੇ... ਚਰਮਕਾਰਾਂ ਦੇ ਬਰਾਬਰ ਸਮਝਿਆਂ ਜਾਣ ਲੱਗਿਆ। ਨਤੀਜਾ ਇਹ ਨਿਕਲਿਆ ਕਿ ਵਾਣ ਭੱਟ ਤੋਂ ਥੋੜ੍ਹੇ ਸਮੇਂ ਬਾਅਦ ਸ਼ੁਲਯ (ਸਰਜਰੀ) ਚਿਕਿਤਸਾ ਵਿਗਿਆਨ ਦਾ ਪ੍ਰਯੋਗ ਬੰਦ ਹੋ ਗਿਆ।

ਸ਼ਲਯ ਚਿਕਿਤਸਕਾਂ ਨੂੰ ਸਮਾਜ ਵਿਚ ਘਟੀਆਂ ਸਮਝਿਆ ਜਾਣ ਤੋਂ ਅਪਮਾਨਿਤ ਹੋਏ ਬਹੁਤ ਸਾਰੇ ਸ਼ਲਯ ਚਿਕਿਸਕ ਜੰਗਲਾਂ ਵਿਚਲੇ ਬੋਧ ਵਿਹਾਰਾਂ ਵਿਚ ਜਾ ਕੇ ਰਹਿਣ ਲੱਗ ਪਏ। ਪਰ ਜਦ ਲਿੰਗ ਕੱਟੇ ਹੋਏ ਸੇਤੀਆਂ ਸ਼ੂਦਰ ਨੂੰ ਬੇਹੋਸ਼ੀ ਦੀ ਹਾਲਤ ਵਿਚ ਜੰਗਲ ਵਿਚਲੇ ਬੋਧ ਵਿਹਾਰ ਵਿਚ ਸਲਯ ਚਿਕਿਤਸਕਾਂ ਕੋਲ ਲੈ ਕੇ ਗਏ ਤਾਂ ਉਹਦੇ ਜ਼ਖ਼ਮ ਵਿਚੋਂ ਬਹੁਤਾ ਖੂਨ ਨਿਕਲਣ ਕਰਕੇ ਉਹਨੂੰ ਬਚਾਇਆ ਨਹੀਂ ਜਾ ਸਕਿਆ ਉਹਦੀ ਮੌਤ ਹੋ ਗਈ ਸੀ। ਉਹੀ ਘੋੜ ਸਵਾਰ ਉਹਨੂੰ ਰਾਤੋ ਰਾਤ ਉਹਦੇ ਮਗਧ ਵਿਚਲੇ ਘਰ ਛੱਡ ਗਏ ਸਨ।

ਉਸ ਤੋਂ ਅਗਲੇ ਦਿਨ, ਸੇਤੀਆਂ ਦੇ ਰੋਂਦੇ, ਕੁਰਲਾਂਦੇ ਘਰਦਿਆਂ ਤੇ ਸਾਕ ਸੰਬੰਧੀਆਂ ਨੇ ਉਹਦੇ ਸ਼ਵ ਦਾ ਦਾਹ-ਸੰਸਕਾਰ ਕਰ ਦਿੱਤਾ। ਉਸਦੀ ਪਤਨੀ ਕਵਿਤਾ ਜਿਸਨੇ ਮਨੂੰ ਦੇ ਆਸ਼ਰਮ ਵਿਚ ਵੈਦਿਕ ਗਿਆਨ, ਘੋੜ ਸਵਾਰੀ ਤੇ ਸ਼ਾਸ਼ਤਰ ਵਿਦਿਆ ਸਿਖੀ ਸੀ, ਹਾਰ-ਸ਼ਿੰਗਾਰ ਕਰਕੇ ਆਪਣੇ ਕਾਲੇ ਘੋੜੇ 'ਤੇ ਸਵਾਰ ਹੋ ਕੇ ਦੋਵੇਂ ਹੱਥਾਂ ਵਿਚ ਖੜਗਾ ਲਹਿਰਾਉਂਦਿਆਂ, ਗਰਜੀ ,

"ਮੈਂ ਬਲਵਾਨ ਤੇ ਵਿਦਵਾਨ ਸੇਤੀਆਂ ਨੂੰ ਪਿਆਰ ਕਰਦੀ ਹਾਂ। ਤਨੋਂ ਮਨੋਂ, ਆਪਣੇ ਪਤੀ ਦੀ ਹਾਂ। ਤੇ ਉਸ ਬਿਨਾ ਜਿੰਦਾ ਨਹੀਂ ਰਹਿ ਸਕਦੀ। ਆਓ ਜਿਸ ਵਿਚ ਦਮ ਹੈ, ਮੈਨੂੰ ਰੋਕੋ ਮੈਂ ਆਪਣੇ ਪਤੀ ਸੇਤੀਆਂ ਕੋਲ ਨੂੰ ਜਾ ਰਹੀ ਹਾਂ।" ਕੋਈ ਵੀ ਉਹਨੂੰ ਰੋਕਣ ਦਾ ਹੌਸਲਾ ਨਹੀਂ ਸੀ ਕਰ ਰਿਹਾ। ਉਹਨੇ ਜਾ ਕੇ ਸੇਤੀਆਂ ਦੀ ਜਲ ਰਹੀ ਚਿਖਾ ਵਿਚ ਛਾਲ ਮਾਰ ਦਿੱਤੀ।

ਮਹਾਰਿਸ਼ੀ ਮਨੂ ਫਿਲਾਸਫ਼ਰ ਨੇ ਨਵੀਂ ਕਾਢ ਕੱਢ ਮਾਰੀ। ਉਹਨੇ ਬ੍ਰਾਹਮਣੀ ਕਵਿਤਾ ਨੂੰ ਸ਼ੂਦਰ ਸੇਤੀਆਂ ਦੀ ਚਿਖਾ ਵਿਚ ਸੜਕੇ ਮਰਨ ਦੀ ਦੋਸ਼ੀ ਆਖਣ ਦੀ ਥਾਂ ਉਹਨੂੰ 'ਪਤੀ ਨਾਲ ਸਤੀ' ਹੋਈ ਕਰਾਰ ਦਿੱਤਾ। ਬਿਰਧ ਰਾਜਾ ਪੁਸ਼ਿਆਮਿੱਤਰ ਬੀਮਾਰ ਰਹਿਣ ਲੱਗ ਪਿਆ ਸੀ, ਛੱਤੀ ਸਾਲ ਰਾਜ ਕਰਨ ਤੋਂ ਬਾਅਦ ਉਹਦੀ ਮੌਤ ਹੋ ਗਈ। ਪੁਰੋਹਿਤ ਨੇ ਉਹਦੀ ਥਾਂ ਉਸਦੇ ਪੁੱਤਰ ਮਿੱਤਰ ਸੈਨ ਨੂੰ ਰਾਜ ਗੱਦੀ ਤੇ ਬਿਠਾ ਦਿੱਤਾ।

ਉਧਰ ਪੁਸ਼ਿਆ ਮਿੱਤਰ ਦੇ ਅੰਤਮ ਸੰਸਕਾਰ ਦੀ ਤਿਆਰੀ ਹੋ ਰਹੀ ਸੀ ਤਾਂ ਮਨੂ ਰਿਸ਼ੀ ਦੇ ਕਹਿਣ 'ਤੇ ਰਾਜਾ ਦੀ ਬਿਰਧ ਯਾਦ-ਦਾਸ਼ਤ ਗਵਾ ਚੁੱਕੀ ਰਾਣੀ ਨੂੰ ਹਾਰ-ਸ਼ਿੰਗਾਰ ਕਰਕੇ ਵਾਜਿਆਂ- ਗਾਜਿਆਂ ਨਾਲ ਸ਼ਾਮਸ਼ਾਨ ਘਾਟ ਲੈ ਗਏ। ਤੇ ਰੋਂਦੀ ਕੁਰਲਾਂਦੀ ਰਾਣੀ ਨੂੰ ਬ੍ਰਾਹਮਣਾਂ ਨੇ ਪੁਸ਼ਿਆਮਿੱਤਰ ਦੀ ਬਲਦੀ ਚਿਖਾ



ਵਿਚ ਧੱਕਾ ਦੇ ਦਿੱਤਾ ਉੱਚੀ ਆਵਾਜ਼ ਵਿਚ ਵੱਜਦੇ ਢੋਲ, ਨਗਾਰਿਆਂ ਦੇ ਸ਼ੋਰ ਵਿਚ ਰਾਣੀ ਦੀਆਂ ਚੀਕਾਂ ਗੁਆਚ ਗਈਆਂ ਸਨ। ਤੇ ਸਤੀ ਦੇ ਨਾਂ ਤੇ ਬ੍ਰਾਹਮਣਾਂ ਨੇ ਹਵਨ, ਯੱਗਸ ਅਨੁਸ਼ਠਾਨ ਕੀਤੇ ਤੇ ਨਵੇਂ ਬਣੇ ਰਾਜੇ ਮਿੱਤਰ ਸੈਨ ਨੇ ਬ੍ਰਾਹਮਣਾਂ ਨੂੰ ਧਨ, ਦੌਲਤ, ਗਾਊਆਂ, ਦਾਸ, ਦਾਸੀਆਂ ਦਾਨ ਵਿਚ ਦਿੱਤੀਆਂ। ਸਤੀ ਦੇ ਨਾਂ 'ਤੇ ਵਿਸ਼ਾਲ ਮੰਦਿਰ ਉਸਾਰਿਆਂ ਗਿਆ ਉਸ ਵਿਚ ਰਾਣੀ ਦੀ ਮੂਰਤੀ ਸਥਾਪਤ ਕੀਤੀ ਗਈ। ਤੇ 'ਸਤੀ ਸੁਨੰਦਾ' ਦੀ ਪੂਜਾ ਹੋਣ ਲੱਗੀ।

ਕੁੜੀਆਂ ਵਿਚ ਘੁਸਰ-ਮੁਸਰ ਹੋਣ ਲੱਗੀ ਸੀ। ਕੁੜੀਆਂ ਨੂੰ ਸ਼ਾਇਦ ਇਹ ਗੱਲਾਂ ਚੁਭਦੀਆਂ ਸਨ। ਉਹਨਾਂ ਨੇ ਕੁੜੀਆਂ ਦੀ ਮਨੀਟਰ 'ਅੰਜੁਲੀ ਨੂੰ ਮੂਹਰੇ ਕੀਤਾ, "ਸਰ, ਨਾ ਪੜਾਈ ਜਾਓ ਅਜਿਹੀਆਂ ਗੱਲਾਂ। ਸਤੀ ਹੋਣ ਜਾਂ ਸਤੀ ਕਰਨ ਵਿਰੁੱਧ ਕਾਨੂੰਨ ਬਣੇ ਨੂੰ ਵੀ ਸੈਂਕੜੇ ਸਾਲ ਹੋ ਗਏ ਸਨ।"

ਇੰਦਰ ਸਿੰਘ ਗੜਕਿਆ, "ਫੇਰ ਮੁੰਡਿਆਂ ਦਾ ਮਨੀਟਰ ਹੁੰਦਿਆਂ ਮੈਂ ਹੀ ਦਿੱਤਾ ਸੀ, ਅੰਜਲੀ ਦੀ ਗੱਲ ਦਾ ਜਵਾਬ। ਕਿ ਕੀ ਸਰ ਗਲਤ ਪੜ੍ਹਾ ਰਹੇ ਹਨ? ਕੀ ਸਤੀ ਪ੍ਰਥਾ ਵਿਰੁੱਧ ਕਾਨੂੰਨ ਬਣਨ ਨਾਲ ਸਤੀ ਹੋਣ ਤੇ ਰੋਕ ਲੱਗ ਗਈ। ਪਿਛੇ ਜਹੇ ਰਾਜਸਥਾਨ ਵਿਚ ਰੂਪ ਕੰਵਰ ਨਾਂ ਦੀ ਵਿਧਵਾ ਕੁੜੀ ਸਤੀ ਹੋ ਗਈ ਜਾਂ... ਸਤੀ ਹੋਣ ਲਈ ਮਜ਼ਬੂਰ ਕੀਤੀ ਗਈ। ਚਾਰ ਦਿਨ ਅਖ਼ਬਾਰਾਂ ਵਿਚ ਗੱਲ ਚੱਲੀ ਤੇ ਖ਼ਤਮ ਹੋ ਗਈ।"

ਤੇ ਕੀ ਹੁਣ ਸਤੀਆਂ ਤੇ ਮੇਲੇ ਲਗਣੇ ਬੰਦ ਹੋ ਗਏ। ਹਰੇਕ ਜਾਤੀ ਦੀ ਹਰੇਕ ਗੋਤਰ ਦੀ ਆਪਣੀ ਆਪਣੀ ਸਤੀ ਹੈ। ਤੇ ਉਹ ਪੂਜੀ ਜਾਂਦੀ ਹੈ।"

"ਮਨੂੰ ਰਿਸ਼ੀ ਦੇ ਆਸ਼ਰਮ ਵਿਚ ਉਸਦੇ ਪ੍ਰਮੁਖ ਚੇਲੇ ਨੇ ਵੀ ਰਿਸ਼ੀ ਨੂੰ ਪ੍ਰਸ਼ਨ ਕੀਤਾ ਸੀ।" ਸਰ ਦੱਸਣ ਲੱਗੇ ਸਨ, "ਗੁਰੂ ਜੀ ! ਰਿਗਵੇਦ ਵਿਚ ਆਤਮ ਹੱਤਿਆ ਨੂੰ ਮਨੁੱਖ ਦੀ ਸਭ ਤੋਂ ਵੱਡੀ ਕਮਜੋਰੀ ਦੱਸਿਆ ਹੈ। ਫਿਰ ਤੁਸੀਂ ਪਤੀ ਨਾਲ ਸਤੀ ਹੋਣ ਵਾਲੀ ਵਿਧਵਾ ਇਸਤਰੀ ਨੂੰ ਪੂਜਣ ਯੋਗ ਕਹਿ ਰਹੇ ਹੋ?" ਰਿਸ਼ੀ ਨੇ ਗੁੱਸੇ ਵਿਚ ਅੱਖਾਂ ਲਾਲ ਕਰਦਿਆਂ ਕਿਹਾ ਸੀ, "ਮੈਨੂੰ ਪ੍ਰਸ਼ਨ ਕਰਨ ਤੋਂ ਪਹਿਲਾਂ ਤੈਨੂੰ ਪੁਰਾਣਾਂ, ਸਿਮਰਤੀਆਂ ਦਾ ਅਧਿਐਨ ਕਰਨਾ ਚਾਹੀਦਾ ਸੀ। ਤੈਨੂੰ ਪਤਾ ਨਹੀਂ, ਮੈਂ ਲਿਖਵਾਇਆ ਵੀ ਹੈ, "ਸੰਸਾਰ ਦੇਵਤਿਆਂ ਅਧੀਨ ਹੈ। ਦੇਵਤੇ ਮੰਤਰਾਂ ਅਧੀਨ ਹਨ ਤੇ ਮੰਤਰ ਬ੍ਰਾਹਮਣਾਂ ਅਧੀਨ ਹੈ।" ਰਿਸ਼ੀ ਨੇ ਚੇਲੇ ਨੂੰ ਸਖਤੀ ਨਾਲ ਸਮਝਾਇਆ ਰਿੱਗ ਵੇਦ ਦੀ ਸਾਰਥਕਤਾ ਵੈਦਿਕ ਕਾਲ ਵਿਚ ਸੀ। ਉਸ ਤੋਂ ਬਾਦ ਉੱਤਰ ਵੈਦਿਕ ਕਾਲ ਲੰਘਿਆ। ਫੇਰ ਬੋਧਾਂ ਦੀ ਪ੍ਰਭੁਤਾ ਵਾਲਾ ਸਮਾਂ ਵੀ ਲੰਘ ਗਿਆ। ਤੇ ਹੁਣ ਸਿਮਰਤੀ ਕਾਲ ਚੱਲ ਰਿਹਾ ਤੇ ਚਲਦਾ ਰਹੇਗਾ।...।"

ਸਰ ਨੇ ਦੇਖਿਆ ਕਿ ਇਹ ਲੈਸਨ ਪੜ੍ਹਦਿਆਂ ਵਿਦਿਆਰਥੀ ਸਭ ਤੋਂ ਵੱਧ ਬੋਰੀਅਤ ਮਹਿਸੂਸ ਕਰ ਰਹੇ ਸਨ। ਇਹ ਵੀ ਪਛਾਣ ਉਨ੍ਹਾਂ ਨੂੰ ਉਦੋਂ ਹੋ ਜਾਂਦੀ ਸੀ ਜਦੋਂ ਬਹੁਤੇ ਮੁੰਡੇ, ਕੁੜੀਆਂ ਪਾਣੀ ਪੀਣ ਤੇ ਬਾਥਰੂਮ ਜਾਣ ਦੀ ਇਜਾਜਤ ਮੰਗਣ ਲੱਗ ਪੈਂਦੇ ਸਨ। ਸਰ ਵੀ ਕੋਈ ਹਾਸੇ ਦੀ ਗੱਲ ਛੇੜਨ ਦਾ ਬਹਾਨਾ ਬਣਾਉਣ ਲਗਦੇ। ਜੇ ਹੋਰ ਨਹੀਂ ਤਾਂ ਉਹ ਅੰਜੁਲੀ ਨੂੰ ਪਾਣੀ ਪਿਲਾਉਣ ਨੂੰ ਕਹਿ ਦਿੰਦੇ। ਕੁੜੀਆਂ ਦੀ ਸੁਰੱਖਿਆ ਪਖੋਂ ਸਕੂਲ ਵਿਚ ਇੰਜ ਰਵਾਇਤ ਹੈ ਕਿ ਜਿਥੇ ਵੀ ਕੁੜੀਆਂ ਨੇ ਜਾਣਾ ਹੁੰਦਾ ਦੋ ਕੁੜੀਆਂ ਇਕੱਠੀਆਂ ਜਾਂਦੀਆਂ। ਅੰਜੁਲੀ ਉਹਦੀ ਸਹੇਲੀ ਸਮਤਾ ਨੂੰ ਨਾਲ ਲੈ ਜਾਂਦੀ। ਉਹ ਦੋਵੇਂ ਪਾਣੀ ਦੇ ਦੋ ਗਿਲਾਸ ਲਈ ਹਸਦੀਆਂ ਕਲਾਸ ਰੂਮ ਵਿਚ ਵੜਦੀਆਂ। ਸਰ ਸਮਤਾ ਦੇ ਹੱਥੋਂ ਪਾਣੀ ਦਾ ਗਿਲਾਸ ਫੜ ਕੇ ਪੀ ਲੈਂਦੇ। ਅੰਜੁਲੀ ਵੀ ਮੁਸਕੜੀਆਂ ਹਸਦਿਆਂ ਆਪਣਾ ਗਿਲਾਸ ਅੱਗੇ ਕਰ ਦਿੰਦੀ। ਸਰ ਉਸ ਵੱਲ ਵੇਖਦਿਆਂ ਉਹਦੇ ਵਾਲਾ ਗਿਲਾਸ ਵੀ ਫੜ ਕੇ ਪੀ ਲੈਂਦੇ ਸਨ। ਮੁੰਡੇ ਮਜ਼ਾਕ ਵਿਚ ਅਖਦੇ ,"ਸਰ ਤੁਸੀਂ ਕੁੜੀਆਂ ਨੂੰ ਵਾਧੂ ਸਿਰ ਚੜ੍ਹਾਇਆ ਹੋਇਆ। ਹੋਰ ਕਿਸੇ ਸਰ, ਮੈਡਮ ਨੂੰ ਇਹ ਦੋ ਗਿਲਾਸ ਪਾਣੀ ਦੇ ਲਿਆਕੇ ਦਿਖਾਉਣ?" ਅੰਜੁਲੀ ਮੁੰਡਿਆ ਵੱਲ ਗੁੱਸੇ ਨਾਲ ਅੱਖਾਂ ਕੱਢਦੀ , "ਫੇਰ ਤੁਸੀਂ ਉਠਕੇ ਚਲੇ ਜਾਇਆ ਕਰੋ, ਸਰ ਲਈ ਪਾਣੀ ਲਿਆਉਣ।" ਉਹ ਹਸ ਕੇ ਆਖਦੀਆਂ, "ਇਹ ਸਰ ਜਾਣਨ... ਅਸੀਂ ਜਾਣੀਏ... ਤੁਹਾਨੂੰ ਕੀ ਤਕਲੀਫ ਹੁੰਦੀ ਏ?" ਮੁੰਡੇ ਬੋਲਣ ਲਈ ਤਿਲਮਿਲਾਉਂਦੇ ... ਪਰ ਸਰ ਦੇ ਸਾਹਮਣੇ ਕੁਝ ਬੋਲ

ਨਹੀਂ ਸਕਦੇ ਸਨ। ਸਰ ਉਨ੍ਹਾਂ ਨੂੰ ਸ਼ਾਂਤ ਕਰਦਿਆਂ ਆਖਦੇ, "ਮੈਂ ਤਾਂ ਇਹਨਾਂ ਨੂੰ ਤਾਂ ਨੀ ਰੋਕਦਾ... ਇਹ ਵਿਚਾਰੀਆਂ ਸਕੂਲ ਵਿਚੇ ਬੋਲਦੀਆਂ ਘਰ ਦੇ ਤਾਂ ਇਹਨਾਂ ਨੂੰ ਕੁਸਕਣ ਨੀ ਦਿੰਦੇ... ਸਾਹ ਨੀ ਕੱਢਣ ਦਿੰਦੇ।" ਸਰ ਪੁੱਛਦੇ, "ਅੱਛਾ ਦੱਸੋ ਘਰ ਕੀਹਦੀ ਕੀਹਦੀ ਕਟਾਈ ਹੁੰਦੀ ਐ? ਅੰਜੁਲੀ ਪਹਿਲਾਂ ਤੂੰ ਹੀ ਦੱਸ?"

"ਸਰ ਆ ਸੱਚੀ ਗੱਲ ਐ... ਮੰਮੀ ਮੌਕਾ ਈ ਭਾਲਦੀ ਰਹਿੰਦੀ ਐ... ਨਿੱਕੀ ਜਹੀ ਗਲਤੀ ਪਿਛੇ ... ਥੱਪੜ ਝਾੜ ਦਿੰਦੀ ਐ। ਕਹਿੰਦੀ ਐ ਤੈਂ ਬਿਗਾਨੇ ਘਰ ਜਾਣਾ।"

"ਮੁੰਡਿਆਂ ਵਿਚੋਂ ਦੱਸੋ ਕਿਸੇ ਦੀ ਕਟਾਈ ਹੁੰਦੀ ਐ?" ਸਰ ਨੇ ਫੇਰ ਸੁਆਲ ਕੀਤਾ।

ਮੁੰਡਿਆਂ ਦੀ ਥਾਂ ਕੁੜੀਆਂ ਨੇ ਰੌਲਾ ਪਾ ਦਿੱਤਾ, "ਸਰ ਇਹ ਖਾ ਲੈਣਗੇ ਘਰਦਿਆਂ ਤੋਂ ਕੁੱਟ... ਇਹ ਤਾਂ ਉਨ੍ਹਾਂ ਨੂੰ ਈ ਕੁੱਟਣ ਨੂੰ ਜਾਂਦੇ ਐ।" ਸਰ ਹੋਰ ਕਈਆਂ ਕੁੜੀਆਂ ਨੂੰ ਪੁੱਛਦੇ ਰਹੇ। ਲਗਭਗ ਸਾਰੀਆਂ ਕੁੜੀਆਂ ਮੰਨਦੀਆਂ, "ਸਰ ਕਟਾਈ ਤਾਂ ਹੁੰਦੀ ਓ ਹੁੰਦੀ ਐ... ਮੰਮੀਆਂ ਬਹੁਤ ਨਿਕੰਮੀਆਂ... ਅਜੇ ਡੈਡੀ ਕੁਝ ਨੀ ਕਹਿੰਦੇ... ਸਾਡੀ ਓ ਮਦਦ ਕਰਦੇ ਐ... ਪਰ ਮੰਮੀਆਂ ਉਨ੍ਹਾਂ ਨੂੰ ਵੀ ਨੀ ਬਖ਼ਸ਼ਦੀਆਂ... ਅਖੇ ਥੁਆਨੂੰ ਕਿਆ ਪਤਾ ਕੁੜੀਆਂ ਕਿਵੇਂ ਪਾਲੀਦੀਆਂ ਐ।" ਕੁੜੀਆਂ ਦੀ ਘਰ ਹੁੰਦੀ ਕੁਟਾਈ ਦੀਆਂ ਗੱਲਾਂ ਸੁਣ ਸੁਣ ਕੇ ਸਾਰੀ ਕਲਾਸ ਹਸ ਹਸ ਦੂਹਰੀ ਹੁੰਦੀ ਰਹੀ।

ਮੈਂ ਕਿਹਾ, "ਇੰਦਰ ਸਿਆ ਦੇਖ ਲੈ ਸਰ ਨੇ ਏਨਾ ਹਸਾਉਣ ਤੋਂ ਬਾਦ ਜਦ ਉਹੀ ਲੈਸਨ ਅੱਗੇ ਪੜ੍ਹਾਉਣਾ ਸ਼ੁਰੂ ਕੀਤਾ ਕੁੜੀਆਂ ਫੇਰ ਆਨਾ-ਕਾਨੀ ਕਰਨ ਲੱਗ ਪਈਆਂ। ਸਰ ਨੇ ਸਮਝਾਇਆ ਵੀ, "ਤੁਸੀਂ ਪੁਰਾਤਨ ਇਤਿਹਾਸ ਨੂੰ ਪੜ੍ਹੇ ਬਿਨਾ... ਸਦੀਆਂ ਤੋਂ ਸਮਾਜ ਵਿਚ ਪ੍ਰਚਲਤ ਰਹੁ-ਰੀਤਾਂ ਦੇ ਚਾਲੂ ਹੋਣ ਦੇ ਕਾਰਨਾਂ ਨੂੰ ਸਮਝ ਹੀ ਨਹੀਂ ਸਕਦੇ।"

ਉਹਨਾਂ ਨੇ ਜਾਣ ਕੇ ਅਣਜਾਣ ਬਣਦਿਆਂ ਕਿਹਾ,

"ਅਹ ਲਓ... ਇਹ ਅਧਿਆਇ ਵੀ ਇਸਤਰੀਆਂ ਬਾਰੇ ਈ ਨਿਕਲ ਆਇਆ... ਇਹਦੇ ਵਿਚੋਂ ਕੁਝ ਨਾ ਕੁਝ ਜ਼ਰੂਰ ਨੋਟ ਕਰਿਓ-

-ਇਸਤਰੀਆਂ ਤੇ ਸ਼ੂਦਰ ਪਾਪ ਯੋਨੀ ਹਨ। ਇਸਤਰੀ ਨੂੰ ਬਚਪਨ ਵਿਚ ਪਿਓ ਦੇ ਅਧੀਨ ਜਵਾਨੀ ਵਿਚ ਪਤੀ ਦੇ ਅਧੀਨ ਤੇ ਵਿਧਵਾ ਹੋ ਜਾਣ ਤੇ ਪੁੱਤਰ ਦੇ ਅਧੀਨ ਰਹਿਣਾ ਚਾਹੀਦਾ ਹੈ।" ਇਹ ਲਿਖਦੀਆਂ ਕੁੜੀਆਂ ਦੇ ਚਿਹਰਿਆ 'ਤੇ ਗੁੱਸੇ ਦੇ ਭਾਵ ਸਾਫ਼ ਨਜ਼ਰ ਆ ਰਹੇ ਸਨ। ਸਰ ਨੇ ਕਿਹਾ ਪਰ ਮੈਂ ਦੱਸਣ ਲਈ ਮਜਬੂਰ ਹਾਂ... ਇਹ ਕਰੂਰ ਸਚਾਈ ਹੈ। ਉਨ੍ਹਾਂ ਨੇ ਹੋਰ ਲਿਖਵਾਇਆ-"ਇਸਤਰੀ , ਸ਼ੂਦਰ ਕੁੱਤੇ ਤੇ ਕਾਂ ਵਿਚ ਝੂਠ ਪਾਪ ਤੇ ਅੰਧਕਾਰ ਬਣਿਆ ਰਹਿੰਦਾ ਹੈ। ਲਿਖੋ ਹੋਰ ਸਜ਼ਾਵਾਂ..." ਅੰਜੁਲੀ ਬਿਫਰੀ , "ਸਰ ਸਾਨੂੰ ਅਜੇ ਹੋਰ ਕਿੰਨੀਆਂ ਕੁ ਸਜਾਵਾਂ ਦੇਣੀਆਂ ਹਨ।"

"ਤੁਹਾਨੂੰ ਨਹੀਂ ਇਸਤਰੀਆਂ ਤੇ ਸ਼ੂਦਰਾਂ ਨੂੰ।"

"ਸਰ ! ਇਸਤਰੀਆਂ ਤੇ ਸ਼ੂਦਰ ਜੇ ਅਸੀਂ ਨਹੀਂ ਤਾਂ ਹੋਰ ਕੌਣ ਹਨ?" ਉਸਨੇ ਕਲਾਸ ਵਿਚ ਬੈਠੇ ਮੁੰਡੇ, ਕੁੜੀਆਂ ਵੱਲ ਸੈਨਤ ਕਰਦਿਆਂ ਕਿਹਾ ਸੀ।

ਨਾਲ ਦੀ ਨਾਲ ਮੈਂ ਇੰਦਰ ਸਿੰਘ ਨੂੰ ਟਕੋਰ ਮਾਰੀ, ਦੇਖ ਲੈ... ਅੰਜੁਲੀ ਜਿੱਤ ਗਈ ਸੀ। ਇਕ ਵਾਰ ਤਾਂ ਅਰਵਿੰਦਰ ਸਰ ਵੀ ਅਵਾਕ ਖੜੇ ਰਹਿ ਗਏ ਸਨ। ਫੇਰ ਉਨ੍ਹਾਂ ਨੇ ਹੌਲੀ ਹੌਲੀ ਬੋਲਣਾ ਸ਼ੁਰੂ ਕੀਤਾ ਸੀ।

"ਇਸਤਰੀਆਂ ਤੇ ਸ਼ੂਦਰਾਂ ਨੂੰ ਲੜਾਇਆ ਜਾਣਾ ਚਾਹੀਦਾ ਹੈ।" ਕੁੜੀਆਂ ਹੱਸੀਆਂ, "ਸਰ ਤਾਂ ਹੀ ਸਾਡੀ ਕਲਾਸ ਦੇ ਮੁੰਡੇ ਸਾਡੇ ਨਾਲ ਲੜਦੇ ਰਹਿੰਦੇ ਹਨ।"

"ਇਸਤਰੀ ਦੀ ਕੋਈ ਜਾਇਦਾਦ ਨਹੀਂ ਹੋ ਸਕਦੀ ਜੋ ਉਹਨੂੰ ਕੋਈ ਜਾਇਦਾਦ ਮਿਲੇ ਵੀ ਤਾਂ ਉਹ ਜਾਇਦਾਦ ਉਹਦੀ ਹੋ ਜਾਂਦੀ ਹੈ, ਜਿਸਦੀ ਉਹ ਪੁੱਤਰੀ ਜਾਂ ਪਤਨੀ ਹੋਵੇ।"

"ਸਰ ਠੀਕ ਹੈ, ਜੇ ਹੁਣ ਕੁੜੀ ਨੂੰ ਪਿਤਾ ਦੀ ਜਾਇਦਾਦ ਵਿਚ ਹੱਕ ਮਿਲ ਵੀ ਗਿਆ ਹੈ ਤਾਂ ਉਹ



ਜਾਇਦਾਦ ਉਹਦਾ ਪਤੀ ਖੋਹ ਲੈਂਦਾ ਹੈ। ਉਹਦੇ ਕੋਲ ਕੋਈ ਜਾਇਦਾਦ ਰਹਿੰਦੀ ਹੀ ਨਹੀਂ ਹੋਰ ਨਹੀਂ ਉਹਦੇ ਪੁੱਤਰ ਆਪਣੇ ਨਾਂ ਲੁਆ ਲੈਣਗੇ।

ਸਰ ਨੇ ਲਿਖਵਾਇਆ , "ਅਗਰ ਕੋਈ ਬ੍ਰਾਹਮਣ, ਕਸ਼ੱਤਰੀ , ਵੈਸ਼... ਸ਼ੂਦਰ ਇਸਤਰੀ ਨਾਲ ਸੰਭੋਗ ਕਰੇ ਤਾਂ ਰਾਜਾ ਉਸਨੂੰ ਦੇਸ਼ ਵਿਚੋਂ ਕੱਢ ਦੇਵੇ। ਪਰ ਜੇ ਸ਼ੂਦਰ ਕਿਸੇ ਉਪਰਲੇ ਵਰਣ ਦੀ ਇਸਤਰੀ ਨਾਲ ਸੰਭੋਗ ਕਰੇ ਤਾਂ ਰਾਜਾ ਉਹਨੂੰ ਮੌਤ ਦੀ ਸਜਾ ਦੇਵੇ।"

ਇੰਦਰ ਸਿੰਘ ਬੋਲਿਆ, "ਸਾਨੂੰ ਉਦੋਂ ਲਗਦਾ ਸੀ ਕਿ ਹੁਣ ਕੁੜੀਆਂ ਚੁੱਪ ਰਹਿਣਗੀਆਂ ਬੋਲਣਗੀਆਂ ਨਹੀਂ। ਪਰ ਕੁੜੀਆਂ ਸਲਾਹ ਕਰਕੇ ਉਚੀ ਅਵਾਜ਼ ਵਿਚ ਚੀਕੀਆਂ, "ਸ਼ੇ...ਅ...ਮ...ਸ਼ੇ...ਅ...ਮ।"

"ਮਨੂੰ ਸਿਮਰਤੀ ਅਨੁਸਾਰ ਪਿਓ ਰਿਤੂਮਣੀ ਹੁੰਦਿਆਂ ਹੀ ਕੰਨਿਆ ਦਾ ਵਿਆਹ ਕਰ ਦਵੇ।"

ਕੁੜੀਆਂ ਬੋਲੀਆਂ, "ਸਰ ਲਿਖਵਾਈ ਜਾਓ... ਅਸੀਂ ਇਕੱਠਾ ਈ ਜਵਾਬ ਦਵਾਂਗੀਆਂ।" ਸਰ ਕੁੜੀਆਂ ਦੇ ਗੁੱਸੇ ਨੂੰ ਭਾਂਪ ਗਏ ਸਨ।... ਅੱਗੇ ਉਹ ਪੀਰੀਅਡ ਖਤਮ ਹੋਣ 'ਤੇ ਵੀ ਉਦੋਂ ਤੱਕ ਪੜ੍ਹਾਈ ਜਾਂਦੇ ਸਨ, ਜਦ ਤਕ ਅਗਲੇ ਪੀਰੀਅਡ ਵਾਲੇ ਅਧਿਆਪਕ ਨਾ ਆ ਜਾਂਦੇ। ਪਰ ਅੱਜ ਉਹ ਪੀਰੀਅਡ ਖਤਮ ਹੁੰਦਿਆਂ ਹੀ ਜਾਣ ਨੂੰ ਕਾਹਲੇ ਜਾਪਦੇ ਸਨ। ਉਹਨਾਂ ਘੜੀ ਵੇਖੀ ਤੇ ਲਿਖਵਾਉਣ ਲੱਗੇ- "ਲਿਖੋ ਓ...ਓ...

ਕੁੜੀਆਂ ਨੇ ਕਾਪੀਆਂ ਵਗਾਹ ਕੇ ਮਾਰੀਆ, "ਸਰ ਅਸੀਂ ਨਹੀਂ ਨੋਟ ਕਰਦੀਆਂ... ਪਰਾਂ ਸੁੱਟੋ ਅਜਿਹੀ ਕਾਨੂੰਨ ਦੀ ਕਿਤਾਬ ਨੂੰ।"

ਪਰ ਪਿਛੇ ਬੈਠੀ ਕੁੜੀ ਸੀਮਾ, ਉਠਕੇ ਖੜ੍ਹੀ ਹੋ ਗਈ।

"ਸਰ ... ਮੈਂ ਨੀ ਕਾਪੀ ਵਗਾਹ ਕੇ ਮਾਰਨੀ ... ਮੈਂ ਦੱਸਦੀ ਆ ਸਾਡੇ ਘਰ ਵਿਚ ਉਨੇ ਦਿਨ ਕਿਸੇ ਵੀ ਇਸਤਰੀ ਦਾ ਜਿੰਨੇ ਦਿਨ ਮੈਸਿਜ਼ ਪੀਰੀਅਡ ਰਹਿੰਦਾ ਹੈ... ਉਹ ਘਰਦਿਆਂ ਕੋਲੋਂ ਅਛੂਤ ਬਣੀ ਰਹਿੰਦੀ ਐ... ਉਹ ਮੰਜੇ 'ਤੇ ਪੈ ਨਹੀਂ ਸਕਦੀ। ਫਰਸ਼ 'ਤੇ ਦਰੀ ਵਿਛਾ ਕੇ ਪੈਂਦੀ ਏ। ਘਰ ਦਾ ਕੋਈ ਜੀਅ ਉਹਨੂੰ ਛੂੰਹਦਾ ਤੱਕ ਨਹੀਂ। ਉਨੇ ਦਿਨਾਂ ਤਕ ਉਹਦੇ ਖਾਣ-ਪੀਣ ਦੇ ਬਰਤਨ ਅਲਗ ਰੱਖੇ ਜਾਂਦੇ ਐ। ਮੈਂਸਿਜ਼ ਬੰਦ ਹੋਣ ਤੋਂ ਬਾਅਦ ਉਹ ਇਸ਼ਨਾਨ ਕਰਕੇ, ਮੰਦਰ ਵਿਚ ਮੱਥਾ ਟੇਕ ਕੇ ਆਉਂਦੀ ਐ। ਤਾਂ ਜਾ ਕੇ ਘਰਦਿਆਂ ਵਿਚ ਸ਼ਾਮਿਲ ਹੁੰਦੀ ਐ।"

ਇੰਦਰ ਸਿੰਘ ਨੇ ਗੱਲ ਸਾਂਭੀ, "ਮੇਰੇ ਵੀ ਹੁਣੇ ਹੁਣੇ ਇਹ ਗੱਲ ਦਿਮਾਗ਼ ਵਿਚ ਆਈ ਐ। ਮਨੂੰ ਸਿਮਰਤੀ ਅਨੁਸਾਰ ਸ਼ੂਦਰਾਂ ਦਾ ਇਕ ਕੰਮ 'ਉੱਚ ਵਰਣ ਦੇ ਲੋਕਾਂ ਦੇ ਗੁਪਤ ਅੰਗਾਂ ਦੀ ਮਾਲਿਸ਼ ਕਰਨਾ ਹੈ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਉਚ ਵਰਣ ਦੇ ਲੋਕ ਇਸਤਰੀ ਦੀ ਯੋਨੀ ਨੂੰ... ਖਾਸ ਦਿਨਾਂ ਲਈ ਅਪਵਿੱਤਰ ਸਮਝਦੇ ਸਨ। ਇਸ ਲਈ ਉਹ ਇਸਤਰੀ ਦੇ ਮੈਂਸਿਜ਼ ਪ੍ਰੀਰਿਅਡ ਵੇਲੇ ਉਹਨੂੰ ਅਛੂਤ ਸਮਝਦੇ ਸਨ। ਇਸ ਲਈ ਇਸਤਰੀ ਦੀ ਯੋਨੀ ਦੇ ਪਲੀਤ ਹੋਣ ਵੇਲੇ ਦਾ ਬੱਚੇ ਜਮਾਉਣ ਦਾ ਕੰਮ ਵੀ ਆਛੂਤ ਔਰਤਾਂ ਹਵਾਲੇ ਸੀ। ਮੈਂ ਲਗਭਗ ਹਰ ਪਿੰਡ ਵਿਚ ਦੇਖਿਆ ਕਿ ਪੁਰਾਣੀਆਂ ਦਾਈਆਂ ਸਾਰੀਆਂ ਹੀ ਚੂਹੜੀਆਂ, ਚਮਾਰੀਆਂ ਹਨ?। ਸਾਡੇ ਪਿੰਡ ਦੇ ਵਾਲਮੀਕੀਆਂ ਦੀ ਛੋਟੀ ਦਾਈ, ਬੱਚੇ ਪੈਦਾ ਹੋਣ ਦੀ ਦਵਾਈ ਵੀ ਦਿੰਦੀ ਐ, ਤੇ ਬੱਚਾ ਪੈਦਾ ਹੋਣ ਤੋਂ ਪਹਿਲਾਂ ਦੀਆਂ ਬੀਮਾਰੀਆਂ ਦਾ ਇਲਾਜ਼ ਵੀ ਕਰਦੀ ਐ। ਦੂਰੋਂ ਦੂਰੋਂ ਇਲਾਜ਼ ਕਰਵਾਉਣ ਲਈ ਲੋਕ ਆਪਣੀਆਂ ਤੀਵੀਆਂ ਲੈ ਕੇ ਉਹਦੇ ਕੋਲ ਆਉਂਦੇ ਰਹਿੰਦੇ ਐ!"

"ਕਿਉਂ ਹੋਰਾਂ ਦੀਆਂ ਨੀ ਲਿਆ ਸਕਦੇ?"

ਤੀਵੀਆਂ 'ਤੇ ਕਿਆ ਬੰਦਿਆਂ ਦਾ ਨਾਂ ਲਿਖਿਆ ਬਈ ਕੀਹਦੀ ਤੀਵੀਂ ਐ।" ਫ਼ੌਜੀ ਨੇ ਇੰਦਰ ਸਿੰਘ ਦੀ ਗਲਤੀ ਫੜੀ ਤੇ ਹਾਸਾ ਮਚ ਗਿਆ।

ਪਰ੍ਹਾਂ ਨਵੇਂ ਆ ਕੇ ਬੈਠੇ ਪਰਵਾਸੀਆਂ ਦੀਆਂ ਝੁੱਗੀਆਂ ਵਿਚੋਂ ਉਚੀ-ਉਚੀ ਰੋਣ ਕੁਰਲਾਣ, ਚੀਕਾਂ

ਮਾਰਨ ਦੀ ਅਵਾਜ਼ ਆਈ।

ਕਿਸੇ ਨੇ ਆ ਕੇ ਦੱਸਿਆ ਕਿ ਇਕ ਝੁੱਗੀ ਵਾਲੇ ਨੇ ਨਸ਼ੇ ਦੀ ਹਾਲਤ ਵਿਚ ਆਪਣੀ ਘਰਵਾਲੀ ਕੁੱਟ-ਕੁੱਟ ਕੇ ਮਾਰ ਦਿੱਤੀ। ਉਹ ਉਸ 'ਤੇ ਕਿਸੇ ਗੁਆਂਢੀ ਨਾਲ ਰਹਿਣ ਦਾ ਸ਼ੱਕ ਕਰਦਾ ਸੀ। ਦੱਸਣ ਵਾਲੇ ਨੇ ਦੱਸਿਆ ਕਿ ਉਂਝ ਵੀ ਤਾਂ ਉਹ ਉਹਨੂੰ ਦਿਨ ਵਿਚੇ ਝੁੱਗੀ ਦੇ ਪਿਛੇ ਲਈ ਪਿਆ ਰਹਿੰਦਾ ਸੀ। ਹੁਣ ਅਸੀਂ ਉਹਦੇ ਕੋਲੋਂ ਸੁਣੀ ਇਸ ਗੱਲ 'ਤੇ ਨਾ ਹਸ ਸਕਦੇ ਸਨ ਨਾ ਰੋ ਸਕਦੇ ਸਨ।

ਦੇਖਦਿਆਂ ਦੇਖਦਿਆਂ ਹੀ ਪਰਵਾਸੀਆਂ ਦੀਆਂ ਝੁੱਗੀਆਂ ਗਾਇਬ ਹੋ ਗਈਆਂ। ਉਹ ਗਧਿਆ 'ਤੇ ਸਮਾਨ ਲੱਦ ਕੇ ਨਦੀਓ ਲੰਘ ਗਏ ਸਨ। ਤੀਵੀਂ ਦੀ ਲਾਸ਼ ਕਿਤੇ ਖੂਹ-ਖਾਤੇ ਵਿਚ ਸੁੱਟ ਦੇਣਗੇ। ਇਹਨਾਂ ਖਾਨਾ-ਬਦੋਸ਼ਾਂ ਨੂੰ ਕਿਹੜੇ ਕਿਸੇ ਨੇ ਪੁੱਛਣਾ? ... ਇਹਨਾਂ ਦਾ ਨਾਂ ਕਿਹੜਾ ਸਰਕਾਰ ਦੇ ਕਿਸੇ ਰੀਕਾਰਡ ਵਿਚ ਦਰਜ਼ ਹੈ? ਇਹਨਾਂ ਦੀ ਗਿਣਤੀ ਤਾਂ ਅਜੇ ਦੇਸ ਦੇ ਸ਼ਹਿਰੀਆਂ ਵਿਚ ਸਾਮਿਲ ਹੀ ਨਹੀਂ ਹੋਈ। ਮੇਰੇ ਇਸ ਤਰ੍ਹਾਂ ਬੋਲੀ ਜਾਣ 'ਤੇ ਇੰਦਰ ਸਿੰਘ ਹੋਰਾਂ ਚੁੱਪ ਬੈਠੇ ਹਨ। ਉਹ ਇਸ ਤਾਕ ਵਿਚ ਬੈਠੇ ਹਨ... ਕਿ ਕੋਈ ਵਧੀਆ ਗੱਲ ਹੋਵੇ ਜਾਂ ਵਧੀਆ ਘਟਨਾ ਵਾਪਰੇ ਤਾਂ ਜੋ ਲਾਸਟ ਪੈੱਗ ਚੁੱਕ ਕੇ ਸਾਰੇ ਹਸਦੇ ਘਰਾਂ ਨੂੰ ਜਾਣ।

ਗੱਡੀਆਂ ਵਾਲਿਆਂ ਦੇ ਡੇਰੇ ਵਿਚ ਰੌਲਾ ਪਿਆ ਫ਼ੌਜੀ ਉਠਕੇ ਦੇਖਣ ਚਲਿਆ ਗਿਆ। ਉਹਨੇ ਆ ਕੇ, ਗੁੱਝਾ ਜਿਹਾ ਹਸਦਿਆਂ ਦੱਸਿਆ, "ਕੁਝ ਨਹੀਂ, ਉਹ ਤਾਂ ਨਵਾਂ ਵਿਆਹ ਹੋਇਆ ਬਾਕੀ ਰੌਲਾ ਪਾਉਣ ਲੱਗ ਗਏ... ਕਹਿੰਦੇ ਇਹ ਸਾਝਰੇ ਈ ਲੱਗ ਗਏ। ... ਮੈਂ ਉਹਨਾਂ ਨੂੰ ਸਮਝਾਇਆ ... ਚੁੱਪ ਕਰੋ, ਘੜੀ ਕੁ ਨੂੰ ਤੁਸੀਂ ਸਾਰਿਆ ਨੇ ਈ ਲੱਗ ਜਾਣੈ।" ਸਾਰੇ ਖੁਲ੍ਹ ਕੇ ਹੱਸੇ ਬੈਠੇ ਜੁ ਹੱਸਣ-ਹੁਸਣ ਲਈ ਓ ਸਨ। ਪਰ ਮੈਨੂੰ ਪਤਾ ਨਹੀਂ ਕਿਉਂ ਹਾਸਾ ਨਹੀਂ ਸੀ ਆ ਰਿਹਾ।

ਮੈਨੂੰ ਇੰਦਰ ਸਿੰਘ ਦੀ ਸੁਝਾਈ ਇਸ ਗੱਲ ਨਾਲ ਵੀ ਧਰਵਾਸ ਨਹੀਂ ਆ ਰਿਹਾ, "ਜਿਵੇਂ ਕਰੋੜਾ ਵਿਚੋਂ ਤੁਸੀਂ ਪੜ੍ਹ ਲਿਖਕੇ ਜਿਵੇਂ ਬੰਗਾਲਿਆਂ ਦੀ ਹੈਡੀਕੈਪਡ ਕੁੜੀ ਮੰਗਣਾ ਛੱਡ ਕੇ ਬਾਹਰਵੀਂ ਪਾਸ ਕਰ ਗਈ। ਜਿਵੇਂ ਗੱਡੀਆਂ ਵਾਲੇ ਕੰਮ ਧੰਦਾ ਕਰਨ ਲੱਗ ਪਏ... ਬਾਕੀ ਵੀ।" ਪਰ ਈਸ਼ਰ ਸਿੰਘ ਦੀ ਗੱਲ ਮੇਰੇ ਮਨ ਨਹੀਂ ਲੱਗ ਰਹੀ।

ਘਰ ਆ ਕੇ ਪਗੜੀ ਉਤਾਰਦਿਆਂ ਹੁਣ ਤੱਕ ਬਚਾ ਕੇ ਰੱਖੀ ਐਨਕ ਡਿੱਗ ਪਈ... ਲੈ ਬਈ ਟੁੱਟੀ... ਹੁਣ ਨੀ ਬਚਦੀ।

ਮੇਰੀ ਅੱਖ ਲੱਗੀ ਹੈ... ਜਾਂ ਨਹੀਂ। ਧਰਤੀ ਦੇ ਅੰਦਰੋਂ ਵਿਸਫੋਟ ਹੋਇਆ... ਜਾਂ ਬਾਹਰੋਂ ਕਿਸੇ ਧਰਤੀ ਦੇ ਟਕਰਾਉਣ ਨਾਲ ਤਬਾਹੀ ਮਚੀ ਹੈ। ਚੋਹੀਂ ਪਾਸੀਂ ਲੱਗੀ ਅੱਗ ਵਿਚ ਜਲ ਰਹੀ ਵਨਸਪਤੀ ਤੇ ਜੀਵ ਜੰਤੂਆਂ ਦੇ ਨਾਲ ਨਾਲ ਸ਼ੂਦਰ, ਸ਼ਿਲਪੀ, ਅਛੂਤ, ਟਪਰੀਵਾਸੀ , ਖਾਨਾਬਦੋਸ਼, ਜੰਗਲੀ ਹੋਣ ਦੀ ਚੇਤਨਾ ਹੋਣ ਤੋਂ ਸੱਖਣੇ ਹੀ ਵਿਸਫੋਟ, ਤਬਾਹੀ, ਅਗਨੀ ਦੀ ਭੇਟ ਚੜ੍ਹ ਰਹੇ ਹਨ।

ਭਿਆਨਕ ਤੇ ਡਰਾਉਣਾ ਸੁਪਨਾ ਵੇਖਣ ਤੋਂ ਬਾਅਦ ਮੈਨੂੰ ਨੀਂਦ ਨਹੀਂ ਆ ਰਹੀ। ... ਇਤਿਹਾਸ ਦੇ ਇਹ ਪਾਤਰ ਮੇਰੇ ਮਨ ਤੇ ਸਰੀਰ ਨੂੰ ਲਗਾਤਾਰ ਕਟੋਚ ਰਹੇ ਹਨ ...।

ਹਵਾਲੇ :

1. ਵੈਦਿਕ ਕਾਲ ਲਗਭਗ ;1700 ਤੋਂ 1200 ਈ. ਪੂ.
2. ਉੱਤਰ ਵੈਦਿਕ ਕਾਲ ; 1200 ਤੋਂ 700 ਈ. ਪੂ.
3. ਲੋਕਾਇਤ, ਬੁੱਧ ਕਾਲ ; 700 ਤੋਂ 200 ਈ. ਪੂ.
4. ਮਨੂ ਸਿਮਰਤੀ ਕਾਲ; 100 ਈ. ਪੂ. ਤੋਂ.........

*ਪਤਾ : ਪਿਡ. ਮਾਜਰੀ, ਡਾ. ਸਿਆਲਬਾ, ਤਹਿ ਖਰੜ, ਜਿਲ੍ਹਾ ਮੋਹਾਲੀ, ਮੋ. 98881-29977*



## ਕਹਾਣੀ / **ਪੌੜੀ** / ਦਰਸ਼ਨ ਜੋਗਾ

ਇਕਦਮ ਅੱਭੜਵਾਹੇ ਉਠ ਬੈਠਿਆਂ ਹਾਂ। ਉੱਪਰ ਲਈ ਚਾਦਰ ਉੱਤੋਂ ਲਾਹਕੇ ਪਰ੍ਹਾ ਵਗਾਹ ਮਾਰੀ ਹੈ। ਭਮੱਤਰਿਆਂ ਵਾਂਗ ਅੱਖਾਂ ਮਲਦਾ ਇਧਰ ਉੱਧਰ ਵੇਖ ਰਿਹਾ ਹਾਂ। ਸਰੀਰ ਮੋੜਕੋ-ਮੁੜਕੀ ਹੋਇਆ ਪਿਆ ਹੈ। ਹੋਸ਼ 'ਚ ਆਇਆਂ ਤਾਂ ਕੁਝ ਸੰਭਲਣ ਦੀ ਕੋਸ਼ਿਸ ਕਰ ਰਿਹਾ ਹਾਂ ਪਰ ਦਿਲ ਦੀ ਧੜਕਣ ਹਾਲੇ ਵੀ ਤੇਜ਼ ਚੱਲ ਰਹੀ ਹੈ। ਇਉਂ ਲੱਗਦੈ ਜਿਵੇਂ ਅੰਦਰ ਚੱਕੀ ਦੇ ਪੁੜ ਇਕ ਦੂਜੇ ਨਾਲ ਵੱਜ-ਵੱਜਕੇ ਖੜਕਾ ਕਰ ਰਹੇ ਹੋਣ। ਸਰੀਰ ਨੂੰ ਕੰਟਰੋਲ ਕਰਨ ਦੀ ਕੋਸਿਸ਼ ਕਰ ਰਿਹਾ ਹਾਂ ਪਰ ਹੋ ਨਹੀਂ ਰਿਹਾ। ਗੁਰਬਾਣੀ ਦੀਆਂ ਤੁਕਾਂ ਅੰਦਰੇ ਅੰਦਰ ਧਿਆ ਕੇ, ਅੰਦਰਲੇ ਨੂੰ ਨਾਰਮਲ ਕਰਨ ਦੀ ਕੋਸ਼ਿਸ ਕਰ ਰਿਹਾ ਹਾਂ। ਲੱਗਦੈ ਜਿਵੇਂ ਬਹੁਤ ਵੱਡੇ ਤੂਫਾਨ 'ਚੋਂ ਬਚ ਨਿਕਲਿਆ ਹਾਂ।

"ਲਓ ! ਚਾਹ ਪੀ ਲਓ, ਅੱਜ ਵਾਹਵਾ ਸਦੇਹਾਂ ਉੱਠੇ ਬੈਠੇ ਹੋ।" ਪਤਨੀ ਦੀ ਅਵਾਜ਼ ਨੇ ਟਿਕ ਟਿਕੀ ਤੋੜ ਦਿੱਤੀ ਹੈ। ਉਸ ਦੀ ਅਵਾਜ਼ ਸੁਣ ਉਸ ਵੱਲ ਚੁੱਪ ਚਾਪ ਵੇਖਣ ਲੱਗਦਾ ਹਾਂ।

"ਕੀ ਗੱਲ ਚਿੱਤ ਠੀਕ ਨਹੀਂ। ਐਂ ਚੁੱਪ ਜਿਹੇ ਕਿਉਂ ਬੈਠੇ ਹੋ। ਕਿਸ ਗੱਲ ਦੀ ਚਿੰਤਾ ਹੈ। ਰਾਤ ਵੀ ਸੁੱਤੇ ਪਏ ਬਰੜਾਈ ਜਾਂਦੇ ਸੀ। ਮੈਂ ਸੋਚਿਆ ਕੋਈ ਸੁਪਨਾ ਆਇਆ ਹੋਊ। ਐਵੇਂ ਫਿਕਰ ਨਾ ਕਰਿਆ ਕਰੋ। ਵਧੀਆ ਜਿੰਦਗੀ ਐ ਆਪਣੀ। ਚੰਗਾ ਤੁਸੀ ਕਮਾਉਂਦੇ ਓ। ਮੈਂ ਨੌਕਰੀ ਕਰਦੀ ਆਂ। ਬੱਚੇ ਸੈੱਟ ਨੇ। ਹੋਰ ਦੱਸੋ ਕੀ ਚਾਹੀਦੈ ਤੁਹਾਨੂੰ। ਲੋਕਾਂ 'ਚ ਤੁਹਾਡੀ ਪੂਰੀ ਇੱਜ਼ਤ ਐ। ਕਿਸ ਗੱਲ ਦਾ ਫਿਕਰ ਕਰੀ ਜਾਂਦੇ ਓਂ ?"

ਪਤਨੀ ਆਪਣੇ ਸੁਭਾਅ ਮੁਤਾਬਿਕ ਗੱਲਾਂ ਕਰਦੀ-ਕਰਦੀ ਚਾਹ ਦਾ ਕੱਪ ਮੇਜ਼ 'ਤੇ ਰੱਖ, ਰਸੋਈ ਵੱਲ ਚਲੀ ਗਈ ਹੈ। ਕੰਬਦੇ ਹੱਥਾਂ ਨਾਲ ਕੱਪ ਚੁੱਕਕੇ ਚਾਹ ਦੀ ਘੁੱਟ ਭਰਨ ਲੱਗਦਾ ਹਾਂ ਤਾਂ ਪਤਨੀ ਦੀ ਗੱਲ ਸੂਈ ਦੀ ਚੋਭ ਵਾਂਗ ਅੰਦਰ ਵੱਜਣ ਲੱਗਦੀ ਐ। ਜੇ ਲੋਕਾਂ 'ਚ ਮੇਰੀ ਪੂਰੀ ਇੱਜ਼ਤ ਐ, ਏਸੇ ਕਰਕੇ ਤਾਂ ਕਿੰਨੀਆਂ ਰਾਤਾਂ ਦੀ ਨੀਂਦ ਉੱਡੀ ਪਈ ਐ। ਕਦੇ ਗੋਲੀ ਨਹੀਂ ਲਈ ਸੀ। ਕੱਲ੍ਹ ਜਦ ਸਿਰ ਨੂੰ ਬਹੁਤ ਜ਼ਿਆਦਾ ਘੁਮੇਰੀਆ ਆ ਰਹੀਆਂ ਸੀ, ਡਾ: ਵਰਮੇ ਕੋਲੋ ਬੀ.ਪੀ. ਚੈਕ ਕਰਵਾਇਆ। ਇਕ ਸੌ ਅੱਸੀ ਤੇ ਪਹੁੰਚਿਆ ਪਿਆ ਸੀ। ਬੀ.ਪੀ. ਅਤੇ ਟੈਨਸ਼ਨ ਘਟਾਉਣ ਦੀਆਂ ਗੋਲੀਆਂ ਲੈ ਕੇ ਘਰੇ ਆ ਗਿਆ ਸਾਂ। ਇਹ ਗੋਲੀਆਂ ਵੀ ਅਸਰ ਨਹੀਂ ਕਰ ਰਹੀਆਂ। ਪਤਨੀ ਹਰਪ੍ਰੀਤ ਤੋ ਗੋਲੀਆਂ ਦੇ ਪੱਤੇ ਲੁਕੋਅ ਕੇ ਰੱਖੇ ਨੇ। ਇਸਨੂੰ ਦਵਾਈਆਂ ਦਾ ਪਤਾ ਲੱਗਿਆ, ਵਿਚਾਰੀ ਹੋਰ ਔਖੀ ਹੋਵੇਗੀ। ਮੇਰਾ ਚਿਹਰਾ ਵੇਖਕੇ ਈ ਕਿੰਨਾ ਉਦਾਸ ਹੋ ਜਾਂਦੀ ਹੈ। ਖਾਲੀ ਕੱਪ ਮੁੜਕੇ ਮੇਜ਼ 'ਤੇ ਰੱਖਦਿਆਂ ਸਮਾਗਮ ਵਾਲੀ ਰੀਲ ਦਿਮਾਗ ਵਿਚ ਚੱਲਣ ਲੱਗ ਪੈਂਦੀ ਹੈ। ਅਮਨਦੀਪ ਦਾ ਹੱਸਦਾ ਚਿਹਰਾ ਅੱਖਾਂ ਸਾਹਮਣੇ ਆ ਜਾਂਦਾ ਹੈ। ਉਸਦੀ ਖਿੱਲ ਬਿਲੀਆਂ ਹੁੰਦੀ ਅਵਾਜ਼ ਕੰਨਾਂ ਵਿੱਚ ਟੁਣਕਣ ਲੱਗ ਪਂਦੀ ਹੈ। ਫੋਨ 'ਤੇ ਗੱਲਾਂ ਕਰਦਾ ਅਮਨਦੀਪ ਕਹਿ ਰਿਹਾ ਸੀ, "ਪ੍ਰੋਫੈਸਰ ਸਾਹਿਬ, ਸਾਡਾ ਸੱਦਾ ਜ਼ਰੂਰ ਕਬੂਲ ਕਰਿਓ। ਇਸ ਖੁਸ਼ਕ ਜੰਗਲ ਵਰਗੇ ਇਲਾਕੇ ਵਿੱਚ ਆਪ ਆਓਗੇ ਤਾਂ ਬਹਾਰ ਆਏਗੀ। ਸਾਹਿਤ ਰਸੀਆਂ ਨੂੰ ਸਾਹਿਤ ਦਾ ਰਸ ਮਿਲੇਗਾ। ਨਵੀਆਂ ਕਲਮਾਂ ਨੂੰ ਸੇਧ ਮਿਲੇਗੀ। ਆਪਦੇ ਕਿੰਨੇ ਹੀ ਸਟੂਡੈਂਟ ਅਸੀ ਬੁਲਾਏ ਨੇ।" ਅਮਨਦੀਪ ਖੁਸ਼ ਮੂਡ 'ਚ ਗੱਲਾਂ ਕਰਦਾ ਮੇਰੀ ਵਡਿਆਈ ਕਰ ਰਿਹਾ ਸੀ। ਸਮਾਗਮ ਦੇ ਕਾਰਡਾਂ 'ਤੇ ਵਿਸ਼ੇਸ ਨਾਉ ਸੀ ਮੇਰਾ। ਕਾਰਡ ਮੈਨੂੰ ਪਹਿਲਾਂ ਹੀ ਮਿਲ ਚੁੱਕਿਆ ਸੀ।

ਸਮਾਗਮ ਵਾਲੇ ਦਿਨ ਸਦੇਹਾਂ ਹੀ ਉਠ ਤਿਆਰ ਹੋਇਆ ਸਾਂ। ਕਿੰਨਾ ਚੰਗਾ-ਚੰਗਾ ਲੱਗ ਰਿਹਾ ਸੀ। ਰਸਤੇ 'ਚ ਜਾਂਦੇ ਵਕਤ ਕਾਰ ਦੇ ਸ਼ੀਸ਼ਿਆਂ ਵਿਚੋਂ ਬਾਹਰ ਵੱਲ ਨਿਗਾਹ ਜਾਂਦਿਆਂ ਮੇਰੇ ਅਮਨਦੀਪ ਦੀ ਗੱਲ ਚੇਤੇ ਆਉਣ ਲੱਗੀ। ਵਾਕਿਆ ਈ ਜੰਗਲ ਬੀਆਬਾਨ ਵਰਗਾ ਸੀ ਇਹ ਇਲਾਕਾ। ਮਈ ਜੂਨ ਦੀ ਤਿੱਖੜ ਗਰਮੀ। ਕੁਝ ਪਲ ਵੀ ਬਾਹਰ ਨਿੱਕਲੋ ਮੂੰਹ ਸੁੱਕਣ ਲੱਗ ਜਾਂਦਾ । ਹਾੜੀ ਦੀ ਫਸਲ ਦੀ ਕਟਾਈ ਹੋ ਚੁੱਕੀ ਸੀ ਕਪਾਹ ਨਰਮਾ ਹਾਲੇ ਸਿਆੜਾਂ ਦੇ ਅੰਦਰ ਹੀ ਸਾਹ ਲੈ ਰਿਹਾ ਸੀ। ਕਿਤੇ-ਕਿਤੇ ਕੋਈ ਹਰੇ ਚਾਰੇ

ਦੀ ਦੌਂਗੀ ਨਜ਼ਰ ਪਈ ਸੀ ਰਾਹ'ਚ ਜਾਂਦਿਆਂ ਜਿਆਦਾ ਖੇਤ ਖਾਲੀ ਪਏ ਸੀ। ਇਸੇ ਕਰਕੇ ਨਿਗਾਹ ਦੂਰ-ਦੂਰ ਤੱਕ ਜਾਂਦੀ ਸੀ । ਤੱਤੀ ਹਵਾ'ਚ ਰੇਤ ਉਡਦੀ ਵੀ ਕਿਤੇ ਨਜਰੀ ਪੈਂਦੀ ।

ਕਿਤੇ-ਕਿਤੇ ਕੋਈ ਟਾਵਾਂ-ਟਾਵਾਂ ਦਰਖਤ ਨਜ਼ਰੀ ਪੈਂਦਾ ਸੀ।

ਜੰਡ ਦਾ ਦਰਖਤ ਵੇਖਦੇ ਮਨ'ਚ ਬਚਪਨ ਦੀਆਂ ਯਾਦਾਂ ਚੇਤੇ ਆਉਣ ਲੱਗੀਆਂ । ਸ਼ਹਿਰ'ਚ ਰਹਿਕੇ ਤਾਂ ਇਹਨਾਂ ਦਰਖਤਾਂ ਨੂੰ ਭੁੱਲ ਹੀ ਗਿਆ ਸਾਂ । ਸਕੂਲ ਪੜ੍ਹਦੇ। ਸੰਦਲੀ ਦੀ ਢਾਬ 'ਤੇ ਆ ਕੇ ਰੁਕ ਜਾਣਾ। ਡੂੰਘੀ ਢਾਬ'ਚ ਪਾਣੀ'ਚ ਟਿਮਟਿਉਂਦੇ ਤਾਰੇ ਜਿਹੇ ਦਿਸਦੇ। ਫੜਨ ਨੂੰ ਜੀਅ ਕਰਦਾ ਪਰ ਹਵਾ ਨਾਲ ਝਲਕੋਰਾਂ ਜਿਹੀਆਂ ਹੋਰ ਪਾਸੇ ਤੁਰ ਜਾਂਦੀਆਂ। ਢਾਬ ਦੇ ਕਿਨਾਰੇ ਰੋੜਾਂ ਵਾਲੀ ਧਰਤੀ'ਚ ਇਸੇ ਤਰ੍ਹਾਂ ਦਾ ਜੰਡ ਦਾ ਦਰਖਤ ਸੀ। ਜੇਠ ਹਾੜ੍ਹ ਦੇ ਮਹੀਨੇ ਜੰਡ ਤੇ ਲੱਗੇ ਖੋਖੇ ਹੇਠਾਂ ਡਿੱਗੇ ਪਏ ਹੁੰਦੇ। ਫੱਟੀ ਬਸਤਾ ਰੱਖਕੇ ਖੇਡਣ ਲੱਗ ਜਾਂਦੇ ਨਾਲੇ ਖੋਖੇ ਚੁਗਕੇ ਖਾਣ ਲੱਗ ਜਾਂਦੇ ।ਲੋਅ'ਚ ਸੁੱਕੇ ਹੋਏ ਖੋਖਿਆਂ ਦੀ ਖੜ-ਖੜ ਸੁਣਦੀ ਇਹ ਬੜਾ ਪਿਆਰਾ ਸੰਗੀਤ ਸੀ। ਹਵਾ ਨਾਲ ਟੁੱਟਕੇ ਡਿਗਦੇ ਖੋਖਿਆਂ ਨੂੰ ਭੱਜ-ਭੱਜ ਕੇ ਇਕੱਠਾ ਕਰਦੇ।

ਘਰੇ ਗਏ ਨੂੰ ਮਾਂ ਕਹਿੰਦੀ, " ਉਥੇ ਨਾ ਪੁੱਤ ਰੁਕਿਆ ਕਰੋ। ਦੁਪਹਿਰ ਵੇਲੇ ਜੰਡਾਂ ਦੇ ਦਰਖਤਾਂ ਤੇ ਬਲਾਵਾਂ ਹੁੰਦੀਆਂ ਨੇ। ਜੁਆਕਾਂ ਦੇ ਮਗਰ ਲੱਗ ਜਾਂਦੀਆਂ ਨੇ ।"

ਅੱਜ ਵੀ ਓਹੋ ਜਿਹੀ ਬਲਾਅ ਮਗਰ ਲੱਗੀ ਹੋਈ ਐ। ਹੁਣ ਤਾਂ ਬੇਬੇ ਵੀ ਨਹੀਂ ਜੋ ਦੱਸੇ ਬਲਾਵਾਂ ਭੈੜੀਆਂ ਹੁੰਦੀਆਂ ਨੇ ।ਜੁਆਕਾਂ ਦੇ ਮਗਰ ਪੈ ਜਾਂਦੀਆਂ ਨੇ। ਨਾਲੇ ਉਥੇ ਤਾਂ ਕੋਈ ਟੋਅ ਟਿੱਬਾ ਵੀ ਨਹੀਂ ਸੀ ਜਿਥੋਂ ਇਹ ਬਲਾਅ ਮੇਰੇ ਮਗਰ ਪੈਗੀ। ਕੋਈ ਜੰਡ ਨੀਂ ਸੀ ਨੇੜੇ ਤੇੜੇ । ਪਤਾ ਨੀਂ ਇਹ ਬਲਾਅ ਕਿਹੜੇ ਖੇਤ'ਚੋਂ ਮੇਰੇ ਮਗਰ ਲੱਗ ਪਈ ।

ਉਥੇ ਤਾਂ ਸਮਾਗਮ ਸੀ ਵਧੀਆ ਸ਼ਹਿਰ ਦੀ ਤਿੰਨ ਮੰਜ਼ਲੀ ਸਾਫ ਸੁਥਰੀ ਇਮਾਰਤ । ਸਮਾਗਮ ਵਾਲੇ ਖੁਲ੍ਹੇ ਵਿਹੜੇ ਵਿਚ ਵਧੀਆ ਟੈਂਟ ਲੱਗਾ ਹੋਇਆ। ਪੰਡਾਲ 'ਚ ਪਲਾਸਟਿਕ ਦੀਆਂ ਕੁਰਸੀਆਂ ਦੀਆਂ ਕਤਾਰਾਂ । ਮੰਚ ਉਪਰ ਸੋਫੇ ਦੇ ਮੂਹਰੇ ਕੱਚ ਦਾ ਮੇਜ਼ ਤੇ ਗੁਲਦਸਤਾ ਸਜਿਆ ਹੋਇਆ ਸੀ । ਮੈਂ ਤਾਂ ਸੱਤ ਜਣਿਆ ਦੇ ਵਿਚਕਾਰ ਬੈਠਾ ਸਾਂ। ਜਿਵੇਂ ਸੱਤ ਜਿੰਦਰਿਆਂ ਅੰਦਰ ਕੋਈ ਚੀਜ਼ ਸੰਭਾਲੀ ਪਈ ਹੋਵੇ। ਉਥੇ ਕੋਈ ਬਲਾਅ ਕਿਵੇਂ ਪਹੁੰਚ ਸਕਦੀ ਸੀ। ਮੇਰੇ ਖੱਬੇ ਹੱਥ ਬੁਲਾਰੇ ਮਾਈਕ ਉਤੋਂ ਆਪਣੇ-ਆਪਣੇ ਵਿਚਾਰ ਪੇਸ਼ ਕਰ ਰਹੇ ਸਨ। ਸਾਹਮਣੇ ਗੰਭੀਰ ਚਿਹਰਿਆਂ ਵਾਲੇ ਚੇਤੰਨ ਸਰੋਤੇ। ਫੁੱਲਾਂ ਵਾਂਗ ਟਹਿਕਦੇ ਭਰ ਜੋਬਨ ਦੀ ਚਮਕ ਵਾਲੇ ਮੁਖੜਿਆਂ'ਚ ਖਿਆਲਾਂ ਦੀ ਤਾਜ਼ਗੀ ਡੁੱਲ-ਡੁੱਲ ਪੈ ਰਹੀ ਸੀ। ਮਨ ਖੁਸ਼ੀ ਨਾਲ ਝੂਮ ਰਿਹਾ ਸੀ।

"ਅਸੀਂ ਜਿੰਨਾਂ ਦੀਆਂ ਲਿਖਤਾਂ ਨੂੰ ਪੜ੍ਹਕੇ ਜਿੰਦਗੀ ਜਿਊਣੀ ਸਿੱਖੀ। ਲਿਖਣਾ ਪੜ੍ਹਨਾ ਸਿੱਖਿਆ ਅੱਜ ਸਾਡੇ ਦਰਮਿਆਨ ਨੇ .......।"

ਮੇਰੇ ਬਾਰੇ ਬੋਲਣ ਵਾਲਿਆਂ ਦੇ ਮੂੰਹੋਂ ਕਿਰਦੇ ਬੋਲ, ਮਨ ਨੂੰ ਹੋਰ ਵੀ ਤਸੱਲੀ ਤੇ ਮਾਣ ਦੇ ਰਹੇ ਸਨ।

ਮਨ ਅੰਦਰੋਂ-ਅੰਦਰ ਗਦ ਗਦ ਹੋ ਰਿਹਾ ਸੀ। ਐਨੇ ਵਧੀਆ ਸਮਾਗਮ ਵਿੱਚੋਂ ਲੋਕਾਂ ਦੇ ਭਰੇ ਇਕੱਠ'ਚ ਕਿੰਨੇ ਹੀ ਹੱਥ ਮੇਰੇ ਵੱਲ ਸਤਿਕਾਰ ਨਾਲ ਉੱਠ ਰਹੇ ਸਨ।

ਕਈ ਨੌਜਵਾਨ ਮੁੰਡਿਆਂ ਨੇ ਆਪਣੀ ਗੱਲ ਕਰਦਿਆਂ ਬਾਰ-ਬਾਰ ਮੇਰੀਆਂ ਰਚਨਾਵਾਂ ਦਾ ਜ਼ਿਕਰ ਕੀਤਾ। ਇਕ ਦਿਲ ਖਿਚਵੇਂ ਪਹਿਰਾਵੇ ਵਾਲੀ ਕੁੜੀ ਨੇ ਕਵਿਤਾ ਕਹਿੰਦਿਆਂ ਬੜੇ ਹੀ ਵੱਖਰੇ ਅੰਦਾਜ਼ 'ਚ ਮੇਰੀਆਂ ਕਵਿਤਾਵਾਂ ਦੀ ਤਾਰੀਫ ਕੀਤੀ । ਉਸ ਦਾ ਇਹ ਅੰਦਾਜ ਮਨ ਨੂੰ ਖੁਸ਼ ਕਰ ਗਿਆ। ਮੰਚ'ਤੇ ਆਉਣ ਵਾਲਾ ਹਰ ਸ਼ਖਸ਼ ਸਿਰ ਝੁਕਾਅ ਮੈਨੂੰ ਨਮਸਕਾਰ ਕਰ ਰਿਹਾ ਸੀ। ਬੜਾ ਪਿਆਰਾ ਮਾਹੌਲ, ਮੇਰਾ ਵੀ ਸਿਰ ਉਹਨਾਂ ਅੱਗੇ ਝੁਕ ਜਾਂਦਾ ।

"ਪਾਪਾ ਜੀ ਕਿਸਨੂੰ ਹੱਥ ਜੋੜ ਸਿਰ ਝੁਕਾਈਂ ਜਾਂਦੇ ਹੋ। ਹਾਲੇ ਤਾ ਨ੍ਹਾਤੇ ਵੀ ਨੀਂ ਤੁਸੀ। ਕਿਹੜੇ ਗੁਰੂ ਨੂੰ ਸੀਸ ਨਿਵਾਕੇ ਬੇਨਤੀ ਕਰ ਰਹੇ ਹੋ? "ਬੇਟੀ ਲਵਪ੍ਰੀਤ ਦੇ ਬੋਲਾਂ ਨਾਲ ਮੇਰੀ ਬਿਰਤੀ ਟੁੱਟ ਜਾਂਦੀ ਹੈ।

ਸੋਚਦਾ ਇਹਨੂੰ ਕੀ ਦੱਸਾਂ ਕਿ ਬੇਟੇ, ਕਿਸਨੂੰ ਸਿਰ ਝੁਕਾ ਰਿਹਾਂ। ਸਿਰ ਮੱਥਾ ਤਾਂ ਮੇਰਾ ਹੁਣ ਪਤਾ ਨੀਂ ਕੀਹਦੇ-ਕੀਹਦੇ ਮੂਹਰੇ ਰਗੜਨਾ ਪਊ। ਮੇਰੇ ਅੰਦਰਲੀ ਹਾਲਤ ਕੀ ਬਣੀ ਪਈ ਐ ? ਤੈਨੂੰ ਕੀ ਪਤੈ ਪਿਆਰੀ ਬੱਚੀ ।



ਖਾਂਸੀ ਫੇਰ ਉੱਠ ਖੜੀ ਹੈ। ਅੱਖਾਂ'ਚ ਪਾਣੀ ਨਿਕਲਣ ਲੱਗਦੈ।

"ਪਾਪਾ ਕੀ ਗੱਲ ਐ, ਤੁਹਾਡੀ ਖੰਘ ਠੀਕ ਕਿਉਂ ਨਹੀਂ ਹੋਈ ?" ਬੇਟੀ ਲਵਪ੍ਰੀਤ ਦੇ ਸਵਾਲ ਨੇ ਅੰਦਰਲੀ ਗੀਲ ਫੇਰ ਰੋਕ ਦਿੱਤੀ ।

"ਨਹੀਂ ਬੇਟੇ, ਅੱਗੇ ਨਾਲੋ ਕਾਫੀ ਠੀਕ ਐ ।"

"ਪਾਪਾ ਰਾਤ ਵੀ ਤੁਸੀਂ ਖੰਘਦੇ ਰਹੇ ਹੋ। ਮਹੀਨੇ ਤੋਂ ਉਪਰ ਹੋ ਗਿਐ। ਅੰਦਰ ਕੋਈ ਇੰਨਫੈਕਸ਼ਨ ਜਿਆਦਾ ਨਾ ਹੋਵੇ ਡਾਕਟਰ ਨੂੰ ਚੰਗੀ ਤਰ੍ਹਾਂ ਚੈਕ ਕਰਵਾਓ । ਕੱਲ ਉਠਣ ਵੇਲੇ ਬੁਰਸ਼ ਕਰਦੇ ਵੀ ਤੁਸੀਂ ਕਿੰਨਾ ਔਖਾ ਹੋ ਰਹੇ ਸੀ ਖੰਘ ਨਾਲ ।"

"ਬੇਟੇ ਤੂੰ ਫਿਕਰ ਨਾ ਕਰ ਅੱਜ ਫਿਰ ਜਾਵਾਂਗਾ ਡਾਕਟਰ ਕੋਲ। ਠੀਕ ਹੋ ਜਾਵੇਗੀ "

ਲਵਪ੍ਰੀਤ ਦੀ ਗੱਲ ਸੁਣਕੇ ਉਸਨੂੰ ਜਵਾਬ ਦੇ ਬੇਫ਼ਿਕਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ ਆਪਣੇ ਅੰਦਰਲੇ ਡਰ ਨੂੰ ਕਿਵੇਂ ਵੀ ਪਿੱਛੇ ਨਹੀਂ ਪਾ ਰਿਹਾ ਹਾਂ । ਅਸਲ'ਚ ਇਹ ਖੰਘ ਵੀ ਮੇਰੇ ਉਸੇ ਅੰਦਰਲੇ ਫਿਕਰ ਕਰਕੇ ਠੀਕ ਨਹੀਂ ਹੋ ਰਹੀ। ਸਗੋਂ ਡਰ ਨਾਲ ਹੋਰ ਵੱਧ ਰਹੀ ਹੈ। ਜਦ ਕਦੇ ਸੋਚਾਂ ਦੀਆਂ ਡੂੰਘਾਣਾਂ ਵਿੱਚ ਬਹੁਤ ਨੀਵਾਂ ਚਲਾ ਜਾਂਦਾ ਹਾਂ ਤਾਂ ਖੰਘ ਦੇ ਬਹਾਨੇ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦਾ ਹਾਂ।

ਕੱਲ ਜਦ ਪਤਨੀ ਨੇ ਮੈਨੂੰ ਬੈੱਡ 'ਤੇ ਬੇਸੁਰਤਿਆਂ ਵਾਂਗ ਪਿਆ ਵੇਖਿਆ ਤਾਂ ਕਿਹਾ,

"ਕੀ ਗੱਲ ਖਾਣਾ ਤਾਂ ਖਾ ਲੈਣਾ ਸੀ। ਤੁਹਾਨੂੰ ਪਤੇ ਮੈ ਤਾਂ ਲੇਟ ਆਵਾਂਗੀ। ਲਵਪ੍ਰੀਤ ਵੀ ਸ਼ਾਮ ਨੂੰ ਮੁੜੇਗੀ। ਤੁਸੀਂ ਉਂਵੇ ਪਏ ਓਂ ਜਿਵੇਂ ਛੱਡਕੇ ਗਈ ਸਾਂ । ਅੱਜ ਕਾਲਜ ਵੀ ਨਹੀਂ ਗਏ। ਛੁੱਟੀ ਮਾਰੀ ਬੈਠੇ ਓਂ । ਨਾ ਨ੍ਹਾਤੇ ਓਂ । ਕੀ ਕਰਦੇ ਰਹੇ ਹੁਣ ਤੱਕ ?"

ਪਤਨੀ ਦੀ ਗੱਲ ਦਾ ਜਵਾਬ ਨਹੀਂ ਔੜ ਰਿਹਾ। ਕੁਝ ਪਲ ਸੰਭਲਣ ਲਈ ਛਾਤੀ 'ਤੇ ਹੱਥ ਰੱਖ ਕੇ ਖੰਘਣ ਲੱਗ ਪਿਆ ਸਾਂ। ਇਹ ਖੰਘ ਵੀ ਮੈਨੂੰ ਕਈ ਵਾਰ ਆਪਣੇ-ਆਪ ਨੂੰ ਡਿਫੈਂਸ'ਤੇ ਕਰਨ 'ਚ ਸਹਾਈ ਹੁੰਦੀ ਹੈ। ਪਰ ਹਟਦੀ ਕਿਉ ਨਹੀਂ ? ਇਹ ਯਾਦ ਕਰਕੇ ਸਰੀਰ ਨੂੰ ਤਰੇਲੀਆਂ ਆਉਣ ਲੱਗ ਪੈਂਦੀਆਂ ਨੇ। ਪਤਨੀ ਬਾਹਰੋਂ ਗਰਮੀ'ਚ ਆਈ ਹੈ। ਬੁੜ-ਬੁੜ ਕਰਦੀ ਪਲੇਟ'ਚ ਰੋਟੀ ਤੇ ਸਬਜੀ, ਦਹੀਂ ਵਾਲੀਆਂ ਕੌਲੀਆਂ ਮੇਜ਼ ਤੇ ਰੱਖ ਕੇ ਚਲੀ ਜਾਂਦੀ ਹੈ।

ਰੋਟੀ ਦੀ ਬੁਰਕੀ ਤੋੜਦਾ ਹਾਂ ਤਾਂ ਬਿਰਤੀ ਫਿਰ ਜੰਡਾਂ ਵਾਲੀ ਕਹਾਣੀ ਵੱਲ ਚਲੀ ਜਾਂਦੀ ਹੈ।

ਸੋਚਦਾਂ ਜੇ ਨਾ ਜਾਂਦਾ । ਇਕ ਪਲ ਦੀ ਤਾਂ ਗੱਲ ਸੀ ਜੇ ਚਲਾ ਵੀ ਗਿਆ ਸੀ, ਸਮਾਗਮ ਖਤਮ ਹੋਣ ਸਾਰ ਘਰ ਮੁੜ ਆਉਂਦਾ । ਪਰ ਚਲਾ ਗਿਆ ਤਾਂ ਅੱਜ ਇਹ ਹਾਲਤ ਹੋਈ ਪਈ ਐ। ਕੁਝ ਵੀ ਠੀਕ ਨਾ ਕੀਤਾ । ਇੰਨਾ ਸਿਆਣਾ ਤੇ ਸਮਝਦਾਰ ਸਮਝਦੇ ਨੇ ਸਾਰੇ ਦੋਸਤ ਪਰ ਜਦ ਕਿਸੇ ਨੂੰ ਇਸ ਗੱਲ ਦਾ ਪਤਾ ਲੱਗ ਗਿਆ। ਕੀ ਕਹੇਗਾ ਹਰ ਕੋਈ ? ਕੀ ਜਵਾਬ ਦੇਵਾਂਗਾ। ਬਾਹਰ ਨਿਕਲਣ ਨੂੰ ਦਿਲ ਨਹੀਂ ਕਰਦਾ। ਕਿਸੇ ਦੇ ਮੱਥੇ ਲੱਗਣ ਤੋਂ ਭਜਦਾ ਹਾਂ। ਕਿਸੇ ਸਮਾਗਮ ਦੇ ਨਾਂ ਤੋ ਭੈਅ ਆਉਂਦੈ ਹੁਣ ਤਾਂ।

ਪਤਨੀ ਦੀ ਸਹੇਲੀ ਕਮਲਜੀਤ ਦੇ ਲੜਕੇ ਦੀ ਸ਼ਾਦੀ ਸੀ। ਐਹੀ ਗੱਲ ਦਿਮਾਗ ਨੂੰ ਚੜ੍ਹੀ ਹੋਈ ਸੀ। ਮੈਰਿਜ ਪੈਲੇਸ ਵਿੱਚੋਂ ਪਤਨੀ ਨੂੰ ਲੈ ਕੇ ਉਠ ਤੁਰਿਆਂ ਸਾਂ। ਹਾਲਾਂ ਕਿ ਸਾਰੇ ਲੋਕ ਵਧੀਆ ਹੱਸ-ਹੱਸਕੇ ਮਿਲ ਰਹੇ ਸੀ। ਪਤਨੀ ਮਨਪ੍ਰੀਤ ਦੀਆਂ ਕਿੰਨੀਆਂ ਹੀ ਸਹੇਲੀਆਂ ਆਈਆਂ ਹੋਈਆਂ ਸਨ। ਮਨਪ੍ਰੀਤ ਨੂੰ ਮਿਲ ਰਹੀਆਂ ਸਨ। ਕਈ ਤਾਂ ਮਨਪ੍ਰੀਤ ਨੂੰ ਜੱਫੀ ਪਾਕੇ ਮਿਲੀਆਂ। ਮੈਨੂੰ ਹੱਥ ਜੋੜਕੇ ਸਤਿ ਸ੍ਰੀ ਅਕਾਲ ਬੁਲਾਈ ਉਹਨਾਂ ਨੇ । ਹਾਲ ਚਾਲ ਪੁੱਛਿਆ । ਫੁੱਲਾਂ ਵਾਂਗ ਖਿੜੀਆਂ ਫਰੂਟ ਚਾਟ ਖਾਣ ਲੱਗੀਆਂ। ਮਨਪ੍ਰੀਤ ਵੀ ਉਹਨਾਂ ਨਾਲ ਗੱਲਾਂ ਕਰਦੀ ਉਛਲ ਰਹੀ ਸੀ। ਮਿਰਗ ਵਾਂਗ ਇਧਰ ਉਧਰ ਚੁੰਗੀਆਂ ਭਰਦੀ ਮੈਨੂੰ ਉੱਕਾ ਹੀ ਚੰਗੀ ਨਹੀਂ ਲੱਗ ਰਹੀ ਸੀ।

ਸਾਹਮਣਿਓਂ ਦੋ ਤਿੰਨ ਜਣੇ ਇਕੱਠੇ ਆਉਂਦੇ ਦਿਸਦੇ ਹਨ ਤਾਂ ਮੈਨੂੰ ਡਰ ਲੱਗਣ ਲੱਗ ਪੈਂਦਾ ਹੈ। ਲਗਦੈ ਇਹਨਾਂ ਨੂੰ ਮੇਰੀ ਗੱਲ ਦਾ ਪਤਾ ਹੈ ਤੇ ਇਹਨਾਂ ਨੇ ਗੱਲਾਂ-ਗੱਲਾਂ ਵਿਚ ਮੇਰੀ ਖੁੰਬ ਠੱਪਣੀ ਐਂ । ਜਿਹੜੇ ਮੇਰੇ ਵੱਲ ਸਿੱਧੇ ਹੋਏ ਆਉਂਦੇ ਨੇ । ਪਰ ਉਹ ਤਾਂ ਦੂਰੋਂ ਹੀ ਹੱਥ ਹਿਲਾਕੇ ਹੈਲੋ ਹੈਲੋ ਕਰਦੇ, ਆਪਣੀਆਂ ਗੱਲਾਂ'ਚ ਮਸਤ ਪਰ੍ਹੇ ਲੱਗੇ ਗੋਲ ਟੇਬਲ ਕੋਲ ਡਹੀਆਂ ਕੁਰਸੀਆਂ ਤੇ ਜਾ ਬੈਠੇ ਹਨ। ਮੈਂ ਛਿੱਥਾ ਜਿਹਾ ਪੈਂਦਾ ਆਪਣੇ

ਆਪਨੂੰ ਸੰਭਾਲਦਾ ਬੂਟਾਂ ਦੀ ਲਿਸ਼ਕ ਵੱਲ ਵੇਖਕੇ, ਕਦੇ ਪੱਗ ਦੀ ਚੁੰਝ ਜਿਹੀ ਠੀਕ ਕਰਦਾ ਈਜੀ ਮੂਡ'ਚ ਹੋਣ ਦਾ ਯਤਨ ਕਰਦਾ ਜਾਂ ਦਿਖਾਵਾ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਬੱਸ ਇਕ ਖੜਾ ਜਰੂਰ ਹਾਂ।

ਕੁਝ ਪਲਾਂ ਮਗਰੋਂ ਇਕੱਠ ਨੂੰ ਵੇਖ ਕੇ ਮਨ ਹੀ ਮਨ ਫਿਰ ਡਰਨ ਲੱਗਦਾ ਹਾਂ ।

ਸਾਹਮਣਿਓ ਤੇਜਿੰਦਰ ਤੇ ਮਲਕੀਤ ਆ ਰਹੇ ਨੇ । ਮੇਰੇ ਵਧੀਆ ਮਿੱਤਰ ਨੇ । ਵੇਖ ਕੇ ਪਰੇ ਨੂੰ ਖਿਸਕਣ ਦੀ ਕੋਸ਼ਿਸ਼ ਕਰਦਾ ਹਾਂ ।

ਮਨ'ਚ ਆਉਂਦੇ ਜੇ ਇਹਨਾਂ ਨੂੰ ਭਿਣਕ ਪੈਗੀ ! ਫਿਰ ਕੀ ਬਣੂ ? ਤੇਜਿੰਦਰ ਤਾਂ ਮੂੰਹ ਫੱਟ ਬੜੈ। ਮੁਨਿਆਦੀ ਵਾਲੇ ਨੂੰ ਪੈਸੇ ਦੇਣ ਦੀ ਲੋੜ ਨੀਂ, ਘਰ-ਘਰ ਗੱਲ ਪਹੁੰਚਾਉਣ ਲਈ। ਇਸਨੂੰ ਜੇ ਗੱਲ ਦਾ ਪਤਾ ਲੱਗਜੇ। ਕਿੰਨੀਆਂ ਹੀ ਹੋਰ ਰੰਗਦਾਰ ਪੱਗਾਂ ਮੇਰੀਆਂ ਜਾਣੂ ਨੇ । ਪਰ ਮੈਂ ਉਹਨਾਂ ਤੋ ਲੁਕਦਾ ਫਿਰਦਾਂ।

"ਆਓ ਤੁਹਾਨੂੰ ਮਨੀਸ਼ਾ ਨੂੰ ਮਿਲਾਵਾਂ, ਉਸਦਾ ਪਤੀ ਵਕੀਲ ਵੀ ਨਾਲ ਆਇਆ ਹੋਇਐ ।"

ਪਤਨੀ ਦੀ ਗੱਲ ਸੁਣਨਸਾਰ ਇਕਦਮ ਸੁੰਨ ਜਿਹਾ ਹੋ ਗਿਆ ਹਾਂ। ਪਰ ਭੱਜਾਂ ਵੀ ਕਿਧਰ। ਸਾਹਮਣੇ ਖੜਿਆਂ ਨੂੰ ਵੇਖਦਾਂ । ਇਹ ਵਕੀਲ ਤਾਂ ਉਸ ਦਿਨ ਮੈਨੂੰ ਉਸ ਫੰਕਸ਼ਨ ਵਿੱਚ ਵੀ ਮਿਲਿਆ ਸੀ। ਵੇਖਣਸਾਰ ਲੱਤਾਂ ਕੰਬਣ ਲੱਗ ਪੈਂਦੀਆਂ ਹਨ। ਪਰ ਮਨਪ੍ਰੀਤ ਦਾ ਕਿਹਾ ਵੀ ਮੋੜ ਨਹੀਂ ਸਕਦਾ । ਸਹਿਮ ਨਾਲ ਭਰੇ ਮਨ ਨਾਲ ਉਹਨਾਂ ਕੋਲ ਜਾ ਰੁਕਦਾ ਹਾਂ।

ਪਤਨੀ ਤੇ ਮਨੀਸ਼ਾ ਘੁੱਟ ਕੇ ਜੱਫੀ ਪਾ ਕੇ ਮਿਲਦੀਆਂ, ਮੁਸਕਾਰਾਉ ਸਾਡੇ ਵੱਲ ਹੁੰਦੀਆਂ ਨੇ।

"ਮੇਰੇ ਪਤੀ ਰਵਿੰਦਰ.... ।" ਮੇਰੇ ਵੱਲ ਵੇਖਦੀ ਮਨੀਸ਼ਾ ਬੋਲੀ ਹੈ ।

"ਹਾਂ, ਹਾਂ ਅਸੀਂ ਮਿਲੇ ਸੀ ਕੁਝ ਦਿਨ ਹੋਏ ਇੱਕ ਫੰਕਸ਼ਨ ਤੇ । ਜਾਣਦਾਂ ਮੈਂ ਪ੍ਰੋਫੈਸਰ ਸਾਹਿਬ ਨੂੰ।

ਦਰਅਸਲ ਉਸ ਕਾਲਜ ਦੀ ਮਨੈਜਮੈਂਟ ਵਿੱਚ ਮੇਰੇ ਕਈ ਦੋਸਤ ਨੇ । ਮੈਨੂੰ ਅਕਸਰ ਬੁਲਾਉਂਦੇ ਰਹਿੰਦੇ ਐ। ਲੀਗਲ ਅਡਵਾਈਜਰ ਵੀ ਹਾਂ ਮੈਂ ਕਾਲਜ ਦਾ । ਕਦੇ-ਕਦਾਈਂ ਜਦ ਲੋੜ ਪੈਂਦੀ ਐ, ਸੇਵਾ ਕਰੀਂਦੀ ਐ ਉਹਨਾਂ ਦੀ ।

ਤੁਹਾਡੇ ਬਾਰੇ ਉਥੇਜਾਕੇ ਪਤਾ ਲੱਗਿਆ ਸਾਡੇ ਸ਼ਹਿਰ ਦੀ ਐਨੀ ਵਧੀਆ ਸਾਹਿਤਕ ਹਸਤੀ ! ਅਸੀਂ ਪਹਿਲਾਂ ਕਦੇ ਮਿਲੇ ਵੀ ਨਹੀਂ । ਤੁਹਾਡੇ ਲਿਖੇ ਦੀਆਂ ਤਰੀਫਾਂ ਸੁਣਕੇ ਮਨ ਖੁਸ਼ ਹੋਈਂ ਜਾਂਦਾ ਸੀ।

ਪਰ ਅਫਸੋਸ ਇਹ ਰਿਹਾ ਕੋਰਟ'ਚ ਕੋਈ ਜਰੂਰੀ ਕੰਮ ਹੋਣ ਤੇ ਮੈਨੂੰ ਫੋਨ ਚਲਾ ਗਿਆ । ਸਮਾਗਮ ਦੇ ਵਿੱਚੋਂ ਹੀ ਮੈਨੂੰ ਅਉਣਾ ਪੈ ਗਿਆ । ਤੁਹਾਡੇ ਸ਼ੁਭ ਵਿਚਾਰ ਵੀ ਨਹੀਂ ਸੁਣ ਸਕਿਆ ਸਾਂ। ਖੈਰ ਜਦ ਕਦੇ ਫਿਰ ਮੌਕਾ ਮਿਲਿਆ ਜਰੂਰ ਸੁਣਾਂਗੇ ।"

ਮਨੀਸ਼ਾ ਦਾ ਵਕੀਲ ਪਤੀ ਇਕੋਦਮ ਬਿਨ੍ਹਾਂ ਰੁਕੇ ਕਿੰਨੀਆਂ ਹੀ ਗੱਲਾਂ ਮੇਰੇ ਬਾਰੇ ਕਰ ਰਿਹਾ ਸੀ। ਸੁਣਕੇ ਮਨ ਨੂੰ ਕੁਛ ਢਾਰਸ ਜਿਹੀ ਮਿਲੀ।

ਪਰ ਅੰਦਰੋਂ ਕਿਸੇ ਡਰ ਦੀ ਤਾਰ ਹਾਲੇ ਵੀ ਵੱਜ ਰਹੀ ਸੀ। ਗੱਲਾਂ ਵੀ ਕਰ ਰਿਹਾ ਸਾਂ। ਪਰ ਦਿਮਾਗ'ਚ ਹੋਰ ਵੀ ਹਨੇਰੀਆਂ ਵਗ ਰਹੀਆਂ ਸਨ। ਹੀਣਤਾ ਵਾਲੇ ਭਾਵ'ਚ ਦੋਸ਼ੀਆਂ ਵਾਂਗ ਮਨੀਸ਼ਾ ਅਤੇ ਉਸਦੇ ਪਤੀ ਦੇ ਸਾਹਮਣੇ ਖੜਾ ਹੂੰ ਹਾਂ ਕਰ ਰਿਹਾਂ । ਪਰ ਅੱਖ ਨਹੀਂ ਮਿਲ ਰਿਹਾ ।

"ਮਨਪ੍ਰੀਤ ! ਭਾਅ ਜੀ ਤਾਂ ਬੜੇ ਸਾਊ ਨੇ । ਤੁਸੀਂ ਐਵੇਂ ਸਾਨੂੰ ਕਹਿੰਦੇ ਰਹਿੰਦੇ ਹੋ। ਸਖਤ ਸੁਭਾਅ ਨੇ। ਆਪਣੇ ਹੀ ਮੂਡ ਦੇ ।"

ਉਹਦੀ ਗੱਲ ਸੁਣ ਕੇ ਦਿਲ ਦੀ ਧੜਕਣ ਕੁਝ ਠੀਕ ਤਾਂ ਹੁੰਦੀ ਹੈ ਪਰ ਉਹਨਾਂ ਨਾਲ ਦੋ ਚਾਰ ਗੱਲਾਂ ਹੋਰ ਮੁਸ਼ਕਿਲ ਨਾਲ ਕਰਦਾ ਹਾਂ। ਹੱਥ ਜੋੜ ਕੇ ਬਨਾਉਟੀ ਮੁਸਕਾਰਹਟ ਚਿਹਰੇ ਤੇ ਲਿਆਉਣ ਦੀ ਕੋਸ਼ਿਸ਼ ਕਰਦਾ ਕਹਿੰਦਾ ਹਾਂ,

"ਅੱਛਾ ਸਰ ! ਤੁਹਾਨੂੰ ਮਿਲ ਕੇ ਖੁਸ਼ੀ ਹੋਈ ਹੈ। ਆਉਣਾ ਕਦੇ ਘਰ ।"

ਮਨਪ੍ਰੀਤ ਮੇਰੇ ਹੱਥ ਦੇ ਇਸ਼ਾਰੇ ਨਾਲ ਮੇਰੇ ਨਾਲ ਅੱਗੇ ਨੂੰ ਤੁਰ ਪੈਂਦੀ ਹੈ ।

ਕਿੰਨੇ ਹੀ ਲੋਕ ਲਾਅਨ ਵਿੱਚ ਲੱਗੇ ਗੋਲ ਟੇਬਲਾਂ ਦੁਆਲੇ ਬੈਠੇ ਗੱਲਾਂ ਮਾਰਦੇ ਹੱਸ ਰਹੇ ਨੇ। ਕੁਛ ਨਾ ਕੁਛ ਖਾ ਪੀ ਵੀ ਰਹੇ ਨੇ ।



ਸਾਹਮਣੇ ਟੇਬਲ 'ਤ ਨਿਗਾਹ ਜਾਂਦੀ ਹੈ । ਕਈ ਗਿਲਾਸ ਟਰੇਅ ਵਿੱਚ ਰੱਖੀਂ ਵੇਟਰ ਝੁਕਕੇ ਬੈਠਿਆਂ ਅੱਗੇ ਰੱਖ ਰਿਹਾ ਹੈ। ਇਕ ਚੁਲਬੁਲੀ ਜਿਹੀ ਔਰਤ ਗਿਲਾਸ ਮਰਦਾਂ ਦੇ ਅੱਗੇ ਕਰਦੀ ਨਿਸੰਗ ਹੱਸ ਰਹੀ ਹੈ। ਟੇਬਲ ਦੁਆਲੇ ਬੈਠੇ ਦੂਸਰੇ ਮਰਦ ਔਰਤਾਂ ਵੀ ਹੱਸ ਰਹੇ ਨੇ ।

ਵੇਖਣਸਾਰ ਦਿਮਾਗ ਦੀਆਂ ਨਾੜਾਂ ਕਸੀਆਂ ਜਾਂਦੀਆਂ ਨੇ। ਇਸੇ ਤਰ੍ਹਾਂ ਦਾ ਹੀ ਜਸ਼ਨ ਸੀ ਉਸ ਦਿਨ ਜਦ ਅਸੀ ਚਾਰੋ ਦੋਸਤ ਇਕੱਠੇ ਮਹਿਫਿਲ ਸਜਾਈ ਬੈਠੇ ਸਾਂ । ਲੋਕਾਂ ਦੀ ਭੀੜ ਜਾ ਚੁੱਕੀ ਸੀ। ਸਮਾਗਮ ਵੀ ਕਦੋਂ ਦਾ ਖਤਮ ਹੋ ਚੁੱਕਿਆ ਸੀ। ਕੁਝ ਪ੍ਰਬੰਧਕ ਸਾਡੀ ਮਹਿਮਾਨ ਨਿਵਾਜੀ 'ਚ ਜੁਟੇ ਹੋਏ ਸਨ । ਵਧੀਆ ਗੱਲਾਂ ਤੇ ਚੁਟਕਲੇ ਚੱਲ ਰਹੇ ਸੀ । ਮਨ ਮੌਜ਼ ਵਿੱਚ ਸੀ । ਹੋਟਲ ਦੇ ਕਮਰੇ ਵਿੱਚ ਲੱਗੇ ਏ.ਸੀ ਨੇ ਗਰਮੀ ਦਾ ਮੌਸਮ ਭੁਲਾਅ ਵਰੱਖਿਆ ਸੀ । ਸ਼ੀਸ਼ਿਆਂ ਅੱਗੇ ਲੱਗੇ ਪਰਦਿਆਂ ਅਤੇ ਕਮਰੇ ਅੰਦਰ ਜਗ ਰਹੀਆਂ ਦੋ ਟਿਊਬਾਂ ਨੇ ਸੂਰਜ ਦੀ ਰੋਸ਼ਨੀ ਨਾਲੋਂ ਸਾਨੂੰ ਤੋੜ ਰੱਖਿਆ ਸੀ। ਸ਼ਾਮ ਢਲੀ ਤੇ ਰਾਤ ਪੈਣ ਦਾ ਵੀ ਪਤਾ ਨਹੀਂ ਲੱਗਿਆ ਸੀ। ਸੁਹਾਵਣਾ ਮੌਸਮ ਬਣਿਆ ਹੋਇਆ ਸੀ ਅੰਦਰ ।

ਹੁਣ ਸਾਥੀਆਂ ਨਾਲ ਸਾਥਣਾਂ ਵੀ ਸਾਡਾ ਸਾਥ ਕਰਨ ਲਈ ਪਤਾ ਨੀਂ ਕਿਥੋਂ ਪਹੁੰਚ ਗਈਆਂ । ਮਹਿਫਿਲ ਹੋਰ ਵੀ ਰੰਗੀਨ ਬਣ ਗਈ ਸੀ ।

"ਸਰ ਕਿਵੇਂ ਲੱਗਿਆ ਇਥੇ ਆ ਕੇ ਅੱਜ ਦਾ ਫੰਕਸ਼ਨ ।" ਮੇਰੇ ਨਾਲ ਬੈਠੀ ਦਿਲ ਖਿਚਵੇਂ ਪਹਿਰਾਵੇ'ਚ ਨੀਲੀਆਂ ਅੱਖਾਂ ਵਾਲੀ ਨੇ ਕਿਹਾ।

ਉਸ ਦੇ ਮੂੰਹੋਂ ਨਿਕਲੇ ਸ਼ਬਦਾਂ ਨੇ ਮੈਨੂੰ ਹੋਰ ਨਸ਼ਿਆ ਦਿੱਤਾ ।

"ਬਹੁਤ ਵਧੀਆ ਲੱਗਿਆ ।"

"ਸਰ ਵੈਸੇ ਤਾਂ ਸਮਾਗਮ 'ਚ ਬੋਲਣ ਵੇਲੇ ਵੀ ਮੈਂ ਕਿਹਾ ਸੀ, ਮੈਂ ਬਹੁਤ ਪੜ੍ਹਿਆ ਹੈ ਤੁਹਾਨੂੰ । ਤੁਹਾਡੀਆਂ ਰਚਨਾਵਾਂ ਮੈਨੂੰ ਬਹੁਤ ਪ੍ਰਭਾਵਤ ਕਰਦੀਆਂ ਨੇ । ਇਸ ਕਰਕੇ ਸਾਰੇ ਰੁਝੇਵੇਂ ਛੱਡਕੇ ਰਾਜਪੁਰੇ ਤੋਂ ਤੁਹਾਡੇ ਕਰਕੇ ਹੀ ਆਈ ਆਂ । ਜਦ ਸੱਦਾ ਪੱਤਰ ਵਿੱਚ ਤੁਹਾਡਾ ਨਾਂ ਪੜ੍ਹਿਆ । ਨਹੀਂ ਤਾਂ ਸ਼ਾਇਦ ਦੋਸਤਾਂ ਦੇ ਸੱਦੇ 'ਤੇ ਨਾ ਵੀ ਪਹੁੰਚਿਆ ਜਾਂਦਾ।

"ਸ਼ਬਦਾਂ ਦੇ ਜਾਦੂਗਰ ਹੋ ਸਰ ਤੁਸੀਂ "

"ਬੋਲਦੀ ਬੋਲਦੀ ਨੇ ਉਸ ਆਪਣੀ ਕੁਰਸੀ ਮੇਰੇ ਹੋਰ ਨੇੜੇ ਕੀਤੀ । ਮੈਨੂੰ ਚੰਗੀ-ਚੰਗੀ ਲੱਗੀ।"

"ਨਹੀਂ ਐਸੀ ਗੱਲ ਨੀਂ । ਬੱਸ ਐਵੇਂ ਜੋ ਅਹੁੜਦੇ ਝਰੀਟ ਛੱਡੀਦੈ । ਤੁਹਾਨੂੰ ਚੰਗਾ ਲੱਗਦੈ ਵਧੀਆ ਗੱਲ।"

"ਸਰ ਮੈਂ ਤਾਂ ਯੂਨੀਵਰਸਿਟੀ ਵਿੱਚ ਵੀ ਜਾਕੇ ਵੇਖਿਐ । ਵਿਦਵਾਨ ਤਾਂ ਬਹੁਤ ਬੈਠੇ ਨੇ ।

ਪਰ ਕਰੀਏਟਿਵ ਲੇਖਕ ਬਹੁਤ ਘੱਟ ਨੇ ਥੋਡੇ ਵਰਗੇ ।"

"ਹਾਂ , ਇਹ ਤਾਂ ਹੈ ....... ।"

ਅਸੀਂ ਇਕ ਦੂਜੇ ਵਿੱਚ ਇੰਨੇ ਖੋ ਗਏ । ਸਾਡੀਆਂ ਗੱਲਾਂ ਚਲਦੀਆਂ ਰਹੀਆਂ । ਦੋਸਤ ਵੀ ਪਤਾ ਨਹੀਂ ਲੱਗਿਆ ਹੋਰਾਂ ਨਾਲ ਗੱਲਾਂ ਕਰਦੇ ਕਿਧਰ ਨੂੰ ਚਲੇ ਗਏ ।

ਗੱਲਾਂ ਕਰਦਿਆਂ ਉਸ ਨੇ ਪੁੱਛਿਆ,

"ਸਰ ਤੁਹਾਡਾ ਰਾਤ ਦਾ ਕੀ ਪ੍ਰੋਗਰਾਮ ਐ ?"

"ਅੱਜ ਤਾਂ ਇਥੇ ਹੀ ਰਹਾਂਗਾ । 22 ਨੰਬਰ ਕਮਰਾ ਹੈ ਮੇਰਾ ।ਚਾਬੀ ਦੇ ਗਏ ਨੇ ਮੁੰਡੇ ।"

"ਚਲੋ ਚੰਗਾ ਮੈਂ ਵੀ ਪਹਿਲਾਂ ਕਿਸੇ ਆਪਣੇ ਰੈਲੇਟਿਵ ਨੂੰ ਫੋਨ ਕੀਤਾ ਸੀ ।

ਪਰ ਜੇ ਤੁਸੀਂ ਇਥੇ ਓਂ ਤਾਂ ਮੈਂ ਵੀ ਤੁਹਾਡੇ ਕੋਲ ਤੁਹਾਡੀ ਸੇਵਾ'ਚ ਹੀ ਰਹਾਂਗੀ ।"

"ਨਹੀਂ... ਨਹੀਂ...।"

"ਨਹੀਂ ਕਿਉਂ ਸਰ ! ਮੈ ਤਾਂ ਸਪੈਸ਼ਲ ਤੁਹਾਡੇ ਲਈ ਰਾਜਪੁਰੇ ਤੋਂ ਆਈ ਆਂ । ਕੀ ਗੱਲ ਤੁਹਾਨੂੰ ਮੇਰੇ ਨਾਲ ਕੋਈ ਨਰਾਜਗੀ ਐ ?"

ਉਹ ਮੇਰੇ ਹੱਥ'ਚ ਹੱਥ ਪਾਉਂਦੀ। ਮੇਰੇ ਕਮਰੇ ਵੱਲ ਲੈ ਗਈ।

ਮੇਰਾ ਸਰੀਰ ਨਸ਼ੇ ਦੇ ਦੂਹਰੇ ਲੋਰ'ਚ ਲੜਖੜਾ ਰਿਹਾ ਸੀ ।

ਜਿਉ ਜਿਉ ਰਾਤ ਅਤੇ ਨਸ਼ਾ ਗਹਿਰੇ ਹੋ ਰਹੇ ਸੀ ਦਿਮਾਗ ਵਿਚ ਸਭ ਕੁਝ ਰਲਗੱਡ ਹੋ ਰਿਹਾ ਸੀ ।ਤੇ ਫੇਰ ਪਤਾ ਹੀ ਨੀ ਲਗਿਆ ਕਿਵੇਂ ਪਿਆ ਕੀ-ਕੀ ਹੋਇਆ।

ਸਵੇਰੇ ਉਸ ਨੇ ਮੈਨੂੰ ਹਲੂਣਕੇ ਜਗਾਇਆ ,

ਆਪ ਉਹ ਪਹਿਲਾ ਸਾਂਝਰੇ ਹੀ ਬਾਥ ਰੂਮ'ਚ ਨਹਾਕੇ ਬਾਹਰ ਆ ਵਾਲ ਸੰਵਾਰ ਰਹੀ ਸੀ ।

ਮੈ ਵੀਂ ਤਿਆਰ ਹੋਇਆ ਉਸ ਨਾਲ ਕੁਝ ਗੱਲਾਂ ਕਰ ।ਹੋਟਲ ਮਾਲਕ ਨੂੰ ਦੱਸ

ਗੱਡੀ ਲੈ ਘਰੇ ਆ ਪਹੁੰਚਿਆ ਸਾਂ।

“ਸਰ ਕੋਲਡ ਡਰਿਕਸ ਲਓਗੇ ? ਬਹਿਰੇ ਦੀ ਅਵਾਜ਼ ਨੇ ਮੇਰੀ ਬਿਰਤੀ ਨੂੰ ਤੋੜ ਦਿੱਤਾ ਹੈ ।

ਇਕਦਮ ਖਿਆਲ ਆਇਆ ਕਿ ਮੈਂ ਤਾਂ ਟੇਬਲਾਂ ਵੱਲ ਵੇਖਦਾ ਕਿਥੇ ਦੀ ਕਿਥੇ ਪਹੁੰਚ ਗਿਆ ਸਾਂ ।

ਇਹ ਵੀ ਪਤਾ ਨੀਂ ਲੱਗਾ ਕਿ ਮਨਪ੍ਰੀਤ ਕਿਹੜੇ ਵੇਲੇ ਮੇਰੇ ਕੋਲੋ ਕਿਧਰ ਚਲੀ ਗਈ ਹੈ ।ਮੁੜੀ ਆਉਂਦੀ ਨੂੰ ਵੇਖ ਰਿਹਾਂ।

“ਤੁਸੀਂ ਤਾਂ ਪਤਾ ਨੀਂ ਕਿਥੇ ਗੁਆਚੇ ਰਹਿੰਦੇ ਓਂ ਐਨੇ ਇਕੱਠ 'ਚੋਂ ਮਸਾਂ ਕਮਲਜੀਤ ਬਾਹਰ ਆਈ ਸੀ ਮੈ ਸ਼ਗਨ ਦੇ ਆਈ ਆਂ ।

ਮੈਂ ਬੁਲਾਇਆ ਵੀ ਤੁਸੀਂ ਆਹ ਕੁਰਸੀਆਂ ਬੰਨੀ ਟਿਕਟਿਕੀ ਲਾਈ ਖੜ੍ਹੇ ਸੀ।”

“ਅੱਛਾ ਫੜਾ ਆਈ ਸ਼ਗਨ, ਚੱਲੀਏ ਫੇਰ ।ਮੇਰਾ ਗਰਮੀ ਨਾਲ ਦਿਲ ਜਾਹ ਵੀ ਘਬਰਾਈ ਜਾਂਦੈ।

ਮੈਥੋਂ ਖੜਿਆ ਨੀਂ ਜਾਂਦਾ ।”

“ਤੁਸੀ ਤਾਂ ਹਰ ਥਾਂ ਅਈਂ ਕਰਦੇ ਓਂ।ਇੰਜੁਆਏ ਕਰੋ।ਪਤਾ ਨੀਂ ਕਿਵੇਂ ਮੌਕਾ ਮਿਲਦੈ ਫਰੀ ਹੋਕੇ ਮਿਲਣ ਗਿਲਣ ਦਾ, ਖਾਣ ਪੀਣ ਦਾ।”

“ਨਹੀਂ ਬੱਸ ਚੱਲੀਏ .........।”

ਪਤਨੀ ਨੂੰ ਇਕ ਕਿਸਮ ਨਾਲ ਘੜੀਸਕੇ ਮੈਂ ਘਰੇ ਲੈ ਆਇਆ ਸਾਂ ।

ਗੱਡੀ ਗਰੈਜ ਵਿੱਚ ਲਾ ਕੇ ਪੈ ਗਿਆ ਸਾਂ ਪਰ ਨੀਂਦ ਨਹੀਂ ਆਈ ।

ਅੱਜ ਵੀ ਉਸੇ ਤਰ੍ਹਾਂ ਘਬਰਾਹਟ ਵਧੀ ਪਈ ਐ ।ਕੁਝ ਪਤਾ ਨੀਂ ਲੱਗਦਾ ਕੀ ਕਰਾਂ ।ਕਦੇ ਵਕੀਲ ਸਾਹਮਣੇ ਆ ਜਾਂਦੈ ।ਕਦੇ ਤੇਜਿੰਦਰ ਤੇ ਮਲਕੀਤ ਉੱਚੀ-ਉੱਚੀ ਹਸਦੇ ਤਾੜੀਆਂ ਮਾਰਦੇ ਸੁਣਦੇ ਨੇ । ਬੇਬੱਸ ਹੋਇਆ ਪਿਆਂ।

“ਕੀ ਬੋਲਾਂ ? ”

“ਦੋ ਵਾਰ ਮੋਬਾਇਲ ਦੀ ਘੰਟੀ ਵੱਜਕੇ ਬੰਦ ਹੋ ਗਈ ਹੈ। ਕਿਥੇ ਐ ਤੁਹਾਡੀ ਸੁਰਤੀ ।” ਪਤਨੀ ਦੀ ਅਵਾਜ਼ ਨਾਲ ਇਕਦਮ ਡੌਰ ਭੌਰ ਜਿਹਾ ਹੋ ਕੇ ਮੋਬਾਇਲ ਵੇਖਣ ਲਈ ਬੈੱਡ 'ਤੇ ਹੱਥ ਮਾਰਦਾ ਹਾਂ। ਮੋਬਾਇਲ ਤਾਂ ਸ਼ੋਅ ਪੀਸ ਵਿੱਚ ਸ਼ੀਸ਼ੇ ਪਿੱਛੇ ਪਿਆ ਹੈ ।

ਚੁੱਕਕੇ ਵੇਖਦਾਂ। ਦੋ ਮਿਸਡ ਕਾਲਜ਼ ਆਈਆਂ ਪਈਆਂ ਨੇ ।ਨੰਬਰ ਕੱਢਣ ਤੋਂ ਪਹਿਲਾ ਹੀ ਦਿਮਾਗ ਵਿੱਚ ਹੋਰ ਡਰ ਭਾਰੂ ਹੋ ਜਾਂਦੈ ।ਸਾਲੀ ਦਾ ਉਸੇ ਦਾ ਫੋਨ ਹੋਵੇਗਾ।

ਉਸ ਦਿਨ ਵੀ ਇਸ ਤਰ੍ਹਾਂ ਮੋਬਾਇਲ ਦੀ ਘੰਟੀ ਵੱਜੀ ਸੀ ।ਕਲਾਸ ਵਿਚ ਪੜ੍ਹ ਰਿਹਾ ਸਾਂ ।

ਬਾਹਰ ਬਰਾਂਡੇ 'ਚ ਸੁਣਨ ਲਈ ਗਿਆ।

ਹੈਲੋ ਕੀਤੀ ਕੋਈ ਨਾ ਬੋਲਿਆ ।ਇਸੇ ਤਰ੍ਹਾਂ ਦੂਜੀ ਵਾਰ ਹੋਇਆ ਸੀ ।

ਤੀਜੀ ਬੈੱਲ ਤੇ ਹੈਲੋ ਕੀਤੀ, ਤਾਂ ਉਸ ਦੀ ਅਵਾਜ਼ ਸੀ,

“ਮੈ ਸੁਖਮਨ ਬੋਲਦੀ ਹਾਂ , ਸਤਿ ਸ੍ਰੀ ਅਕਾਲ ਸਰ।”

“ਸਤਿ ਸ੍ਰੀ ਅਕਾ ........ਮੈ ਡਰਦੇ ਡਰਦੇ ਨੇ ਅੱਧਾ ਕੁ ਜਵਾਬ ਦਿੱਤਾ ਸੀ।”

“ਕਾਲਜ'ਚ ਈ ਓਂ ਸਰ ?”

“ਹਾਂ....... ਦੱਸੋ .... ?”

“ਸਰ ਦੱਸਾਂ ਕੀ ਬੜੀ ਕਸੂਤੀ ਫਸ ਗਈ ਹਾਂ ।ਹਫਤਾ ਉਪਰੋਂ ਦੀ ਲੰਘ ਗਿਐ ਮੈਨਸ਼ਜ ਨਹੀਂ ਆਏ ।

ਕੀ ਕਰਾਂ ਬੜਾ ਡਰ ਲੱਗ ਰਿਹੈ ।”



ਸੁਣਕੇ ਸਿਰ ਤੋਂ ਪੈਰਾਂ ਤੱਕ ਕੰਬ ਗਿਆ ਸਾਂ। ਧਰਤੀ ਅਕਾਸ਼ ਘੁੰਮਣ ਲੱਗ ਪਏ ਸੀ। ਅੱਖਾਂ ਅੱਗੇ ਹਨੇਰਾ ਆ ਗਿਆ ਸੀ ।ਕੁਝ ਸੰਭਲਕੇ ਕਲਾਸ'ਚ ਛੁੱਟੀ ਕਰ ਲਾਇਬਰੇਰੀ ਵਿੱਚ ਆ ਬੈਠਿਆਂ ਸਾਂ ।ਉਥੇ ਬੈਠੇ ਨਾਲ ਦੇ ਪ੍ਰੋਫੈਸਰ ਇਓਂ ਲੱਗ ਰਹੇ ਸਨ ਜਿਵੇਂ ਮੇਰੀਆਂ ਗੱਲਾਂ ਕਰ ਰਹੇ ਹੋਣ। ਜਿਵੇਂ ਇਹਨਾਂ ਨੇ ਮੇਰਾ ਫੋਨ ਸੁਣ ਲਿਆ ਹੋਵੇ ।

ਕਿਸੇ ਨਾਲ ਕੋਈ ਗੱਲ ਨਹੀਂ ਹੋ ਰਹੀ ।ਦਫਤਰ'ਚ ਆ ਲੀਵ ਦੇ ਕੇ ਰਾਜਪੁਰੇ ਵਾਲੀ ਬੱਸ ਫੜ ਲਈ। ਮਨਪ੍ਰੀਤ ਨੂੰ ਫੋਨ ਕਰ ਦਿੱਤਾ ਯੂਨੀਵਰਸਿਟੀ ਜਰੂਰੀ ਕੰਮ ਹੈ, ਇਸ ਲਈ ਜਾ ਰਿਹਾ। ਰਾਂਤੀ ਦੇਰ ਨਾਲ ਆਵਾਂਗਾ ।ਜੇਕਰ ਲੇਟ ਹੋ ਗਿਆ ਸ਼ਾਇਦ ਰਹਿਣਾ ਵੀ ਪੈ ਸਕਦੈ ।ਕਹਿ ਫੋਨ ਬੰਦ ਕਰ ਦਿੰਦਾ ਹਾਂ ।

ਰਸਤਾ ਮੁੱਕਣ ਵਿਚ ਨਹੀਂ ਆ ਰਿਹਾ ।ਸੋਚਦਾਂ ਸਿੱਧਾ ਕਿਸੇ ਨਰਸਿੰਗ ਹੋਮ ਜਾਵਾਂਗਾ ।ਅੱਜ ਕੱਲ ਪੈਸੇ ਨਾਲ ਸਭ ਕੁਝ ਹੋ ਜਾਂਦੈ ।ਆਥਣ ਨੂੰ ਉਸਦਾ ਫਸਤਾ ਵਢਾਅ ਕੇ ਮੁੜ ਆਵਾਂਗਾ ।ਜੇਕਰ ਨਾ ਮੰਨੀ..... ? ਬੜੀ ਕਸੂਤੀ ਸਥਿਤੀ ਵਿਚ ਫਸ ਗਿਆ ਹਾਂ ।ਨਾਲੇ ਅੱਜ ਕੱਲ੍ਹ ਹਰੇਕ ਰਿਸਕ ਨੀਂ ਲੈਂਦਾ। ਬਾਹਰਲੇ ਬੰਦੇ'ਤੇ ਕਿਹੜਾ ਡਾਕਟਰ ਇਤਬਾਰ ਕਰੂ ।ਸਗੋਂ ਅਗਲਾ ਅਜਿਹੀ ਗੱਲ ਸੁਣਕੇ ਪੁਲਿਸ ਨੂੰ ਫੋਨ ਕਰਕੇ ਅੰਦਰ ਕਰਵਾ ਦਿਊ।

ਅੱਖਾਂ ਅੱਗੇ ਖਾਕੀ ਵਰਦੀ, ਹਵਾਲਾਤ ਦੀਆਂ ਸੀਖਾ ਸਾਹਮਣੇ ਆ ਜਾਂਦੀਆਂ ਨੇ। ਗਾਲ੍ਹਾਂ, ਕੁਰਖਤ ਲਫਜ਼ ਕੰਨਾ'ਚ ਗੂੰਜਦੇ ਸੁਣਾਈ ਦੇਣ ਲੱਗਦੇ ਨੇ ।ਮੁੜਕੋ-ਮੁੜਕੀ ਹੋਇਆ ਪਿਐ ਸਰੀਰ ।ਖਿਆਲ ਬਦਲਦਾ ਹਾਂ ਪਹਿਲਾ ਸਿਧਾ ਉਸੇ ਕੋਲ ਜਾਵਾਂਗਾ। ਕੀ ਕਹਿੰਦੀ ਐ, ਉਹਦੀ ਗੱਲ ਸੁਣਕੇ ਕਰ ਲਵਾਂਗੇ ਜਿਵੇਂ ਹੋਊ। ਉਸ ਨੇ ਫੋਨ ਕੀਤਾ ਹੈ, ਕੁਛ ਨਾ ਕੁਛ ਤਾਂ ਸੋਚਕੇ ਬੁਲਾਇਐ ।ਇਸ ਤਰ੍ਹਾਂ ਦੀ ਉਧੇੜ ਬੁਣ ਵਿਚ ਪਤਾ ਹੀ ਨੀਂ ਲੱਗਿਆ ਕਦ ਰਾਜਪੁਰੇ ਦੇ ਅੱਡੇ 'ਤੇ ਬੱਸ ਮੇਨ ਰੋਡ ਉਪਰ ਆ ਰੁੱਕੀ।

ਮੋਬਾਇਲ'ਤੇ ਉਸਦਾ ਨੰਬਰ ਮਿਲਾਇਆ ਹੈ ।

“ਹੈਲੋ” ਉਸਦੀ ਅਵਾਜ਼ ਹੈ ।

“ਪਹੁੰਚ ਗਏ ਤੁਸੀਂ ”

“ਹਾਂ ....... ।”

“ਅੱਛਾ ! ਮੈ ਬੱਸ ਸਟੈਂਡ ਦੇ ਨੇੜੇ ਹੀ ਹਾਂ ਦੋ-ਚਾਰ ਮਿੰਟਾਂ'ਚ ਹੀ ਤੁਹਾਡੇ ਕੋਲ ਪਹੁੰਚੀ

ਮੇਰੇ ਕੁਝ ਕੁ ਸਾਹ ਟਿਕੇ ਚਲੋ ਆ ਤਾਂ ਰਹੀ ਹੈ ।ਕਿਤੇ ਹੋਰ ਨੀ ਜਾਣਾ ਪਿਆ ।ਬਾਕੀ ਜਿਵੇਂ ਹੋਓ ਦੇਖੀ ਜਾਊ ।”

ਸਾਹਮਣੇ ਬਾਇਕ ਰੁਕੀ ਹੈ ।

ਵੇਖਿਆ, ਓਹੀ ਹੈ ।

ਮੈ ਮੁਰਦਾ ਸਰੀਰ ਨਾਲ ਲੱਤਾਂ ਘੜੀਸਦਾ ਉਹਦੇ ਵੱਲ ਜਾ ਰਿਹਾ ।

“ਸਤਿ ਸ੍ਰੀ ਅਕਾਲ ਸਰ।”

“ਸਤਿ ਸ੍ਰੀ ਅਕਾ ........।” ਸ਼ਬਦ ਜਿਵੇਂ ਮੇਰੇ ਸੰਘ ਵਿਚ ਹੀ ਅੜ ਗਏ ਹਨ।

“ਆਓ ਸਾਹਮਣੇ ਹੋਟਲ 'ਚ ਕੱਪ ਚਾਹ ਦਾ ਪੀਨੇ ਆਂ ।ਨਾਲੇ ਗੱਲਾਂ ਕਰਦੇ ਹਾਂ ।”

ਉਸ ਨੇ ਬੇਝਿਜਕ ਮੈਨੂੰ ਆਖਿਆ ਹੈ।

ਮੁਜਰਮ ਵਾਂਗ ਉਸਦੇ ਪਿੱਛੇ ਬੈਠ ਗਿਆ ਹਾਂ। ਬਾਇਕ ਖੜੀ ਕਰਕੇ ਅੰਦਰ ਬੈਠ ਉਸ ਨੇ ਚਾਹ ਦੇ ਦੋ ਕੱਪ ਦਾ ਆਰਡਰ ਦਿੱਤਾ ਹੈ।

ਏ.ਸੀ ਦੀ ਠੰਡਕ ਨਾਲ ਸਰੀਰ ਕੁਛ ਅਰਾਮ ਤਾਂ ਮਹਿਸੂਸ ਕਰ ਰਿਹਾ ਲੱਗਦੈ ।ਪਰ ਦਿਲ ਤੇਜ਼ੀ ਨਾਲ ਧੜਕ ਰਿਹੈ ।

“ਕੀ ਗੱਲ ਐ ?” ਦੋਸ਼ੀਆਂ ਵਾਂਗ ਡਰੇ ਨੇ ਮੈਂ ਸਿੱਧਾ ਹੀ ਸਵਾਲ ਕੀਤਾ ।

“ਸਰ ਗੱਲ ਤਾਂ ਤੁਹਾਨੂੰ ਦੱਸ ਈ ਦਿੱਤੀ ਹੈ।”

“ਫੇਰ ਡਾਕਟਰ ਕੋਲ ਚਲੇ ਜਾਣਾ ਸੀ ।”

“ਉਥੇ ਫਾਦਰ ਦਾ ਨਾਂ ਪੁੱਛਦੇ ਨੇ ।ਕੀ ਦੱਸਦੀ ? ”

ਸੁਣਕੇ ਧੜਮ ਕਰਕੇ ਕੁਰਸੀ ਤੋਂ ਡਿਗਦਾ-ਡਿਗਦਾ ਮਸਾਂ ਆਪਣੇ ਆਪਨੂੰ ਬਚਾਉਂਦਾ ਹਾਂ ।

ਮੱਥੇ ਨੂੰ ਤਰੇਲੀਆ ਆ ਰਹੀਆਂ ਨੇ ।

"ਫੇਰ ਹੋਰ ਦੱਸ ਕਿਵੇਂ ਕਰੀਏ ?"

"ਮੈ ਹੁਣੇ ਇਕ ਸਹੇਲੀ ਕੋਲ ਜਾ ਕੇ ਆਈ ਆਂ। ਉਸਦੀ ਇਕ ਡਾਕਟਰ ਦੋਸਤ ਹੈ ।ਉਸਨੂੰ ਸਾਰੀ ਕਹਾਣੀ ਦੱਸੀ ।ਉਹ ਕਹਿੰਦੀ ਫਿਕਰ ਨਾ ਕਰੋ ਮੈਂ ਤੁਹਾਡੀ ਪੂਰੀ ਮੱਦਦ ਕਰਾਂਗੀ ।ਸਭ ਠੀਕ ਹੋ ਜਾਵੇਗਾ।

ਮੈਂ ਹੋਰ ਵੀ ਦੱਸਿਆ ਅਗਲੇ ਹਫਤੇ ਮੇਰੀ ਇੰਟਰਵਿਊ ਐ ਲੈਕਚਰਾਰ ਦੀ ।ਉਸ ਤੋਂ ਪਹਿਲਾ ਇਹ ਠੀਕ ਹੋਜੇ ।

ਨਾਲੇ ਮਾਨਸਿਕ ਤੌਰ ਤੇ ਵੀ ਮੈਂ ਠੀਕ ਹੋਵਾਂ ਤਾਂ ਹੀ ਕੁਛ ਦੱਸ ਸਕਾਂਗੀ ਇੰਟਰਵਿਊ 'ਤੇ ।

ਖਰਚਾ ਵੀ ਠੀਕ ਹੀ ਲਵੇਗੀ ਡਾਕਟਰ।"

"ਮੈ ਦੇਵਾਂ ਲੈ ਕੇ ਆਇਆਂ ਹਾਂ ।"

"ਨਹੀਂ ਨਹੀਂ ਸਰ ਤੁਹਾਡੇ ਤੋਂ ਥੋੜੇ ਲੈਣੇ ਨੇ ।ਮੈਨੂੰ ਪਤਾ ਲੱਗਿਐ ਸਬਜੈਕਟ-ਐਕਸਪਰਟ ਦੇ ਤੌਰ ਤੇ

ਤੁਹਾਨੂੰ ਨਾਮਜਦ ਕੀਤੈ ਯੂਨੀਵਰਸਿਟੀ ਵੱਲੋ ।ਮੇਰੀ ਤਿਆਰੀ-ਤੂਰੀ ਤਾਂ ਹੁਣ ਤੁਹਾਨੂੰ ਦਿਸਦੀ ਐ । ਬੱਸ ਤੁਸੀਂ ਇੰਟਰਵਿਊ 'ਤੇ ਧਿਆਨ ਰੱਖਿਓ ਮੇਰਾ ।ਮੇਰੀ ਇਹੋ ਰਿਕਿਊਸਟ ਹੈ ।"

"ਤੂੰ ਫਿਕਰ ਨਾ ਕਰ, ਇਹ ਮੇਰੀ ਡਿਊਟੀ ਹੈ ।ਸਿਹਤ ਠੀਕ ਕਰ ....... ।"

"ਸਿਹਤ ਵੀ ਤੁਹਾਡੇ ਅਰਪਨ ਕੀਤੀ ਐ ਸਰ ।" ਅੱਖਾਂ ਭਰਦੀ ਬੋਲਦੀ ਨੇ ਕਿਹਾ ।

ਸੁਣਕੇ ਚੁੱਪ ਸਾਂ।

"ਵੈਸੇ ਤੁਹਾਡੇ ਸ਼ਹਿਰ ਈ ਰਹਿੰਦੇ ਐ ਐਡਵੋਕੇਟ ਰਵਿੰਦਰ ਜੀ ।ਉਹਨਾਂ ਨਾਲ ਵੀ ਮੇਰੀ ਗੱਲ ਹੋਈ ਸੀ। ਕਹਿੰਦੇ ਮਨੈਜਮੈਂਟ ਵਾਲਿਆਂ ਨਾਲ ਉਹਨਾਂ ਦੇ ਵੀ ਚੰਗੇ ਸਬੰਧ ਨੇ ।ਉਹ ਵੀ ਕਹਿਣਗੇ ਮੇਰੇ ਲਈ। ਤੁਹਾਨੂੰ ਚੰਗੀ ਤਰ੍ਹਾਂ ਜਾਣਦੇ ਨੇ, ਦੱਸਦੇ ਸੀ ।"

ਵਕੀਲ ਦਾ ਚਿਹਰਾ ਇਕਦਮ ਅੱਖਾਂ ਅੱਗੋਂ ਦੀ ਘੁੰਮ ਜਾਂਦਾ ਹੈ। ਜੇ ਕਿਤੇ ਵਕੀਲ ਨੂੰ ਪਤਾ ਲੱਗ ਗਿਆ। ਸਾਰੇ ਸ਼ ਕਿਤੇ ਖੜਨ ਜੋਗਰਾ ਨੀਂ ਰਹਿਣਾ ਮੈਂ ।

"ਅੱਛਾ !ਅੱਛਾ ! ਹਾਂ ਹੈਗੇ ਨੇ ............ ।" ਆਪਣੇ ਆਪਨੂੰ ਸੰਭਾਲਦੇ ਨੇ ਉਸਨੂੰ ਜਵਾਬ ਦਿੱਤਾ ਸੀ।

ਉਸ ਤੋਂ ਖਹਿੜਾ ਛੁਡਾਅ ਵਾਪਿਸ ਆ ਗਿਆ ਸਾਂ ।ਘਰੇ ਆ ਕੇ ਬੇਟੀ ਲਵਪ੍ਰੀਤ ਨੂੰ ਵੇਖਕੇ ਮਨ ਹੋਰ ਭਰ-ਭਰ ਆਉਂਦਾ ਰਿਹਾ ।ਸੋਚਦਾਂ ਸਾਂ ਜੇ ਕਿਤੇ ਇਸਨੂੰ ਪਤਾ ਲੱਗੂ ਕੀ ਸੋਚੂ ਆਪਣੇ ਡੈਡੀ ਬਾਰੇ ।

ਇੰਟਰਵਿਊ ਵਾਲੇ ਦਿਨ ਗੱਡੀ ਕਾਲਜ ਦੇ ਦਫਤਰ ਮੂਹਰੇ ਖੜੀ ਕਰ ਚੁੱਪ ਚਾਪ ਅੰਦਰ ਗਿਆ ਸਾਂ । ਬਾਕੀ ਕਮੇਟੀ ਮੈਂਬਰ ਬੈਠੇ ਸਨ। ਤਿੰਨ ਉਮੀਦਵਾਰ ਸਨ। ਇਕ ਲੜਕਾ ਪਹਿਲਾ ਟੈਂਪਰੇਰੀ ਤੌਰ ਤੇ ਕੰਮ ਕਰ ਰਿਹਾ ਸੀ , ਸਿਰਫ ਐਮ.ਏ ਸੀ ।ਦੂਜਾ ਲੜਕਾ ਪੀ.ਐਚ.ਡੀ. ਸੀ। ਪੰਜ ਸਾਲ ਦੇ ਤਜਰਬੇ ਨਾਲ ਹੋਰ ਕਈ ਵਧੀਆ ਸਨਮਾਨ ਵੀ ਪ੍ਰਾਪਤ ਕੀਤੇ ਹੋਏ ਸੀ। ਉਸਦੀ ਇਕ ਕਿਤਾਬ ਵੀ ਛਪੀ ਸੀ ਕਵਿਤਾਵਾਂ ਦੀ। ਮੇਰਾ ਵਿਦਿਆਰਥੀ ਵੀ ਰਿਹਾ ਸੀ ।ਤੀਜੀ ਇਹ ਸੀ ।ਇੰਟਰਵਿਊ ਵੇਲੇ ਸਵਾਲ ਜਵਾਬ ਕੀਤੇ ਸੁਣੇ ਸਭ ਕਾਸੇ ਨੂੰ ਅੱਖੋਂ ਪਰੇ ਕਰਦਿਆਂ, ਮਨ ਪੱਥਰ ਕਰਕੇ ।ਇਸੇ ਦੇ ਨਾਂਅ ਸਾਹਮਣੇ ਸਭ ਤੋਂ ਵੱਧ ਨੰਬਰ ਲਿਖਕੇ ਸਿਫਾਰਸ਼ ਯੂਨੀਵਰਸਿਟੀ ਨੂੰ ਭੇਜ ਆਇਆ ਸਾਂ ।ਪਰ ਮਨ'ਚ ਉਸ ਪੀ.ਐਚ.ਡੀ. ਮੁੰਡੇ ਦਾ ਉਦਾਸ ਚਿਹਰਾ ਉਸਦੇ ਸਾਹਿਤਕ ਸਨਮਾਨ ਅਤੇ ਟੇਬਲ ਤੇ ਪਏ ਉਸਦੇ ਕਾਵਿ ਸੰਗ੍ਰਹਿ ਦਾ ਟਾਇਟਲ ਜਿਵੇਂ ਸਾਰਾ ਕੁਛ ਹੀ ਮੇਰਾ ਮੂੰਹ ਚਿੜਾ ਰਿਹਾ ਹੋਵੇ। ਮੋਬਾਇਲ ਦੀ ਘੰਟੀ ਨੇ ਫੇਰ ਬਿਰਤੀ ਤੋੜੀ ਹੈ ।

"ਹੈਲੋ !"

"ਹਾਂ ਜੀ, ਪ੍ਰੋਫੈਸਰ ਸਾਹਿਬ ? ਮੈ ਸੁਖਮਨ !"

"ਹਾਂ ਜੀ ਬੋਲ ਰਿਹਾ ।"

"ਪਤਾ ਲੱਗਿਆ ਕੁਛ ਸਲੈਕਸ਼ਨ ਬਾਰੇ ।"



"ਮੈਂ ਪੂਰੀ ਕੋਸ਼ਿਸ਼ ਕਰ ਰਿਹਾ। ਪੱਕਾ ਹੋਵੇਗਾ ਕੰਮ, ਦੋ-ਚਾਰ ਦਿਨਾਂ'ਚ ਲੈਟਰ ਇਸ਼ੂ ਹੋਣ ਦੀ ਉਮੀਦ ਹੈ। ਬਾਕੀ ਹੋਰ ਸੁਣਾ ਤੇਰਾ ਕਿਵੇਂ ਹੈ ? "

"ਹਾਂ, ਮੈ ਗਈ ਸੀ ਡਾਕਟਰ ਕੋਲ। ਉਹ ਕਿਸੇ ਜਰੂਰੀ ਰੁਝੇਂਵੇ 'ਚ ਬਾਹਰ ਗਈ ਹੋਈ ਹੈ, ਇਕ ਦੋ ਦਿਨਾਂ'ਚ ਹੋ ਜਾਵੇਗਾ ਠੀਕ ।"

"ਜੇ ਸਿਹਤ ਠੀਕ ਨਹੀਂ ਤਾਂ ਅੱਜ ਛੁੱਟੀ ਭੇਜ ਦਿਓ ।ਆਖੋਂ ਤਾਂ ਸਿਰ ਘੁੱਟਾਂ ।ਅੱਜ ਲਵਪ੍ਰੀਤ ਦੀ ਸਹੇਲੀ ਦੀ ਅਗੇਜਮੈਂਟ ਹੈ ।ਇਹ ਕੱਲ ਦੀ ਕਹੀਂ ਜਾਂਦੀ ਹੈ, ਨਾਲ ਚੱਲੋਂ" ਪਤਨੀ ਦੂਸਰੇ ਕਮਰੇ ਵਿਚੋਂ ਆ ਮੈਨੂੰ ਪੁਛਦੀ ਹੈ।

"ਨਹੀ !ਨਹੀਂ !ਮੈ ਠੀਕ ਆਂ ਕੋਈ ਐਸੀ ਗਲ ਨੀ ।ਤੁਸੀ ਜਾਉ ਤਿਆਰ ਹੋਈਆਂ ਖੜੀਓਂ ।

ਦੋਵਾਂ ਦੇ ਜਾਣ ਨਾਲ ਥੋੜੀ ਰਾਹਤ ਮਹਿਸੂਸ ਹੋਈ ਐ ।ਪਰ ਪੂਰੀ ਰਾਹਤ ਤਾਂ ਉਸ ਦੇ ਫੋਨ ਨਾਲ ਹੀ ਆਵੇਗੀ ।

"ਤੂੰ ਮੇਰਾ ਰਾਖਾ ਸਭਨੀਂ ਥਾਈ ......... ।" ਮੋਬਾਇਲ ਦੀ ਰਿੰਗ ਟੋਨ ਫਿਰ ਵੱਜਣ ਲੱਗਦੀ ਹੈ ।

ਇਕ ਅਦਿਖ ਜਿਹੇ ਡਰ ਨਾਲ ਮੇਰਾ ਹੱਥ ਮੋਬਾਇਲ ਦੇ ਬਟਨ ਨੂੰ ਛੋਂਹਦੈ ।

"ਹੈਲੋ ਸਰ !ਥੈਂਕ ਯੂ ਵੈਰੀ ਮੱਚ ।ਮੇਰੀ ਸ਼ਲੈਕਸ਼ਨ ਹੋਗੀ ।ਫੋਨ'ਤੇ ਪਤਾ ਲੱਗਿਐ ।ਲੈਟਰ ਵੀ ਇਸ਼ੂ ਹੋ ਗਿਆ ।"

"ਸਰ ਮੈ ਤੁਹਾਡਾ ਕਦੇ ਅਹਿਸਾਨ ਨਹੀਂ ਭੁਲਾਵਾਂਗੀ ।"

"ਅੱਛਾ !ਅੱਛਾ !ਬਹੁਤ ਚੰਗਾ ਹੋਇਆ ।ਪਰ ਤੂੰ ਕਿਵੇਂ ਐਂ ......... ?"


"ਉਹੋ ਸਰ ਮੈ ਤਾਂ ਇਸੇ ਖੁਸ਼ੀ'ਚ ਭੁਲ ਈ ਗਈ ਸਾਂ ਰਾਂਤੀ ਬੈੱਡ ਨੂੰ ਕਮਰੇ'ਚ ਹਿਲਾਕੇ ਠੀਕ ਕਰਦੀ ਦਾ ਜ਼ੋਰ ਜਿਹਾ ਲੱਗਿਆ ਇਹ ਕੰਮ ਵੀ ਰਾਤ ਠੀਕ ਹੋ ਗਿਆ ..... ।"

"ਇਹ ਹੋਰ ਵੀ ਵਧੀਆ ਹੋਇਆ "

...ਦਿਆਂ ਮਨ'ਚ ਆਉਂਦੈ ਚੰਗਾ ਬਲਾਅ ਟਲੀ ।

...ਹਾਲੇ ਵੀ ਘਾਟੀਏਂ ਪਿਆ ਫਿਰਦਾ ਹੈ ।

*...: 5, ਲਿੰਕ ਰੋਡ, ਮਾਨਸਾ , ਮੋਬਾਇਲ 98720-01856, 1856856*


**ਸਰੂਪ ਸਿਆਲਵੀ ਦਾ ਨਵਾਂ ਕਹਾਣੀ ਸੰਗ੍ਰਹਿ**

## ਨ੍ਹੇਰੇ ਦੇ ਵਾਸੀ

...ਰੇ ਦੇ ਵਾਸੀ' ਸਰੂਪ ਸਿਆਲਵੀ ਦਾ ਦੂਜਾ ਕ... ਹੈ। ਆਪਣੇ ਪਹਿਲੇ ਕਹਾਣੀ ਸੰਗ੍ਰਹਿ 'ਪਿੰਡ ... ਹੈ' ਰਾਹੀਂ ਉਹ ਦਲਿਤ ਚੇਤਨਾ ਨੂੰ ਸਮਰਪਿਤ ਕ...ਕਾਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਆਪਣੇ ਇਸ ਕਹਾਣੀ ਸੰਗ੍ਰਹਿ ਰਾਹੀਂ ਵੀ ਉਸ ਨੇ ਆਪਣੀ ਵਿਸ਼ੇਸ਼ ਬਣਾਈ ਪਹਿਚਾਣ ਕਾਇਮ ਹੀ ਨਹੀਂ ਰੱਖੀ, ਬਲਕਿ ਦਲਿਤ ਚੇਤਨਾ ਅਤੇ ਦਲਿਤ ਵਰਗ ਦੇ ਮਸਲਿਆਂ ਨੂੰ ਦੀਰਘ ਰੂਪ ਵਿੱਚ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਇਸ ਸੰਗ੍ਰਹਿ ਦੀਆਂ ਕਹਾਣੀਆਂ ਭਾਰਤੀ ਦਲਿਤ ਮਸਲੇ ਨੂੰ ਇਤਿਹਾਸਕ ਪਰਿਪੇਖ 'ਚ ਰੱਖਦਿਆਂ ਪੰਜਾਬ ਦੇ ਪੁਆਧ ਦੇ ਇਲਾਕੇ ਦੇ ਦਲਿਤਾਂ ਦੇ ਜੀਵਨ ਸਮਾਚਾਰਾਂ ਤੇ ਵਿਹਾਰ ਨੂੰ ਅਗਰਭੂਮੀ 'ਤੇ ਲਿਆਉਂਦੀਆਂ ਹਨ।

-ਡਾ. ਗੁਲਜ਼ਾਰ ਮੁਹੰਮਦ ਗੌਰੀਆ

**ਪ੍ਰਕਾਸ਼ਕ**

**ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ**

## ਕਹਾਣੀ/ ਧੁੱਪ ਛਾਂ ਤੇ ਰੁੱਖ / ਦੀਪ ਦਵਿੰਦਰ ਸਿੰਘ

'ਕੋਈ ਮਰੇ ਨਾ ਮੋਇਆਂ ਨਾਲੇ'...ਦੀ ਤੁੱਕ ਨਾਲ ਗ੍ਰੰਥੀ ਹਜ਼ਾਰਾ ਸਿਹੁੰ ਨੇ ਅਲਾਹੁਣੀਆਂ ਦੇ ਪਾਠ ਦੀ ਸਮਾਪਤੀ ਕੀਤੀ। ਦੂਰੋਂ ਦਿਸਦੇ ਉੱਚੇ ਨਿਸ਼ਾਨ ਸਾਹਿਬ 'ਤੇ ਟੰਗੇ ਸਪੀਕਰ ਦੀ ਆਵਾਜ਼ ਰੁਕੀ ਤਾਂ ਪਿੰਡ ਦੇ ਵਾਤਾਵਰਣ 'ਤੇ ਵੀ ਚੁੱਪ ਵਰਤ ਗਈ। ਏਸੇ ਚੁੱਪ ਦਾ ਪਰਛਾਵਾਂ ਅਸਮਾਨ ਵੱਲ ਖਾਲੀ ਖਾਲੀ ਝਾਕ ਰਹੇ ਤੇਜੂ ਦੇ ਚਿਹਰੇ 'ਤੇ ਵੀ ਨਜ਼ਰ ਆਇਆ। ਸੁੱਕੀਆਂ ਹੜਬਾਂ ਤੇ ਪੋਟਾ-ਪੋਟਾ ਵਧੀ ਕਰੜ-ਬਰੜੀ ਦਾੜ੍ਹੀ ਵਾਲਾ ਵੇਲਿਓਂ ਪਹਿਲਾਂ ਪੱਕੇ ਫਲ਼ ਵਰਗਾ ਤੇਜੂ ਸੂਫ਼ੀਆਨਾ ਜਿਹੇ ਵੇਸ ਵਿਚ ਉਦਾਸੀਨ ਤੇ ਅਲੱਗ ਥਲੱਗ ਜਿਹਾ ਬੈਠਾ ਸੀ। ਸਿਰ 'ਤੇ ਢਿੱਲੇ ਜਿਹੇ ਪੇਚਾਂ ਵਿਚ ਲਪੇਟੀ ਜੋਗੀਆ ਜਿਹੀ ਪੱਗ ਵਿਚ ਉਹ ਕੋਈ ਜੋਗੀ ਰਮਤਾ ਜਾਪ ਰਿਹਾ ਸੀ। ਆਪਣੀਆਂ ਚੁੰਨ੍ਹੀਆਂ ਜਿਹੀਆਂ ਅੱਖਾਂ ਨਾਲ ਆਸੇ ਪਾਸੇ ਝਾਕਦਾ ਉਹ ਆਸੇ ਪਾਸੇ ਦੀ ਚੁੱਪ ਖਲੋਤੀ ਹਵਾ ਵਿਚੋਂ ਆਪਣੇ ਅੰਦਰ ਖੌਲ਼ਦੇ ਸੁਆਲਾਂ ਦੇ ਜੁਆਬ ਤਲਾਸ਼ ਰਿਹਾ ਸੀ ਜਾਂ ਸੁਆਲਾਂ ਜੁਆਬਾਂ ਦੇ ਜਿੱਲ੍ਹਣ 'ਚੋਂ ਉਭਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਇਸ ਦਾ ਖ਼ੁਦ ਤੇਜੂ ਨੂੰ ਵੀ ਨਹੀਂ ਸੀ ਪਤਾ।

ਨਾਮ੍ਹੋ ਮਹਿਰੀ ਦੇ ਸਿਵੇ ਦੀ ਅੱਗ ਹੁਣ ਮੱਧਮ ਪੈ ਰਹੀ ਸੀ। ਤੇਜੂ ਦੇ ਕੋਲ ਬੈਠੇ ਮੁੰਡੇ ਵਿਚ ਵਿਚਾਲੇ ਉਠਦੇ ਤੇ ਬਾਂਸ ਦੀ ਤੁੱਖਣੀ ਦੇ ਕੇ ਮਾਸ ਦੇ ਕੱਚੇ ਲੋਥੜਿਆਂ ਨੂੰ ਮਘਦੇ ਕੋਲਿਆਂ ਵਿਚ ਕਰਕੇ ਫਿਰ ਪਰ੍ਹਾਂ ਜਾ ਬਹਿੰਦੇ। ਹਰੀ ਸ਼ਾਹ ਦੀ ਹੱਟੀਓਂ ਲਿਆਂਦਾ ਲੂਣ ਤੇ ਮਿੱਟੀ ਦਾ ਤੇਲ ਵੀ ਉਨ੍ਹਾਂ ਇਕ ਦੋ ਵਾਰੀ ਪਾਇਆ ਪਰ ਹੱਡੀਆਂ 'ਤੇ ਮਾਸ ਹਾਲੇ ਜੁਦਾ ਹੁੰਦੇ ਨਜ਼ਰ ਨਹੀਂ ਸਨ ਆ ਰਹੇ।

ਪਿੰਡ ਦੀ ਲਹਿੰਦੀ ਗੁੱਠ ਵੱਲ ਤਾਂਬੇ ਦੇ ਥਾਲ ਵਰਗਾ ਹੇਠਾਂ ਸਰਕਦਾ ਸੂਰਜ ਹਾਲੇ ਵੀ ਤਪਸ਼ ਛੱਡ ਰਿਹਾ ਸੀ। ਫਲਾਹ ਦੀਆਂ ਵਿਰਲੀਆਂ ਟਾਹਣੀਆਂ ਵਿਚੋਂ ਛਣ ਕੇ ਆਉਂਦੀਆਂ ਸੁਰਖ਼ ਕਿਰਨਾਂ ਕਿਰਚਾਂ ਵਾਂਗ ਤੇਜੂ ਦੇ ਮੱਥੇ ਵਿਚ ਖੁਭ ਰਹੀਆਂ ਸਨ।

ਐਤਕੀਂ ਗਰਮੀ ਵੀ ਕਹਿਰ ਦੀ ਪਈ ਸੀ। ਜੇਠ ਔੜ ਮਾਰੀ ਧਰਤੀ ਦੇ ਸਿਰ ਚੜ੍ਹ ਬੋਲ ਰਿਹਾ ਸੀ। ਰਹਿੰਦੀ ਕਸਰ ਕਣਕ ਦੇ ਨਾੜ ਨੂੰ ਲੂਹ ਕੇ ਪੂਰੀ ਹੋ ਰਹੀ ਸੀ। ਅੱਗ ਪਠਾਨਾਂ ਵਾਲੇ ਖੂਹ ਤੋਂ ਤੁਰੀ ਮਸਾਣਾਂ ਵੱਲ ਨੂੰ ਵਧਦੀ ਆ ਰਹੀ ਸੀ। ਪਪੀਹਾ ਸਵੇਰ ਤੋਂ ਕੂਕ ਰਿਹਾ ਸੀ। ਇਕ ਦੋ ਵਾਰ ਲਹਿੰਦੇ ਵੱਲੋਂ ਦੋ-ਚਾਰ ਬੱਦਲ ਉੱਠੇ ਵੀ ਸਨ ਪਰ ਹੋ ਕੇ ਹਟ ਗਏ ਸਨ।

ਕੰਮੀਆਂ ਦਾ ਵਿਹੜਾ ਲੰਘ ਕੇ ਨਿਆਈਆਂ ਵਾਲੇ ਖੱਤੇ ਤੋਂ ਪਾਰ ਇਸ ਤਿੰਨ ਖੂੰਜੀ ਸ਼ਮਸ਼ਾਨ-ਘਾਟ ਦੇ ਐਨ ਵਿਚਕਾਰ ਬਣੇ ਟੀਨ ਦੀ ਛੱਤ ਵਾਲੇ ਸ਼ੈੱਡ ਹੇਠਾਂ ਨਾਮ੍ਹੋ ਮਹਿਰੀ ਦਾ ਸਿਵਾ ਬਲ ਰਿਹਾ ਸੀ। ਸ਼ਮਸ਼ਾਨਘਾਟ ਦੀ ਇਕ ਗੁੱਠੇ ਲੱਗੀ ਫਲਾਹ ਦੀ ਤਿਤਰੀ-ਮਿਤਰੀ ਛਾਵੇਂ ਬੈਠਾ ਤੇਜੂ ਕਦੀ ਖ਼ਾਲੀ ਅਸਮਾਨ ਵੱਲ ਤੇ ਕਦੇ ਮਾਂ ਦੇ ਬਲਦੇ ਸਿਵੇ ਵੱਲ ਤੱਕ ਰਿਹਾ ਸੀ ਜਿਵੇਂ ਜ਼ਮੀਨ ਅਤੇ ਅਸਮਾਨ ਵਿਚਲੇ ਫ਼ਾਸਲੇ ਨੂੰ ਅੱਖਾਂ ਮੀਚ-ਮੀਚ ਕੇ ਨਾਪਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਵਾਰ-ਵਾਰ ਉਸਦਾ ਧਿਆਨ ਚਿਖ਼ਾ 'ਚੋਂ ਉੱਠਦੇ ਧੂੰਏਂ ਵੱਲ ਜਾਂਦਾ। ਫਿਰ ਉਹ ਧੂੰਏਂ ਦੇ ਪਿੱਛੇ ਦੂਰ ਖ਼ਲਾਅ 'ਚ ਝਾਕਣ ਲੱਗਦਾ। ਉਸ ਦੀਆਂ ਚੁੰਨ੍ਹੀਆਂ ਅੱਖਾਂ ਵਿਚ ਚੇਤਿਆਂ ਦੇ ਕਿਸੇ ਖੂੰਜੇ ਵਿਚ ਪਏ ਘਸਮੈਲੇ ਹੋ ਚੁੱਕੇ ਨਕਸ਼ ਮੁੜ ਸਾਕਾਰ ਹੋਣ ਲੱਗੇ। ਉਸ ਨੂੰ ਜਾਪਿਆ ਜਿਵੇਂ ਉਸਦੀ ਮਾਂ ਫੁਲਕਾਰੀ ਹੇਠੋਂ ਆਪਣੀ ਸੂਹੇ ਚੂੜੇ ਤੇ ਕਲੀਰਿਆਂ ਨਾਲ ਭਰੀਆਂ ਬਾਹਾਂ ਕੱਢ ਰਹੀ ਹੈ। ਉਸਦਾ ਪਿਓ ਮੰਦ ਮੰਦ ਮੁਸਕਰਾਉਂਦਾ ਉਹਦੇ ਦੁਆਲੇ ਗੇੜੇ ਕੱਢ ਰਿਹਾ ਹੈ ਤੇ ਉਹ ਭੌਚੱਕਾ ਜਿਹਾ ਏਧਰ-ਉਧਰ ਝਾਕੀ ਜਾਂਦਾ ਹੈ।

ਸੱਤਾਂ ਅੱਠਾਂ ਵਰ੍ਹਿਆਂ ਦੇ ਤੇਜੂ ਨੇ ਇਸੇ ਰੂਪ ਵਿਚ ਹੀ ਆਪਣੀ ਇਸ ਮਾਂ ਨੂੰ ਪਿਉ ਦੇ ਪਿੱਛੇ-ਪਿੱਛੇ ਆਪਣੇ ਵਿਹੜੇ ਪੈਰ ਧਰਦਿਆਂ ਤੱਕਿਆ ਸੀ। ਘਰੋਂ ਤਾਂ ਉਸਦਾ ਪਿਉ ਸੰਗੀਆਂ ਸਾਥੀਆਂ ਨਾਲ ਮਿਲ



ਕੇ ਧੌਂਕਲ ਵਾਲੇ ਪੀਰ ਦੇ ਗਿਆ ਸੀ। ਜਦ ਪੰਜਵੇਂ ਦਿਨ ਪੀਰ ਦੇ ਚੂਰਮਾ ਚੜ੍ਹਾ ਕੇ ਪਿਛਾਂਹ ਮੁੜਿਆ ਤਾਂ ਸੂਹੀ ਫੁਲਕਾਰੀ ਦੀ ਬੁੱਕਲ ਮਾਰੀ ਨਾਮ੍ਹੋ ਉਸ ਦੇ ਨਾਲ ਸੀ। ਵਿਹੜੇ 'ਚ ਖੇਡਦੇ ਗਲੀ ਗੁਆਂਢ ਦੇ ਪੰਜ ਸੱਤ ਜਵਾਕਾਂ ਸਣੇ ਤੇਜੂ ਹੈਰਾਨ ਸੀ। ਉਨ੍ਹਾਂ ਨੂੰ ਘਰ ਵਿਚ ਇਸ ਤਰ੍ਹਾਂ ਨਵੀਂ ਵਹੁਟੀ ਦਾ ਆਉਣਾ ਕੋਈ ਕ੍ਰਿਸ਼ਮਾ ਲੱਗ ਰਿਹਾ ਸੀ। ਤੇਜੂ ਨੂੰ ਤਾਂ ਏਨਾ ਪਤਾ ਸੀ ਕਿ ਜਿਸ ਘਰ ਵੀ ਅਜਿਹੀ ਵਹੁਟੀ ਆਉਣ ਵਾਲੀ ਹੁੰਦੀ ਸੀ, ਉਹ ਮਹੀਨਾ ਪਹਿਲਾਂ ਹੀ ਦੋਵੇਂ ਪਿਉ-ਪੁੱਤ ਉਨ੍ਹਾਂ ਦੇ ਕੰਮ ਧੰਦੇ ਕਰਵਾਉਣ ਲਈ ਪਹੁੰਚਦੇ ਸਨ। ਤੇਜੂ ਘਰਾਂ 'ਚੋਂ ਇਕੱਠੇ ਕੀਤੇ ਬਿਸਤਰਿਆਂ ਦੀਆਂ ਪੰਡਾਂ ਚੁੱਕ ਚੁੱਕ ਲਿਆਉਂਦਾ ਹੁੰਦਾ ਸੀ। ਪੰਗਤ ਦੀਆਂ ਜੂਠੀਆਂ ਥਾਲੀਆਂ ਚੁੱਕਦਾ। ਅੱਡੀਆਂ ਚੁੱਕ-ਚੁੱਕ ਕੇ ਨਲਕਾ ਗੇੜਦਾ ਤੇ ਫਿਰ ਖੁਰਲੀ ਦੇ ਕੰਢੇ 'ਤੇ ਬੈਠ ਕੇ ਪਿੱਤਲ ਦੀ ਥਾਲੀ 'ਚ ਦਹੀਂ ਤੇ ਜ਼ਰਦਾ ਰਲਾ ਕੇ ਖਾਂਦਾ। ਉਹ ਕਿਸੇ ਅਗਲੇ ਘਰ ਹੋਣ ਵਾਲੇ ਵਿਆਹ ਦੇ ਦਿਨਾਂ ਨੂੰ ਉਂਗਲਾਂ 'ਤੇ ਗਿਣਦਾ ਹੁੰਦਾ ਸੀ।

ਹੋਰਨਾਂ ਤੋਂ ਉਲਟ ਇਸ ਤਰ੍ਹਾਂ ਚੁੱਪ-ਚੁਪੀਤੇ ਪਿਉ ਦੀਆਂ ਪੈੜਾ ਨੱਪਦੀ ਘਰ ਆਈ ਇਸ ਵਹੁਟੀ ਤੋਂ ਉਹ ਹੈਰਾਨ ਹੀ ਨਹੀਂ, ਪ੍ਰੇਸ਼ਾਨ ਵੀ ਸੀ। ਉਸ ਲਈ ਇਹ ਕੋਈ ਚਮਤਕਾਰ ਤੋਂ ਘੱਟ ਨਹੀਂ ਸੀ। ਉਹ ਇਨ੍ਹਾਂ ਘੁੰਮਣ-ਘੇਰੀਆਂ ਵਿਚ ਹੋਰ ਵੀ ਉਲਝ ਗਿਆ ਜਦੋਂ ਪਿਉ ਦੇ ਬੋਲ ਉਸਦੇ ਕੰਨੀਂ ਵੱਜੇ। 'ਓ ਭੈਣ ਮਰਾਉਣਿਆ ਕੀ ਝਾਕੀ ਜਾਨੈ ਜਿਵੇਂ ਗਾਈਂ ਪੱਠਿਆਂ ਵੱਲ ਝਾਕਦੀ ਐ, ਮੰਜੀ ਡਾਹ ਆਪਣੀ ਮਾਂ ਵਾਸਤੇ ਤੇ ਪਾਣੀ ਧਾਣੀ ਪਿਆ।'

'ਮਾਂ ਵਾਸਤੇ ?' ਤੇਜੂ ਤ੍ਰਭਕਿਆ ਸੀ।

ਉਸ ਤਾਂ ਜਦੋਂ ਦੀ ਹੋਸ਼ ਸੰਭਾਲੀ ਸੀ ਇਹੋ ਸੁਣ ਰੱਖਿਆ ਸੀ ਕਿ ਉਸ ਦੀ ਮਾਂ ਕਿਤੇ ਨਿੱਕੇ ਹੁੰਦੇ ਦੀ ਮਰ ਗਈ ਸੀ। ਖਰਾਸ ਵਾਲੀ ਤਾਈ ਚਰਨ ਕੌਰ ਕਈ ਵਾਰੀ ਦਸਦੀ ਹੁੰਦੀ ਸੀ ਕਿ ਲੰਮੀ ਗਲੀ 'ਚ ਰਾਤ ਦੀ ਰੋਟੀ ਦਾ ਸੱਦਾ ਦੇਣ ਗਈ ਉਸ ਦੀ ਮਾਂ ਨੂੰ ਕੁੱਤੇ ਪੈ ਗਏ ਸਨ। ਕੁੱਤਿਆਂ ਨੂੰ ਸੋਟੀ ਨਾਲ ਦੁਰਕਾਰਦੀ ਪਿਛਾਂਹ ਨੂੰ ਹਟਦੀ-ਹਟਦੀ ਉਹ ਮਾਈ ਧੰਨ ਦੇਈ ਕੀ ਚਿਰਾਂ ਦੀ ਸੁੱਕੀ ਖੂਹੀ 'ਚ ਸਿਰ ਪਰਨੇ ਜਾ ਡਿੱਗੀ ਸੀ ਜਿਹੜੀ ਅੱਧ ਤਕ ਗਾਰ ਨਾਲ ਭਰੀ ਹੋਈ ਸੀ। ਸਾਰੀ ਰਾਤ ਰੌਲੇ-ਗੌਲੇ 'ਚ ਉਸਦਾ ਕੋਈ ਥਹੁ-ਪਤਾ ਨਾ ਲੱਗਾ। ਦਿਨ ਚੜ੍ਹੇ ਉਸ ਦੀਆਂ ਪਿੰਨੀਆਂ ਤਕ ਨੰਗੀਆਂ ਲੱਤਾਂ ਕੇ ਉਸਦਾ ਖੂਹੀ 'ਚ ਡਿੱਗੀ ਹੋਣ ਦਾ ਪਤਾ ਲੱਗਾ ਸੀ ਤੇ ਮਰੀ ਨੂੰ ਵਿਚੋਂ ਬਾਹਰ ਕੱਢਿਆ ਗਿਆ ਸੀ। ਇਹ ਗੱਲ ਤਾਂ ਤੇਜੂ ਹੁਣ ਤਕ ਕਈਆਂ ਤੋਂ ਕਈ ਵਾਰ ਸੁਣ ਚੁੱਕਾ ਸੀ। ਉਹ ਆਪਣੇ ਆਪ ਨੂੰ ਮਾਂ-ਮਹਿੱਟਰ ਹੀ ਸਮਝਦਾ ਸੀ। ਇਸ ਤਰ੍ਹਾਂ ਮਾਂ ਦਾ ਵਹੁਟੀ ਦੇ ਰੂਪ 'ਚ ਮੁੜ ਪ੍ਰਗਟ ਹੋਣਾ ਉਸ ਲਈ ਕਿਸੇ ਅਚੰਭੇ ਤੋਂ ਘੱਟ ਨਹੀਂ ਸੀ।

'ਤਾਇਆ! ਪਤਾ ਨਹੀਂ ਮਾਈ ਦੀਆਂ ਹੱਡੀਆਂ 'ਚ ਕਿੰਨਾ ਕੁ ਪਾਣੀ ਭਰਿਆ। ਨੌਂ ਮਣ ਕਿੱਕਰ ਦਾ ਬਾਲਣ ਫੂਕਿਆ ਗਿਆ ਤਾਂ ਵੀ ਛਾਤੀ ਵਾਲਾ ਹਿੱਸਾ ਕਿਸੇ ਬੰਨੇ ਨਹੀਂ ਲੱਗਦਾ ਦਿਸਦਾ।' ਕਹਿੰਦਿਆਂ ਹੱਟੀ ਵਾਲੇ ਬਿੱਲੇ ਨੇ ਤੇਜੂ ਦੀ ਸੁਰਤੀ ਮੋੜੀ।

'ਹੁਣ ਤਾਂ ਹੱਡੀਆਂ ਦੀ ਮੁੱਠ ਬਣ ਕੇ ਰਹਿ ਗਈ ਸੀ।' ਤੇਜੂ ਨੇ ਸੋਚਿਆ।

'ਕੁਹਾੜੀ ਨਾਲ ਛੋਟੇ-ਛੋਟੇ ਡੱਕਰੇ ਕੀਤੇ ਤਾਂ ਜਾ ਕੇ ਕਿਤੇ ਅੱਗ ਪਈ ਐ।' ਕਹਿੰਦਾ ਬਿੱਲਾ ਉਸਦੇ ਲਾਗੇ ਆ ਖਲੋਤਾ ਸੀ।

ਮੁੰਡਿਆਂ ਵੱਲੋਂ ਲਿਆਂਦੇ ਡੋਲੂ ਵਿਚਲੇ ਪਾਣੀ ਨੂੰ ਉਸਨੇ ਮੂੰਹ ਅੱਗੇ ਚੱਪਾ ਧਰ ਕੇ ਪੀਤਾ। ਉਂਗਲਾਂ ਨਾਲ ਖਿੱਲਰੀ ਪਰਾਲੀ ਦੇ ਕੱਖ ਇਕੱਠੇ ਕਰਕੇ ਉਹ ਨਿੱਠ ਕੇ ਬਹਿ ਗਿਆ। ਹੱਥ ਵਿਚਲੀ ਸੋਟੀ ਉਸਨੇ ਫਲਾਹ ਦੇ ਮੁੱਢ ਨਾਲ ਟਿਕਾ ਦਿੱਤੀ। ਦੋਵੇਂ ਲੱਤਾਂ ਉਸਨੇ ਨਿਸਲ ਕਰ ਲਈਆਂ। ਉਸ ਵੇਖਿਆ ਕਿ ਜਦ ਮੁੰਡੇ ਮਾਈ ਦੇ ਅੱਧ ਸੜੇ ਮਾਸ ਦੇ ਟੁਕੜਿਆਂ 'ਤੇ ਲੂਣ ਸੁੱਟਦੇ ਤਾਂ ਚਿਰੜ-ਚਿਰੜ ਦੀ ਆਵਾਜ਼ ਆਉਂਦੀ। ਨਾਲ ਹੀ ਧੂੰਏਂ ਦੇ ਗੋਲੇ ਜਿਹੇ ਬਣਦੇ ਤੇ ਉਪਰ ਨੂੰ ਉੱਠਦੇ। ਮੁੰਡੇ ਹੱਥਾਂ ਵਿਚ ਫੜੇ ਲੰਮੇ ਢਾਂਗਿਆਂ ਨਾਲ ਮਘਦੇ ਕੋਲਿਆਂ ਨੂੰ ਮਾਸ ਦੇ ਹੇਠਾਂ ਉਪਰ ਕਰ ਰਹੇ ਸਨ। ਮਘਦੇ ਕੋਲਿਆਂ ਨੂੰ ਟਿਕਟਿਕੀ

ਲਗਾ ਕੇ ਵੇਖਦਿਆਂ ਉਸ ਨੂੰ ਯਾਦ ਆਇਆ ਕਿ ਉਨ੍ਹਾਂ ਦੀ ਦਾਣੇ ਭੁੰਨਣ ਵਾਲੀ ਭੱਠੀ ਪਹਿਰ ਰਾਤ ਤਕ ਤਪਦੀ ਹੁੰਦੀ ਸੀ। ਜਦੋਂ ਤੋਂ ਭੱਠੀ ਦਾ ਕੰਮ ਬੀਬੀ ਨੇ ਸੰਭਾਲ ਲਿਆ ਸੀ ਭੱਠੀ ਦੁਆਲੇ ਰੌਣਕ ਵੇਖਿਆਂ ਬਣਦੀ ਸੀ। ਉਹ ਚਾਈਂ-ਚਾਈਂ ਭੱਠੀ ਵਿਚਲੀ ਅੱਗ ਨੂੰ ਮੱਠੀ ਨਾ ਪੈਣ ਦਿੰਦਾ। ਉੱਪਲਾਂ ਦੇ ਮੈਰੇ ਵਿਚਲੇ ਵੱਢਾਂ ਵਿਚੋਂ ਲਿਆਂਦੇ ਕਮਾਦ ਦੇ ਮੁੱਢਾਂ ਨਾਲ ਉਹ ਅੱਗ ਮਚਾਈ ਰੱਖਦਾ ਸੀ। ਤਪਦੀ ਕੜਾਹੀ ਵਿਚੋਂ ਮਖਾਣਿਆਂ ਵਰਗੇ ਮਕੱਈ ਦੇ ਫੁੱਲੇ ਬਾਹਰ ਡਿੱਗਦੇ ਤਾਂ ਉਸ ਦੇ ਯਾਰ ਬੇਲੀ ਚੁੱਕ-ਚੁੱਕ ਕੇ ਖਾਂਦੇ ਉਸ ਨੂੰ ਚੰਗੇ ਲੱਗਦੇ ਸਨ। ਜਦ ਬੀਬੀ ਛੋਲਿਆਂ ਦੇ ਦਾਣਿਆਂ ਨੂੰ ਪੈਰਾਂ ਭਾਰ ਹੋ ਕੇ ਕੁੱਜਾ ਫੇਰਦੀ ਤਾਂ ਉਹ ਬਾਕੀ ਨਿਆਣਿਆਂ ਸਣੇ ਉਸ ਵੱਲ ਵੇਖਦਾ। ਉਸ ਦੀਆਂ ਵੀਣੀਆਂ 'ਚ ਚੜ੍ਹਾਈਆਂ ਗੁਲਾਬੀ ਚੂੜੀਆਂ ਅਜੀਬ ਤਮਾਸ਼ਾ ਕਰਦੀਆਂ। ਉਸ ਦੇ ਗਲ ਪਾਈ ਕਾਲੀ ਗਾਨੀ ਝੱਗੇ ਦੇ ਗਲਮੇ ਦੇ ਅੰਦਰ ਬਾਹਰ ਡਿੱਗਦੀ। ਉਪਰੋਂ ਥੱਲੇ ਤਕ ਹਿੱਲਦੀ ਨੂੰ ਤੇਜੂ ਕਦੀ ਅੱਗੋਂ ਤੇ ਕਦੀ ਪਿੱਛੋਂ ਦੇਖਦਾ। ਲੰਮੀ ਕਾਲੀ ਗੁੱਤ ਪਿੰਡੇ 'ਤੇ ਸੱਪਣੀ ਵਾਂਗ ਮੇਲ੍ਹਦੀ। ਭੱਠੀ ਦੇ ਸੇਕ 'ਚ ਉਸ ਦੀਆਂ ਭੂਰੀਆਂ ਅੱਖਾਂ ਹਿਰਨੀ ਦੀਆਂ ਅੱਖਾਂ ਵਾਂਗ ਚਮਕਦੀਆਂ।

ਪਿੰਡ ਦੇ ਲੋਕ ਢਾਣੀਆਂ ਬਣਾ ਕੇ ਨਾਮ੍ਹੋ ਦੀ ਚਰਚਾ ਕਰਦੇ ਨਾ ਥੱਕਦੇ।

'ਉਹ ਤੀਵੀਂ ਕਾਹਦੀ ਐ ਆਫ਼ਤ ਐ ਨਿਰੀ।'

'ਸੁਲਫ਼ੇ ਦੀ ਲਾਟ ਵਰਗੀ ਰੰਨ ਐ, ਹੱਸਦੀ ਐ ਤਾਂ ਮੋਤੀ ਕਿਰਦੇ ਨੇ।'

'ਇਸ ਦਾਗ਼ਲ ਦੇ ਟਿਕ ਜੂ ਇਹ ਹੂਰ ਪਰੀ ?'

'ਸਹੁਰੀ ਹੱਥ ਲਾਇਆਂ ਮੈਲੀ ਹੁੰਦੀ ਐ।'

'ਗਲੇ 'ਚੋਂ ਪਾਣੀ ਲੰਘਦਾ ਦਿਸਦਾ ਰੰਨ ਦੇ।'

ਮੁੰਡੀਰ ਹੀ ਨਹੀਂ ਸਿਆਣੇ-ਬਿਆਣੇ ਵੀ ਠਰਕ ਭੋਰਦੇ, ਅੱਖਾਂ ਤੱਤੀਆਂ ਕਰਦੇ। ਬਹੁਤ ਸਾਰੀਆਂ ਗੱਲਾਂ ਤੇ ਇਸ਼ਾਰਿਆਂ ਦਾ ਤੇਜੂ ਚਸ਼ਮਦੀਦ ਗਵਾਹ ਹੁੰਦਾ। ਇਨ੍ਹਾਂ ਜੁਮਲਿਆਂ ਨੂੰ ਸੁਣ ਕੇ ਉਸ ਦੇ ਅੰਦਰ ਖੱਟਾ ਮਿੱਠਾ ਸੁਆਦ ਘੁਲ ਜਾਂਦਾ। ਵਿਆਹ ਵਾਲੇ ਘਰ 'ਚ ਤੇਜੂ ਦੂਣੇ ਉਤਸ਼ਾਹ ਨਾਲ ਕੰਮ-ਧੰਦਾ ਕਰਵਾਉਂਦਾ ਸੀ। ਨਾਮ੍ਹੋ ਦੀ ਵੀ ਅੱਡੀ ਜ਼ਮੀਨ 'ਤੇ ਨਾ ਲੱਗਦੀ। ਉਹ ਸਲਵਾਰ ਦੇ ਪਹੁੰਚੇ ਪਿੰਨੀਆਂ ਤਕ ਚੁੱਕ ਕੇ ਅੰਦਰ ਬਾਹਰ ਭੱਜੀ ਫਿਰਦੀ। ਉਸਦੇ ਪੈਰੀਂ ਪਾਈਆਂ ਬਰੀਕ ਬੋਰ ਦੀਆਂ ਪੰਜੇਬਾਂ ਦੀ ਛਣਕਾਰ ਸਾਰਿਆਂ ਲਈ ਖਿੱਚ ਦਾ ਕੇਂਦਰ ਹੁੰਦੀ। ਉਹ ਵਿਆਹ 'ਚ ਆਈਆਂ ਮੇਲਣਾਂ ਨੂੰ ਹਾਸਾ-ਠੱਠਾ ਕਰਦੀ ਕੰਮ ਨੂੰ ਅੱਗੇ ਲਾਈ ਫਿਰਦੀ ਸੀ। ਨਾਮ੍ਹੋ ਕਰਕੇ ਤੇਜੂ ਦੀਆਂ ਵੀ ਮੌਜਾਂ ਲੱਗ ਜਾਂਦੀਆਂ। ਉਹ ਅੰਦਰ ਬਾਹਰ ਵੜਦਿਆਂ ਮੇਲਣਾਂ ਨੂੰ ਕੱਪੜੇ ਲੱਤੇ ਬਦਲਦਿਆਂ ਚੋਰ ਅੱਖੀਂ ਝਾਕੀ ਜਾਂਦਾ। ਉਸ ਸਮੇਂ ਤਾਂ ਤੇਜੂ ਦੀ ਹੋਰ ਵੀ ਈਦ ਲੱਗ ਜਾਂਦੀ ਜਦੋਂ ਨਾਨਕੀਆਂ ਦਾਦਕੀਆਂ ਗਿੱਧੇ 'ਚ ਧਮਾਲ ਮਚਾਉਂਦੀਆਂ। ਨਾਮ੍ਹੋ ਦੀਆਂ ਬੋਲੀਆਂ ਤੇਜੂ ਕੰਨ ਲਾ ਕੇ ਸੁਣਦਾ। ਉਹ ਗੇੜਾ ਦਿੰਦੀ ਬੋਲੀ ਚੁੱਕਦੀ :—'ਤੇਰੇ ਘਰ ਹੋਈ ਐ ਜੇ ਧੀ ਵੇ ਨਿਰੰਜਣਾ, ਹੁਣ ਬਹੁਤੀ ਦਾਰੂ ਨਾ ਤੂੰ ਪੀ ਵੇ ਨਿਰੰਜਣਾ।' ਨਾਲ ਹੀ ਉਹ ਸ਼ਰਾਬੀਆਂ ਵਾਂਗ ਨਸ਼ੇ 'ਚ ਝੂਮਦੀ ਲੋਟ-ਪੋਟ ਹੋਈ ਜਾਂਦੀ ਸੀ। ਗਿੱਧੇ ਦੀ ਉਸ ਸਮੇਂ ਸਿਖਰ ਹੋ ਨਿਬੜਦੀ ਜਦੋਂ ਨਾਮ੍ਹੋ ਹੱਥ ਵਿਚ ਫੂਕਣੀ ਫੜ ਕੇ, ਫੂਕ ਭਰਾਈ ਦੇ ਢਾਈ ਆਨੇ ਵਾਲੀ ਬੋਲੀ ਚੁੱਕਦੀ। ਕੋਈ ਮੇਲਣ ਆਪਣੀ ਕਮੀਜ਼ ਵਿਚ ਕੱਪੜੇ ਤੁੰਨ ਕੇ ਵਧਾਏ ਹੋਏ ਪੇਟ 'ਤੇ ਹੱਥ ਫੇਰਦੀ ਕਹਿੰਦੀ—'ਭਾਈ ਮੇਰੀ ਤਾਂ ਹਵਾ ਪਹਿਲਾਂ ਹੀ ਟੈਟ ਐ। ਅਹੁ ਫਿਰਨੀ ਵਾਲੀ ਪੂਰੋ ਦੀ ਹਵਾ ਘੱਟ ਐ, ਓਧਰ ਲੈ ਜਾ ਆਪਣੀ ਫੂਕਣੀ...।' ਸੁਣ ਕੇ ਤੇਜੂ ਦੇ ਕੰਨ ਲਾਲ ਹੋਈ ਜਾਂਦੇ ਸਨ। ਵਿਆਹ ਤੋਂ ਕਈ-ਕਈ ਦਿਨ ਬਾਅਦ ਵੀ ਤੇਜੂ ਨਾਮ੍ਹੋ ਦੀਆਂ ਕਰਾਰੀਆਂ ਬੋਲੀਆਂ ਦੀ ਚਰਚਾ ਸੁਣਦਾ ਰਹਿੰਦਾ ਸੀ।

ਸਾਈਂ ਢੋਲੇ ਸ਼ਾਹ ਦੇ ਮੇਲੇ 'ਤੇ ਇਕ ਵਾਰ ਰਾਸ-ਧਾਰੀਏ ਆਏ ਹੋਏ ਸਨ। ਸਾਰਾ ਪਿੰਡ ਸੱਥ ਵਿਚ ਪਹੁੰਚਿਆ ਹੋਇਆ ਸੀ। ਔਰਤਾਂ ਰਾਤ ਦੇ ਹਨੇਰੇ 'ਚ ਕੋਠਿਆਂ ਦੀਆਂ ਛੱਤਾਂ 'ਤੇ ਬੈਠ ਕੇ ਨਚਾਰਾਂ ਨੂੰ ਵੇਖ



ਰਹੀਆਂ ਸਨ। ਜਗਦੇ ਗੈਸ ਦੇ ਚਾਨਣੇ 'ਚ ਨਾਮ੍ਹੋ ਦੇ ਲੀੜੇ ਪਾਈ ਇਕ ਰਾਸਧਾਰੀਆ ਪੈਰਾਂ 'ਚ ਘੁੰਗਰੂ ਬੰਨ੍ਹ ਕੇ ਗੇੜੇ ਲਾ ਰਿਹਾ ਸੀ। ਤੇਜੂ ਹਾਣੀਆਂ ਨਾਲ ਮੋਹਰਲੀ ਕਤਾਰ 'ਚ ਬੈਠਾ ਉੱਚਾ ਹੋ-ਹੋ ਕੇ ਨਾਲਦਿਆਂ ਨੂੰ ਦੱਸ ਰਿਹਾ ਸੀ ਕਿ ਨੱਚਣ ਵਾਲੇ ਨੇ ਉਸ ਦੀ ਬੀਬੀ ਦੇ ਲੀੜੇ ਪਾਏ ਸਨ। ਟਿਕੀ ਰਾਤ ਦੀ ਚੁੱਪ ਨੂੰ ਚੀਰਦੇ ਨਚਾਰਾਂ ਦੇ ਦੋ ਅਰਥੀ ਬੋਲ ਗੱਭਰੂਆਂ ਦੇ ਸੀਨੇ ਵਿੰਨ੍ਹ ਰਹੇ ਸਨ। ਹਾਰਮੋਨੀਅਮ 'ਚੋਂ ਨਿਕਲਦੀਆਂ ਸੁਰਾਂ, ਤਾਲ ਨਾਲ ਤਾਲ ਮਿਲਾ ਕੇ ਵੱਜਦਾ ਤਬਲਾ, ਹੱਥਾਂ ਨਾਲ ਵੱਜਦੀ ਤਾੜੀ ਦੇ ਸੁਮੇਲ ਨਾਲ ਲੋਕ ਆਪਣੀ ਸੁੱਧ-ਬੁੱਧ ਗੁਆ ਰਹੇ ਸਨ। ਤੇਜੂ ਨੂੰ ਲੱਗਿਆ ਜਿਵੇਂ ਉਸਦੀ ਮਾਂ ਹੀ ਪੈਰਾਂ 'ਚ ਘੁੰਗਰੂ ਬੰਨ੍ਹ ਕੇ ਗੇੜਾ ਲਾਉਂਦੀ, ਮੋਰਨੀ ਬਣ ਪੈਲਾਂ ਪਾ ਰਹੀ ਹੋਏ। ਦੂਰ ਤਕ ਬੈਠੇ ਲੋਕਾਂ 'ਚੋਂ 'ਮਾਰ ਛੱਡਿਆ ਈ', 'ਕਲੇਜਾ ਕੱਢ ਗੀ ਉਏ' ਵਰਗੀਆਂ ਆਵਾਜ਼ਾਂ ਆ ਰਹੀਆਂ ਸਨ। ਉਸ ਨੇ ਵੇਖਿਆ ਕਿ ਪ੍ਰੀਤੂ ਛੜਾ ਮੁੱਛਾਂ ਨੂੰ ਤਾਅ ਦਿੰਦਾ ਸਭ ਤੋਂ ਮੋਹਰੇ ਆ ਖਲੋਤਾ ਸੀ। ਉਸ ਨੇ ਪੰਜਾਂ ਦਾ ਨੋਟ ਕੱਢਿਆ ਤੇ ਬਕਸੂਏ ਨਾਲ ਨੱਚਣ ਵਾਲੇ ਦੇ ਨਕਲੀ ਉਭਾਰਾਂ ਨਾਲ ਟੰਗ ਦਿੱਤਾ। ਢੋਲਕੀ ਵਾਲੇ ਨੇ ਦੂਣੇ ਵੇਗ ਨਾਲ ਢੋਲਕੀ ਨੂੰ ਕੜਕੁੱਟ ਚਾੜ੍ਹੀ। ਹਾਰਮੋਨੀਅਮ ਦੀਆਂ ਸੁਰਾਂ ਉੱਚੀਆਂ ਹੋ ਗਈਆਂ। ਤਾੜੀਆਂ ਨੇ ਅਸਮਾਨ ਸਿਰ 'ਤੇ ਚੁੱਕ ਲਿਆ। ਨੱਚਣ ਵਾਲੇ ਨੇ ਸਿਰ 'ਤੇ ਲਏ ਉਨਾਬੀ ਰੰਗ ਦੇ ਲੀੜੇ ਨੂੰ ਦੋਹਾਂ ਬਾਹਾਂ 'ਤੇ ਖਲਾਰ ਕੇ ਭਉਂ ਬਿੱਲੀਆਂ ਲਈਆਂ। ਪ੍ਰੀਤੂ ਛੜੇ ਨੇ ਬੁਲ੍ਹਬਲੀਆਂ ਮਾਰੀਆਂ। ਮੁੰਡੀਰ ਪੱਬਾਂ ਭਾਰ ਹੋ ਕੇ ਵੇਖਣ ਲੱਗੀ। ਤੇਜੂ ਨੂੰ ਲਾਗੇ ਬੈਠੇ ਲੁਹਾਰਾਂ ਦੇ ਜੀਤੇ ਨੇ ਹੁੱਝ ਮਾਰਦਿਆਂ ਕਿਹਾ—'ਵੇਖ ਉਏ ਤੇਜੂ, ਤੇਰੀ ਬੀਬੀ ਦੇ ਦੁੱਧ 'ਤੇ ਨੋਟ ਟੰਗਿਆ ਉਏ'। ਆਸੇ-ਪਾਸੇ ਹਾਸੜ ਪੈ ਗਈ। ਤੇਜੂ ਨੇ ਆਪਣੀ ਧੌਣ ਗੋਡਿਆਂ 'ਚ ਲੈ ਲਈ। ਉਸ ਦਾ ਜੀਅ ਕੀਤਾ ਫੜ ਕੇ ਲੁਹਾਰ ਦੀ ਸੰਘੀ ਨੱਪ ਦਵੇ ਪਰ ਹਿੰਮਤ ਨੇ ਉਸਦਾ ਸਾਥ ਨਾ ਦਿੱਤਾ। ਸਾਜ਼ਾਂ ਦਾ ਸ਼ੋਰ ਉਸਦੇ ਕੰਨਾਂ ਨੂੰ ਖਾ ਰਿਹਾ ਸੀ। ਉਸਨੂੰ ਲੱਗਿਆ ਕਿ ਸਾਜ਼ਿੰਦੇ ਜਾਣ ਬੁਝ ਕੇ ਉਸਨੂੰ ਛੇੜਨ ਲਈ ਸਾਜ਼ਾਂ ਦੀ ਆਵਾਜ਼ ਉੱਚੀ ਕੱਢ ਰਹੇ ਹਨ। ਲੋਕਾਂ ਦੀ ਹੋ ਹੱਲੇ 'ਚ ਉਸਦਾ ਸਿਰ ਚਕਰਾਉਣ ਲੱਗਾ। ਤ੍ਰੇਲੀਓ-ਤ੍ਰੇਲੀ ਹੋਇਆ ਉਹ ਘਰ ਨੂੰ ਵਗ ਆਇਆ ਸੀ। ਵਿਹੜੇ 'ਚ ਡਿੱਠੀ ਅਲਾਣੀ ਮੰਜੀ 'ਤੇ ਉਹ ਪਾਸੇ ਮਾਰਦਾ ਇਹੋ ਸੋਚਦਾ ਰਿਹਾ ਕਿ ਭਾਪੇ ਨੇ ਬੀਬੀ ਦੇ ਲੀੜੇ ਰਾਸ ਪਾਉਣ ਵਾਲਿਆਂ ਨੂੰ ਕਿਉਂ ਦਿੱਤੇ ਸਨ। ਉਸ ਸੋਚਿਆ ਕਿ ਭੱਠੀ 'ਤੇ ਫੁੱਲੇ ਚੁਗਣ ਆਉਂਦੇ ਮੁੰਡੇ ਉਸਨੂੰ ਹੁਜਤਾਂ ਕਰਨਗੇ। ਖ਼ਿਆਲੀ ਮਨ ਨਾਲ ਉਹ ਜੁਗਤਾਂ ਲੜਾਉਂਦਾ ਸੋਚਦਾ ਕਿ ਕਿਵੇਂ ਭਾਪੇ ਨੂੰ ਮਨਾਏ ਕਿ ਭੱਠੀ ਉਹ ਆਪ ਤਪਾਇਆ ਕਰੇ। ਬੀਬੀ ਘਰ ਦਾ ਰੋਟੀ ਟੁੱਕ ਕਰਿਆ ਕਰੇ। ਬਾਹਰ ਅੰਦਰ ਦਾ ਕੰਮ ਭਾਪਾ ਆਪ ਵੇਖੇ। ਉਸ ਨੂੰ ਜਾਪਿਆ ਜਿਵੇਂ ਭੱਠੀ ਦੁਆਲੇ ਦਾਣੇ ਭਨਾਉਣ ਵਾਲਿਆਂ ਦੀ ਵਾਹਵਾ ਭੀੜ ਜੁੜੀ ਸੀ। ਉਹ ਲੰਮੀ ਖੁਲਣੀ ਨਾਲ ਅੱਗ ਛੇੜ ਰਿਹਾ ਸੀ। ਉਸ ਵੇਖਿਆ ਕਿ ਚਿੱਟਾ ਕੁੜਤਾ ਪਜਾਮਾ ਪਾਈ ਪ੍ਰੀਤੂ ਛੜਾ ਭੀੜ ਵਿਚੋਂ ਅੱਗੇ ਨਿਕਲ ਆਇਆ ਸੀ। ਉਸ ਦੀ ਬੀਬੀ ਪੈਰਾਂ ਭਾਰ ਹੋ ਕੇ ਹਿੱਕ ਦੇ ਜ਼ੋਰ ਛੋਲਿਆਂ ਨੂੰ ਦਰੜ ਰਹੀ ਸੀ। ਉਸ ਖਿੜ-ਖਿੜ ਹੱਸਦੀ ਨੇ ਪ੍ਰੀਤੂ ਵੱਲ ਤੱਕਿਆ। ਉਹ ਵੀ ਨਿੰਮ੍ਹਾ-ਨਿੰਮ੍ਹਾ ਮੁਸਕਰਾਉਂਦਾ ਭੱਠੀ ਦੇ ਨੇੜੇ ਪਹੁੰਚ ਗਿਆ। ਨਾਮ੍ਹੋ ਨੇ ਸੁਰਾਹੀਦਾਰ ਧੌਣ ਘੁੰਮਾਉਂਦਿਆਂ ਚੂੜੀਆਂ ਦੀ ਛਣ-ਛਣਾਹਟ ਕਰਦੀ ਵੀਣੀ ਨੂੰ ਤਪਦੀ ਕੜਾਹੀ ਦੇ ਉਪਰੋਂ ਪ੍ਰੀਤੂ ਵੱਲ ਵਧਾਇਆ। ਉਹਦੀ ਅੱਖਾਂ ਵਿਚਲੀ ਲਿਸ਼ਕ ਅਤੇ ਕਲੇਜੇ ਧੂਹ ਪਾਉਂਦੀ ਖਿੱਚ ਵੇਖ ਕੇ ਪ੍ਰੀਤੂ ਨੇ ਵੀ ਆਪਣਾ ਸੱਜਾ ਹੱਥ ਨਾਮ੍ਹੋ ਵੱਲ ਵਧਾਇਆ। ਪੈਰਾਂ ਭਾਰ ਬੈਠੀ ਨਾਮ੍ਹੋ ਇਕ ਹੱਥ ਨਾਲ ਕੁੱਜੇ ਨੂੰ ਕੜਾਹੀ 'ਚ ਦਬਾਉਂਦੀ ਤੇ ਉਪਰ ਚੁੱਕੀ ਬਾਂਹ ਹੋਰ ਅੱਗੇ, ਹੋਰ ਅੱਗੇ ਵਧਾਉਣ ਲਈ ਜ਼ੋਰ ਲਾ ਰਹੀ ਸੀ। ਇਹ ਸਭ ਦੇਖ ਕੇ ਤੇਜੂ ਦੀਆਂ ਅੱਖਾਂ ਅੱਡੀਆਂ ਦੀਆਂ ਅੱਡੀਆਂ ਰਹਿ ਗਈਆਂ। ਜਿਉਂ-ਜਿਉਂ ਦੋਹਾਂ ਦੀਆਂ ਉਂਗਲਾਂ ਦੇ ਪੋਟੇ ਇਕ ਦੂਜੇ ਨੂੰ ਛੂਹਣ ਲਈ ਅੱਗੇ ਵਧ ਰਹੇ ਸਨ, ਤਿਉਂ-ਤਿਉਂ ਤੇਜੂ ਦੇ ਦਿਲ ਦੀ ਧੜਕਣ ਵਧ ਰਹੀ ਸੀ। ਉਸ ਦਾ ਸਾਹ ਫੁੱਲ ਰਿਹਾ ਸੀ। ਉਸਦੇ ਗਲੇ 'ਚੋਂ ਧੌਂਕਣੀ ਵਰਗੀ ਆਵਾਜ਼ ਆ ਰਹੀ ਸੀ। ਉਸਦੇ ਹੱਥ 'ਚ ਫੜੀ ਖੁਲਣੀ ਨੂੰ ਭੱਠੀ ਵਿਚੋਂ ਲੱਗੀ ਅੱਗ ਉਸਦੇ ਹੱਥਾਂ ਵੱਲ ਨੂੰ ਵਧਦੀ ਆ ਰਹੀ ਸੀ। ਗਰਮੀ ਤੇ ਕ੍ਰੋਧ ਨਾਲ ਉਸ ਦੀਆਂ ਲੱਤਾਂ ਕੰਬ ਰਹੀਆਂ

ਸਨ। ਉਸਨੇ ਸੋਚਿਆ ਕਿ ਬੀਬੀ ਦੇ ਵਧਦੇ ਹੱਥ ਨੂੰ ਪ੍ਰੀਤੂ ਫੜੇਗਾ ਤੇ ਦੋਵੇਂ ਭੀੜ 'ਚ ਗੁਆਚ ਜਾਣਗੇ। ਗੁੱਸੇ ਅਤੇ ਡਰ ਦੇ ਮਾਰੇ ਉਸ ਦੀ ਚਾਂਗਰ ਨਿਕਲੀ ਸੀ— 'ਭਾਪਾ!'

'ਓ ਭੈਣ ਮਰਾਉਣਿਆ, ਭਾਪਾ ਪਹਾੜਾਂ ਆਲੇ ਦੇ ਮੇਲੇ 'ਚ ਗਵਾਚਾ ਤੇਰਾ ? ਉਠ ਗਾਈਂ ਬਾਹਰ ਕੱਢ। ਅੜਾਟ ਧਰਿਆ ਅੰਦਰ ਗੋਕੇ ਨੇ। ਰਾਤੀਂ ਤਾਂ ਸਭ ਤੋਂ ਮੋਹਰੇ ਹੋ ਕੇ ਨੱਚਦੇ ਨਚਾਰਾਂ ਨੂੰ ਵੇਂਹਦਾ ਸੀ। ਜਿਵੇਂ ਉਨ੍ਹਾਂ ਦੇ ਨਾਲ ਹੀ ਤੁਰ ਜਾਣਾ ਹੋਵੇ। ਸੂਰਜ ਨੂੰ ਗੋਡੇ-ਗੋਡੇ ਅੱਗ ਲੱਗੀ ਐ ਤੇ ਤੇਰੀਆਂ ਅੱਖਾਂ ਨਹੀਂ ਖੁੱਲ੍ਹੀਆਂ।'

ਪਿੰਡੇ ਲੂੰਹਦੀ ਲੂਹ 'ਚ ਸੱਚਮੁੱਚ ਤੇਜੂ ਦੀਆਂ ਅੱਖਾਂ ਨਹੀਂ ਸਨ ਖੁੱਲ੍ਹ ਰਹੀਆਂ। ਮਘਦੇ ਸਿਵੇ ਤੇ ਸੁੱਟੇ ਲੂਣ ਦਾ ਚਿੱਟਾ ਧੂੰਆਂ ਵਿੰਗੇ ਟੇਢੇ ਰਾਹ ਬਣਾਉਂਦਾ ਉਸ ਵੱਲ ਵਧ ਰਿਹਾ ਸੀ। ਤੇਜੂ ਨੂੰ ਸਾਹ ਲੈਣ 'ਚ ਔਖ ਹੋ ਰਹੀ ਸੀ। ਉਸਨੂੰ ਮੁੜ-ਮੁੜ ਉਥੂ ਆਉਂਦਾ। ਉਹ ਪੱਗ ਦੇ ਪੱਲੇ ਨੂੰ ਮੂੰਹ ਅੱਗੇ ਰੱਖ ਕੇ ਔਖਾ-ਔਖਾ ਖੰਘਦਾ ਇਧਰ-ਉਧਰ ਝਾਕ ਰਿਹਾ ਸੀ। ਸਿਵੇ ਦੁਆਲੇ ਖਲੋਤੇ ਮੁੰਡੇ ਲੰਮੇ ਢਾਂਗਿਆਂ ਨਾਲ ਮਘਦੇ ਕੋਲਿਆਂ ਨੂੰ ਛੇੜਦੇ ਗੱਲੀਂ ਜੁਟੇ ਸਨ। ਤੇਜੂ ਨੀਝ ਨਾਲ ਉਨ੍ਹਾਂ ਵੱਲ ਵੇਖਦਾ ਪਰ ਧੂੰਏਂ ਕਾਰਨ ਉਸਦੀ ਨਿਗਾ ਪਾਟਦੀ ਜਾਂਦੀ ਸੀ। ਫਿਰ ਉਸਨੇ ਦੋਹਾਂ ਹੱਥਾਂ ਨਾਲ ਆਪਣੀ ਢਿੱਲੀ ਜਿਹੀ ਪੱਗ ਨੂੰ ਘੁੱਟਿਆ ਤੇ ਦੂਰ ਉੱਚੇ ਅਸਮਾਨ ਵਿਚ ਝਾਕਣ ਲੱਗ ਪਿਆ। ਛੇਤੀ ਹੀ ਉਸ ਦੀਆਂ ਘਸਮੈਲੀਆਂ ਜਿਹੀਆਂ ਅੱਖਾਂ ਦੀਆਂ ਪੁਤਲੀਆਂ 'ਚ ਪਾਣੀ ਭਰ ਆਇਆ। ਉਸਨੇ ਪੋਟਿਆਂ ਨਾਲ ਅੱਖਾਂ ਨੂੰ ਘੁੱਟਿਆ ਤੇ ਧੌਣ ਹੇਠਾਂ ਸੁੱਟ ਲਈ। ਉਸ ਨੂੰ ਚੇਤੇ ਆਇਆ ਕਿ ਉਸ ਦਿਨ ਵੀ ਰੋ-ਰੋ ਕੇ ਆਪਣੇ ਦੀਦਿਆਂ 'ਚ ਉਸਨੇ ਪਾਣੀ ਨਹੀਂ ਸੀ ਛੱਡਿਆ ਜਿਸ ਦਿਨ ਉਸ ਦੀ ਬੀਬੀ ਉਸ ਨੂੰ ਸੁੱਤਿਆਂ ਛੱਡ ਕੇ ਵੱਡੇ ਗੁਰਦੁਆਰੇ ਦੇ ਭਾਈ ਨਾਲ ਭੱਜ ਗਈ ਸੀ। ਉਹ ਤਾਂ ਰਾਤ ਨੂੰ ਢਾਰੇ ਹੇਠ ਦੁੱਧ ਦਾ ਛੰਨਾ ਪੀ ਕੇ ਆਰਾਮ ਨਾਲ ਸੁੱਤਾ ਸੀ। ਭਾਪਾ ਉਪਲਾਂ ਦੇ ਮੁੰਡੇ ਦੇ ਵਿਆਹ ਦੇ ਰੁੱਕੇ ਦੇਣ ਗਿਆ ਮੁੜਿਆ ਨਹੀਂ ਸੀ। ਉਸ ਨੂੰ ਢਾਰੇ ਹੇਠ ਸੁਆ ਕੇ ਮਾਂ ਆਪ ਵਿਹੜੇ ਵਿਚ ਪੈ ਗਈ ਸੀ। ਉਸਨੇ ਸੂਰਜ ਚੜ੍ਹੇ ਉੱਠ ਕੇ ਵੇਖਿਆ ਸੀ ਕਿ ਬੀਬੀ ਦੀ ਮੰਜੀ ਖ਼ਾਲੀ ਪਈ ਸੀ। ਅੰਦਰ-ਬਾਹਰ ਦੇ ਦੋਵੇਂ ਬੂਹੇ ਖੁੱਲ੍ਹੇ ਪਏ ਸਨ। ਉਸਨੂੰ ਅਚਵੀਂ ਜਿਹੀ ਲੱਗੀ। ਉਹ ਦੋ ਵਾਰੀ ਗੁਰਦੁਆਰੇ ਦੇ ਮੋੜ ਤਕ ਵੇਖਣ ਗਿਆ। ਭੱਠੀ ਵੱਲੋਂ ਵੀ ਹੋ ਕੇ ਆਇਆ। ਇਧਰ-ਉਧਰ ਘਰਾਂ 'ਚੋਂ ਪੁੱਛ ਪੜਤਾਲ ਕੀਤੀ ਪਰ ਕੋਈ ਉੱਘ-ਸੁੱਘ ਨਾ ਮਿਲੀ। ਖ਼ਾਲੀ ਵਿਹੜਾ ਉਸ ਨੂੰ ਵੱਢ ਖਾਣ ਨੂੰ ਆਏ। ਹਾਰ-ਹੰਭ ਕੇ ਉਹ ਬਾਹਰਲੇ ਦਰਵਾਜ਼ੇ 'ਚ ਬੈਠ ਗਿਆ। ਥੋੜ੍ਹਾ ਦਿਨ ਵੱਡਾ ਹੋਇਆ ਤਾਂ ਗਲੀ ਦੀ ਅਗਲੀ ਨੁੱਕਰੋਂ ਉਸ ਨੂੰ ਆਪਣਾ ਪਿਉ ਆਉਂਦਾ ਦਿਸਿਆ। ਨੇੜੇ ਆਏ ਨੂੰ ਗਹੁ ਨਾਲ ਵੇਖਿਆ ਤਾਂ ਉਸਨੇ ਦੋਹ ਹੱਥਾਂ 'ਤੇ ਪਰਨਾ ਪਾੜ ਕੇ ਪੱਟੀਆਂ ਬੰਨ੍ਹੀਆਂ ਹੋਈਆਂ ਸਨ। ਸਾਹਮਣੇ ਖਲੋਤੀ ਖਰਾਸ ਵਾਲੀ ਤਾਈ ਦੇ ਪੁੱਛਣ 'ਤੇ ਉਸ ਦੱਸਿਆ ਸੀ ਕਿ ਟੇਸ਼ਨ ਦੇ ਰਾਹ 'ਚ ਆਉਂਦਿਆਂ ਘਰਾਟਾਂ ਵਾਲੇ ਸੂਏ ਲਾਗੇ ਉਸ ਨੂੰ ਕੁੱਤਾ ਪੈ ਗਿਆ ਸੀ। ਜਿਸ ਤੋਂ ਬਚਾਅ ਕਰਦਿਆਂ ਉਸਦੇ ਦੋਹ ਹੱਥਾਂ 'ਤੇ ਕੁੱਤੇ ਨੇ ਚੱਕ ਮਾਰ ਦਿੱਤੇ ਸਨ। 'ਵੇ ਕੁੱਤਾ ਹਲਕਾਇਆ ਤਾਂ ਨਹੀਂ ਸੀ ?' ਤਾਈ ਨੇ ਚਿੰਤਾ ਜਤਾਉਂਦਿਆਂ ਪੁੱਛਿਆ ਸੀ। ਉਹ ਲਾਪਰਵਾਹੀ ਨਾਲ 'ਰੱਬ ਜਾਣੇ' ਕਹਿੰਦਾ ਵਿਹੜੇ ਆਣ ਵੜਿਆ ਸੀ। ਰੱਸੇ ਵਾਂਗ ਵਲੇਟੀ ਪੱਗ ਲਾਹ ਕੇ ਉਸਨੇ ਚੌਂਕੇ ਦੇ ਉਟੇ ਉੱਤੇ ਰੱਖ ਦਿੱਤੀ। ਢਾਰੇ ਹੇਠ ਬੱਝੀ ਵਹਿੜ ਨੂੰ ਉਸ ਨੇ ਬਾਹਰਲੀ ਕੰਧ ਨਾਲ ਬਣੀ ਖੁਰਲੀ 'ਤੇ ਲਿਆ ਬੰਨ੍ਹਿਆ। ਨਲਕੇ ਤੋਂ ਬਾਲਟੀ ਪਾਣੀ ਦੀ ਗੇੜ ਕੇ ਗਾਈਂ ਦੇ ਅੱਗੇ ਲਿਆ ਧਰੀ।

ਤੇਜੂ ਕੰਧ ਨਾਲ ਢਾਸਣਾ ਲਾ ਕੇ ਖੜ੍ਹਾ ਚੁੱਪ-ਚਾਪ ਵੇਖੀ ਜਾ ਰਿਹਾ ਸੀ। ਉਸ ਨੂੰ ਲੱਗਿਆ ਜਿਵੇਂ ਭਾਪਾ ਬੀਬੀ ਦੇ ਜਾਣ ਬਾਰੇ ਪਹਿਲਾਂ ਤੋਂ ਹੀ ਜਾਣਦਾ ਸੀ। ਉਸਦੇ ਚਿਹਰੇ ਦੇ ਗੁੱਸੇ ਅਤੇ ਤਣਾਅ ਨੂੰ ਉਹ ਪੜ੍ਹ ਰਿਹਾ ਸੀ। ਉਪਰੋਂ ਉਹ ਸਹਿਜ ਹੋਣ ਦਾ ਮੁਜ਼ਾਹਰਾ ਕਰ ਰਿਹਾ ਸੀ ਪਰ ਅੰਦਰੋਂ ਉਹ ਪੂਰੀ ਤਰ੍ਹਾਂ ਹਿੱਲ ਚੁੱਕਾ ਸੀ। ਉਸਨੇ ਆਪਣੇ ਉਲਝੇ ਵਾਲਾਂ ਨੂੰ ਉਂਗਲਾਂ ਦੀ ਕੰਘੀ ਬਣਾ ਕੇ ਸਿੱਧਾ ਕਰਨ ਦੀ ਕੋਸ਼ਿਸ਼ ਕੀਤੀ। ਖਿੱਲਰੇ ਵਾਲਾਂ ਨੂੰ ਇਕੱਠਾ ਕਰਕੇ ਨਿੱਕੀ ਜਿਹੀ ਜੂੜੀ ਕਰ ਲਈ।



ਇਕ-ਇਕ ਕਰਕੇ ਪਿੰਡ ਵਾਲਿਆਂ ਦੀ ਵਿਹੜੇ ਵਿਚ ਭੀੜ ਲੱਗ ਗਈ ਸੀ। ਤੇਜੂ ਸਾਰਿਆਂ ਵੱਲ ਡੌਰ-ਭੌਰ ਵੇਖਦਾ ਅੰਦਰਲੇ ਬੂਹੇ ਵਿਚ ਜਾ ਖਲੋਤਾ ਸੀ। ਪਿਉ ਉਸਦਾ ਖੁਰਲੀ ਤੇ ਲੱਤਾਂ ਲਮਕਾ ਕੇ ਬਹਿ ਗਿਆ ਸੀ। ਧੌਣ ਉਸਨੇ ਨੀਵੀਂ ਸੁੱਟ ਲਈ ਸੀ ਜਿਵੇਂ ਘਰ ਆਏ ਪਰ੍ਹੇ ਦੀਆਂ ਨਜ਼ਰਾਂ ਦਾ ਸਾਹਮਣਾ ਕਰਨ ਦੀ ਉਸ ਵਿਚ ਹਿੰਮਤ ਨਾ ਹੋਵੇ।

ਤਾਰੇ ਲੰਬੜਦਾਰ ਨੇ ਗੱਲ ਸ਼ੁਰੂ ਕਰਦਿਆਂ ਕਿਹਾ ਸੀ—'ਰਾਮਿਆ, ਭਾਵੇਂ ਤੈਨੂੰ ਮੇਰੀ ਗੱਲ ਦਾ ਲੱਗੇ ਗੁੱਸਾ। ਤੂੰ ਨਾਮ੍ਹੋ ਨੂੰ ਜ਼ਿਆਦਾ ਹੀ ਖੁੱਲ੍ਹ ਦੇ ਰੱਖੀ ਸੀ। ਬੰਦਾ ਪੁੱਛੇ, ਕੱਲੀ ਜ਼ਨਾਨੀ ਅੱਧੀ-ਅੱਧੀ ਰਾਤ ਲੋਕਾਂ ਦੇ ਘਰੀਂ ਤੁਰੀ ਫਿਰਦੀ ਰਹਿੰਦੀ ਸੀ, ਤੇਰੇ ਕੋਲੋਂ ਵਰਜੀ ਨਹੀਂ ਸੀ ਜਾਂਦੀ ?' ਨਮੋਸ਼ੀ ਨਾਲ ਦੰਦ ਪੀਂਹਦਾ ਉਹ ਬੋਲਿਆ, 'ਸਰਦਾਰਾ, ਮੈਂ ਤਾਂ ਕੁੱਤੀ ਰੰਨ ਨੂੰ ਬਥੇਰਾ ਵਢਦਾ ਰਿਹਾਂ। ਅੱਗੋਂ ਕਹਿੰਦੀ ਸੀ, ਵਿਆਹ ਕਮਾਉਣੇ ਆ ਤਾਂ ਨੇਰ੍ਹਾ ਸਵੇਰਾ ਤਾਂ ਹੋ ਈ ਜਾਂਦੈ।' ਜੀਤ ਮੈਂਬਰ ਨੇ ਮੋਢੇ 'ਤੇ ਰੱਖੇ ਪਰਨੇ ਨਾਲ ਮੱਥਾ ਪੂੰਝਦਿਆਂ ਕਿਹਾ—'ਭਈ ਲੰਬੜਦਾਰਾ! ਮੈਂ ਤਾਂ ਤੁਹਾਨੂੰ ਪਹਿਲਾਂ ਵੀ ਕਹਿੰਦਾ ਹੁੰਦਾ ਸੀ ਕਿ ਇਸ ਸਾਧ ਦੇ ਲੱਛਣ ਨਹੀਂ ਚੰਗੇ। ਮਿਣ-ਮਿਣ ਕਰਕੇ ਮਹਾਰਾਜ ਦੀ ਬਾਣੀ ਪੜ੍ਹਦਾ ਹੁੰਦਾ ਸੀ, ਕਿਸੇ ਦੇ ਕੱਖ ਪੱਲੇ ਨਹੀਂ ਸੀ ਪੈਂਦਾ। ਗਜ਼ਾ ਕਰਨ ਆਉਂਦਾ ਸਿੱਧਾ ਚੌਂਕੇ 'ਚ ਜਾ ਵੜਦਾ ਸੀ। ਕਿਤੇ ਧੀ-ਭੈਣ ਨੰਗੇ ਸਿਰ ਹੀ ਬੈਠੀ ਹੁੰਦੀ ਐ। ਇਸ ਵਿਹਲੜ ਨੂੰ ਭੋਰਾ ਸ਼ਰਮ ਨਹੀਂ ਸੀ ਹੁੰਦੀ।'

'ਵੇ ਤੇਜੂ ਪਾਣੀ ਪਿਆ ਪਿਉ ਆਪਣੇ ਨੂੰ।' ਕਹਿੰਦਿਆਂ ਤਾਈ ਚਰਨ ਕੌਰ ਰਾਮੇ ਦੇ ਲਾਗੇ ਜਾ ਖਲੋਤੀ ਸੀ ਤੇ ਕਹਿਣ ਲੱਗੀ ਸੀ, 'ਰਾਮਿਆ, ਨਾਮ੍ਹੋ ਨਾਲ ਘਰ ਵਸਦਾ ਸੀ ਤੇਰਾ, ਤੀਵੀਂ ਬਿਨਾਂ ਤਾਂ ਚੁੱਲ੍ਹਿਆਂ 'ਚ ਘਾਹ ਉੱਗ ਜਾਂਦੇ ਨੇ।' ਫਿਰ ਥੋੜ੍ਹਾ ਅਟਕ ਕੇ ਸਿਰ ਦਾ ਲੀੜਾ ਠੀਕ ਕਰਦਿਆਂ ਉਸ ਨੇ ਕਿਹਾ ਸੀ—'ਉਂਜ ਨਾਮ੍ਹੋ ਮਾੜੀ ਨਹੀਂ ਸੀ ਕਿਸੇ ਨਾਲ। ਕੀੜੇ ਪੈਣਾ, ਮੁਸ਼ਟੰਡਾ ਸਾਧ, ਦਾਦੇ ਦਾੜ੍ਹੀ ਹਗਾਉਣਾ ਪਤਾ ਨਹੀਂ ਕੀ ਮੰਤਰ ਮਾਰ ਕੇ ਮਗਰ ਲਾ ਕੇ ਉੱਡ ਗਿਆ।' ਉਸਨੇ ਤੇਜੂ ਦੇ ਪਿਉ ਦੇ ਮੋਢੇ 'ਤੇ ਹੱਥ ਰੱਖ ਕੇ ਦਿਲਾਸਾ ਦਿੱਤਾ ਸੀ। ਤੇਜੂ ਨੂੰ ਯਾਦ ਆਇਆ ਕਿ ਭਾਪੇ ਦਾ ਗੱਚ ਭਰ ਆਇਆ ਸੀ। ਉਸ ਘਗਿਆਈ ਆਵਾਜ਼ ਵਿਚ ਕਿਹਾ ਸੀ—'ਭਾਬੀ ਤੂੰ ਮਾਵਾਂ ਵਰਗੀ ਐਂ ਮੇਰੀ। ਕੁੱਛੜ ਚੁੱਕ ਕੇ ਖਿਡਾਇਆ ਤੂੰ ਮੈਨੂੰ। ਪਿੰਡ 'ਚ ਸਾਰੀ ਉਮਰ ਕਿਸੇ ਨਾਲ ਮਾੜੀ ਨਹੀਂ ਕੀਤੀ। ਤੈਨੂੰ ਪਤੈ ਸਭ ਕੁਛ। ਧੌਂਕਲ ਵਾਲੇ ਨੇ ਘਰ ਵਸਦਾ ਕੀਤਾ ਸੀ ਮੇਰਾ ਪਰ ਇਹ ਗੁਰਦੁਆਰੇ ਵਾਲੇ ਨੇ ਉਜਾੜ ਦਿੱਤਾ ਮੈਨੂੰ।' ਸੁਣ ਕੇ ਖਲੋਤੇ ਤੇਜੂ ਦੀਆਂ ਵੀ ਅੱਖਾਂ ਭਰ ਆਈਆਂ। ਉਸ ਨੂੰ ਚੇਤੇ ਆਇਆ ਕਿ ਜਿਸ ਦਿਨ ਮਹੀਨਾ ਚੜ੍ਹਦਾ ਸੀ ਉਹ ਪ੍ਰਸ਼ਾਦ ਲੈਣ ਦੇ ਵੇਲੇ ਜ਼ਰੂਰ ਗੁਰਦੁਆਰੇ ਪਹੁੰਚ ਜਾਂਦਾ ਸੀ। ਚਿੱਟੇ ਚੋਲੇ ਵਾਲਾ ਬਾਬਾ ਉਸ ਨੂੰ ਕੋਈ ਦੇਵਤਾ ਪੁਰਸ਼ ਲੱਗਦਾ ਹੁੰਦਾ ਸੀ। ਕਦੀ ਬੀਬੀ ਉਹਦੇ ਹੱਥ ਆਬੂ ਦਾਣੇ ਬਾਬੇ ਲਈ ਭੇਜਦੀ ਹੁੰਦੀ ਸੀ। ਤੇਜੂ ਨੂੰ ਬਾਬੇ 'ਤੇ ਅੰਤਾਂ ਦਾ ਗੁੱਸਾ ਆਇਆ ਜਿਹੜਾ ਉਸ ਦੀ ਮਾਂ ਨੂੰ ਮਗਰ ਲਾ ਕੇ ਲੈ ਗਿਆ ਸੀ। ਉਸ ਸੋਚਿਆ ਕਿ ਜੇ ਬਾਬਾ ਉਸਦੇ ਸਾਹਮਣੇ ਆਏ ਤਾਂ ਉਹ ਖੁਲਣੀ ਨਾਲ ਉਸਦੀ ਝਾਂਬੀ ਲਾਹ ਸੁੱਟੇ।

ਅਜਿਹੀਆਂ ਹੀ ਖੁਲਣੀਆਂ ਨਾਲ ਮੁੰਡੇ ਸਿਵੇ ਨੂੰ ਛੇੜ ਰਹੇ ਸਨ। ਉਨ੍ਹਾਂ 'ਚੋਂ ਇਕ ਨੇ ਆਵਾਜ਼ ਦਿੱਤੀ—'ਤਾਇਆ, ਤੂੰ ਵੀ ਗੁਰਦੁਆਰੇ ਜਾ ਆਉਣਾ ਸੀ। ਭਾਈ ਨੇ ਤਾਂ ਮਾਈ ਦਾ ਕੀਰਤਨ ਸੋਹਿਲਾ ਵੀ ਪੜ੍ਹ ਦਿੱਤਾ'। ਤੇਜੂ ਨੇ ਸੋਚਿਆ ਕਿਸ ਗੁਰਦੁਆਰੇ ਜਾਣ ਦੀ ਗੱਲ ਕਹਿੰਦੇ ਨੇ ਮੁੰਡੇ, ਜਿਥੇ ਜ਼ਨਾਨੀਆਂ ਨੂੰ ਉਧਾਲਣ ਦੀਆਂ ਸਕੀਮਾਂ ਘੜੀਆਂ ਜਾਂਦੀਆਂ ਨੇ ? ਜਿਉਂ ਭਾਈ ਉਸਦੀ ਮਾਂ ਨੂੰ ਲੈ ਕੇ ਭੱਜਿਆ ਸੀ ਮੁੜ ਗੁਰਦੁਆਰੇ ਵੜਨ ਨੂੰ ਉਸਦਾ ਵੱਢਿਆ ਰੂਹ ਨਹੀਂ ਸੀ ਕੀਤਾ। ਤੇਜੂ ਨੇ ਬੈਠੇ-ਬੈਠੇ ਅਵਾਜ਼ਾਰੀ ਜਿਹੀ ਮਹਿਸੂਸ ਕੀਤੀ। ਪਠਾਣਾਂ ਵਾਲੇ ਖੇਤ ਤੋਂ ਨਾੜ ਨੂੰ ਲੱਗੀ ਅੱਗ ਮਸਾਣਾਂ ਵੱਲ ਨੂੰ ਵਧਦੀ ਆ ਰਹੀ ਸੀ। ਸੇਕ ਚਾਰ-ਚੁਫ਼ੇਰੇ ਫੈਲ ਰਿਹਾ ਸੀ। ਉਸਨੇ ਫਲਾਹ ਦੇ ਖੁੰਘੇ ਨਾਲ ਟੰਗੇ ਡੋਲ੍ਹ 'ਚੋਂ ਪਾਣੀ ਪੀਤਾ ਤੇ ਆਪਣੇ ਆਪ ਨੂੰ ਥਾਂ ਸਿਰ ਕਰ ਕੇ ਪਹਿਲਾਂ ਵਾਲੀ ਥਾਂ 'ਤੇ ਬਹਿ ਗਿਆ। ਉਸਦੀ ਸੁਰਤੀ ਫਿਰ ਉਥੇ ਜਾ ਜੁੜੀ। ਆਤੂ ਖੋਜੀ ਨੇ ਖੋਜ ਕੱਢ ਲਈ ਸੀ ਬਾਬੇ ਦੇ ਟਿਕਾਣੇ ਦੀ। ਦਰਿਆਓਂ ਪਾਰ ਬੇਟ 'ਚ ਇਕ ਡੇਰੇ 'ਤੇ

ਆਉਣਾ ਜਾਣਾ ਸੀ ਬਾਬੇ ਦਾ। ਜ਼ਰੂਰ ਉਥੇ ਗਏ ਹੋਣਗੇ। ਲੰਬੜਦਾਰ ਨੇ ਜਾਣ ਦਾ ਪ੍ਰੋਗਰਾਮ ਦਿੱਤਾ। 'ਬੰਦੇ ਜਾਈਏ ਪੰਜ-ਸੱਤ। ਟੇਸ਼ਨ ਤੋਂ ਫੜੀਏ ਕਾਦੀਆਂ ਵਾਲੀ ਗੱਡੀ। ਉਥੋਂ ਭੇਟਾਂ ਦੇ ਪੱਤਣ। ਪੱਤਣੋਂ ਬੇੜੀ ਦਰਿਆ ਪਾਰ ਕਰਾਉਂਦੀ ਐ। ਦਰਿਆਉਂ ਪਾਰ ਉਹ ਡੇਰਾ ਜਿਥੋਂ ਲੱਭੂਗੀ ਰਾਮੇ ਦੀ ਨਾਮੋ।'

ਅਗਲੀ ਚੜ੍ਹਦੀ ਸਵੇਰ ਨੂੰ ਹੀ ਉਸਦਾ ਪਿਉ ਹੱਥਾਂ 'ਤੇ ਲੀਰ ਦੀਆਂ ਪੱਟੀਆਂ ਬੰਨ੍ਹ ਕੇ ਬਾਕੀ ਬੰਦਿਆਂ ਸਣੇ ਘਰੋਂ ਨਿਕਲ ਗਿਆ ਸੀ। ਉਹ ਸਾਰਾ ਦਿਨ ਉਦਾਸ-ਉਦਾਸ ਜਿਹਾ ਕਦੀ ਕੋਠੇ ਚੜ੍ਹਦਾ ਤੇ ਕਦੇ ਹੇਠਾਂ ਉਤਰਦਾ ਰਿਹਾ। ਖ਼ਾਲੀ ਘਰ ਉਸ ਨੂੰ ਵੱਢ ਖਾਣ ਨੂੰ ਆਏ। ਦਿਨ ਢਲੇ ਜਾ ਕੇ ਉਸਨੇ ਭੱਠੀ 'ਚੋਂ ਸੁਆਹ ਬਾਹਰ ਕੱਢੀ। ਕੜਾਹੀ ਭੱਠੀ ਉੱਤੇ ਰੱਖ ਕੇ ਆਪ ਅਣਮੰਨੇ ਜਿਹੇ ਮਨ ਨਾਲ ਅੱਗ ਡਾਹੁਣ ਵਾਲੀ ਥਾਂ 'ਤੇ ਬਹਿ ਗਿਆ। ਨਹੁੰਆਂ ਨਾਲ ਜ਼ਮੀਨ ਖੁਰਚੀ ਜਾਵੇ। ਥੋੜ੍ਹਾ ਪਰ੍ਹਾਂ ਪ੍ਰੀਤੂ ਛੜਾ ਆ ਖਲੋਤਾ ਸੀ। ਵੇਖਾ-ਵੇਖੀ ਹੋਰ ਵੀ ਆ ਖਲੋਤੇ ਸਨ। ਸਾਰਿਆਂ ਜਣਿਆਂ ਦੀ ਗੱਲਬਾਤ ਦਾ ਸਿਲਸਲਾ ਇਕ ਹੀ ਸੀ :

'ਇਸ ਜ਼ਨਾਨੀ ਦੇ ਲੱਛਣ ਚੰਗੇ ਨਹੀਂ ਸਨ।'

'ਚੰਗੀ ਹੁੰਦੀ ਤਾਂ ਰਾਮੇ ਮਹਿਰੇ ਦੇ ਆਉਂਦੀ ਹੀ ਕਿਉਂ ?'

'ਇਸ ਵੇਲੇ ਨੂੰ ਤਾਂ ਪੂਛਾਂ ਵਾਲਾ ਸੁਰਮਾ ਪਾ ਕੇ ਆ ਬਹਿੰਦੀ ਹੁੰਦੀ ਸੀ ਏਥੇ।'

'ਜਦੋਂ ਨਖ਼ਰੇ ਨਾਲ ਹੱਸਦੀ ਸੀ ਤਾਂ ਬੰਦਾ ਤਾਂ ਖਲੋਤਾ ਹੀ ਮਰ ਜਾਂਦਾ ਸੀ।'

'ਏਥੇ ਆ ਕੇ ਦੋ ਘੜੀਆਂ ਅੱਖਾਂ ਤੱਤੀਆਂ ਕਰ ਲਈਦੀਆਂ ਸਨ।'

'ਬਾਬੇ ਦੀ ਬੇੜੀ ਬਹਿ ਗਈ। ਪਿੰਡ ਦੀ ਰੌਣਕ ਮਾਰ ਕੇ ਰੱਖ 'ਤੀ ਝੋਟੇ ਨੇ।'

'ਜੇ ਲੱਭ ਜਾਏ ਤਾਂ ਦੋ ਰਾਤਾਂ ਮਹਿਰੀ ਨੂੰ ਘਰਾਟਾਂ ਵਾਲੇ ਕੋਠੇ 'ਚ ਰੱਖਣਾ ਚਾਹੀਦਾ, ਸਾਰਿਆਂ ਲਈ।'

ਗੁੰਮ-ਸੁੰਮ ਬੈਠੇ ਤੇਜੂ ਨੂੰ ਧਰਤੀ ਵਿਹਲ ਦਿੰਦੀ ਤਾਂ ਉਹ ਉਸ ਵਿਚ ਸਮਾ ਜਾਂਦਾ। ਉਸਨੇ ਭੱਠੀ ਦਾ ਨਿੱਕ-ਸੁੱਕ ਸਾਂਭਿਆ ਤੇ ਘਰ ਨੂੰ ਵਗ ਆਇਆ। ਤ੍ਰਿਕਾਲਾਂ ਪਈਆਂ। ਤਾਈ ਖਰਾਸ ਵਾਲੀ ਵੱਲੋਂ ਲਿਆਂਦੀਆਂ ਤੰਦੂਰ ਦੀਆਂ ਰੋਟੀਆਂ ਉਸ ਨੇ ਅਚਾਰ ਅਤੇ ਗੰਢੇ ਨਾਲ ਖਾਧੀਆਂ। ਵਿਹੜੇ ਵਿਚ ਡਿੱਠੀ ਵਾਣ ਵਾਲੀ ਮੰਜੀ 'ਤੇ ਟੇਢਾ ਹੋ ਗਿਆ।

ਅਗਲੇ ਦਿਨ ਡੂੰਘੇ ਖਾਉ-ਪੀਏ ਉਸਦਾ ਪਿਉ ਉਸਦੀ ਮਾਂ ਨੂੰ ਨਾਲ ਲੈ ਕੇ ਵਿਹੜੇ ਵੜਿਆ ਸੀ। ਉਸਨੇ ਗਹੁ ਨਾਲ ਮਾਂ ਵੱਲ ਵੇਖਿਆ। ਉਸਨੂੰ ਲੱਗਿਆ ਕਿ ਜਿਹੜੀ ਮਾਂ ਘਰੋਂ ਗਈ ਉਹ ਮਰ-ਮੁੱਕ ਗਈ ਹੋਵੇ। ਇਹ ਕੋਈ ਚਿਰਾਂ ਦੀ ਬਿਮਾਰੀ ਤੋਂ ਉੱਠੀ, ਲੱਤਾਂ ਧੂੰਹਦੀ, ਫੂਕ-ਫੂਕ ਕਦਮ ਰੱਖਦੀ ਕੋਈ ਹੋਰ ਔਰਤ ਹੋਵੇ। ਅੱਖਾਂ ਵਿਚਲੀ ਲਿਸ਼ਕ ਅਸਲੋਂ ਗ਼ਾਇਬ ਸੀ ਅਤੇ ਸਿਰ ਤੋਂ ਪੈਰਾਂ ਤਕ ਘੱਟਿਓ-ਘੱਟੀ ਹੋਈ ਬੇਪਛਾਣੀ ਜਿਹੀ ਲੱਗਦੀ ਸੀ ਉਹ। ਉਸ ਦੀਆਂ ਪੰਜੇਬਾਂ ਵਿਚਲੇ ਬੋਰ ਬਿਖੜੇ ਪੈਂਡਿਆਂ 'ਚ ਹੀ ਖਿੱਲਰ ਗਏ ਸਨ।

ਉਸਦਾ ਪਿਉ ਰਾਮਾ ਥੱਕਿਆ ਹਾਰਿਆ ਮੰਜੀ 'ਤੇ ਬਹਿ ਗਿਆ। ਤੇਜੂ ਨੇ ਪਾਣੀ ਦਿੱਤਾ। ਉਸਨੇ ਬਿਨਾਂ ਪੀਤੇ ਗਲਾਸ ਹੇਠਾਂ ਰੱਖ ਦਿੱਤਾ। ਉਹ ਕਿੰਨਾ ਚਿਰ ਮੰਜੀ ਦੀ ਬਾਹੀ ਨੂੰ ਦੋਹਾਂ ਹੱਥਾਂ ਨਾਲ ਘੁੱਟ ਕੇ ਬੈਠਾ ਰਿਹਾ। ਨਾਮੋ ਚੌਂਕੇ ਦੇ ਓਟੇ ਨੂੰ ਫੜ ਕੇ ਗੁੰਮ-ਸੁੰਮ ਹੋਈ ਪੈਰ ਦੇ ਅੰਗੂਠੇ ਨਾਲ ਜ਼ਮੀਨ ਖੁਰਚ ਰਹੀ ਸੀ। ਗੁਰਬਤ, ਨਮੋਸ਼ੀ ਅਤੇ ਗੁੱਸੇ ਦਾ ਭਰਿਆ ਪੀਤਾ ਰਾਮਾ ਉੱਠਿਆ ਤੇ ਨਾਮੋ ਨੂੰ ਵਾਲਾਂ ਤੋਂ ਧੂਹ ਕੇ ਹੇਠਾਂ ਸੁੱਟ ਕੇ ਠੁੱਡਾਂ, ਮੁੱਕੀਆਂ ਦਾ ਮੀਂਹ ਵਰ੍ਹਾਉਣ ਲੱਗਾ। ਨਾਲ ਨਾਲ ਹਰਾਮ ਦੀ, ਕੁੱਤੀ, ਗਸ਼ਤੀ, ਕੁੱਤੀ ਰੰਨ ਤੇ ਹੋਰ ਪਤਾ ਨਹੀਂ ਕੀ ਕੁਝ ਬਕੀ ਜਾ ਰਿਹਾ ਸੀ। ਕੰਧ ਨਾਲ ਖਲੋਤੇ ਤੇਜੂ ਦੀਆਂ ਲੱਤਾਂ ਕੰਬ ਰਹੀਆਂ ਸਨ। ਉਹ ਡੌਰ-ਭੌਰ ਹੋਇਆ ਬੁੱਤ ਬਣਿਆ ਝਾਕ ਰਿਹਾ ਸੀ। ਉਸਦਾ ਪਿਉ ਕੜਕਿਆ— 'ਉਏ ਭੈਣ ਮਰਾਉਣਿਆ, ਖੜਾ ਝਾਕੀ ਕੀ ਜਾਨੈ ? ਹਈਥੋਂ ਮਿਰਚਾਂ ਫੜਾ ਲੱਪ ਭਰ ਕੇ, ਤੁੰਨਾ ਹਰਾਮ ਦੀ ਸੱਟ ਦੇ



ਅੰਦਰ।' ਰੌਲਾ ਸੁਣ ਕੇ ਤਾਈ ਚਰਨ ਕੌਰ ਆ ਗਈ—'ਵੇ ਜਾਣ ਦੇ ਰਾਮਿਆ, ਤੀਵੀਂ ਨੂੰ ਕੀ ਮਾਰਨਾ ਹੋਇਆ। ਜਿਹਾ ਕੰਧ ਨੂੰ ਮਾਰ ਲਿਆ ਤੇਹਾ ਜ਼ਨਾਨੀ ਨੂੰ, ਜਿਹਨੇ ਅੱਗੋਂ ਹੱਥ ਨਹੀਂ ਫੜਨਾ। ਟੁੱਟ ਪੈਣਿਆਂ, ਛੱਡ ਦੇ ਰਮਾਨ ਨਾਲ ਬਹੁ ਹੁਣ।' ਰਾਮਾ ਹਫਦਾ ਹੋਇਆ ਪਿਛਲੇ ਕਮਰੇ 'ਚ ਜਾ ਵੜਿਆ। ਤਾਈ ਨੇ ਨਾਮੋ ਨੂੰ ਬਾਹੋਂ ਫੜ ਕੇ ਉਠਾਲਿਆ ਤੇ ਕਿਹਾ—'ਚੰਦਰੀਏ, ਤੀਵੀਂ ਦੇ ਲੀੜੇ 'ਤੇ ਲੱਗਾ ਇਕ ਵਾਰੀ ਦਾ ਦਾਗ਼ ਉਮਰ ਭਰ ਨਹੀਂ ਲਹਿੰਦਾ, ਤੂੰ ਭੋਰਾ ਖ਼ਿਆਲ ਕਰਦੀ। ਚੱਲ ਉੱਠ ! ਸੰਭਾਲ ਆਪਣੇ ਆਪ ਨੂੰ। ਪਿੰਡੇ ਪਾਣੀ ਪਾ। ਖੇਹ-ਮਿੱਟੀ ਨਾਲ ਭਰੇ ਲੀੜੇ ਬਦਲ। ਵਾਖ਼ਰੂ ਆਖ ਕੇ ਚੁੱਲ੍ਹੇ ਅੱਗ ਬਾਲ ਬਹਿ ਕੇ। ਬਹੁਤ ਗੱਲਾਂ ਬਣਾਉਣੀਆਂ ਦੁਨੀਆ ਨੇ। ਦੜ ਵੱਟ ਕੇ ਜਰ ਲਈਂ ਸਭ ਕੁਝ।' ਕਹਿੰਦਿਆਂ ਤਾਈ ਨਾਮੋ ਨੂੰ ਉਠਾ ਕੇ ਨਲਕੇ ਵੱਲ ਲੈ ਗਈ ਸੀ।

ਲੌਢੇ ਵੇਲੇ ਤਕ ਨੀਵੇਂ ਲੱਕ ਹੋ ਕੇ ਮਘਦੇ ਕੋਲਿਆਂ ਨੂੰ ਛੇੜਦੇ ਮੁੰਡੇ ਹਫ ਗਏ ਸਨ। ਉਹ ਤੇਜੂ ਦੇ ਦੁਆਲੇ ਆ ਕੇ ਬਹਿ ਗਏ। ਡੋਲੂ 'ਚੋਂ ਬਚਿਆ ਪਾਣੀ ਪੀ ਕੇ ਮੁੰਡੇ ਆਪਸ ਵਿਚ ਗੱਲੀਂ ਜੁਟ ਪਏ। ਤੇਜੂ ਨੂੰ ਯਾਦ ਆਇਆ ਕਿ ਇਨ੍ਹਾਂ ਹੀ ਮੜ੍ਹੀਆਂ ਵਿਚ ਉਹਦੇ ਪਿਉ ਦਾ ਸਿਵਾ ਬਲਿਆ ਸੀ। ਜਿਸ ਨੂੰ ਉਹ ਪਾਸੇ ਖਲੋਤਾ ਵੇਂਹਦਾ ਰਿਹਾ ਸੀ। ਉਸਦਾ ਪਿਉ ਦਿਨਾਂ 'ਚ ਹੀ ਉਨ੍ਹਾਂ ਨੂੰ ਇਕੱਲਿਆਂ ਛੱਡ ਤੁਰ ਗਿਆ ਸੀ। ਤੇਜੂ ਦੀ ਸੁਰਤੀ ਉਥੇ ਜਾ ਜੁੜੀ ਜਦੋਂ ਉਨ੍ਹਾਂ ਦੇ ਵਿਹੜੇ ਚੀਕ-ਚਿਹਾੜਾ ਮੱਚਿਆ ਹੋਇਆ ਸੀ। ਉਨ੍ਹਾਂ ਦੇ ਘਰ ਦੇ ਸਾਹਮਣੇ ਖੁੱਲ੍ਹੀ ਥਾਂ ਵਿਚ ਡਿੱਠੀ ਮੰਜੀ ਉੱਤੇ ਉਸਦੇ ਪਿਉ ਨੂੰ ਮੰਜੀ ਨਾਲ ਹੀ ਬੰਨ੍ਹਿਆ ਹੋਇਆ ਸੀ। ਉਹ ਛੁੱਟ ਜਾਣ ਲਈ ਤਰਲੋਮੱਛੀ ਹੋ ਰਿਹਾ ਸੀ। ਉਹ ਮੂੰਹ ਵਿਚ ਆਉਂਦੀ ਝੱਗ ਨੂੰ ਦੂਰ ਥੁੱਕਦਾ ਤਾਂ ਵੇਖਣ ਵਾਲੇ ਪਿਛਾਂਹ ਹਟ ਜਾਂਦੇ ਸਨ। ਭੀੜ 'ਚ ਖਲੋਤੇ ਤੇਜੂ ਨੂੰ ਸਮਝ ਨਾ ਆਵੇ ਕਿ ਉਸਦੇ ਪਿਉ ਨੂੰ ਇਸ ਤਰ੍ਹਾਂ ਕਿਉਂ ਬੰਨ੍ਹਿਆ ਗਿਆ ਹੈ। ਮਾਂ ਉਸਦੀ ਉਸਦੇ ਸਾਹਮਣੇ ਚੀਕਾਂ ਮਾਰਦੀ ਉੱਚੀ-ਉੱਚੀ ਰੋ ਰਹੀ ਸੀ। ਭੀੜ ਦੀਆਂ ਰੰਗ-ਬਿਰੰਗੀਆਂ ਆਵਾਜ਼ਾਂ ਉਸਦੇ ਕੰਨਾਂ ਨੂੰ ਖਾ ਰਹੀਆਂ ਸਨ :

'ਉਹ ਕੁੱਤਾ ਹਲਕਾਇਆ ਸੀ ਜਿਹਨੇ ਰਾਮੇ ਨੂੰ ਵੱਢਿਆ ਸੀ ਤਾਂ ਹੀ ਤਾਂ ਪੂਰੇ ਢਾਈ ਮਹੀਨਿਆਂ ਬਾਅਦ ਇਹਨੂੰ ਵੀ ਹਲਕਾਅ ਹੋ ਗਿਆ।'

'ਪਰ ਯਾਰ, ਸਰਕਾਰੀ ਦਵਾਖਾਨੇ ਤੋਂ ਟੀਕੇ ਲਵਾਉਣ ਤਾਂ ਜਾਂਦਾ ਹੁੰਦਾ ਸੀ।'

'ਕਿਥੇ ? ਬਸ ਢੱਕੀ ਰਹਿਣ ਦਿਉ। ਇਕੋ ਲੱਗਾ ਧੂੰਨੀ ਲਾਗੇ। ਮੁੜ ਕੇ ਦਵਾਖਾਨੇ ਦੇ ਗੇਟ ਤੋਂ ਹੀ ਵਾਪਸ ਮੁੜ ਆਉਂਦਾ ਰਿਹਾ।'

'ਵੋਟਾਂ ਵੇਲੇ ਮੀਟ ਮੁਰਗਾ ਵੀ ਖਾਂਦਾ ਰਿਹਾ। ਪਰਹੇਜ਼ ਨਹੀਂ ਕੀਤਾ ਇਸ ਨੇ।'

'ਕੁਝ ਵੀ ਐ, ਬੰਦਾ ਚੰਗਾ ਸੀ। ਮਾੜੀ ਹੋਈ ਐ ਵਿਚਾਰੇ ਨਾਲ।'

ਰਾਮੇ ਦੀਆਂ ਚੰਘਿਆੜਾਂ ਪਿੰਡ ਦੇ ਦੂਜੇ ਬੰਨੇ ਸੁਣਾਈ ਦੇ ਰਹੀਆਂ ਸਨ। ਕਿਸੇ ਦੇ ਚੁੱਲ੍ਹੇ ਅੱਗ ਨਾ ਬਲੀ। ਉਸ ਦਿਨ ਮਾਲ ਡੰਗਰ ਵੀ ਪੱਠੇ ਦੱਥੇ ਤੋਂ ਬਿਨਾਂ ਹੀ ਖੁਰਲੀਆਂ 'ਤੇ ਬੱਝਾ ਰਿਹਾ ਸੀ।

ਪਿੰਡ ਦੇ ਕੁਝ ਸਿਆਣੇ ਬੰਦਿਆਂ ਨੇ ਨਾਮੋ ਨੂੰ ਥੋੜ੍ਹਾ ਹਟਵਾਂ ਲਿਜਾ ਕੋਈ ਗੱਲ ਕੀਤੀ। ਦੋ ਆਦਮੀ ਅੱਡੇ ਵਾਲੇ ਹਕੀਮ ਬਰਕਤ ਰਾਮ ਕੋਲੋਂ ਕਾਲਾ ਸੰਖੀਆ ਮਾਰ ਕੇ ਤਿਆਰ ਕੀਤੀ ਕੋਈ ਦਵਾਈ ਲੈ ਕੇ ਆਏ। ਰਾਮੇ ਦੇ ਮੂੰਹ 'ਚ ਵੱਡਾ ਹੌਸਲਾ ਕਰਕੇ ਦਵਾਈ ਵਾਲੀ ਬੋਤਲ ਪਲਟ ਦਿੱਤੀ ਗਈ। ਤੜਫਦਾ ਰਾਮਾ ਚੰਦ ਮਿੰਟਾਂ 'ਚ ਹੀ ਸਹਿਜ ਹੋ ਗਿਆ। ਅੱਖਾਂ ਤਾੜੇ ਜਾ ਲੱਗੀਆਂ। ਉਸ ਦੀਆਂ ਲੱਤਾਂ-ਬਾਹਾਂ ਬੇਜਾਨ ਹੋ ਗਈਆਂ। ਉਸਦਾ ਦੋ ਕੁ ਵਾਰੀ ਘੋਰੜੂ ਜਿਹਾ ਵੱਜਿਆ ਤੇ ਧੌਣ ਇਕ ਪਾਸੇ ਨੂੰ ਟੇਢੀ ਹੋ ਗਈ। ਤੇਜੂ ਨੇ ਵੇਖਿਆ ਕਿ ਬੀਬੀ ਨੇ ਉਸ ਦੇ ਪੈਰਾਂ ਵੱਲ ਸਿਰ ਰੱਖ ਕੇ ਅਸਮਾਨ ਪਾੜਵੀਂ ਧਾਹ ਮਾਰੀ ਤੇ ਵਿਰਲਾਪ ਕਰਨ ਲੱਗੀ :

'ਵੇ ਮੇਰੇ ਸਿਰ ਦੇ ਸਾਈਆਂ, ਮੈਨੂੰ ਕਿਸ ਗੋਚਰੀ ਛੱਡ ਗਿਆ ਤੂੰ ?...ਮੇਰੇ ਸਰਦਾਰਾ ਮੈਨੂੰ ਵੀ ਨਾਲ ਲੈ ਚਲਦੋਂ...ਤੂੰ ਨਾ ਮਰਦਾ ਮੈਂ ਮਰ ਜਾਂਦੀ....ਤੇਰੇ ਬਾਝੋਂ ਜਗ ਉਜੜ ਗਿਆ ਮੇਰਾ।...ਵੇ ਲੋਕੋ ਕੋਈ

ਜਾਂਦੇ ਨੂੰ ਮੋੜੋ ਵੇ।'

ਕਈ ਗੱਲਾਂ ਉਸਦੇ ਰੋਣ-ਕਰਲਾਉਣ ਕਰਕੇ ਸਮਝ 'ਚ ਨਹੀਂ ਸਨ ਆ ਰਹੀਆਂ। ਉਸ ਦੇ ਵਾਲ ਖੁੱਲ੍ਹ ਕੇ ਉਸ ਦੇ ਚਿਹਰੇ 'ਤੇ ਆ ਗਏ ਸਨ। ਉਸ ਦੀ ਵੀਣੀ ਵਿਚਲੀਆਂ ਮਹੀਨ ਗਾਜਰੀ ਚੂੜੀਆਂ ਟੁੱਟ ਕੇ ਜ਼ਮੀਨ 'ਤੇ ਖਿੱਲਰ ਗਈਆਂ ਸਨ। ਉਹ ਆਪਣੇ ਆਪ ਨੂੰ ਓਦੋਂ ਤਕ ਕੋਂਹਦੀ ਰਹੀ ਜਦੋਂ ਤਕ ਬੇਸੁਰਤ ਹੋ ਕੇ ਜ਼ਮੀਨ 'ਤੇ ਨਾ ਡਿੱਗ ਪਈ।

ਏਥੇ ਹੀ ਤਾਂ ਉਸਨੇ ਪਿਉ ਦੇ ਸਿਵੇ ਨੂੰ ਲਾਂਬੂ ਲਾਇਆ ਸੀ। ਫਿਰ ਪਤਾ ਨਹੀਂ ਪਿਉ ਨੂੰ ਯਾਦ ਕਰਕੇ ਜਾਂ ਮਾਂ ਨੂੰ ਕਿ ਤੇਜੂ ਦੀਆਂ ਅੱਖਾਂ 'ਚੋਂ ਮੋਹ ਵੇਦਨਾ ਦੇ ਅੱਥਰੂ ਵਹਿਣ ਲੱਗ ਪਏ। ਸਿਵਿਆਂ ਦੀ ਤਪੀ ਜ਼ਮੀਨ 'ਤੇ ਨਿੱਠ ਕੇ ਬੈਠੇ ਤੇਜੂ ਨੂੰ ਉਹ ਮੰਜ਼ਰ ਅਜੇ ਕੱਲ੍ਹ ਦਾ ਹੀ ਲੱਗਦਾ ਸੀ। ਜਦੋਂ ਉਸਦੇ ਪਿਉ ਮਰੇ 'ਤੇ ਪਿੰਡ ਵਾਲਿਆਂ ਮਹੀਨਾ ਭਰ ਉਨ੍ਹਾਂ ਨੂੰ ਚੁੱਲ੍ਹੇ ਅੱਗ ਨਹੀਂ ਸੀ ਬਾਲਣ ਦਿੱਤੀ। ਤਾਈ ਚਰਨ ਕੌਰ ਨੇ ਆਪ ਅੱਗੇ ਲੱਗ ਕੇ ਪਿੰਡ 'ਚੋਂ ਆਟਾ ਚੌਲ ਤੇ ਹੋਰ ਨਿਕ-ਸੁਕ ਇਕੱਠਾ ਕਰਕੇ ਦਿੱਤਾ ਸੀ ਤੇ ਲੋੜ ਗੋਚਰੇ ਪੈਸੇ ਵੀ। ਭਾਪੇ ਦੀ ਦਸਵੀਂ 'ਤੇ ਆਈਆਂ ਮੁਕਾਣਾਂ ਨੂੰ ਰੋਟੀ ਵੀ ਸਾਂਝੇ ਲੰਗਰ 'ਚੋਂ ਖੁਵਾਈ ਸੀ।

ਭੋਗ ਤਕ ਤਾਂ ਲੋਕਾਂ ਦੀ ਆਵਾਜਾਈ ਬਣੀ ਰਹੀ ਪਰ ਬਾਅਦ ਵਿਚ ਕਦੀ ਨਾ ਮੁੱਕਣ ਵਾਲੀ ਇਕੱਲਤਾ। ਤੇਜੂ ਸੋਚਦਾ ਕਿ ਭਾਪਾ ਜਦੋਂ ਕਿਸੇ ਦਾ ਸੁਨੇਹਾ ਦੇਣ ਜਾਣਾ ਹੁੰਦਾ ਸੀ ਤਾਂ ਬੀਬੀ ਮੂੰਹ ਹਨੇਰੇ ਉੱਠ ਕੇ ਚੁੱਲ੍ਹੇ ਅੱਗ ਬਾਲਦੀ ਹੁੰਦੀ ਸੀ। 'ਵੇਲੇ ਸਿਰ ਮੁੜਿਆ ਕਰ, ਪਹਿਰ ਰਾਤ ਗਈ ਘਰ ਵੜਦਾ ਤੂੰ' ਕਹਿੰਦੀ ਚਾਈਂ-ਚਾਈਂ ਬਾਹਰਲੇ ਦਰਵਾਜ਼ੇ 'ਚੋਂ ਤੋਰਨ ਜਾਂਦੀ ਹੁੰਦੀ ਸੀ। ਸੂਰਜ ਛਿਪਣ ਸਾਰ ਤੇਜੂ ਨੂੰ ਪਿਉ ਰਾਹ ਵੇਖਣ ਲਈ ਫਿਰਨੀ ਤੋਂ ਬਾਹਰਵਾਰ ਸੂਏ ਤਕ ਵੇਖਣ ਨੂੰ ਭੇਜਦੀ ਹੁੰਦੀ ਸੀ। ਜਦ ਕਦੀ ਪਿਉ ਦੋ ਹਾੜੇ ਲਾ ਕੇ ਘਰ ਆਉਂਦਾ ਤਾਂ ਉਸ ਨੂੰ ਝਈਆਂ ਲੈ ਲੈ ਪੈਂਦੀ, 'ਕੋਈ ਹੋਸ਼ ਕਰਿਆ ਕਰ, ਹੋਰ ਚੌਂਹ ਵਰ੍ਹਿਆਂ ਨੂੰ ਨੂੰਹ ਘਰ ਆਉਣ ਵਾਲੀ ਐ, ਬਹੁਤ ਚੰਗਾ ਲੱਗੇਂਗਾ ਇਸ ਤਰ੍ਹਾਂ ਖੌਰੂ ਪਾਉਂਦਾ ?' ਉਹ ਵੀ ਅੱਗੋਂ ਬਰਾਬਰ ਦੀ ਚੋਟ ਕਰਦਾ—'ਓ ਭੈਣ ਮਰਾਉਣੀਏ, ਐਸ਼ ਕਰਿਆ ਕਰ ਐਸ਼। ਜਦੋਂ ਉਹ ਵੇਲਾ ਆਵੇਗਾ ਵੇਖੀ ਜਾਵੇਗੀ।' ਫਿਰ ਤੇਜੂ ਨੂੰ ਦਬਕਾ ਮਾਰ ਕੇ ਆਖਦਾ 'ਉਏ ਭੈਣ ਮਰਾਉਣਿਆ, ਹਈਥੇ ਖੜ੍ਹਾ ਮਾਂ ਨੂੰ ਝਾਕੀ ਜਾਨੈ ਜਿਵੇਂ ਓਪਰੇ ਪਿੰਡੋਂ ਆਈ ਐ, ਬਾਲਣ ਸਾਰਾ ਤ੍ਰੇਲਿਆ ਗਿਆ, ਜਾਹ ਕੋਠੇ ਚੜ੍ਹ, ਬਾਲਣ ਇਕੱਠਾ ਕਰ ਤੇ ਉਪਰ ਤੱਪੜ ਪਾ ਕੇ ਆ।'

ਭਾਪੇ ਦੇ ਤੁਰ ਜਾਣ ਤੋਂ ਬਾਅਦ ਘਰ ਵਿਚ ਮੌਤ ਵਰਗੀ ਚੁੱਪ ਛਾਈ ਰਹਿੰਦੀ ਸੀ। ਦਿਨ ਅੰਦਰ ਬਾਹਰ ਹੁੰਦਾ ਤਾਂ ਤੇਜੂ ਫਿਰਨੀ ਤੋਂ ਪਾਰ ਸੂਏ ਦੇ ਕੰਢੇ 'ਤੇ ਖਲੋ ਕੇ ਘਰਾਟਾਂ ਵਾਲੇ ਰਾਹ ਤੇ ਅੱਡੀਆਂ ਚੁੱਕ ਚੁੱਕ ਕੇ ਦੂਰ ਤੀਕ ਝਾਤੀ ਮਾਰਦਾ। ਸੂਏ ਦੇ ਕੰਢੇ 'ਤੇ ਉੱਗੇ ਸਰਕੰਡਿਆਂ ਓਹਲੇ ਡੁੱਬ ਗਏ ਸੂਰਜ ਦੀ ਲਾਲੀ ਨੂੰ ਕਿੰਨਾ-ਕਿੰਨਾ ਚਿਰ ਖਲੋਤਾ ਝਾਕਦਾ ਰਹਿੰਦਾ।

ਉਸ ਨੂੰ ਲੱਗਦਾ ਜਿਵੇਂ ਦੂਰ ਖ਼ਲਾਅ 'ਚੋਂ ਉਸਦਾ ਪਿਉ ਮੋਢੇ ਝੋਲਾ ਲਮਕਾਈ ਮਧਰੀਆਂ ਲੱਤਾਂ ਨਾਲ ਤੇਜ਼ ਪੁਲਾਂਘਾਂ ਪੁੱਟਦਾ ਝੋਲੇ ਵਿਚੋਂ ਮੁਰਮੁਰਾ ਕੱਢ ਕੇ ਉਸ ਵੱਲ ਵਧਾਉਂਦਾ ਕਹਿ ਰਿਹਾ ਹੋਵੇ— 'ਓਏ ਭੈਣ ਮਰਾਉਣਿਆ ਭਾਪਾ ਬਸਰੇ ਦੀ ਲਾਮ 'ਚ ਗਿਆ ਸੀ, ਏਡਾ ਰਾਹ ਵੇਖਣ ਆਇਆਂ ?'

ਤੇਜੂ ਕਈ ਵਾਰ ਵੇਖਦਾ ਕਿ ਹਰ ਵੇਲੇ ਸਭ ਨੂੰ ਖਿੜੇ ਮੱਥੇ ਮਿਲਣ ਵਾਲੀ ਉਸ ਦੀ ਮਾਂ ਗੁੰਮ-ਸੁੰਮ ਪਈ ਰਹਿੰਦੀ ਸੀ। ਚੁੱਲ੍ਹੇ 'ਚੋਂ ਕੱਢੀ ਸੁਆਹ ਨੂੰ ਬਿਨ ਮਤਲਬ ਫਰੋਲਦੀ ਰਹਿੰਦੀ, ਜਿਵੇਂ ਉਸ ਵਿਚ ਉਸਦਾ ਕੁਝ ਗੁਆਚ ਗਿਆ ਹੋਵੇ। ਕੜਾਹੀ ਵਿਚੋਂ ਛੋਲੇ ਭੁੱਜ ਕੇ ਕਾਲੇ ਹੋ ਜਾਂਦੇ, ਉਸ ਨੂੰ ਕੁੱਜਾ ਫੇਰਨ ਦੀ ਸੋਝੀ ਨਾ ਰਹਿੰਦੀ।

'ਭਾਵੇਂ ਬੰਦਾ ਹੋਵੇ ਜਾਂ ਕੁੱਤਾ ਇਸ ਕੰਮ 'ਚ ਜੁੱਤੀ ਬੜੀ ਫਿਰਦੀ ਐ।' ਬਿੱਲੇ ਹੱਟੀ ਵਾਲੇ ਦੀ ਆਵਾਜ਼ ਸੁਣ ਕੇ ਤੇਜੂ ਦੀ ਸੁਰਤੀ ਥੋੜ੍ਹਾ ਹਟਵਾਂ ਬੈਠੇ ਮੁੰਡਿਆਂ ਦੀਆਂ ਗੱਲਾਂ ਵੱਲ ਮੁੜੀ। ਨਾਈਆਂ ਦਾ ਗਿੰਦਰ ਮਸਾਲਾ ਲਾ-ਲਾ ਕੇ ਕੋਈ ਰਾਜ ਸਾਂਝਾ ਕਰ ਰਿਹਾ ਸੀ। 'ਜਦੋਂ ਲੰਬੜਦਾਰ ਉਨ੍ਹਾਂ ਦੇ ਘਰ ਗਿਆ



ਉਦੋਂ ਤੂੰ ਕਿਥੇ ਸੀ ?' ਪੁੱਛਣ ਤੇ ਗਿੰਦਰ ਖਚਰਾ ਜਿਹਾ ਹਾਸਾ ਹੱਸਦਿਆਂ ਕਹਿੰਦਾ, 'ਉਦੋਂ ਤਾਂ ਸ਼ੇਰ ਜ਼ੰਜੀਰਾਂ 'ਚ ਜਕੜਿਆ ਸੀ ਅਗਲਿਆਂ।' 'ਅੱਛਾ ! ਚੱਪਲਾਂ ਦੀ ਆਵਾਜ਼ ਤਾਂ ਇਉਂ ਆਉਂਦੀ ਸੀ ਜਿਵੇਂ ਡਾਕਖਾਨੇ ਮੋਹਰਾਂ ਲੱਗਦੀਆਂ ਹੋਣ।' ਦੂਜੇ ਨੇ ਛੇੜਿਆ, 'ਯਾਰ ਉਸਨੇ ਨਾ ਛਡਵਾਇਆ ਤੈਨੂੰ ?' ਪੁੱਛਣ 'ਤੇ ਗਿੰਦਰ ਕਹਿੰਦਾ—'ਉਹ ਤਾਂ ਸਾਲੀ ਸੀਖਾਂ ਵਾਲੀ ਬਾਰੀ 'ਚੋਂ ਐ ਝਾਕਦੀ ਸੀ ਜਿਵੇਂ ਮਨ੍ਹੇ 'ਚੋਂ ਉੱਲੂ ਝਾਕਦੈ।' ਦੂਜੇ ਨੇ ਸੁਆਦ ਲੈਂਦਿਆਂ ਪੁੱਛਿਆ—'ਬੱਬਰ ਸ਼ੇਰ ਢਾਹਿਆ ਕਿਸ ਤਰ੍ਹਾਂ ਗਿਆ ਸੀ ? ਪਹਿਲਾਂ ਤਾਂ ਸਬਾਤ 'ਚ ਉਹੀ ਸੌਂਦੀ ਹੁੰਦੀ ਸੀ। ਉਸ ਦਿਨ ਉਸਦੀ ਮਾਂ ਪਈ ਸੀ। ਆਪਾਂ ਜਾ ਵੜੇ ਉਸੇ ਦੀ ਰਜਾਈ 'ਚ।' 'ਫਿਰ ?' ਇਕੋ ਸਾਹੇ ਕਈ ਆਵਾਜ਼ਾਂ ਆਈਆਂ। 'ਫਿਰ ਕੀ, ਫਿਰ ਅੱਲ੍ਹਾ ਕਰੇ ਤੇ ਬੰਦਾ ਜਰੇ। ਵੱਜਦੀਆਂ ਨੂੰ ਵਾਰ ਨਾ ਆਏ। ਫੜ ਕੇ ਧਰੇਕ ਨਾਲ ਬੰਨਿਆ ਯਾਰਾਂ ਨੂੰ ਜਿਵੇਂ ਬਿੱਜੂ ਬੰਨਿਆ ਹੁੰਦਾ।' ਸਾਰਿਆਂ ਦੇ ਸਾਂਝੇ ਹਾਸੇ ਵਿਚ ਬਿੱਲਾ ਹੱਟੀ ਵਾਲਾ ਕਹਿੰਦਾ, 'ਯਾਰ ਇਹ ਉਮਰ ਹੀ ਇਸ ਤਰ੍ਹਾਂ ਦੀ ਹੁੰਦੀ ਐ। ਵੱਜੀਆਂ ਕਿੰਨਾ ਕੁ ਚਿਰ ਚੇਤੇ ਰਹਿੰਦੀਆਂ ਨੇ।' ਉਨ੍ਹਾਂ ਦੀਆਂ ਗੱਲਾਂ ਤੋਂ ਤੇਜੂ ਨੂੰ ਯਾਦ ਆਇਆ ਕਿ ਉਸਦੀ ਵੀ ਤਾਂ ਇਸੇ ਤਰ੍ਹਾਂ ਦੀ ਹੀ ਉਮਰ ਸੀ ਜਦੋਂ ਉਸਨੇ ਰੋਹੀ ਦੇ ਪਰਲੇ ਕੰਢੇ ਬੱਕਰੀਆਂ ਚਾਰਦੀ ਜਗੀਰੋ ਸਾਂਸਣ ਦੀ ਬਾਂਹ ਉਸਨੇ ਜਾ ਫੜੀ ਸੀ ਤਾਂ ਹੋ-ਹੱਲਾ ਮਚ ਗਿਆ ਸੀ। ਸਾਂਸੀ ਸਾਰੀ ਰਾਤ ਉਨ੍ਹਾਂ ਦੇ ਬੂਹੇ ਅੱਗੇ ਖੋਤੇ-ਘੋੜੇ ਇਕ ਕਰਦੇ ਰਹੇ ਸਨ। ਦਿਨ ਚੜ੍ਹੇ ਪਰ੍ਹੇ ਇਕੱਠੀ ਹੋਈ। ਮੇਵਾ ਚੌਂਕੀਦਾਰ ਤੇਜੂ ਨੂੰ ਉਸਦੀ ਮਾਂ ਸਣੇ ਸੱਦ ਲਿਆਇਆ ਸੀ। ਤੈਸ਼ ਆਏ ਸਾਂਸੀ 'ਵਾ ਨੂੰ ਤਲਵਾਰਾਂ ਮਾਰਨ, ਅਖੇ—ਇਹ ਸੜੀ ਫੂਕੀ ਜ਼ਾਤ ਦੀ ਜੁਰਤ ਕਿਵੇਂ ਪਈ ਸਾਡੀ ਇੱਜ਼ਤ ਨੂੰ ਹੱਥ ਪਾਉਣ ਦੀ। ਅਸੀਂ ਇਸ ਮਹਿਰੀ ਨੂੰ ਨੰਗੀ ਕਰਕੇ ਪਿੰਡ 'ਚ ਘੁੰਮਾਵਾਂਗੇ ਤੇ ਫਿਰ ਜਾਵਾਂਗੇ ਠਾਣੇ। ਜਦੋਂ ਪਟਾ ਫਿਰਿਆ ਚਿੱਤੜਾਂ 'ਤੇ ਵੇਖਿਓ ਫਿਰ ਕੁੜੀ ਜਾਵ੍ਹੇ ਦਾ ਮਜਨੂੰ-ਪੁਣਾ ਕਿਧਰ ਨੂੰ ਜਾਂਦਾ।'

ਲੰਬੜਦਾਰ ਨੇ ਗਲ ਵਲਦਿਆਂ ਕਿਹਾ ਸੀ—'ਜੇ ਤੁਸੀਂ ਪਿੰਡ ਦੀ ਇੱਜ਼ਤ ਠਾਣੇ ਕਚਹਿਰੀ 'ਚ ਹੀ ਰੋਲਣੀ ਐ ਤਾਂ ਇਨ੍ਹਾਂ ਦਾੜ੍ਹੀਆਂ ਵਾਲਿਆਂ ਨੂੰ ਬਠਾਉਣ ਦੀ ਕੀ ਲੋੜ ਸੀ ? ਤੇਜੂ ਨੂੰ ਚੇਤਾ ਆਇਆ ਕਿ ਉਸਦੀ ਮਾਂ ਨੇ ਅੱਗੇ ਹੋ ਕੇ ਸਿਰ ਦਾ ਲੀੜਾ ਫਲਾਉਂਦਿਆਂ ਵਾਸਤਾ ਪਾਇਆ ਸੀ ਕਿ ਮੈਂ ਸਿਰੋਂ ਨੰਗੀ ਤੁਹਾਡੇ ਅੱਗੇ ਹੱਥ ਬੰਨਦੀ ਆਂ, ਇਸ ਨੂੰ ਤੇ ਮੈਨੂੰ ਇਥੇ ਹੀ ਮੁਆਫ਼ ਕਰ ਦਿਉ। ਜਿੰਨੀ ਇਸ ਡੱਕਰੇ ਕਰਾਉਣੇ ਦੀ ਗਤ ਹੋ ਗਈ ਐ, ਬੰਦਾ ਹੋਵੇਗਾ ਤਾਂ ਸਾਰੀ ਉਮਰ ਕਿਸੇ ਦੀ ਧੀ-ਭੈਣ ਵੱਲ ਅੱਖ ਚੁੱਕ ਕੇ ਨਹੀਂ ਵੇਖੇਗਾ। ਤਖ਼ਤ ਪੋਸ਼ 'ਤੇ ਬੈਠੇ ਬੰਦਿਆਂ ਨੇ ਸਲਾਹ ਮਸ਼ਵਰਾ ਕੀਤਾ ਤੇ ਲੰਬੜਦਾਰ ਨੇ ਫ਼ੈਸਲਾ ਸੁਣਾਇਆ, ਜਿਸ ਨੂੰ ਸੁਣ ਕੇ ਤੇਜੂ ਸੁੰਨ ਹੋ ਕੇ ਰਹਿ ਗਿਆ ਸੀ। ਜਗੀਰੋ ਨੂੰ ਵੀ ਪਰ੍ਹੇ ਵਿਚ ਸੱਦਿਆ ਗਿਆ। ਉਸਨੇ ਆਉਂਦਿਆਂ ਹੀ ਪੰਜ ਸੱਤ ਚੱਪਲਾਂ ਉਸ ਦੇ ਸਿਰ 'ਤੇ ਜੜ ਦਿੱਤੀਆਂ। ਅੱਧ ਕੱਢੇ ਘੁੰਢ ਵਿਚੋਂ 'ਹਰਾਮ ਦਿਆ ਘਰ ਮਾਂ ਹੈਗੀ ਤੇਰੀ ਉਸ ਨੂੰ ਫੜਿਆ ਕਰ ਜਿਥੋਂ ਮਰਜ਼ੀ' ਤੇ ਹੋਰ ਅਬਾ-ਤਬਾ ਬੋਲਦੀ ਜਗੀਰੋ ਨੂੰ ਵਿਹੜੇ ਦੀਆਂ ਔਰਤਾਂ ਬਾਹੋਂ ਫੜ ਪਰ੍ਹੇ ਲੈ ਗਈਆਂ ਸਨ। ਮੇਵੇ ਚੌਂਕੀਦਾਰ ਨੇ ਤਵੇ ਦੀ ਕਾਲਖ ਤੇਜੂ ਦੇ ਮੂੰਹ 'ਤੇ ਮਲਦਿਆਂ ਕਿਹਾ— 'ਪੁੱਤ ਵਿਆਹ ਵਾਲੇ ਘਰ 'ਚ ਤਾਂ ਦਹੀਂ ਜ਼ਰਦਾ ਵਿਖਾ ਵਿਖਾ ਕੇ ਖਾਂਦੈ, ਹੁਣ ਵੇਖ ਮਜਾ ਬਿਗਾਨੀ ਨਾਰ ਨੂੰ ਛੇੜਨ ਦਾ।'

ਤੇਜੂ ਨੂੰ ਯਾਦ ਆਇਆ ਕਿ ਕਈ ਚਿਰ ਉਹ ਇਸ ਕੁੱਤੇ ਖਾਣੀ ਦਾ ਮਾਰਿਆ ਉਹ ਘਰੋਂ ਨਹੀਂ ਸੀ ਨਿਕਲਿਆ। ਜਦ ਕਦੀ ਉਹ ਸ਼ੀਸ਼ੇ ਸਾਹਮਣੇ ਖਲੋਂਦਾ ਤਾਂ ਉਸ ਨੂੰ ਕਾਲਖ ਨਾਲ ਪੋਚਿਆ ਬੇਪਛਾਣਾ ਜਿਹਾ ਚਿਹਰਾ ਵਿਖਾਈ ਦਿੰਦਾ ਸੀ। ਜਿਸ ਨੂੰ ਵੇਖ ਕੇ ਉਹ ਆਪਣੇ ਆਪ ਨੂੰ ਸ਼ਰਮਿੰਦਗੀ ਅਤੇ ਜ਼ਿੱਲਤ ਦੇ ਮਣ੍ਹਾਂ ਮੂੰਹੀਂ ਭਾਰ ਥੱਲੇ ਦੱਬਿਆ ਮਹਿਸੂਸ ਕਰਦਾ ਸੀ।

'ਭਈ ਨਾੜ ਨੂੰ ਲੱਗੀ ਅੱਗ ਨੇ ਚਾਰੇ ਪਾਸਿਉਂ ਜ਼ਮੀਨ ਨੂੰ ਲੂਹ ਕੇ ਰੱਖ ਦਿੱਤਾ ਏ। ਮਚੀ ਅੱਗ ਵੇਖਦੀ ਐ ਕੁਝ ?' ਮੁੰਡਿਆਂ ਦੀ ਗੱਲ ਸੁਣ ਕੇ ਤੇਜੂ ਨੇ ਸੋਚਿਆ ਕਿ ਉਸ ਦੇ ਅੰਦਰ ਵੀ ਤਾਂ ਇਕ ਅੱਗ ਹਮੇਸ਼ਾ ਮਚੀ ਰਹਿੰਦੀ ਸੀ ਜਿਸ ਦੇ ਸੇਕ 'ਚ ਉਹ ਧੁਰ ਅੰਦਰ ਤੀਕ ਝੁਲਸਿਆ ਰਹਿੰਦਾ ਸੀ। ਪਿੰਡ 'ਚ ਕਿਸੇ ਹਾਣੀ

ਦਾ ਵਿਆਹ ਹੁੰਦਾ ਤਾਂ ਉਹ ਡਾਢੀ ਹਸਰਤ ਨਾਲ ਨਵੀਂ ਵਿਆਹੀ ਜੋੜੀ ਨੂੰ ਨਿਹਾਰਦਾ। ਸੋਚਦਾ ਕਿ ਉਸ ਦੇ ਗੁੱਟ 'ਤੇ ਗਾਨਾ ਕਦੋਂ ਬੱਝੇਗਾ ? ਕਦੋਂ ਕੋਈ ਮੁਟਿਆਰ ਛਣ-ਛਣ ਕਰਦੀ ਉਸਦੇ ਪਿੱਛੇ-ਪਿੱਛੇ ਘਰ ਵਿਚ ਪੈਰ ਧਰੇਗੀ ? ਉਨ੍ਹਾਂ ਦੇ ਬੇਤਰਤੀਬੇ ਵਿਹੜੇ ਵਿਚ ਕਦੋਂ ਗਿੱਧੇ ਦੀ ਧਮਾਲ ਪਵੇਗੀ। ਇਨ੍ਹਾਂ ਖ਼ਿਆਲੀ ਉਲਝਣਾਂ 'ਚ ਗੁਆਚਾ ਤੇਜੂ ਕਈ ਵਾਰੀ ਆਪਣੇ ਹੀ ਵਿਆਹ ਵਿਚ ਜਾ ਪਹੁੰਚਦਾ। ਉਸ ਨੂੰ ਜਾਪਦਾ ਜਿਵੇਂ ਮਹਿੰਗਾ ਨਾਈ ਉਨ੍ਹਾਂ ਦੀ ਖੁਰਲੀ ਲਾਗੇ ਚੌਲਾਂ ਵਾਲੀ ਦੇਗ ਵਿਚ ਖੁਰਪਾ ਫੇਰ ਰਿਹਾ ਹੈ। ਮੇਵਾ ਚੌਂਕੀਦਾਰ ਦੇਗ ਹੇਠਾਂ ਕਿੱਕਰ ਦੇ ਛਾਪਿਆਂ ਦੀ ਅੱਗ ਮੱਠੀ ਨਹੀਂ ਪੈਣ ਦੇ ਰਿਹਾ। ਥੋੜ੍ਹਾ ਹਟਵਾਂ ਖਲੋਤੀ ਜਗੀਰੋ ਸਾਂਸਣ ਲੰਮੀ ਬਾਂਹ ਕਰਕੇ ਉੱਚੀ ਉੱਚੀ ਅਸੀਸਾਂ ਦੇ ਰਹੀ ਹੈ। 'ਜੀਵੇ ਸਿਹਰੇ ਗਾਨੇ ਵਾਲਾ...ਬਾਪੂ ਰਾਮ ਸਿਹੁੰ ਦੀ ਅੰਸ ਨੂੰ ਭਾਗ ਲੱਗੇ ਰਹਿਣ...ਦੁੱਧੀਂ ਪੁੱਤੀਂ ਭਾਗ ਲੱਗਣ...ਪੋਤਰੇ ਖਿਡਾਵੇ ਮਾਂ ਨਾਮ ਕੌਰ...।' ਤੇਜੂ ਨੇ ਜਗੀਰੋ ਨੂੰ ਵੇਖ ਕੇ ਮਨ 'ਚ ਗਾਲ ਕੱਢੀ, 'ਕੁੱਤੀ ਸਾਂਸਣ, ਸਾਲੀ ਕਿੱਦਾਂ ਰਾਗ ਅਲਾਪਣ ਡਹੀ ਐ, ਜਿਵੇਂ ਬੜੀ ਸਾਡੀ ਸਗੀ ਸੋਧਰੀ ਹੋਵੇ।'

ਉਹ ਇਨ੍ਹਾਂ ਉਲਝਣਾਂ 'ਚੋਂ ਬਾਹਰ ਨਿਕਲਦਾ ਤਾਂ ਕਿਸੇ ਵਿਆਹ ਵਾਲੇ ਘਰ ਜੂਠੀਆਂ ਥਾਲੀਆਂ ਮਾਂਜ ਰਿਹਾ ਹੁੰਦਾ। ਸੁਆਹ ਨਾਲ ਮਾਂਜੇ ਗਲਾਸ ਥਾਲੀਆਂ ਨੂੰ ਪਾਣੀ ਵਾਲੇ ਟੱਬ 'ਚ ਧੋਂਦਿਆਂ ਤੇਜੂ ਨੇ ਦਿਲ ਵੱਡਾ ਕਰਕੇ ਨਾਮੋ ਨੂੰ ਕਿਹਾ ਸੀ 'ਬੀਬੀ ਇਸ ਵਾਰੀ ਧੌਂਕਲ ਵਾਲੇ ਪੀਰ ਦੇ ਨਾ ਹੋ ਕੇ ਆਈਏ ?' ਉਸ ਦੀ ਮਾਂ ਨੇ ਉਸ ਦੇ ਚਿਹਰੇ 'ਤੇ ਨਿਗਾਹ ਗੱਡਦਿਆਂ ਗੂੜ੍ਹੀ ਰਮਜ ਨਾਲ ਕਿਹਾ ਸੀ—'ਪੁੱਤ ਧੌਂਕਲ ਵਾਲੇ 'ਚ ਪਹਿਲਾਂ ਵਾਲੀ ਕਣੀ ਨਹੀਂ ਰਹੀ।' ਤੇਜੂ ਮਨ ਵਿਚ ਕ੍ਰਿਝਦਾ ਤੇ ਸੋਚਦਾ, 'ਮੇਰੀ ਵਾਰੀ ਧੌਂਕਲ ਪੀਰ 'ਚ ਦਮ ਨਹੀਂ ਰਿਹਾ।'

ਲਹਿੰਦੇ ਵੱਲੋਂ ਹਵਾ ਦਾ ਬੁੱਲ੍ਹਾ ਜਿਹਾ ਉਠਿਆ ਜਿਹੜਾ ਜ਼ਮੀਨ ਤੋਂ ਕੱਖ-ਕਾਨ, ਸੁੱਕੇ ਪੱਤੇ, ਪਾਟੀਆਂ ਲੀਰਾਂ ਤੇ ਕਾਗ਼ਜ਼ਾਂ ਨੂੰ ਗੋਲ ਗੋਲ ਘੁਮਾਉਂਦਾ ਮੜ੍ਹੀਆਂ ਦੇ ਵਿਚਕਾਰੋਂ ਦੀ ਲੰਘਦਾ ਦੂਰ ਅਸਮਾਨ ਵੱਲ ਨੂੰ ਚੜ੍ਹ ਰਿਹਾ ਸੀ। ਤੇਜੂ ਦੋਵੇਂ ਹੱਥ ਪੱਗ ਨੂੰ ਪਾ ਕੇ ਵਾ-ਵਰੋਲੇ 'ਚ ਘਿਰੇ ਅੱਧ ਅਸਮਾਨੇ ਉਡਦੇ ਕੱਖ ਕਾਨ ਨੂੰ ਨੀਝ ਲਾ ਕੇ ਝਾਕ ਰਿਹਾ ਸੀ।

ਉਸਨੂੰ ਯਾਦ ਆਇਆ ਕਿ ਇਸੇ ਤਰ੍ਹਾਂ ਦੀ ਘੁੰਮਣਘੇਰੀ ਨੂੰ ਵੇਖ ਕੇ ਉਸਦੀ ਮਾਂ ਨੂੰ ਨ੍ਹੇਰਨੀ ਜਿਹੀ ਆ ਗਈ ਸੀ ਜਦੋਂ ਉਹ ਕੰਧਾਂ ਕੋਠੇ ਲਿੱਪਣ ਲਈ ਕੰਮੀਆਂ ਵਾਲੇ ਛੱਪੜ ਦੇ ਲੱਕ-ਲੱਕ ਪਾਣੀ 'ਚੋਂ ਮਿੱਟੀ ਕੱਢ ਰਹੇ ਸਨ। ਤੇਜੂ ਨੇ ਦੋਹਾਂ ਹੱਥਾਂ 'ਚ ਪਿੱਤਲ ਦੀ ਪਰਾਤ ਫੜੀ ਹੋਈ ਸੀ ਤੇ ਨਾਮੋ ਨੀਵੇਂ ਲੱਕ ਹੋ ਕੇ ਪਾਣੀ 'ਚੋਂ ਮਿੱਟੀ ਦਾ ਰੁੱਗ ਭਰਦਿਆਂ ਉਪਰ ਅਸਮਾਨੇ ਚੜ੍ਹੇ ਕਾਗ਼ਜ਼ੀ ਮੋਮੀ ਲਫ਼ਾਫ਼ੇ ਤੇ ਹੋਰ ਲੀਰ-ਪੁਰਾਣ ਨੂੰ ਅੰਬਰੀ ਘੁੰਮਦਿਆਂ ਵੇਖ ਕੇ ਨ੍ਹੇਰਨੀ ਜਿਹੀ ਖਾ ਗਈ ਸੀ। ਤੇਜੂ ਨੇ ਪਰਾਤ ਪਾਣੀ 'ਚ ਤੈਰਦੀ ਛੱਡ ਕੇ ਡਿੱਗਦੀ ਡਿੱਗਦੀ ਮਾਂ ਨੂੰ ਬਾਹਾਂ 'ਚ ਬੋਚ ਲਿਆ ਸੀ। ਤੇਜੂ ਨੇ ਮਹਿਸੂਸ ਕੀਤਾ ਕਿ ਭਿੱਜੇ ਲੀੜਿਆਂ 'ਚ ਸਾਹੋ ਸਾਹੀ ਹੋਈ ਉਹ ਜਿਵੇਂ ਸਾਰੀ ਦੀ ਸਾਰੀ ਉਸ ਦੀਆਂ ਬਾਹਾਂ 'ਚ ਸਮਾ ਜਾਣਾ ਚਾਹੁੰਦੀ ਹੋਵੇ। ਤੇਜੂ ਨੇ ਢਾਸਣਾ ਦੇ ਕੇ ਉਸ ਨੂੰ ਕੰਢੇ 'ਤੇ ਲਿਆ ਬਿਠਾਇਆ ਸੀ।

ਤੇਜੂ ਦੇ ਚੇਤਿਆਂ 'ਚ ਅੱਜ ਵੀ ਉਹ ਘਟਨਾ ਤਰੋ ਤਾਜ਼ਾ ਸੀ ਜਦੋਂ ਢਾਰੇ ਦੀ ਛੱਤ ਨੂੰ ਲਿੱਪਣ ਲਈ ਉਪਰ ਮਿੱਟੀ ਦੇ ਬਲਾਟੇ ਸੁੱਟਦਿਆਂ ਛੱਤ ਹੇਠ ਪਾਇਆ ਧਰੇਕ ਦਾ ਤੋੜ੍ਹਾ ਅੱਧ ਵਿਚਾਲਿਉਂ ਟੁੱਟ ਗਿਆ ਸੀ। ਉਹ ਮਿੱਟੀ ਘੱਟੇ ਤੇ ਹੋਰ ਲੱਕੜ-ਤਿੰਮੜ ਸਣੇ ਭੋਇੰ 'ਤੇ ਆ ਡਿੱਗਾ ਸੀ। ਉਸਦੇ ਹੋਰ ਗੁੱਝੀਆਂ ਸੱਟਾਂ ਤੋਂ ਇਲਾਵਾ ਦੋਵੇਂ ਗੁੱਟ ਟੁੱਟ ਗਏ ਸਨ। ਪਾਖਰਪੁਰੀਏ ਚਮਨ ਨੇ ਦੋਹਾਂ ਗੁੱਟਾਂ ਨੂੰ ਤੇਲ ਲਾ ਕੇ ਮਲ ਕੇ ਹੱਡੀ ਨੂੰ ਟਿਕਾਣੇ ਕੀਤਾ। ਉਪਰ ਲਕੜੀ ਦੀਆਂ ਪਤਲੀਆਂ ਪਤਲੀਆਂ ਚਪਟੀਆਂ ਰੱਖ ਕੇ ਪੱਟੀਆਂ ਬੰਨ੍ਹੀਆਂ ਤੇ ਦੋਹਾਂ ਬਾਹਾਂ ਨੂੰ ਗਲ 'ਚ ਪਾ ਦਿੱਤਾ ਸੀ। ਨਾਮੋ ਤੇਜੂ ਦਾ ਭੋਰਾ ਵਿਸਾਹ ਨਾ ਖਾਂਦੀ। ਉਸ ਨੂੰ ਆਸਰਾ ਦੇ ਕੇ ਅੰਦਰ ਬਾਹਰ ਕਰਦੀ। ਉਸਦੇ ਲੀੜੇ ਕੱਪੜੇ ਬਦਲਦੀ। ਆਪਣੇ ਹੱਥਾਂ ਨਾਲ ਉਸ ਨੂੰ ਖਵਾਉਂਦੀ ਪਿਆਉਂਦੀ। ਵਾਣ ਦੀ ਮੰਜੀ 'ਤੇ ਬਿਠਾ ਉਸ ਨੂੰ ਦਿਨ ਢਲੇ ਦੋਵਾਂ ਗੁੱਟਾਂ ਦਾ ਬਚਾ ਕਰਦਿਆਂ ਨਵਾਇਆ



ਜਾਂਦਾ ਤੇ ਫਿਰ ਉਸ ਦੇ ਪਿੰਡੇ ਨੂੰ ਕੱਪੜੇ ਨਾਲ ਪੂੰਝ ਕੇ ਸਰ੍ਹੋਂ ਦੇ ਤੇਲ ਨਾਲ ਮਾਲਸ਼ ਕੀਤੀ ਜਾਂਦੀ। ਉਹ ਖੇਸ ਲੈ ਕੇ ਆਪਣੀਆਂ ਬੇਜਾਨ ਬਾਹਾਂ ਨੂੰ ਹਿੱਕ 'ਤੇ ਰੱਖ ਕੇ ਲੇਟ ਜਾਂਦਾ। ਨਾਮੋ ਉਪਰ ਤੋਂ ਥੱਲੇ ਤਕ ਮਾਲਸ਼ ਕਰਦੀ। ਤੇਜੂ ਦੇ ਸਰੀਰ 'ਚੋਂ ਬਿਜਲੀ ਦੇ ਕਰੰਟ ਵਰਗੀ ਇਕ ਲਹਿਰ ਜਿਹੀ ਉਠਦੀ ਜਿਹੜੀ ਸਿਰ ਵੱਲੋਂ ਪੈਰਾਂ ਵੱਲ ਨੂੰ ਦੌੜਦੀ ਮਹਿਸੂਸ ਹੁੰਦੀ। ਉਸ ਨੂੰ ਝੁਣਝੁਣੀ ਜਿਹੀ ਆਉਂਦੀ। ਉਹ ਆਪਣੀਆਂ ਬੰਦ ਅੱਖਾਂ ਥੋੜ੍ਹੀਆਂ ਜਿਹੀਆਂ ਖੋਲ੍ਹ ਕੇ ਵੇਖਦਾ, ਉਸ ਨੂੰ ਲੱਗਦਾ ਜਿਵੇਂ ਨ੍ਹਾਮੋ ਕਿਸੇ ਗਾੜ੍ਹੇ ਸਰੂਰ 'ਚ ਚਿਰਾਂ ਦੀ ਗਵਾਚੀ ਸ਼ੈਅ ਨੂੰ ਤਲਾਸ਼ਣ ਦੀ ਕੋਸ਼ਿਸ਼ ਕਰ ਰਹੀ ਹੋਵੇ। ਉਸ ਨੂੰ ਰੋਟੀ ਪਾਣੀ ਜਾਂ ਕਿਸੇ ਹੋਰ ਆਹਰ ਦਾ ਵੀ ਚੇਤਾ ਭੁੱਲਿਆ ਰਹਿੰਦਾ ਸੀ। ਉਹ ਵੀ ਵਕਤ ਸਿਰ ਹੀ ਮੰਜੀ ਦੇ ਪੈਂਦ ਵੱਲ ਪਈ ਚਾਦਰ ਨੂੰ ਪੈਰਾਂ ਨਾਲ ਉਪਰ ਨੂੰ ਖਿੱਚਣ ਦੀ ਕੋਸ਼ਿਸ਼ ਕਰਦਾ ਤੇ ਨ੍ਹਾਮੋ ਬਾਹਰ ਵਾਲਾ ਬੂਹਾ ਢੋਅ ਕੇ ਹੱਥ 'ਚ ਤੇਲ ਵਾਲੀ ਸ਼ੀਸ਼ੀ ਫੜ ਕੇ ਚੁੱਪ ਚੁਪੀਤੇ ਮੰਜੇ ਦੀ ਬਾਹੀ 'ਤੇ ਆ ਬੈਠਦੀ ਸੀ। ਤੇਜੂ ਗੂੜ੍ਹੇ ਵਿਸਮਾਦ 'ਚ ਸੁਆਦ ਸੁਆਦ ਹੁੰਦਾ ਸੋਚਦਾ ਜਿਉਂ ਧੌਂਕਲ ਵਾਲੇ ਪੀਰ ਨੇ ਘਰੇ ਬੈਠਿਆਂ ਖ਼ੈਰ ਉਸ ਦੀ ਝੋਲੀ 'ਚ ਪਾ ਦਿੱਤੀ ਹੋਵੇ।

ਉਸ ਨੇ ਵੇਖਿਆ ਕਿ ਸਿਵੇ ਦੀ ਰਾਖ 'ਚੋਂ ਸੁਆਹ ਦੇ ਕਣ ਉੱਡ ਕੇ ਉਸ ਵੱਲ ਆ ਰਹੇ ਸਨ। ਉਸ ਨੂੰ ਲੱਗਿਆ ਜਿਵੇਂ ਉਹ ਮਾਂ ਦੀ ਗੋਦੀ 'ਚ ਬੈਠਾ ਹੋਵੇ। ਮਾਂ ਉਸਨੂੰ ਢੇਰ ਸਾਰਾ ਪਿਆਰ ਦੇਂਦੀ ਖ਼ੁਸ਼ ਹੋ ਰਹੀ ਹੋਵੇ। ਤੇਜੂ ਨੇ ਮੱਥੇ 'ਤੇ ਹੱਥ ਰੱਖ ਕੇ ਚੜ੍ਹਦੇ ਵੱਲ ਝਾਤੀ ਮਾਰੀ। ਦੂਰ ਅੰਬਰਾਂ 'ਚ ਵਿਰਲੇ ਟਾਵੇਂ ਕਾਲੇ-ਸਲੇਟੀ ਬੱਦਲ ਇਕੱਠੇ ਹੋ ਰਹੇ ਸਨ।

'ਤਾਇਆ, ਲੱਗਦਾ ਅੱਜ ਕਣੀਆਂ ਪੈਣਗੀਆਂ।'

ਮੁੰਡੇ ਦੀ ਗੱਲ ਸੁਣ ਕੇ ਤੇਜੂ ਨੇ ਸੋਚਿਆ ਕਿ ਮੀਂਹ ਤਾਂ ਮੋਹਲੇਧਾਰ ਵਰ੍ਹਨਾ ਚਾਹੀਦਾ ਐ। ਸੜਦੀ ਧਰਤੀ ਦੀ ਹਿੱਕ ਜ਼ਰਾ ਠੰਡੀ ਹੋਵੇ। ਚਾਰੇ ਪਾਸਿਉਂ ਵਧਦੀ ਆਉਂਦੀ ਅੱਗ ਮੱਠੀ ਪਵੇ। ਮੀਂਹ ਦੇ ਰੋੜ੍ਹ 'ਚ ਧਰਤੀ ਮਾਂ ਦੇ ਪਿੰਡੇ 'ਤੇ ਲੱਗੀ ਕਾਲਖ਼ ਵੀ ਧੋਤੀ ਜਾਏ। ਉਹ ਕਦੀ ਲਹਿੰਦੇ ਵੱਲ ਦੂਰ ਡੁੱਬਦੇ ਸੂਰਜ ਵੱਲ ਤੇ ਕਦੀ ਚੜ੍ਹਦੇ ਵੱਲੋਂ ਉੱਠਦੀਆਂ ਬੱਦਲੀਆਂ ਵੱਲ ਨੀਝ ਲਾ ਕੇ ਵੇਖ ਰਿਹਾ ਸੀ। ਉਸ ਨੇ ਫਲਾਹ ਦੇ ਮੁੱਢ ਨਾਲ ਖੜੀ ਕੀਤੀ ਖੂੰਡੀ ਨੂੰ ਚੁੱਕਿਆ ਤੇ ਸੰਭਲ-ਸੰਭਲ ਕੇ ਕਦਮ ਪੁੱਟਦਾ ਪਿੰਡ ਵੱਲ ਤੁਰ ਪਿਆ।

*ਪਤਾ -498-ਏ, ਜਸਪਾਲ ਨਗਰ,ਸੁਲਤਾਨਵਿੰਡ ਰੋਡ, ਅੰਮ੍ਰਿਤਸਰ, ਫ਼ੋਨ : 98721 65707*

## ਹਿੰਦੀ ਕਹਾਣੀ/ **ਆਚਾਰੀਆ ਦੀ ਚੀਕ**/ ਉਦੈ ਪ੍ਰਕਾਸ਼

ਆਚਾਰੀਆ ਦਾ ਫਲੈਟ ਕੈਂਪਸ ਦੇ ਬਿਲਕੁਲ ਨੇੜੇ ਸੀ। ਉੱਥੋਂ ਹਰੇ-ਭਰੇ ਜੰਗਲਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਸੀ। ਜੰਗਲ ਅਤੇ ਇਕਾਂਤ ਬਿਲਕੁਲ ਸ਼ਾਂਤ। ਰਾਤ ਦੇ ਭੋਜਨ ਤੋਂ ਪਿੱਛੋਂ ਕੁਝ ਵਿਦਿਆਰਥੀ ਟਹਿਲਣ ਲਈ ਨਿਕਲੇ ਹੋਏ ਸਨ। ਲੱਗਭੱਗ ਸਾਢੇ ਦਸ ਵਜੇ ਦਾ ਸਮਾਂ ਹੋਵੇਗਾ।

ਆਚਾਰੀਆ ਦੇ ਮਕਾਨ ਵਲੋਂ ਜ਼ੋਰ-ਜ਼ੋਰ ਨਾਲ ਕਿਸੇ ਦੇ ਕਰਾਹੁਣ ਦੀਆਂ ਅਵਾਜ਼ਾਂ ਆ ਰਹੀਆ ਸਨ।

ਵਿਦਿਆਰਥੀਆਂ ਨੇ ਸੁਣਿਆ।

ਆਚਾਰੀਆ ਦੇ ਕੁਝ ਪੱਕੇ ਸ਼ਾਗਿਰਦ ਵੀ ਉਨ੍ਹਾਂ ਵਿੱਚ ਸਨ। ਉਹ ਚਿੰਤਤ ਹੋ ਗਏ। ਉਹਨੀਂ ਦਿਨੀਂ ਅਜਿਹੀਆਂ ਕਈ ਖ਼ਬਰਾਂ ਛਪੀਆਂ ਸਨ, ਜਿਨ੍ਹਾਂ ਅਨੁਸਾਰ ਘਰੇਲੂ ਨੌਕਰ ਮਾਲਕ ਦਾ ਗਲਾ ਘੁੱਟ ਕੇ ਜਾਂ ਛੁਰਾ ਮਾਰ ਕੇ ਮਾਲ ਲੈ ਕੇ ਫ਼ਰਾਰ ਹੋ ਗਏ ਸਨ। ਕੁਝ ਫ਼ੜੇ ਵੀ ਗਏ ਸਨ।

ਵਿਦਿਆਰਥੀਆਂ ਨੇ ਸੁਨਣਾ ਸ਼ੁਰੂ ਕੀਤਾ। ਉਹ ਕਿਸੇ ਅਣਹੋਣੀ ਦੇ ਸ਼ਕ ਵਿੱਚ ਗ੍ਰਸੇ ਸਨ।

ਕਰਾਹੁਣ ਦੀ ਅਵਾਜ਼ ਹੁਣ ਤੇਜ਼ ਅਤੇ ਕੁਝ ਛੇਤੀ-ਛੇਤੀ ਹੋ ਰਹੀ ਸੀ। ਆਖ਼ਰ ਇੱਕ ਵਿਦਿਆਰਥੀ

ਨੇ ਹਿੰਮਤ ਕੀਤੀ। ਉਹ ਦੱਬੇ ਪੈਰੀਂ ਆਚਾਰੀਆ ਦੇ ਫਲੈਟ ਵੱਲ ਗਿਆ। ਪਾਈ ਫ਼ੜ ਕੇ ਕੋਹੜ-ਕਿਰਲੀ ਵਾਂਗੂ ਉਹ ਪਹਿਲੀ ਮੰਜ਼ਲ ਦੇ ਉਸ ਕਮਰੇ ਦੀ ਖਿੜਕੀ ਤੱਕ ਪਹੁੰਚਿਆ ਜਿੱਥੋਂ ਹਲਕੀ ਜਿਹੀ ਰੋਸ਼ਨੀ ਆ ਰਹੀ ਸੀ।

ਵਿਦਿਆਰਥੀ ਨੇ ਖਿੜਕੀ ਦੇ ਪਰਦੇ ਦੀ ਝੀਤ ਵਿੱਚੋਂ ਅੰਦਰਲਾ ਦ੍ਰਿਸ਼ ਦੇਖਿਆ। ਜਿਸ ਤੋਂ ਪਿੱਛੋਂ ਉਹ ਉੱਥੇ ਕੁਝ ਦੇਰ ਤੱਕ ਜੰਮਿਆ ਰਿਹਾ।

ਦ੍ਰਿਸ਼ ਇਹ ਸੀ ਕਿ ਆਚਾਰੀਆ ਜੀ, ਜਿਹੜੇ ਆਪਣੇ ਉਮਰ ਦੀ ਅੱਧੀ ਸਦੀ ਪੂਰੀ ਕਰ ਚੁੱਕੇ ਸਨ, ਇਸ ਸਮੇਂ ਸਹਿਵਾਸ ਕਰ ਰਹੇ ਸਨ। ਜਿਹੜੀ ਔਰਤ ਉਨ੍ਹਾਂ ਦੇ ਨਾਲ ਸੀ, ਉਹ ਉਹੀ ਸੀ ਜਿਸਨੂੰ ਪਿਛਲੇ ਦਿਨੀਂ ਉਨ੍ਹਾਂ ਨੇ ਪ੍ਰਾ-ਅਧਿਆਪਕਾ ਦੇ ਪਦ ਤੇ ਅਸਥਾਈ (ਐਡਹਾਕ) ਤੌਰ ਤੇ ਨਿਯੁਕਤ ਕੀਤਾ ਸੀ।

ਅਸਲ ਵਿੱਚ ਆਚਾਰੀਆ ਜੀ ਦੇ ਪਿਛਲੇ ਹਿੱਸੇ ਤੇ ਕੋਈ ਵਾਲਤੋੜ, ਨਾਸੂਰ ਜਾਂ ਫ਼ੋੜਾ ਹੋ ਗਿਆ ਸੀ। ਆਨੰਦ ਦੀ ਚਰਮ ਸੀਮਾ ਵਿੱਚ ਜਦ ਆਚਾਰੀਆ ਜੀ ਦੀਆਂ ਪੇਸ਼ੀਆਂ ਖਿੱਚੀਆਂ ਜਾਂਦੀਆਂ ਤਾਂ ਤਿੱਖੀ ਅਸਹਿਣਯੋਗ ਪੀੜ ਦਾ ਅਹਿਸਾਸ ਉਨ੍ਹਾਂ ਨੂੰ ਹੁੰਦਾ। ਜਿਵੇਂ ਕਿਸੇ ਨੇ ਅਚਾਨਕ ਦੇਹ ਦੇ ਅੰਦਰ ਬਹੁਤ ਲੰਬਾ ਸੂਆ ਖੋਭ ਦਿੱਤਾ ਹੋਵੇ। ਅਤੇ ਕਈ-ਕਈ ਕੇਕੜਿਆਂ ਅਤੇ ਬਿੱਛੂਆਂ ਨੇ ਇਕੱਠਿਆ ਡੰਗ ਮਾਰ ਦਿੱਤਾ ਹੋਵੇ। ਜਿੰਨੀ ਵਾਰ ਆਨੰਦ ਪ੍ਰਾਪਤ ਕਰਨ ਦੀ ਕੋਸ਼ਿਸ਼ ਆਚਾਰੀਆ ਕਰਦੇ, ਓਨੀ ਵਾਰ ਅਸਹਿ ਵੇਦਨਾ ਉਨ੍ਹਾਂ ਨੂੰ ਹੁੰਦੀ ਅਤੇ ਉਹ ਕਰਾਹ ਉੱਠਦੇ।

ਉਹ ਵਿਦਿਆਰਥੀ ਪਾਈਪ ਦੇ ਸਹਾਰੇ ਉਦੋਂ ਤੱਕ ਹੇਠਾਂ ਉੱਤਰ ਰਿਹਾ ਸੀ, ਜਦ ਆਚਾਰੀਆ ਛੇਤੀ-ਛੇਤੀ ਅਤੇ ਜ਼ੋਰ-ਜ਼ੋਰ ਨਾਲ ਕਰਾਹੁਣ ਲੱਗੇ ਸਨ।

ਉਸ ਵਿਦਿਆਰਥੀ ਨੇ ਮੁੜ ਕੇ ਆਚਾਰੀਆ ਦੇ ਫ਼ਲੈਟ ਦੇ ਅੰਦਰਲੇ ਦ੍ਰਿਸ਼ ਨੂੰ ਉੜਦੀ ਨਜ਼ਰੇ ਦੇਖਣ ਦਾ ਯਤਨ ਕੀਤਾ।

ਸਾਰੇ ਵਿਦਿਆਰਥੀ ਮੁੜ ਆਏ।

ਹੌਲੀ-ਹੌਲੀ ਇਹ ਸੱਚ ਪਹਿਲਾਂ ਵਿਭਾਗ ਅਤੇ ਫ਼ਿਰ ਪੂਰੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿੱਚ ਫ਼ੈਲ ਗਿਆ।

ਆਚਾਰੀਆ ਇਸ ਤੋਂ ਪੂਰੀ ਤਰ੍ਹਾਂ ਅਣਭਿੱਜ ਸਨ।

ਹੁਣ ਰਾਤ ਦੇ ਦਸ ਵੱਜਦਿਆਂ ਹੀ ਝੁੰਡਾਂ ਦੇ ਝੁੰਡ ਵਿਦਿਆਰਥੀ ਜੰਗਲ ਵੱਲ ਟਹਿਲਣ ਜਾਂਦੇ ਅਤੇ ਆਚਾਰੀਆ ਦੇ ਫ਼ਲੈਟ ਵਿੱਚੋਂ ਉੱਠਣ ਵਾਲੀਆਂ ਅਜੀਬ ਆਵਾਜ਼ਾਂ ਦੀ ਉਡੀਕ ਕਰਦੇ।

ਕਈ ਵਾਰ ਤਾਂ ਆਚਾਰੀਆ ਸੱਚਮੁੱਚ ਵਾਲ ਤੋੜ, ਨਾਸੂਰ ਜਾਂ ਉਸ ਫੋੜੇ ਦੀ ਪੀੜ ਨਾਲ ਚੀਕ ਰਹੇ ਹੁੰਦੇ, ਤਦ ਵੀ ਉਨ੍ਹਾਂ ਦੀ ਅਵਾਜ਼ ਰਾਤ ਦੇ ਹਨੇਰੇ ਵਿੱਚ ਫ਼ਲੈਟ ਦੇ ਚਾਰੇ ਪਾਸੇ ਝਾੜੀਆਂ ਦੇ ਪਿੱਛੇ ਲੁਕੇ ਹੋਏ ਵਿਦਿਆਰਥੀਆਂ ਦੇ ਅੰਦਰ ਇੱਕ ਨਾ ਵਰਨਣ ਹੋ ਸਕਣ ਵਾਲੇ ਸੁੱਖ ਦਾ ਸੰਚਾਰ ਕਰਦੀ।

ਆਚਾਰੀਆ ਦੇ ਕਰਾਹੁਣ ਦੀ ਆਵਾਜ਼ ਉਸ ਮਕਾਨ ਤੋਂ ਬਾਹਰ ਆਉਂਦੀ ਅਤੇ ਮੁੰਡੇ ਇਕ ਦੂਜੇ ਦਾ ਮੋਢਾ ਦੱਬਕੇ ਹੌਲੀ ਜਿਹੀ ਫੁਸਫ਼ਸਾਉਂਦੇ, 'ਜੁਟੇ ਰਹੋ, ਗੁਰੂ ਜੀ, ਜੁਟੇ ਰਹੋ!'

**ਅਨੁਵਾਦ: ਭਜਨਬੀਰ ਸਿੰਘ**

*ਮੂਲ ਲੇਖਕ ਉਦੈ ਪ੍ਰਕਾਸ਼, 9/2, ਜੱਜ ਕਲੋਨੀ, ਨਿਆਏ ਮਾਰਗ, ਸੈਕਟਰ-9, ਵੈਸ਼ਾਲੀ, ਗਾਜ਼ੀਆਬਾਦ-201010*

*ਅਨੁ. ਭਜਨਬੀਰ ਸਿੰਘ, ਮੋਬਾਇਲ 98556-75724, # 239, ਨੇੜੇ ਏ.ਸੀ.ਨੈਸ਼ਨਲ ਪਬਲਿਕ ਸਕੂਲ, ਪ੍ਰੀਤ ਕਲੋਨੀ, ਜ਼ੀਰਕਪੁਰ-140603, ਜ਼ਿਲਾ ਐਸ.ਏ.ਐਸ. ਨਗਰ (ਮੋਹਾਲੀ) ਪੰਜਾਬ।*



# ਮੋਹਨ ਲਾਲ ਫਿਲੌਰੀਆ ਦਾ ਕਥਾ ਸੰਸਾਰ

## /ਡਾ. ਹਰਜਿੰਦਰ ਸਿੰਘ ਅਟਵਾਲ

ਮੋਹਨ ਲਾਲ ਪੰਜਾਬੀ ਕਥਾ ਜਗਤ ਵਿਚ ਲਗਭਗ ਡੇਢ ਦਹਾਕੇ ਤੋਂ ਸਿਰਜਣਾ ਨਾਲ ਜੁੜਿਆ ਹੋਇਆ ਅਜਿਹਾ ਕਥਾਕਾਰ ਹੈ, ਜੋ ਅੱਜ ਇਕ ਵਿਲੱਖਣ ਪਛਾਣ ਬਣਾ ਚੁੱਕਾ ਹੈ। ਉਸ ਨੇ ਅੱਜ ਤਕ ਲਗਭਗ 54 ਕਹਾਣੀਆਂ ਲਿਖੀਆਂ ਹਨ, ਜਿਨ੍ਹਾਂ ਵਿਚੋਂ 52 ਕਹਾਣੀਆਂ ਪੁਸਤਕਾਂ 'ਸਰਕਾਰੀ ਵਰਦੀ', 'ਲਾਗੀ', 'ਮਿੱਟੀ ਦਾ ਬੋਝ' ਅਤੇ 'ਮੋਚੀ ਦਾ ਪੁੱਤ' ਵਿਚ ਸ਼ਾਮਲ ਹਨ ਜਦ ਕਿ ਦੋ ਕਹਾਣੀਆਂ 'ਨਿੱਕੇ ਨਿੱਕੇ ਹੱਥ' ਅਤੇ 'ਕਿਸ਼ਤਾਂ ਵਿਚ ਆਤਮ ਹੱਤਿਆ' ਦੋ ਵੱਖ-ਵੱਖ ਰਸਾਲਿਆਂ ਵਿਚ ਛਪੀਆਂ ਹਨ। ਹੋ ਸਕਦਾ ਹੈ ਕਿ ਇਨ੍ਹਾਂ ਤੋਂ ਬਿਨਾਂ ਹੋਰ ਕਹਾਣੀਆਂ ਵੀ ਪ੍ਰਕਾਸ਼ਤ ਹੋਈਆਂ ਹੋਣ, ਪਰ ਮੇਰੀ ਨਜ਼ਰੇ ਉਪਰੋਕਤ 54 ਕਹਾਣੀਆਂ ਹੀ ਪਈਆਂ ਹਨ। ਉਂਜ ਕਿਸੇ ਸਿਰਜਣਾਤਮਕ ਲੇਖਕ ਦੀਆਂ ਏਨੀਆਂ ਰਚਨਾਵਾਂ ਵੀ ਕਾਫ਼ੀ ਹੁੰਦੀਆਂ ਹਨ, ਉਸ ਦੀ ਚਰਚਾ ਲਈ। ਪੰਜਾਬੀ ਪਾਠਕ / ਆਲੋਚਕ ਤਾਂ ਕੇਵਲ ਇਕ ਕਹਾਣੀ ਦੇ ਆਧਾਰ 'ਤੇ ਹੀ ਕਿਸੇ ਲੇਖਕ ਨੂੰ ਸੰਸਾਰ ਪੱਧਰ ਦੇ ਮਹਾਨ ਲੇਖਕਾਂ ਦੀ ਕਤਾਰ ਵਿਚ ਖੜਾ ਕਰ ਸਕਣ ਦੀ ਸਮਰਥਾ ਵੀ ਰੱਖਦੇ ਹਨ। ਮੋਹਨ ਲਾਲ ਨੇ ਜਦੋਂ 1994 ਵਿਚ ਪਹਿਲੀ ਕਥਾ ਪੁਸਤਕ 'ਸਰਕਾਰੀ ਵਰਦੀ' ਨਾਲ ਪੰਜਾਬੀ ਕਹਾਣੀ ਜਗਤ ਵਿਚ ਪ੍ਰਵੇਸ਼ ਕੀਤਾ ਸੀ ਤਾਂ ਉਦੋਂ ਹੀ ਆਪਣੇ ਕਥਾ ਸ਼ਾਸਤਰ ਦੀਆਂ ਸੀਮਾਵਾਂ ਤਹਿ ਕਰ ਲਈਆਂ ਸਨ। ਇਹ ਸੀਮਾਵਾਂ ਤਹਿ ਕਰਨ ਸਮੇਂ ਵਿਅਕਤੀ ਅਕਸਰ ਸੁਚੇਤ ਹੁੰਦਾ ਹੈ, ਪਰ ਇਹ ਚੇਤਨਾ ਨਿਰਧਾਰਤ ਕਰਨ ਲਈ ਉਸ ਦਾ ਸਮਾਜਿਕ, ਸਭਿਆਚਾਰਕ, ਰਾਜਨੀਤਕ, ਆਰਥਿਕ ਆਦਿ ਪਿਛੋਕੜ / ਵਰਤਾਰਾ ਬਹੁਤ ਅਹਿਮ ਭੂਮਿਕਾ ਨਿਭਾਉਂਦੇ ਹਨ। ਮਾਨਵ ਦੀ ਮਾਨਸਿਕਤਾ ਤਹਿ ਕਰਨ ਵਿਚ ਉਪਰੋਕਤ ਤੱਤ ਅਸਰ ਅੰਦਾਜ਼ ਹੁੰਦੇ ਹਨ। 'ਸਰਕਾਰੀ ਵਰਦੀ' ਵਿਚ ਸੇਵਾਦਾਰ ਕਰਮ ਚੰਦ ਜੇ ਵਰਦੀ, ਜੋ ਕਿ ਦਫ਼ਤਰ ਵਲੋਂ ਦਿੱਤੀ ਗਈ ਹੈ, ਪਾ ਕੇ ਦਫ਼ਤਰ ਨਹੀਂ ਆਉਂਦਾ ਤਾਂ ਇਸ ਪਿਛੇ ਛੁਪੀ ਉਸ ਦੀ ਮਜਬੂਰੀ ਨੂੰ ਬਾਬੂ ਰਾਮ ਨਾਥ ਸਮਝਣ ਤੋਂ ਅਸਮਰਥ ਹੈ ਜਾਂ ਸਮਝਣਾ ਚਾਹੁੰਦਾ ਹੀ ਨਹੀਂ। ਇਸ ਸਾਰੇ ਕੁਝ ਵਿਚ ਹੀ ਮੋਹਨ ਲਾਲ ਦਾ ਕਥਾ ਸ਼ਾਸਤਰ ਵਿਦਮਾਨ ਹੈ। ਉਹ ਇਸ ਨਾ-ਬਰਾਬਰੀ ਨੂੰ ਹੀ ਆਪਣੀ ਸਿਰਜਣਾ ਦਾ ਕੇਂਦਰੀ ਧੁਰਾ ਬਣਾਉਂਦਾ ਹੈ। ਇਹ ਉਸ ਦੀ ਨਿਵੇਕਲੀ ਅਤੇ ਮਹੱਤਵਪੂਰਨ ਪਛਾਣ ਹੈ। ਇਹ ਪਛਾਣ 'ਦਲਿਤ ਚੇਤਨਾ' ਦੇ ਸਿਰਲੇਖ ਅਧੀਨ ਵੀ ਵਿਚਾਰੀ ਜਾ ਰਹੀ ਹੈ।

ਭਾਰਤੀ ਸਮਾਜ ਵਿਚ ਵਰਣ ਆਸ਼ਰਮ ਦੀ ਅਹਿਮ ਭੂਮਿਕਾ ਰਹੀ ਹੈ। ਮੱਧ ਯੁੱਗ ਵਿਚ ਸੰਤਾਂ, ਮਹਾਂਪੁਰਖਾਂ ਦੇ ਪ੍ਰਵਚਨ ਅਜਿਹੀ ਗਲ ਦੀ ਗਵਾਹੀ ਹਨ। ਸੰਤ ਕਬੀਰ ਅਤੇ ਉਨ੍ਹਾਂ ਦੇ ਸਮਕਾਲੀਆਂ ਵਲੋਂ ਸਮਾਜ ਵਿਚ ਫੈਲੇ ਜਾਤੀ ਭੇਦ ਭਾਵ ਨੂੰ ਮਾਨਵ ਹਿਤਾਂ ਦੇ ਪ੍ਰਸੰਗ ਵਿਚ ਬਾਖੂਬੀ ਬਿਆਨ ਕੀਤਾ ਗਿਆ ਹੈ। ਇਸ ਸੰਬੰਧੀ ਬਹੁਤੇ ਵਿਸਥਾਰ ਵਿਚ ਨਾ ਜਾਂਦਿਆਂ ਹੋਇਆਂ ਇਹ ਕਿਹਾ ਜਾ ਸਕਦਾ ਹੈ ਕਿ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਉਸ ਵਰਣ ਵਿਵਸਥਾ ਦਾ ਪਰਛਾਵਾਂ ਸਮਾਜ ਤੇ ਪੈ ਰਿਹਾ ਹੈ। ਇਸ ਸਾਰੇ ਕੁਝ ਨੂੰ ਚੇਤਨ ਰੂਪ ਵਿਚ ਗ੍ਰਹਿਣ ਕਰਕੇ, ਆਪਣੀ ਸਿਰਜਣਾ ਦਾ ਹਿੱਸਾ ਬਣਾਉਣ ਦਾ ਉਪਰਾਲਾ ਮੋਹਨ ਲਾਲ ਦੇ ਕਥਾ ਜਗਤ ਵਿਚ ਹੋਇਆ ਹੈ। ਇਹ ਉਪਰਾਲਾ ਉਸ ਦੀ ਕਥਾ ਜਗਤ ਵਿਚ ਵੱਖਰੀ ਪਛਾਣ ਬਣਾਉਣ ਦੇ ਨਾਲ ਨਾਲ ਉਸ ਦੇ ਸਮਕਾਲੀ ਸਮਾਜਿਕ ਸਰੋਕਾਰਾਂ ਨਾਲ ਜੁੜੇ ਹੋਣ ਦੀ ਗਵਾਹੀ ਵੀ ਹੈ। ਡਾ. ਸਰਬਜੀਤ ਸਿੰਘ ਕਹਿੰਦਾ ਹੈ ਕਿ ਵਰਤਮਾਨ ਸਮੇਂ ਵਿਚ ਦਲਿਤ ਚਿੰਤਨ ਅਤੇ ਚੇਤਨਾ ਸੁਚੇਤ ਅਤੇ ਵਿਚਾਰਧਾਰਕ ਪੱਧਰ ਤੇ ਸਾਮਣੇ ਆ ਰਹੀ ਹੈ... ਪੰਜਾਬੀ ਵਿਚ ਜੋ ਥੋੜਾ ਬਹੁਤਾ ਦਲਿਤ ਚੇਤਨਾ ਵਾਲਾ ਸਾਹਿਤ ਮਿਲਦਾ ਹੈ ਉਹ ਚਿੰਤਨ ਨਾਲੋਂ ਚਿੰਤਾ ਦੇ ਵਧੇਰੇ ਨੇੜੇ ਹੈ।"

ਡਾ. ਸਰਬਜੀਤ ਦੀ ਉਪਰੋਕਤ ਧਾਰਨਾ ਮੋਹਨ ਲਾਲ ਦੇ ਸਮੁੱਚੇ ਕਥਾ ਜਗਤ ਦੇ ਪ੍ਰਸੰਗ ਵਿਚ ਕਹੀ ਗਈ ਹੈ। ਅਸਲ ਵਿਚ ਲੇਖਕ ਦੀ ਕਿਸੇ ਸਮੱਸਿਆ ਪ੍ਰਤੀ ਪੈਦਾ ਹੋਈ ਚਿੰਤਾ ਉਸ ਦੇ ਚਿੰਤਨ ਦਾ ਪਹਿਲਾ ਪੜ੍ਹਾਅ ਹੁੰਦੀ ਹੈ। ਇਸ ਚਿੰਤਾ ਨੇ ਹੀ ਚਿੰਤਨ ਵਲ ਤੋਰਨਾ ਹੁੰਦਾ ਹੈ।

ਲਾਗੀ ਕਹਾਣੀ ਭਾਵੇਂ ਸਿੱਧੀ ਤੇ ਸਪਾਟ ਹੈ ਪਰ ਉਸ ਵਿਚ ਸੰਧੂ ਦੀ ਮਾਤਾ ਵਲੋਂ ਕਿਸੇ ਦੇ ਦਲਿਤ ਹੋਣ ਦਾ ਪਤਾ ਲੱਗਣ ਤੇ ਇਕ ਵੱਖਰੀ ਤਰ੍ਹਾਂ ਦਾ ਉਚੇਚ ਕਰਨਾ, ਕਿਸੇ ਵਿਅਕਤੀ ਨੂੰ ਜਾਤ ਦੇ ਆਧਾਰ ਤੇ

'ਲਾਗੀ' ਵਰਗੇ ਲਕਬ ਨਾਲ ਨਿਵਾਜਣਾ ਸੰਬੰਧਤ ਵਿਅਕਤੀ ਦੇ ਸਵੈ-ਮਾਣ ਨੂੰ ਲੀਰੋ ਲੀਰ ਕਰ ਦਿੰਦਾ ਹੈ। ਪਿਛੋਕੜ ਵਿਚ ਬੈਠੀ ਜ਼ਾਤ ਦੇ ਆਧਾਰ ਤੇ ਸਮਾਜਿਕ ਵੰਡ ਅਜੇ ਵੀ ਕਿਸੇ ਨਾ ਕਿਸੇ ਰੂਪ ਵਿਚ ਜ਼ਿੰਦਾ ਹੋਣ ਦੀ ਗਵਾਹੀ ਹੈ। ਅਜਿਹਾ ਹੀ 'ਕੋਟੇ ਵਾਲੇ' , 'ਤਫ਼ਤੀਸ਼', 'ਕੁਤੀੜ੍ਹ' ਆਦਿ ਕਹਾਣੀਆਂ ਵਿਚ ਵਾਪਰਦਾ ਹੈ। 'ਤਫ਼ਤੀਸ਼' ਕਹਾਣੀ ਦਾ ਜੋਸ਼ੀ ਅਸਲ ਵਿਚ ਕੋਈ ਮਨੁੱਖ ਨਹੀਂ ਸਗੋਂ ਉਹ ਆਪਣੇ ਵਰਗੇ ਮਾਨਵ ਸਮੂਹ ਦੀ ਮਾਨਸਿਕਤਾ ਦਾ ਪ੍ਰਗਟਾਅ ਹੈ, ਜੋ ਜਨਮ ਜ਼ਾਤ ਕਰਕੇ ਆਪਣੇ ਆਪ ਨੂੰ ਉਚਾ ਅਤੇ ਕਿਸੇ ਹੋਰ ਨੂੰ ਨੀਵਾਂ ਸਮਝਦੇ ਆ ਰਹੇ ਹਨ। 'ਪਛਤਾਵਾ' ਕਹਾਣੀ ਵਿਚ ਅਕਸਰ ਹੀ ਉਚ ਵਰਗ ਵਲੋਂ 'ਚੂਹੜੇ-ਚਮਾਰ' ਸ਼ਬਦ ਦੀ ਵਰਤੋਂ ਨਾਲ ਪ੍ਰੇਮ ਵਰਗਿਆਂ ਦੇ ਹਿਰਦੇ ਵਲੂੰਧਰੇ ਜਾਂਦੇ ਹਨ ਅਤੇ ਉਹ ਸਵੈ-ਹੋਂਦ ਨੂੰ ਕਾਇਮ ਕਰਨ ਹਿਤ ਘੱਟ ਘੱਟ ਸੋਚਣ ਲਗ ਪੈਂਦੇ ਹਨ। ਅਜਿਹੇ ਅਣ-ਮਨੁੱਖੀ ਵਿਹਾਰ ਪ੍ਰਤੀ ਚੇਤਨ ਹੋ ਕੇ ਉਸ ਦਾ ਤੋੜ ਲੱਭਣ ਦੀ ਸੋਚ ਤਕ ਪਹੁੰਚ ਜਾਂਦੇ ਹਨ। 'ਮਾਨਸ ਦੀ ਜਾਤ' ਵਿਚਲੇ ਡੇਰੇ ਵਿਚ ਜਿਥੇ ਹਰ ਮਾਨਵ ਨੂੰ ਬਰਾਬਰੀ ਮਿਲਣੀ ਚਾਹੀਦੀ ਹੈ ਉਥੇ ਵੀ ਦਲਿਤਾਂ ਲਈ ਵੱਖਰੀ ਪੰਗਤ ਹੀ ਨਹੀਂ ਸਗੋਂ ਉਨ੍ਹਾਂ ਨੂੰ ਹਦਾਇਤ ਇਹ ਵੀ ਹੈ ਕਿ ਉਹ ਆਪਣੇ ਘਰੋਂ ਹੀ ਬਰਤਨ ਲੈ ਕੇ ਆਉਣ ਜਾਂ ਹੱਥਾਂ ਉਪਰ ਹੀ ਪਵਾ ਕੇ ਖਾ ਲੈਣ। 'ਜੋ ਹਮ ਸ਼ਹਿਰੀ' ਕਹਾਣੀ ਰਾਹੀ ਮੋਹਨ ਲਾਲ ਨੇ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਜ਼ਾਤ ਆਧਾਰਤ ਨਫ਼ਰਤ ਨੂੰ ਪ੍ਰਗਟ ਕੀਤਾ ਹੈ-

"ਏਨਾ ਵਧੀਆ ਆਦਮੀ ਹੈ ਨਾਲੇ ਹੈ ਵੀ 'ਸ਼ਡਿਊਲ ਕਾਸਟ' ਚਮਾਰ ਹੈ"

"ਇਹ ਆਦਮੀ ਸ਼ਡਿਊਲ ਕਾਸਟ ਹੋ ਕੇ ਵੀ ਇਕ ਵਧੀਆ ਇਨਸਾਨ ਅਤੇ ਕਾਬਲ ਅਫ਼ਸਰ ਹੈ।"

ਇਸ ਕਹਾਣੀ ਦੇ ਇਹ ਦੋ ਵਾਕ ਅਜਿਹੇ ਹਨ ਜੋ ਉਚ ਜਾਤੀ ਲੋਕਾਂ ਦੀ ਇਸ ਮਾਨਸਿਕਤਾ ਨੂੰ ਪ੍ਰਗਟ ਕਰ ਰਹੇ ਹਨ ਕਿ ਜੋ ਵਿਅਕਤੀ ਸਮਾਜ ਵਿਚ ਅਖੌਤੀ ਨੀਵੀਂ ਜ਼ਾਤ ਨਾਲ ਸੰਬੰਧਤ ਹੈ ਉਹ ਕਿਵੇਂ 'ਚੰਗਾ ਇਨਸਾਨ' ਜਾਂ 'ਸਿਆਣਾ ਵਿਅਕਤੀ' ਹੋ ਸਕਦਾ ਹੈ? ਮਾਨਵ ਵਲੋਂ ਦੂਜੇ ਮਾਨਵ ਨਾਲ ਕੀਤਾ ਜਾ ਰਿਹਾ ਅਜਿਹਾ ਵਿਹਾਰ ਆਪਣੇ ਆਪ ਵਿਚ ਹੀ ਕਈ ਨਵੇਂ ਪ੍ਰਸ਼ਨ ਹੀ ਪੈਦਾ ਨਹੀਂ ਕਰਦਾ ਸਗੋਂ ਸਮਾਜਿਕ ਭਾਈਚਾਰੇ ਅਤੇ ਉਸ ਦੀ ਏਕਤਾ ਲਈ ਵੀ ਸਹਾਈ ਨਹੀਂ ਹੋ ਸਕਦਾ ਪਰ ਸਭ ਤੋਂ ਅਹਿਮ ਤੱਥ ਇਹ ਹੈ ਕਿ ਜੋ ਵਿਅਕਤੀ ਅਜਿਹੀ ਸਥਿਤੀ ਭੋਗ ਰਿਹਾ ਹੈ, ਉਸ ਦੀ ਹੋਂਦ ਅਜਿਹੀ ਤਾਰ ਤਾਰ ਹੋਵੇਗੀ ਕਿ ਉਹ ਸਹਿਜ ਹੋ ਕੇ ਸਮਾਜ ਵਿਚ ਵਿਚਰ ਹੀ ਨਹੀਂ ਸਕੇਗਾ। ਵਿਦਵਤਾ ਨੂੰ ਕਿਸੇ ਜ਼ਾਤ, ਲਿੰਗ, ਇਲਾਕੇ ਆਦਿ ਨਾਲ ਜੋੜ ਕੇ ਨਹੀਂ ਦੇਖਿਆ ਜਾ ਸਕਦਾ। 'ਮੋਚੀ ਦਾ ਪੁੱਤ' ਵਿਚ ਵੀ ਕੁਝ ਅਜਿਹਾ ਹੀ ਵਾਪਰਦਾ ਹੈ। ਮੋਚੀ ਹੋਣਾ ਉਸ ਦੀ ਮਾਨਸਿਕਤਾ ਵਿਚ ਇਸ ਕਰਕੇ ਘਰ ਕਰਦਾ ਜਾ ਰਿਹਾ ਹੈ ਕਿਉਂ ਜੋ ਸਮਾਜ ਉਸ ਨੂੰ ਇਹ ਪਛਾਣ ਨਾਲ ਲੈ ਕੇ ਜੀਊਣ ਲਈ ਮਜ਼ਬੂਰ ਕਰਦਾ ਹੈ। ਅਜਿਹਾ ਹੀ ਮਸਲਾ 'ਸੰਸਕਾਰ' ਕਹਾਣੀ ਵਿਚ ਵੀ ਪੇਸ਼ ਹੋਇਆ ਹੈ। ਸਮਾਜ ਵਿਚ ਵਿਚਰਦਿਆਂ ਜਦੋਂ ਇਕ ਖਾਸ ਮਾਨਵ (ਦਲਿਤ) ਦੀ ਮਾਨਸਿਕਤਾ ਪੈਰ-ਪੈਰ ਤੇ ਝਰੀਟੀ ਜਾ ਰਹੀ ਹੋਵੇ ਤਾਂ ਉਹ ਆਪਣੀ ਇਸ ਚਿੰਤਾ ਤੋਂ ਚੇਤਨ ਹੁੰਦਾ ਹੋਇਆ ਚਿੰਤਨ ਵੱਲ ਤੁਰਦਾ ਹੈ। ਭਾਵੇਂ ਭਾਰਤ ਦੇ ਸੰਵਿਧਾਨ ਵਿਚ ਇਹ ਵਿਵਸਥਾ ਹੈ ਕਿ ਕੋਈ ਵਿਅਕਤੀ ਕਿਸੇ ਦੂਜੇ ਨੂੰ ਜ਼ਾਤ, ਧਰਮ ਆਦਿ ਦੇ ਵਖਰੇਵਿਆਂ ਕਰਕੇ ਨਫ਼ਰਤ ਨਹੀਂ ਕਰੇਗਾ। ਪਰ ਸੰਵਿਧਾਨ ਵਿਚਲੀਆਂ ਦੂਜੀਆਂ ਧਾਰਵਾਂ ਵਾਂਗ ਇਸ ਦੀਆਂ ਧੱਜੀਆਂ ਵੀ ਸ਼ਰੇਆਮ ਉਡਦੀਆਂ ਦੇਖੀਆਂ ਜਾ ਸਕਦੀਆਂ ਹਨ ਕਿਉਂ ਜੋ ਅਸੀਂ ਸਿਧਾਂਤ ਤੇ ਵਿਹਾਰ ਨੂੰ ਕਦੇ ਵੀ ਇਕੱਠੇ ਮੰਨਣ ਲਈ ਤਿਆਰ ਨਹੀਂ ਅਤੇ ਵਿਡੰਵਨਾ ਇਹ ਹੈ ਕਿ ਜਿਨ੍ਹਾਂ ਤਾਕਤਾਂ ਨੇ ਸੰਵਿਧਾਨ ਦੀਆਂ ਧਾਰਾਵਾਂ ਲਾਗੂ ਕਰਵਾਉਣੀਆਂ ਹਨ ਉਹ ਉਲੰਘਣ ਕਰਨ ਵਾਲੀ ਧਿਰ ਨਾਲ ਖੜੇ ਹਨ। ਮੋਹਨ ਲਾਲ ਦੀਆਂ ਦੋ ਕਹਾਣੀ 'ਮਿੱਟੀ ਦਾ ਬੋਝ' ਅਤੇ 'ਸੁਣੀਐ ਦੂਖ ਪਾਪ ਕਾ ਨਾਸ' ਅਜਿਹੀਆਂ ਹਨ ਜਿਨ੍ਹਾਂ ਵਿਚ ਉਹ ਚਿੰਤਾ ਤੋਂ ਥੋੜਾ ਅੱਗੇ ਤੁਰਦਾ ਹੈ। ਚਿੰਤਾ ਭਾਵੇਂ ਇਥੇ ਵੀ ਚਿੰਤਨ ਵਿਚ ਤਾਂ ਨਹੀਂ ਬਦਲਦੀ ਪਰ ਫਿਰ ਵੀ ਪਹਿਲਾਂ ਕੇਵਲ ਸਥਿਤੀ ਨੂੰ ਚੁਪ ਚਾਪ ਸਵੀਕਾਰ ਕਰੀ ਜਾ ਰਿਹਾ ਸੀ ਪਰ ਹੁਣ ਸਥਿਤੀਆਂ ਵਿਚ ਉਹ ਮੂਕ ਦਰਸ਼ਕ ਬਣ ਕੇ ਨਹੀਂ ਬੈਠਦਾ, ਸਗੋਂ ਕੁਝ ਸੋਚਣ ਅਤੇ ਕਰਨ ਦੀ ਸੋਚਦਾ ਹੈ। 'ਮਿੱਟੀ ਦਾ ਬੋਝ' ਦੀ ਨਾਇਕਾ ਵਿਆਹ ਉਪਰੰਤ ਇਹ ਸੋਚਣ ਲਈ ਮਜਬੂਰ ਹੁੰਦੀ ਹੈ ਕਿ ਕੁਝ ਵੀ ਫ਼ਰਕ ਨਹੀਂ ਪਿਆ, ਜਿਹੋ ਜਿਹੀ ਆਰਥਿਕ ਤੰਗੀ ਪੇਕੇ ਘਰ ਸੀ ਉਹੋ ਜਿਹੀ ਹੀ ਸਹੁਰੇ ਘਰ ਹੈ।

"ਗੱਲ ਤਾਂ ਸਹੀ ਹੈ ਸਾਡੇ ਘਰ ਵੀ ਕਦੀ ਰੋਟੀ ਰੱਜ ਕੇ ਨਹੀਂ ਬਣੀ ਸੀ ਮੰਗਵੀਆਂ ਰੋਟੀਆਂ ਮਿਹਨਤ



ਮਜੂਰੀ ਦੀਆਂ।"

"ਮੇਰੇ ਨਸੀਬ ਮੈਂ ਇਕ ਨਰਕ ਵਿਚੋਂ ਨਿਕਲੀ ਦੂਸਰੇ ਨਰਕ ਵਿਚ ਫਸ ਗਈ।" ਅਜਿਹੀ ਸਥਿਤੀ ਬਾਰੇ ਸੋਚਦਿਆਂ ਸੋਚਦਿਆਂ ਕਹਾਣੀ ਦੀ ਨਾਇਕਾ ਅੱਗੇ ਹੋਰ ਵੀ ਸੋਚਣ ਲਈ ਮਜਬੂਰ ਹੁੰਦੀ ਹੈ-

" ...ਏਦਾ ਦੇ ਦੁਧ ਧੋਤੇ ਕਪੜੇ ਏਥੇ ਸਾਡੇ ਘਰ ਵਿਚ ਕਿਸੇ ਦੇ ਕਿਉਂ ਨਹੀਂ?

ਅਜਿਹੀ ਸੋਚ ਨਾਇਕਾ ਨੂੰ ਉਦੋਂ ਆਉਂਦੀ ਹੈ ਜਦੋਂ ਉਹ ਆਪਣੇ ਸਹੁਰੇ ਘਰ ਵਿਆਹ ਸਮੇਂ ਜ਼ਿੰਦਗੀ ਦੇ ਸਾਰੇ ਚਾਅ-ਮੁਲਾਰ ਲੈ ਕੇ, ਆਪਣੇ ਸਿਰਜੇ ਹੋਏ ਸੁਪਨੇ ਲੈ ਕੇ ਜਾਂਦੀ ਹੈ ਪਰ ਉਨ੍ਹਾਂ ਵਿਚ ਕੋਈ ਵੀ ਪੂਰੇ ਹੁੰਦੇ ਨਹੀਂ ਦਿਸਦੇ। ਪਾਸ਼ ਦੀਆਂ ਕਵਿਤਾਵਾਂ 'ਚਿੜੀਆਂ ਦਾ ਚੰਬਾ' ਅਤੇ 'ਮੁਕਲਾਵਾ ਵਾਂਗ। ਜਿਉਂ ਜਿਉਂ ਇਹ ਸੋਚ ਭਾਰੂ ਹੁੰਦੀ ਜਾਵੇਗੀ ਅਤੇ ਇਸ ਦਾ ਪਸਾਰਾ ਹੋਵੇਗਾ ਤਾਂ ਇਹ ਚਿੰਤਾ ਕੇਵਲ ਚਿੰਤਨ ਵਿਚ ਹੀ ਤਬਦੀਲ ਨਹੀਂ ਹੋਵੇਗੀ ਸਗੋਂ ਕਿਸੇ ਹੋਰ ਦਿਸ਼ਾ ਵਲ ਵੀ ਮੁੜ ਸਕਦੀ ਹੈ। ਸੁਣੀਐ ਦੂਖ ਪਾਪ ਕਾ ਨਾਸ' ਅਜਿਹੀ ਕਹਾਣੀ ਹੈ ਜਿਸ ਦਾ ਸੰਬੰਧ ਜਲੰਧਰ ਨਾਲ ਲਗਦੇ ਇਕ 'ਡੇਰੇ' ਨਾਲ ਸੰਬੰਧਤ ਵਿਵਾਦ ਨਾਲ ਹੈ। ਡੇਰਾ ਵਿਵਾਦ ਪਿੰਡ ਦੇ ਭਾਈਚਾਰਕ ਸਾਂਝ ਦੇ ਤਾਣੇ ਬਾਣੇ ਵਿਚ ਆਈ ਤਰੇੜ ਤੋਂ ਆਰੰਭ ਹੁੰਦਾ ਹੈ। ਅਜਿਹੇ ਡੇਰੇ ਇਕ ਧਾਰਮਿਕ / ਸ਼ਰਧਾ ਭਾਵਨਾ ਨਾਲ ਜੁੜੇ ਹੋਣ ਦੇ ਬਾਵਜੂਦ ਵੀ ਪੈਸੇ ਦੇ ਪ੍ਰਚਲਨ ਕਰਕੇ ਵਿਵਾਦਾਂ ਦਾ ਆਧਾਰ ਬਣ ਰਹੇ ਹਨ। ਡੇਰਿਆਂ ਤੇ ਕਾਬਜ਼ ਧਿਰ ਇਹ ਪੈਸੇ ਆਪਣੇ ਵੱਲ ਖਿਚ ਰਹੀ ਹੈ ਪਰ ਪਿੰਡ ਦੇ ਦੂਜੀ ਜ਼ਾਤ ਨਾਲ ਸੰਬੰਧਤ ਧਿਰ ਦਾ ਮੰਨਣ ਇਹ ਹੈ ਕਿ ਕਿਉਂ ਜੋ ਇਹ ਡੇਰਾ ਪਿੰਡ ਦਾ ਸਾਂਝਾ ਹੈ, ਇਸ ਕਰਕੇ ਇਹ ਪੈਸਾ ਜੋ ਡੇਰੇ ਤੋਂ ਆ ਰਿਹਾ ਹੈ ਸਾਰੇ ਹੀ ਪਿੰਡ ਤੇ ਲਉਣਾ ਚਾਹੀਦਾ ਹੈ । ਪਰ ਇਸ ਕਹਾਣੀ ਦੀ ਵਿਲੱਖਣਤਾ ਅਤੇ ਮਹੱਤਵ ਉਪਰੋਕਤ ਪੇਸ਼ਕਾਰੀ ਵਿਚ ਨਹੀਂ ਸਗੋਂ ਉਸ ਵਿਚ ਪੇਸ਼ 'ਧੰਨੀ' ਪਾਤਰ ਦੇ ਰੂਪ ਵਿਚ ਹੈ। 'ਤਫ਼ਤੀਸ਼' ਕਹਾਣੀ ਵਿਚਲੇ ਜੋਸ਼ੀ ਦੇ ਮਾਰਨ ਲਈ ਜੋ ਡੰਡਾ ਉਸ ਪਾਤਰ ਨੇ ਲਿਆਂਦਾ ਸੀ ਉਹ ਹੁਣ ਧੰਨੀ ਦੇ ਹੱਥ ਹੈ। ਧੰਨੀ ਇਸ ਡੰਡੇ ਦੀ ਵਰਤੋਂ ਕਰਨ ਦੇ ਸਮਰਥ ਹੈ ਅਤੇ ਉਸ ਵਿਚ ਅਜਿਹਾ ਕਰਨ ਦਾ ਹੌਸਲਾ ਵੀ ਹੈ। ਇਹ ਕਹਾਣੀ ਵੀ ਕੇਵਲ ਦਲਿਤਾਂ ਦੀ ਮਾੜੀ ਹਾਲਤ ਤੇ ਚਿੰਤਾ ਹੀ ਨਹੀਂ ਕਰਦੀ ਸਗੋਂ ਉਸ ਤੋਂ ਅੱਗੇ ਜਾਂਦੀ ਹੈ। ਇਹ ਰਾਹ ਕਿੰਨਾ ਕੁ ਠੀਕ ਹੈ, ਇਸ ਬਾਰੇ ਚਰਚਾ ਹੋ ਸਕਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਉਂਜ ਧੰਤੀ ਦਾ ਇਹ ਪ੍ਰਤੀਕਰਮ ਸਥਿਤੀਆਂ ਵਿਚੋਂ ਉਪਜਿਆ ਹੈ ਨਾ ਕਿ ਲੇਖਕ ਵਲੋਂ ਉਸ ਤੇ ਠੋਸਿਆ ਗਿਆ ਹੈ। ਇਹ ਕਹਾਣੀਆਂ ਦਲਿਤ ਜੀਵਨ ਨਾਲ ਸੰਬੰਧਤ ਇਕ ਇਤਿਹਾਸਕ ਤੇ ਸਮਾਜਿਕ ਦਸਤਾਵੇਜ ਬਣਨ ਦੀ ਸਮਰਥਾ ਰੱਖਦੀਆਂ ਹਨ।


'ਕਾਲੇ ਗੋਰੇ' ਅਤੇ 'ਕਤੀੜ' ਉਸ ਦੀਆਂ ਦੋ ਅਜਿਹੀਆਂ ਕਹਾਣੀਆਂ ਹਨ ਜੋ ਜ਼ਾਤ / ਨਸਲ ਦੇ ਅਧਾਰ ਤੇ ਹੋ ਰਹੀ ਨਫ਼ਰਤ ਨੂੰ ਇਕ ਵੱਖਰੇ ਮਸਲੇ ਵਜੋਂ ਪੇਸ਼ ਕਰਦੀਆਂ ਹਨ। 'ਕੁਤੀੜ' ਕਹਾਣੀ ਵਿਚਲਾ 'ਕੰਡਕਟਰ / ਡਰਾਇਵਰ ਪੂਰਬੀ ਮਜ਼ਦੂਰਾਂ ਦੇ ਇਕੱਠ ਨੂੰ ਕਤੀੜ ਕਹਿ ਰਹੇ ਹਨ ਅਤੇ ਉਨ੍ਹਾਂ ਨਾਲ ਵਿਹਾਰ ਵੀ ਅਜਿਹਾ ਹੀ ਕਰ ਰਹੇ ਸਨ। ਬਿਹਾਰੀ ਮਜ਼ਦੂਰ ਟਿਕਟ ਦੇ ਪੈਸੇ ਖਰਚ ਕੇ ਵੀ ਸੀਟ ਤੇ ਬਹਿਣ ਦਾ ਹੱਕਦਾਰ ਨਹੀਂ। ਕਿਉਂ ਜੋ ਬਾਅਦ ਵਿਚ ਬਸ ਵਿਚ ਚੜ੍ਹੇ 'ਸਰਦਾਰਾਂ' ਨੂੰ ਸੀਟ ਮਿਲਣੀ ਲਾਜ਼ਮੀ ਹੈ। 'ਕਾਲੇ ਗੋਰੇ' ਵਿਚ ਬਿਦੇਸ਼ੋ ਨਸਲੀ ਨਫ਼ਰਤ ਦਾ ਸ਼ਿਕਾਰ ਹੋ ਕੇ ਆਏ ਵਿਅਕਤੀ ਨੂੰ ਪਹਿਲੀ ਵਾਰ ਇਥੇ ਨੀਵੀਂ ਜ਼ਾਤ ਦੇ ਬੰਦੇ ਨਾਲ ਕੀਤੀ ਨਫ਼ਰਤ ਦੀ ਸਮਝ ਆਉਂਦੀ ਹੈ। ਅਜਿਹੀ ਹੀ ਇਕ ਕਹਾਣੀ 'ਲੇਬਰ ਕੋਰਟ ਉਦਾਸ ਹੈ' ਜਿਸ ਵਿਚ ਨਿਆ ਪ੍ਰਣਾਲੀ ਦੇ ਜ਼ਰਜ਼ਰਾ ਹੋਣ ਦਾ ਪ੍ਰਤੀਕ ਉਸ ਕੋਠੀ ਦੀ ਇਮਾਰਤ ਹੈ ਜਿਸ ਦਾ ਪਲੱਸਤਰ ਥਾਂ ਥਾਂ ਤੋਂ ਉਖੜਿਆ ਪਿਆ ਹੈ, ਜੱਜ ਰੀਟਾਇਰ ਹੋ ਚੁੱਕਾ ਹੈ, ਬੁੱਢਾ ਅਤੇ ਬੀਮਾਰ ਹੈ। ਅਜਿਹੇ ਪ੍ਰਤੀਕ ਕਹਾਣੀ ਵਿਚਲੇ ਮਸਲੇ ਨੂੰ ਪੜ੍ਹਾਅ ਦਰ ਪੜਾਅ ਉਸਾਰਨ ਵਿਚ ਸਹਾਈ ਹੁੰਦੇ ਹਨ। 'ਅੱਧਾ ਮਨੁੱਖ' ਵਿਚ 'ਸੁਕਿਆ ਬੁੱਲਾਂ' ਦਾ ਬਿੰਬ ਵੀ ਮੋਹਨ ਲਾਲ ਨੇ ਬਾਖੂਬੀ ਉਸਾਰਿਆ ਹੈ। ਅਜਿਹੀਆਂ ਹੋਰ ਕਈ ਕਹਾਣੀਆਂ ਦਾ ਵੀ ਜ਼ਿਕਰ ਕੀਤਾ ਜਾ ਸਕਦਾ ਹੈ ਜੋ ਸਮਾਜਿਕ ਤਾਣੇ ਬਾਣੇ ਨੂੰ ਬਾਖੂਬੀ ਬਿਆਨ ਕਰ ਰਹੀਆਂ ਹਨ। ਉਹ ਭਾਵੇਂ 'ਚੋਣ', 'ਫਾਈਨ ਟਿਊਨਿੰਗ ਸਿਸਟਮ ', 'ਪਾਗਲਖਾਨਾ', 'ਮਰੀਜ਼' ਜਾਂ ਕੋਈ ਹੋਰ ਹੋਵੇ।

ਪਤਾ-229-ਏ ਅਟਵਾਲ ਕਲੋਨੀ, ਕੈਂਟ ਰੋਡ, ਜਲੰਧਰ-144005, ਮੁਬਾਇਲ 9721-73475

# ਕੁਲਦੀਪ ਸਿੰਘ ਬੇਦੀ ਦਾ ਯਾਤਰਾਮਈ ਨਾਵਲ-ਰੰਗ ਤਮਾਸ਼ਾ

/ ਅਤਰਜੀਤ

'ਰੰਗ ਤਮਾਸ਼ਾ' (ਚੇਤਨਾ ਪ੍ਰਕਾਸ਼ਨ ਲੁਧਿਆਣਾ, ਮੁੱਲ 225 ਰੁਪਏ) ਕੁਲਦੀਪ ਸਿੰਘ ਬੇਦੀ ਦਾ ਨਵੀਂ ਵਿਧਾ ਦਾ ਨਾਵਲ ਹੈ। ਲੇਖਕ ਇਸ ਨੂੰ ਸਫ਼ਰਨਾਮੇ ਦੀ ਸੰਗਿਆ ਵੀ ਦਿੰਦਾ ਹੈ ਤੇ ਨਾਵਲ ਦੀ ਵੀ। ਇਹ ਰਚਨਾ ਕਿੱਥੋਂ ਤੱਕ ਸਫ਼ਰਨਾਮੇ ਦੇ ਘੇਰੇ ਵਿਚ ਮੰਨੀ ਜਾਵੇ ਤੇ ਉਹ ਕਿਹੜੇ ਤੱਤ ਹਨ ਜੋ ਇਸ ਨੂੰ ਸਫ਼ਰਨਾਮੇ ਦੇ ਘੇਰੇ 'ਚੋਂ ਕੱਢ ਕੇ ਨਾਵਲੀ ਜੁਗਤ ਵਾਲ਼ੀ ਰਚਨਾ ਬਣਾਉਂਦੇ ਹਨ ਦੀ ਨਿਸ਼ਾਨਦੇਹੀ ਕਰਨ ਲਈ ਲੇਖਕ ਦੀ ਸਵੈ ਬਿਆਨੀ ਹੀ ਕਾਫ਼ੀ ਹੈ ਜਿਸ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਜਦੋਂ ਸਫ਼ਰਨਾਮੇ ਵਰਗੀ ਵਿਧਾ ਵਿਚ ਬਹੁਤ ਕੁੱਝ ਕਲਪਨਾਤਮਿਕ ਆ ਜਾਏ ਤਾਂ ਉਸ ਰਚਨਾ ਨੂੰ ਸਫ਼ਰਨਾਮੇ ਦੇ ਘੇਰੇ ਵਿਚੋਂ ਕੱਢਣਾ ਪਏਗਾ। ਸੋ ਇਸ ਰਚਨਾ ਵਿਚ ਵੀ ਲੇਖਕ ਨੇ ਕਈ ਕੁੱਝ ਕਲਪਣਾ ਉੱਤੇ ਨਿਰਭਰ ਕਰ ਦਿੱਤਾ ਹੈ। ਇਸ ਦਾ ਬਿਰਤਾਂਤ ਇਸ ਕਲਪਣਾ ਆਸਰੇ ਹੀ ਉਸਰਦਾ, ਵਿਕਾਸ ਕਰਦਾ ਅਤੇ ਗਰੂਪ ਰੂਪ ਅਖ਼ਤਿਆਰ ਕਰਦਾ ਹੈ।




ਇਹ ਰਚਨਾ ਲੇਖਕ ਦੀ ਅਮਰੀਕਾ ਯਾਤਰਾ ਦਾ ਬਿਉਰਾ ਪੇਸ਼ ਕਰਦੀ ਹੈ। ਅਮਰੀਕਾ ਵਿਚ 9-11-2001 ਦੇ ਵਰਲਡ ਟ੍ਰੇਡ ਸੈਂਟਰ ਅਤੇ ਪੈਂਟਾਂਗਨ ਭਵਨ ਉਪਰ ਹੋਏ ਭਿਆਨਕ ਕਾਂਡ, ਜਿਸ ਵਿਚ ਹਵਾਈ ਜਹਾਜ਼ਾਂ ਰਾਹੀਂ ਹਮਲਾ ਕਰਕੇ ਦਿਉ ਕੱਦ ਇਮਾਰਤਾਂ ਨੂੰ ਮਲੀਆ ਮੇਟ ਕਰ ਦਿੱਤਾ ਗਿਆ ਸੀ ਤੇ ਪਲਾਂ ਵਿਚ ਹੀ ਹਜ਼ਾਰਾਂ ਲੋਕਾਂ ਨੂੰ ਲੋਥਾਂ ਦੇ ਢੇਰਾਂ ਵਿਚ ਤਬਦੀਲ ਕਰ ਦਿੱਤਾ ਗਿਆ ਸੀ, ਤੋਂ ਬਾਅਦ ਦੀ ਅਮਰੀਕੀ ਪਾਲਸੀ ਮੁਤਾਬਿਕ ਭਾਰਤ ਅਤੇ ਪਾਕਿਸਤਾਨ ਦੇ ਪੱਤਰਕਾਰਾਂ ਦੀਆਂ ਟੀਮਾਂ ਨੂੰ ਅਮਰੀਕਾ ਦੀ ਯਾਤਰਾ ਕਰਨ ਦਾ ਨਿਮੰਤਰਣ ਮਿਲਿਆ, ਜਿਸ ਦਾ ਮੰਤਵ ਪੱਤਰਕਾਰਾਂ ਰਾਹੀਂ ਇਸ ਕਿਸਮ ਦਾ ਪਰਚਾਰ ਕਰਾਉਣਾ ਸੀ ਕਿ ਅਮਰੀਕਾ ਬਹੁ ਕੌਮੀ ਦੇ ਨਾਂ 'ਤੇ ਵਖਰਿਆ ਕੇ ਨਹੀਂ ਵੇਖਦਾ। ਸਗੋਂ ਪੂਰਨ ਤੌਰ 'ਤੇ ਧਰਮ ਨਿਰਪੱਖ ਮੁਲਕ ਹੈ। ਬਿਨ ਲਾਦੇਨ ਨੂੰ ਲੱਭਣ ਲਈ ਅਫ਼ਗਾਨਸਤਾਨ ਦੀ ਤਬਾਹੀ ਕੋਈ ਬਹੁਤੀ ਵੱਡੀ ਗੱਲ ਨਹੀਂ। ਅਮਰੀਕਾ ਦਹਿਸ਼ਤ ਵਿਰੋਧੀ ਰਾਸ਼ਟਰ ਹੈ ਜੋ ਕੁੱਲ ਦੁਨੀਆਂ ਵਿਚ ਅਮਨ ਦੀ ਸਥਾਪਤੀ ਕਰਨ ਦਾ ਇੱਛੁਕ ਹੈ। ਪੱਤਰਕਾਰਾਂ ਦੇ ਇਸ ਵਫ਼ਦ ਵਿਚ ਤਿੰਨ ਪੱਤਰਕਾਰ ਵੱਖ-ਵੱਖ ਅਖ਼ਬਾਰਾਂ ਨਾਲ ਸਬੰਧਤ ਅਵਿਨਾਸ਼, ਅਵਸਥੀ ਅਤੇ ਰਣਜੀਤ ਸ਼ਾਮਿਲ ਹੁੰਦੇ ਹਨ। ਪਾਕਿਸਤਾਨ ਵੱਲੋਂ ਤਿੰਨ ਪੱਤਰਕਾਰ, ਚੌਧਰੀ, ਹੈਦਰ ਅਤੇ ਜਮੀਲਾ ਬਾਨੋ ਇਸ ਟੋਲੀ ਵਿਚ ਸ਼ਾਮਿਲ ਹੁੰਦੇ ਹਨ। ਅਮਰੀਕਨ ਸਰਕਾਰ ਦਾ ਸਿੱਧਾ ਤੇ ਸਪਸ਼ਟ ਮੰਤਵ ਹੈ ਕਿ ਇਹ ਪੱਤਰਕਾਰ ਵੱਖ-ਵੱਖ ਸ਼ਹਿਰਾਂ ਵਿਚ ਜਾ ਕੇ ਆਪਣੀਆਂ ਅੱਖਾਂ ਨਾਲ ਵੇਖਣ ਤੇ ਫਿਰ ਉਥੋਂ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਲਗਾਤਾਰ ਲੇਖ ਲਿਖ ਕੇ ਆਪਣੇ ਅਖਬਾਰਾਂ ਵਿਚ ਪਰਚਾਰ ਕਰਨ।

ਨਾਵਲ ਦੇ ਆਰੰਭਲੇ ਪੰਨਿਆਂ ਤੋਂ ਹੀ ਇਕ ਖ਼ੂਬਸੂਰਤ ਸੰਕੇਤ ਮਿਲਦਾ ਹੈ ਕਿ ਪਾਕਿਸਤਾਨੀ ਪੱਤਰਕਾਰ ਸਾਡੇ ਪੰਜਾਬੀ ਲੋਕਾਂ ਵਾਂਗ ਇਕ ਭਾਸ਼ਾ, ਇਕ ਸੱਭਿਆਚਾਰ ਤੇ ਰਹਿਣ ਸਹਿਣ ਪ੍ਰਤੀ ਭਾਵਕ ਨਹੀਂ। ਭਾਰਤੀ ਪੱਤਰਕਾਰ ਉਨ੍ਹਾਂ ਪਾਸੋਂ ਇਸ ਕਿਸਮ ਦੀ ਤਵੱਕੋ ਰਖਦੇ ਹਨ ਕਿ ਉਹ ਉਨ੍ਹਾਂ ਪ੍ਰਤੀ ਭਰਾਤਰੀਅਤਾ ਦੇ ਉਦਭਾਵ ਪ੍ਰਗਟ ਕਰਨ ਪਰ ਪਾਕਿਸਤਾਨੀ ਪੱਤਰਕਾਰ ਉਨ੍ਹਾਂ ਦੇ ਨਾਲ ਰਹਿੰਦੇ ਹੋਏ ਵੀ ਬਰਾਬਰ ਵਿੱਥ ਬਣਾਈ ਰਖਦੇ ਹਨ ਤੇ ਘੁਲਦੇ ਮਿਲਦੇ ਨਹੀਂ। ਜਾਤਾਂ ਧਰਮਾਂ ਦਾ ਇਹੋ ਜਨੂੰਨ ਹੀ ਹੁੰਦੈ ਜਾਂ ਸੀ ਜਿਸ ਨੇ ਭਰਾਵਾਂ ਵਾਂਗ ਇਕੱਠੇ ਰਹਿੰਦੇ ਹਿੰਦੂ, ਸਿੱਖ, ਮੁਸਲਮਾਨਾਂ ਨੂੰ ਦੋ ਕੌਮਾਂ ਵਿਚ ਵੰਡ ਦਿੱਤਾ। ਅਵਿਨਾਸ਼ ਖ਼ਾਸ ਕਰਕੇ ਇਕ ਕੌਮ ਦੇ ਸੰਕਲਪ ਨਾਲ ਕੁੱਝ ਜ਼ਿਆਦਾ ਹੀ ਉਪਭਾਵੁਕਤਾ ਦੀ ਹੱਦ ਤੱਕ ਜੁੜਿਆ ਹੋਇਆ ਹੈ ਪਰ ਪਾਕਿਸਤਾਨੀ ਪੱਤਰਕਾਰਾਂ 'ਚੋਂ ਜਮੀਲਾ ਬਾਨੋ ਵਿਚ ਭਰਾਤਰੀਅਤਾ ਵਾਲੇ ਅੰਸ਼ ਮਿਲਦੇ ਜਾਪਦੇ ਹਨ



ਜਿਸ ਕਰਕੇ ਬਹੁਤ ਛੇਤੀ ਹੀ ਬਾਨੋ ਅਵਿਨਾਸ਼ ਪ੍ਰਤੀ ਸੁਹਿਰਦਤਾ ਨਾਲ ਪੇਸ਼ ਆਉਣ ਲਗਦੀ ਹੈ। ਪੱਤਰਕਾਰ ਭਾਵੇਂ ਹੋਰ ਮੁਲਕਾਂ ਦੇ ਵੀ ਆਏ ਹਨ ਪਰ ਲੇਖਕ ਦੋ ਦੇਸ਼ਾਂ ਪਾਕਿਸਤਾਨ ਅਤੇ ਭਾਰਤ ਦੀਆਂ ਪੱਤਰਕਾਰ ਟੋਲੀਆਂ ਦੁਆਲੇ ਹੀ ਕਥਾ ਨੂੰ ਫੋਕਸ ਕਰਦਾ ਜਾਪਦਾ ਹੈ, ਕਿਉਂਕਿ ਦੁਹਾਂ ਮੁਲਕਾਂ ਵਿਚ ਬਹੁਤ ਕੁੱਝ ਅਜੇ ਵੀ ਸਾਂਝਾ ਬਚਿਆ ਹੋਇਆ ਹੈ।

ਅਸਲ ਵਿਚ 9-11-2001 ਦੇ ਹਮਲੇ ਉਪਰੰਤ ਅਮਰੀਕਾ ਵਿਚ ਹਰ ਮੁਸਲਮਾਨ ਲਈ ਇਕ ਵੱਖਰੇ ਕਿਸਮ ਦੇ ਮਾਪ ਦੰਡ ਤਹਿ ਕਰ ਦਿੱਤੇ ਗਏ ਸਨ, ਜਿਸ ਕਰਕੇ ਮੁਸਲਮਾਨਾਂ ਉਪਰ ਵੱਡੀ ਪੱਧਰ 'ਤੇ ਹਮਲੇ ਹੋਏ ਤੇ ਅਨੇਕਾਂ ਹੀ ਮਨੁੱਖੀ ਜਾਨਾਂ ਜਾਂਦੀਆਂ ਰਹੀਆਂ। ਇੱਥੇ ਹੀ ਬੱਸ ਨਹੀਂ ਮੁਸਲਮਾਨਾਂ ਦੇ ਭੁਲੇਖੇ ਵਿਚ ਪੰਜਾਬ ਦੇ ਸਿੱਖਾਂ ਨੂੰ ਵੀ ਨਹੀਂ ਬਖ਼ਸ਼ਿਆ ਗਿਆ ਕਿਉਂਕਿ ਉਨ੍ਹਾਂ ਦੇ ਰੱਖੀ ਦਾੜ੍ਹੀ ਅਤੇ ਪੱਗ ਅਮਰੀਕਨਾਂ ਨੂੰ ਬਿਨ ਲਾਦੇਨ ਦਾ ਭੁਲੇਖਾ ਪਾਉਂਦੀ ਸੀ ਕਿ ਇਹ ਲੋਕ ਵੀ ਮੁਸਲਮਾਨ ਹਨ। ਇਸ ਤਰ੍ਹਾਂ ਬਹੁਤ ਸਾਰੇ ਮੁਸਲਮਾਨ ਅਤੇ ਉਨ੍ਹਾਂ ਦੇ ਭੁਲੇਖੇ ਵਿਚ ਬਹੁਤ ਸਾਰੇ ਸਿੱਖ ਉਨ੍ਹਾਂ ਹਮਲਿਆਂ ਵਿਚ ਮਾਰੇ ਗਏ ਸਨ। ਅਮਰੀਕਾ ਦੀ ਕੁੱਲ ਦੁਨੀਆਂ ਵਿਚ ਬੁਰੀ ਤਰ੍ਹਾਂ ਬਦਨਾਮੀ ਹੋ ਚੁੱਕੀ ਸੀ ਅਤੇ ਹਰ ਪਾਸੇ ਤੁਇ ਤੁਇ ਹੋਣ ਲੱਗੀ ਸੀ। ਖਾਸ ਕਰਕੇ ਬੁੱਧੀਜੀਵੀ ਲੋਕ ਅਮਰੀਕੀ ਨੀਤੀਆਂ ਨੂੰ ਹਿਕਾਰਤ ਦੀ ਨਜ਼ਰ ਨਾਲ ਵੇਖਣ ਲੱਗੇ ਸਨ। ਵਰਲਡ ਟ੍ਰੇਡ ਸੈਂਟਰ ਉਪਰ ਹੋਇਆ ਹਮਲਾ ਬੁੱਧੀਜੀਵੀਆਂ ਨੂੰ ਇਸ ਕਰਕੇ ਵੀ ਨਹੀਂ ਸੀ ਉਕਸਾਉਂਦਾ, ਕਿਉਂਕਿ ਅੱਤਿਵਾਦ ਦਾ ਇਹ ਦੈਂਤ ਖ਼ੁਦ ਅਮਰੀਕੀ ਵਿਦੇਸ਼ ਨੀਤੀ ਦੀ ਹੀ ਪੈਦਾਵਾਰ ਸੀ। ਇਸ ਤਰ੍ਹਾਂ ਦੇ ਪ੍ਰਭਾਵ ਤੋਂ ਨਿਜ਼ਾਤ ਪਾਉਣ ਲਈ ਅਮਰੀਕਾ ਦੇ ਵਿਦੇਸ਼ ਵਿਭਾਗ ਵੱਲੋਂ ਭਾਰਤੀ ਅਤੇ ਪਾਕਿਸਤਾਨੀ ਪੱਤਰਕਾਰਾਂ ਦਾ ਇਕ ਵਫ਼ਦ ਅਮਰੀਕਾ ਦੇ ਵੀਹ ਬਾਈ ਦਿਨਾਂ ਦੇ ਦੌਰੇ 'ਤੇ ਸੱਦਿਆ ਗਿਆ ਸੀ। ਵੀਹ ਬਾਈ ਦਿਨਾਂ ਦੇ ਇਸ ਦੌਰੇ ਨੂੰ ਹੀ ਲੇਖਕ ਇਸ ਯਾਤਰਾਮਈ ਨਾਵਲ ਦਾ ਵਿਸ਼ਾ ਵਸਤੂ ਬਣਾਉਂਦਾ ਹੈ।

ਅਮਰੀਕਾ ਪਹੁੰਚ ਕੇ ਇਸ ਵਫ਼ਦ ਨੂੰ ਸਭ ਤੋਂ ਪਹਿਲਾਂ ਵਸ਼ਿੰਗਟਨ ਦੇ ਜਾਰਜ ਟਾਊਨ 'ਚ ਹੋਟਲ ਹੋਲੀਏ ਇੰਨ ਵਿਚ ਠਹਿਰਾਇਆ ਜਾਂਦਾ ਹੈ। ਇਸ ਤੋਂ ਉਨ੍ਹਾਂ ਨੂੰ ਕੈਲੇਫੋਰਨੀਆਂ, ਫਿਲਾਡੇਲਫ਼ੀਆ, ਅਟਲਾਂਟਾ ਆਦਿ ਥਾਵਾਂ 'ਤੇ ਲਿਜਾਇਆ ਜਾਂਦਾ ਹੈ। ਹਰ ਥਾਂ ਆਲੀਸ਼ਾਨ ਹੋਟਲਾਂ ਵਿਚ ਉਨ੍ਹਾਂ ਲਈ ਉਚੇਚਾ ਪ੍ਰਬੰਧ ਹੈ। ਤਰ੍ਹਾਂ ਤਰ੍ਹਾਂ ਦੀਆਂ ਵਿਸਕੀਆਂ ਬੀਅਰਾਂ ਤੇ ਹੋਰ ਸਾਰੇ ਸੁਚੱਜੇ ਪ੍ਰਬੰਧ ਕੀਤੇ ਗਏ ਹਨ। ਅਮਰੀਕਨ ਕਰੰਸੀ ਨਾਲ ਜੇਬਾਂ ਭਰੀਆਂ ਹਨ। ਰਿਹਾਇਸ਼ ਵਾਲੀ ਹਰੇਕ ਥਾਂ ਇੰਟਰਨੈਟ ਨਾਲ ਜੋੜੀ ਹੋਈ ਜਿੱਥੋਂ ਉਨ੍ਹਾਂ ਨੇ ਆਪਣੇ ਦੇਸ਼ਾਂ ਦੀਆਂ ਅਖ਼ਬਾਰਾਂ ਵਾਸਤੇ ਅਮਰੀਕਨ ਵਿਦੇਸ਼ ਨੀਤੀ ਬਾਰੇ ਵੱਡੇ ਲੇਖ ਲਿਖ ਕੇ ਭੇਜਣੇ ਹਨ ਤਾਂ ਜੋ ਅਮਰੀਕਾ ਬਾਰੇ ਜੋ ਨਕਸ਼ਾ ਦੁਨੀਆਂ ਦੇ ਲੋਕਾਂ ਦੀਆਂ ਨਿਗਾਹਾਂ ਵਿਚ ਬਣਿਆ ਹੈ, ਉਸ ਨੂੰ ਪਾਲਸ਼ ਕੀਤਾ ਜਾ ਸਕੇ। ਸ਼ੁਰੂ ਵਿਚ ਇਹ ਪੱਤਰਕਾਰ ਆਪਣੀ ਬੌਦਕਿਤਾ ਦਾ ਕੋਈ ਖ਼ਾਸ ਪ੍ਰਗਟਾਵਾ ਕਰਦੇ ਨਹੀਂ ਜਾਪਦੇ ਬਲਕਿ ਜਾਪਦਾ ਹੈ ਕਿ ਜੇ ਪੱਤਰਕਾਰ ਸੱਚਮੁੱਚ ਇਹੋ ਜਿਹੇ ਹੀ ਹੁੰਦੇ ਹਨ ਤਾਂ ਇਹ ਸਾਡੇ ਸਮਾਜ ਨੂੰ ਕੀ ਰਾਹ ਵਿਖਾਉਂਦੇ ਹੋਣਗੇ। ਪਾਕਿਸਤਾਨੀ ਪੱਤਰਕਾਰ ਤਾਂ ਆਪਣੇ ਰੰਘੜਉ ਅਤੇ ਗੁਮਾਨ ਵਿਚ ਹੀ ਮਸਤ ਜਾਪਦੇ ਹਨ, ਜੋ ਭਾਰਤੀ ਪੱਤਰਕਾਰਾਂ ਨਾਲ ਸੁਰਮੇਲ ਹੀ ਨਹੀਂ ਕਰਨਾ ਚਾਹੁੰਦੇ ਜਦੋਂ ਕਿ ਭਾਰਤੀ ਪੱਤਰਕਾਰ ਬੀਤੇ ਦੀਆਂ ਗੱਲਾਂ ਨੂੰ ਭੁਲਾ ਕੇ ਇਕੋ ਸੱਭਿਆਚਾਰ, ਇਕ ਬੋਲੀ, ਇਕ ਰਹਿਣ ਸਹਿਣ ਆਦਿ ਦੇ ਸੰਕਲਪਾਂ ਦਾ ਆਸਰਾ ਲੈ ਕੇ ਉਨ੍ਹਾਂ ਨਾਲ ਭਰਾਤਰੀਅਤਾ ਦਾ ਪ੍ਰਗਟਾਵਾ ਕਰਨ ਲਈ ਉਤਾਵਲੇ ਜਾਪਦੇ ਹਨ ਪਰ ਪਾਕਿਸਤਾਨੀ ਪੱਤਰਕਾਰ ਉਨ੍ਹਾਂ ਦੀ ਇਸ ਭਾਵਨਾ ਦਾ ਕੋਈ ਆਦਰ ਨਹੀਂ ਕਰਦੇ ਜਾਪਦੇ। ਪਹਿਲੀਆਂ ਵਿਚ ਤਾਂ ਇਉਂ ਹੀ ਜਾਪਣ ਲਗਦਾ ਹੈ ਕਿ ਇਹ ਪੱਤਰਕਾਰੀ ਦੇ ਨਾਂ ਅਮਰੀਕਾ ਦੀ ਯਾਤਰਾ ਕਰਨ ਆਏ ਹਨ ਤੇ ਸ਼ਰਾਬਾਂ ਵਿਚ ਡੁੱਬ ਕੇ ਅਯਾਸ਼ੀ ਕਰ ਕੇ ਮੁੜ ਜਾਣਗੇ ਤੇ ਅਮਰੀਕਾ ਦੇ ਸੁਹਲੇ ਗਾ ਕੇ ਦੁਨੀਆਂ ਦੇ ਲੋਕਾਂ ਨੂੰ ਦੱਸ ਜਾਣਗੇ ਕਿ ਅਮਰੀਕਾ ਸਾਮਰਾਜੀ ਮੁਲਕ ਨਹੀਂ ਸਗੋਂ ਦੁਨੀਆਂ ਦਾ ਭਲਾ ਚਾਹੁਣ ਵਾਲਾ ਬਹੁ-ਕੌਮੀ ਮੁਲਕ ਹੈ, ਜਿੱਥੇ ਹਰ ਧਰਮ ਦੇ ਲੋਕਾਂ ਲਈ ਪੂਰਨ ਸੁਰੱਖਿਆ ਅਤੇ ਆਜ਼ਾਦੀ ਹੈ। ਸਮੇਂ ਨਾਲ ਪੱਤਰਕਾਰਾਂ ਦੇ ਰੰਗ ਉਘੜਨ ਲਗਦੇ ਹਨ ਤਾਂ ਭਾਰਤੀ ਪੱਤਰਕਾਰ ਅਵਿਨਾਸ਼ ਅਤੇ ਪਾਕਿਸਤਾਨੀ ਪੱਤਰਕਾਰਾ ਬਾਨੋ ਆਪਸ ਵਿਚ ਘੁਲਣ-ਮਿਲਣ ਦੀ ਹੱਦ ਪਾਰ ਕਰ ਜਾਂਦੇ ਹਨ ਤਾਂ ਪਾਕਿਸਤਾਨੀ ਪੱਤਰਕਾਰ ਚੌਧਰੀ ਅਤੇ ਹੈਦਰ ਇਸ ਗੱਲ ਉਪਰ ਸਾੜਾ ਕਰਦੇ ਹਨ ਕਿ ਉਹ ਉਨ੍ਹਾਂ ਵੱਲੋਂ ਬਿਲਕੁੱਲ ਹੀ ਲਾ-ਪ੍ਰਵਾਹ ਰਹਿਣ ਵਾਲੀ ਔਰਤ ਕਿਵੇਂ ਭਾਰਤੀ ਪੱਤਰਕਾਰ ਤੇ

ਲਟਬੌਰੀ ਹੋਈ ਫਿਰਦੀ ਹੈ। ਔਰਤ ਬਾਰੇ ਸਾਲੀ ਸ਼ਬਦ ਦੀ ਵਰਤੋਂ ਉਨ੍ਹਾਂ ਦੇ ਬੌਧਿਕ ਪੱਧਰ ਦੀ ਵੀ ਚੁਗਲੀ ਕਰਦੀ ਜਾਪਦੀ ਹੈ ਕਿ ਇਹ ਲੋਕ ਔਰਤ ਨੂੰ ਕਿਸ ਕਿਸਮ ਦਾ ਦਰਜ਼ਾ ਦੇ ਕੇ ਰਾਜ਼ੀ ਹਨ। ਸਾਰੇ ਰਚਨਾ ਪਸਾਰ ਵਿਚ ਇਹ ਪੱਤਰਕਾਰ ਟੋਲੀ ਕੋਈ ਵੱਡਾ ਮਾਰਕਾ ਮਾਰਕੇ ਆਪਣੀ ਲਿਆਕਤ ਦਾ ਪ੍ਰਗਟਾਵਾ ਕਰਦੀ ਨਹੀਂ ਜਾਪਦੀ ਸਗੋਂ ਖਾਣ ਪੀਣ ਤੇ ਖ਼ਾਸ ਕਰਕੇ ਦਾਰੂ ਦੀ ਤਲਬ ਕਰਦਿਆਂ ਸਮਾਂ ਗੁਜ਼ਾਰ ਕੇ ਰੰਗ ਤਮਾਸ਼ਾ ਕਰਨ ਤੱਕ ਹੀ ਮਹਿਦੂਦ ਜਾਪਦੀ ਹੈ। ਆਪਣੀ ਲਿਆਕਤ ਦਾ ਸਭ ਤੋਂ ਪਹਿਲਾਂ ਪ੍ਰਗਟਾਵਾ ਜਮੀਲਾ ਬਾਨੋ ਹੀ ਕਰਦੀ ਜਾਪਦੀ ਹੈ ਜਦੋਂ ਉਹ ਇਸ ਯਾਤਰਾ ਸੰਬੰਧੀ ਟਿਪਣੀ ਕਰਦੀ ਹੈ ਕਿ ਅਮਰੀਕਾ ਦਾ ਇਸ ਤਰ੍ਹਾਂ ਦਾ ਉਪਰਾਲਾ ਸਿਰਫ਼ ਦੁਨੀਆਂ ਦੇ ਅੱਖੀਂ ਘੱਟਾ ਪਾਉਣਾ ਹੈ। ਇਹ ਦਰਸਾ ਕੇ ਕਿ ਅਮਰੀਕਾ ਬਹੁਤ ਸਦ-ਆਚਾਰੀ ਤੇ ਸਦ-ਵਿਵਹਾਰੀ ਮੁਲਕ ਹੈ ਜੋ ਕਿਸੇ ਵੀ ਕੌਮ ਨੂੰ ਧਰਮ ਜਾਂ ਰੰਗ ਨਸਲ ਦੇ ਵਿਤਕਰੇ ਅਧੀਨ ਤ੍ਰਿਸਕਾਰਤ ਨਹੀਂ ਕਰਦਾ, ਸਗੋਂ ਸਭ ਕੌਮਾਂ ਦਾ ਬਰਾਬਰ ਸਤਿਕਾਰ ਕਰਦਾ ਹੈ। ਸਭ ਤੋਂ ਪਹਿਲਾਂ ਜਮੀਲਾ ਬਾਨੋ ਦੀ ਇਹ ਟਿਪਣੀ ਹੀ ਉਸ ਦੇ ਇਕ ਚੇਤੰਨ ਪੱਤਰਕਾਰ ਹੋਣ ਦੀ ਜਾਮਨ ਬਣ ਜਾਂਦੀ ਹੈ ਤੇ ਅਵਿਨਾਸ਼ ਉਸ ਵੱਲ ਕੁੱਝ ਕੁ ਆਕਰਸ਼ਤ ਹੋ ਜਾਂਦਾ ਹੈ।

ਜਿਉਂ ਜਿਉਂ ਦਿਨ ਬਤੀਦੇ ਹਨ ਦੁਹਾਂ ਮੁਲਕਾਂ ਦੇ ਪੱਤਰਕਾਰ ਆਪਸ ਵਿਚ ਘੁਲ ਮਿਲ ਤਾਂ ਜਾਂਦੇ ਹਨ ਪਰ ਉਨ੍ਹਾਂ ਦੀ ਨੇੜਤਾ ਸਿਰਫ਼ ਇਕੱਠਿਆਂ ਦਾਰੂ ਪੀਣ ਅਤੇ ਰੋਟੀ ਦੀ ਭਾਲ ਤੱਕ ਹੀ ਸੀਮਤ ਰਹਿੰਦੀ ਹੈ। ਇੰਨੇ ਕੁ ਦਿਨਾਂ ਵਿਚ ਉਨ੍ਹਾਂ ਦਾ ਚਾਅ ਵੀ ਮੱਠਾ ਪੈ ਜਾਂਦਾ ਹੈ, ਉਹ ਉਥੋਂ ਦੀ ਮੁੱਖ ਖ਼ੁਰਾਕ ਹੈ। ਉਨ੍ਹਾਂ ਸਭਨਾ ਵਿਚ ਹੁਣ ਖ਼ਾਸੀਆਂ ਸਾਂਝਾਂ ਪੈਦਾ ਹੋ ਗਈਆਂ ਹਨ ਜੋ ਤਿੱਖੀ ਨੋਕ ਝੋਕ, ਟਿੱਚਰਬਾਜ਼ੀ ਅਤੇ ਥੋੜੇ ਕੁ ਆਪਸੀ ਗੁੱਝੇ ਸੜੇਵੇਂ ਤੱਕ ਹੀ ਸੁੰਗੜ ਕੇ ਰਹਿ ਜਾਂਦੀਆਂ ਹਨ। ਦੇਸੀ ਰੋਟੀ ਜਾਂ ਤਾਂ ਉਨ੍ਹਾਂ ਨੂੰ ਇਕ ਗੁਰਦੁਆਰੇ ਲੰਗਰ ਚੋਂ ਮਿਲਦੀ ਹੈ ਜਾਂ ਇਕ ਪੰਜਾਬੀ ਢਾਬੇ ਤੋਂ ਜਿੱਥੇ ਗੈਰ ਕਾਨੂੰਨੀ ਢੰਗ ਨਾਲ ਆਏ ਕਈ ਪੰਜਾਬੀ ਬਾਬੇ ਬਣ ਗਏ ਹਨ ਤੇ ਜਾਪਦਾ ਹੈ ਉਨ੍ਹਾਂ ਦੀ ਹੱਡੀਆਂ ਵੀ ਇੱਧਰੇ ਹੀ ਰੁਲ ਜਾਣਗੀਆਂ। ਉਹ ਆਪਣੇ ਵਤਨ ਦਾ ਮੂੰਹ ਨਹੀਂ ਵੇਖ ਸਕਣਗੇ।

ਅਮਰੀਕਾ ਦੇ ਇਤਿਹਾਸਕ, ਸੱਭਿਆਚਾਰਕ ਬਿਉਰੇ ਬੇਸ਼ੱਕ ਬਹੁਤੇ ਤਾਂ ਨਹੀਂ ਪਰ ਇਹ ਜ਼ਰੂਰ ਦਰਸਾ ਜਾਂਦੇ ਹਨ ਕਿ ਦੂਜੇ ਮੁਲਕਾਂ ਦੀ ਅੰਨ੍ਹੀ ਲੁੱਟ ਦੇ ਬਲ-ਬੁੱਤੇ, 'ਤੇ ਕਿਵੇਂ ਇਹ ਮੁਲਕ ਖ਼ੁਸ਼ਹਾਲ ਹੋਇਆ ਹੈ ਤੇ ਕਿਵੇਂ ਦੂਜੇ ਦੇਸ਼ਾਂ ਤੋਂ ਆਏ ਲੋਕਾਂ ਨੇ ਦਿਨ ਰਾਤ ਇਕ ਕਰਕੇ ਇਸ ਮੁਲਕ ਦੀ ਆਰਥਿਕ ਤਰੱਕੀ ਵਿਚ ਅਥਾਹ ਵਾਧਾ ਕੀਤਾ ਹੈ। ਪਰ 9-11 ਦੇ ਹਮਲਿਆਂ ਤੋਂ ਬਾਅਦ ਅਮਰੀਕਨ ਸਰਕਾਰ ਇੰਨੀ ਭੈ-ਭੀਤ ਹੋ ਚੁੱਕੀ ਹੈ ਕਿ ਹਰੇਕ ਦਾੜ੍ਹੀ ਵਾਲਾ ਹੀ ਉਸ ਨੂੰ ਬਿਨ ਲਾਦੇਨ ਜਾਪਣ ਲਗਦਾ ਹੈ। ਮੁਸਲਮਾਨਾਂ ਅਤੇ ਉਨ੍ਹਾਂ ਦੇ ਰੰਗ ਰੂਪ ਨਾਲ ਮਿਲਦੇ-ਜੁਲਦੇ ਸਿੱਖਾਂ ਦਾ ਇੰਨਾ ਜਾਨੀ ਮਾਲੀ ਨੁਕਸਾਨ ਹੋ ਚੁੱਕਾ ਹੈ ਜਿਸ ਦੀ ਉਥੋਂ ਦੇ ਮੀਡਿਆ ਨੇ ਭਾਫ਼ ਬਾਹਰ ਨਹੀਂ ਨਿਕਲਣ ਦਿੱਤੀ। ਹੁਣ ਵੀ ਅਮਰੀਕਨ ਸਰਕਾਰ ਦੀ ਇਹੋ ਪਾਲਸੀ ਹੈ ਕਿ ਇਨ੍ਹਾਂ ਪੱਤਰਕਾਰਾਂ ਰਾਹੀਂ ਸੰਸਾਰ ਭਰ ਵਿਚ ਪਰਚਾਰ ਕਰਵਾਇਆ ਜਾਵੇ ਕਿ ਅਮਰੀਕਾ ਮੁਸਲਮਾਨ ਬਿੱਲਕੁੱਲ ਸੁਰੱਖਿਅਤ ਹਨ, ਉਨ੍ਹਾਂ ਦੇ ਜਾਨ ਮਾਲ ਦੀ ਉਥੋਂ ਦੀ ਸਰਕਾਰ ਪੂਰੀ ਜ਼ਿੰਮੇਵਾਰੀ ਨਾਲ ਰਾਖੀ ਕਰ ਰਹੀ ਹੈ। ਪਰ ਜਦ ਉਨ੍ਹਾਂ ਨੂੰ ਵੱਖ-ਵੱਖ ਧਰਮਾਂ ਦੇ ਮਿਸ਼ਨਰੀਆਂ ਵੱਲੋਂ ਚਲਾਏ ਜਾਂਦੇ ਅਦਾਰੇ ਵਿਖਾਏ ਜਾਂਦੇ ਹਨ ਤਾਂ ਉਹ ਅਨੁਭਵ ਕਰਨ ਲਗਦੇ ਹਨ ਕਿ ਇਹ ਸਭ ਡਰਾਮਾ ਹੀ ਹੈ, ਕਿਉਂਕਿ ਹਰ ਥਾਂ ਜੋ ਸਹੂਲਤਾਂ ਇਸਾਈ ਮਿਸ਼ਨਰੀਆਂ ਨੂੰ ਮਿਲ ਰਹੀਆਂ ਹਨ, ਉਹ ਹੋਰ ਕਿਸੇ ਧਰਮ ਦੀਆਂ ਸੰਸਥਾਵਾਂ ਨੂੰ ਨਹੀਂ ਮਿਲ ਰਹੀਆਂ। ਬਾਕੀ ਧਰਮਾਂ ਦੇ ਮਿਸ਼ਨਰੀ ਆਪਣੇ ਤੌਰ 'ਤੇ ਹੀ ਆਰਥਿਕ ਸਾਧਨ ਜੁਟਾ ਕੇ ਬੁੱਤਾ ਸਾਰਦੇ ਜਾਪਦੇ ਹਨ।

ਇਸ ਰਚਨਾ ਦੇ ਬਾਕੀ ਕਥਾ ਪਸਾਰ ਇੰਨੇ ਰੌਚਕ ਨਾ ਬਣਦੇ ਜੇ ਅਵਿਨਾਸ਼ ਅਤੇ ਜਮੀਲਾ ਬਾਨੋ ਦਾ ਆਪਸੀ ਸਰੋਕਾਰ ਹੌਲੀ ਹੌਲੀ ਸਨੇਹ ਵਿਚ ਤਬਦੀਲ ਨਾ ਹੁੰਦਾ ਤੇ ਉਹ ਅਹਿਸਤਾ ਅਹਿਸਤਾ ਇਸ ਸਨੇਹ ਨੂੰ ਗੂੜਾ ਨਾ ਸਕਦੇ। ਇਹ ਉਨ੍ਹਾਂ ਦੀਆਂ ਕੋਸ਼ਿਸ਼ਾਂ ਵਿਚੋਂ ਹੋਇਆ ਨਹੀਂ ਜਾਪਦਾ ਸਗੋਂ ਦੋਵੇਂ ਆਪਣੀ ਤਿੱਖੀ ਨੀਝ ਨਾਲ ਇਕ ਦੂਜੇ ਦੇ ਨਜ਼ਦੀਕ ਹੁੰਦੇ ਹਨ। ਇਹ ਰਿਸ਼ਤਾ ਇੰਨਾ ਸਹਿਜ ਹੈ ਕਿ ਕਿਧਰੇ ਵੀ ਕੋਈ ਲੱਚਰਤਾ ਜਾਂ ਅਸ਼ਲੀਲਤਾ ਦਾ ਪ੍ਰਗਟਾਵਾ ਨਹੀਂ ਹੁੰਦਾ। ਅਵਿਨਾਸ਼ ਨੇ ਵਿਆਹ ਹੀ ਨਹੀਂ ਕਰਵਾਇਆ। ਕਿਸੇ ਵੇਲੇ ਉਸਦਾ ਪਿਆਰ ਪਰਵਾਨ ਚੜ੍ਹਨ ਦੀ ਨੌਬਤ ਆ ਗਈ ਜਦੋਂ ਇਕ ਅਖ਼ਬਾਰ ਵਿਚ ਕੰਮ



ਕਰਦਿਆਂ ਉਸ ਨੂੰ ਦਿਵਿਆ ਜੋਤ ਚੰਗੀ ਲੱਗਣ ਲੱਗੀ ਸੀ ਤੇ ਉਸ ਦੇ ਮਾਪਿਆਂ ਦੇ ਦਬਾਅ ਨਾਲ ਵਿਆਹ ਨੇਪਰੇ ਚੜ੍ਹਨ ਲੱਗਾ ਸੀ ਪਰ ਅਵਿਨਾਸ਼ ਦੇ ਪੈਰਾਂ ਵਿਚ ਪਈ ਗ੍ਰਹਿਸਥੀ ਜੀਵਨ ਦੇ ਡਰ ਅਤੇ ਝਿਜਕ ਦੀ ਜ਼ੰਜੀਰ ਨੇ ਸਭ ਕੁੱਝ ਚੌੜ ਚੁਪੱਟ ਕਰ ਦਿੱਤਾ ਸੀ। ਉਸ ਦੀਆਂ ਯਾਦਾਂ ਦੀ ਚੀਸ ਨੂੰ ਸੀਨੇ ਨਾਲ ਲਾ ਕੇ ਅਵਿਨਾਸ਼ ਦਿਵਿਆ ਤੋਂ ਸਦਾ ਲਈ ਦੂਰ ਹੋ ਗਿਆ। ਉਧਰ ਬਾਨੋ ਸ਼ਾਦੀ ਸ਼ੁਦਾ ਔਰਤ ਹੈ ਜੋ ਲਗਦੀ ਅਜੇ ਕੁਆਰੀ ਹੀ ਹੈ। ਇਕ ਬੇਟੇ ਦੀ ਮਾਂ ਵੀ ਹੈ। ਖਾਵੰਦ ਵਧੀਆ ਨਹੀਂ ਨਿਕਲਿਆ ਜਿਸ ਕਰਕੇ ਤਲਾਕ ਹੋ ਗਿਆ ਹੈ। ਅਵਿਨਾਸ਼ ਅਤੇ ਬਾਨੋ ਦੁਹਾਂ ਦੀ ਨੇੜਤਾ ਦਾ ਸਬੱਬ ਬਾਨੋ ਦੀ ਪਹਿਲ ਕਦਮੀ ਨਾਲ ਹੀ ਬੱਝਦਾ ਹੈ-"ਅਵਿਨਾਸ਼ ... ਮੇਰਾ ਦੋਸਤ ਬਣੇਗਾ? ਮੈਨੂੰ ਜ਼ਰੂਰਤ ਹੈ ਤੇਰੀ, ਮੈਂ ਬਿੱਲਕੁਲ ਇਕੱਲੀ ਹਾਂ।" ਬਾਨੋ ਇਸਲਾਮੀ ਸ਼ਰਾਹ ਦੀ ਗੁਲਾਮ ਹੋ ਕੇ ਨਹੀਂ ਜੀਣਾ ਚਾਹੁੰਦੀ। ਉਹ ਘੁੱਲ ਕੇ ਵਿਚਰਨਾ ਚਾਹੁੰਦੀ ਹੈ ਜਿਵੇਂ ਕਿ ਉਹ ਸੋਚਦੀ ਹੈ ਕਿ ਇਸ ਸਭ ਕਾਸੇ ਉਪਰ ਮਰਦ ਦਾ ਹੀ ਅਧਿਕਾਰ ਹੈ, ਉਸ ਦਾ ਥੋੜਾ ਕੁ ਹਿੱਸਾ ਹੀ ਔਰਤ ਦੇ ਹਿੱਸੇ ਕਿਉਂ ਨਹੀਂ ਆਇਆ ਤੇ ਉਹ ਆਪਣੇ ਹਿੱਸੇ ਦੇ ਸਭ ਸੁਖ ਮਾਣਨਾ ਚਾਹੁੰਦੀ ਹੈ। ਉਹ ਸਭ ਕਾਸੇ ਤੋਂ ਬਗਾਵਤ ਕਰਦੀ ਹੈ ਤੇ ਆਪਣੇ ਸਾਥੀ ਪੱਤਰਕਾਰਾਂ ਤੋਂ ਪਰਦੇ ਨਾਲ ਸ਼ਰਾਬ ਵੀ ਪੀਂਦੀ ਹੈ, ਪਰ ਬਾਅਦ ਵਿਚ ਅਵਿਨਾਸ਼ ਨਾਲ ਸਾਂਝਾ ਕਰਨ ਲਗਦੀ ਹੈ। ਇੰਗਲੈਂਡ ਵਿਚ ਰਹਿੰਦਿਆਂ ਉਹ ਦਾਰੂ ਪੀਣ ਲੱਗ ਪਈ ਸੀ, ਖ਼ਾਸ ਕਰਕੇ ਜਦੋਂ ਉਸ ਦੀ ਖ਼ਾਵੰਦ ਨਾਲੋਂ ਟੁੱਟ ਫੁੱਟ ਹੋ ਗਈ ਸੀ। ਉਹ ਆਪਣੀ ਮਰਜ਼ੀ ਦਾ ਲਿਬਾਸ ਪਹਿਨਣਾ ਚਾਹੁੰਦੀ ਹੈ, ਇਸ ਕਰਕੇ ਉਹ ਕਈ ਵਾਰ ਜੀਨ ਦੇ ਨਾਲ ਲੋਅਰ ਪਾ ਕੇ ਵੀ ਆਉਂਦੀ ਹੈ। ਉਸ ਦੇ ਪਾਕਿਸਤਾਨੀ ਸਾਥੀ ਤੰਗ-ਦਿਲੀ ਦਾ ਸ਼ਿਕਾਰ ਹਨ, ਜਿਹੋ ਤੰਗ-ਦਿਲੀ ਇਸਲਾਮੀ ਸ਼ਰਾਹ ਨੇ ਲਾਮਬੰਦ ਕੀਤੀ ਹੋਈ ਹੈ। ਇਸੇ ਕਰਕੇ ਉਹ ਆਪਣੇ ਪਾਕਿਸਤਾਨੀ ਸਾਥੀਆਂ ਕੋਲੋਂ ਵਿੱਥ ਬਣਾ ਕੇ ਰਖਦੀ ਹੈ। ਉਸਨੂੰ ਖ਼ਤਰਾ ਹੈ ਕਿ ਉਨ੍ਹਾਂ ਨੇ ਪਾਕਿਸਤਾਨ ਵਿਚ ਜਾ ਕੇ ਉਸ ਨੂੰ ਭੰਡ ਸੁੱਟਣਾ ਤੇ ਜੀਣਾ ਮੁਹਾਲ ਕਰ ਦੇਣਾ ਹੈ। ਉਨ੍ਹਾਂ ਨਾਲੋਂ ਉਹ ਹਮੇਸ਼ਾਂ ਲੀਹ ਪਾੜ ਕੇ ਹੀ ਚਲਦੀ ਹੈ।

ਅਵਿਨਾਸ਼ ਅਤੇ ਬਾਨੋ ਦੀ ਦੋਸਤੀ ਦੇ ਇਹੋ ਜਿਹੇ ਖ਼ੂਬਸੂਰਤ ਪਸਾਰ ਬਹੁਤ ਹੀ ਸਹਿਜ ਨਾਲ ਰੁਮਾਂਸ ਵਿਚ ਬਦਲ ਜਾਂਦੇ ਹਨ ਤੇ ਦੋਵਾਂ ਦਾ ਇਹ ਰੁਮਾਂਸ ਸਮੇਂ ਨਾਲ ਬਾਨੋ ਦੇ ਭਾਰਤ ਵਿਚ ਆ ਕੇ ਦੋਸਤਾਂ ਅਤੇ ਰਿਸ਼ਤੇਦਾਰਾਂ ਦੀ ਹਾਜ਼ਰੀ ਵਿਚ ਅਵਿਨਾਸ਼ ਨਾਲ ਵਿਆਹ ਦੇ ਬੰਧਨ ਤੱਕ ਫੈਲ ਜਾਂਦਾ ਹੈ ਤੇ ਦੁਹਾਂ ਦਾ ਇਕ ਬੱਚਾ (ਧੀ) ਵੀ ਹੋ ਜਾਂਦਾ ਹੈ। ਇੱਥੇ ਲੇਖਕ ਫਿਰ ਕਲਾਮਈ ਨਾਵਲੀ ਜੁਗਤ ਸਿਰਜ ਕੇ ਪਾਠਕ ਨੂੰ ਤਣਾਅ ਜੁਗਤ ਕਰ ਜਾਂਦਾ ਹੈ ਕਿ ਜਮੀਲਾ ਬਾਨੋ ਕਿਉਂਕਿ ਇੰਗਲੈਂਡ ਦੀ ਵੀ ਨਾਗਰਿਕ ਹੈ, ਜੋ ਵਿਆਹ ਕਰਾ ਕੇ ਉਥੇ ਪਹੁੰਚ ਜਾਂਦੀ ਹੈ। ਹੁਣ ਅਵਿਨਾਸ਼ ਨੂੰ ਆਪਣੇ ਕੋਲ ਇੰਗਲੈਂਡ ਸੱਦਣ ਦੀ ਪ੍ਰਕਿਰਿਆ 'ਚ ਲੰਮਾ ਸਮਾਂ ਲੱਗ ਜਾਂਦਾ ਹੈ। ਅਵਿਨਾਸ਼ ਦੇ ਇੰਗਲੈਂਡ ਵਿਚ ਜਾ ਕੇ ਸੈਟਲ ਹੋਣ ਦੀ ਇਹ ਪ੍ਰਕਿਰਿਆ ਅਜੇ ਵੀ ਜਾਰੀ ਹੈ।

ਇਸ ਤਰ੍ਹਾਂ ਕੁਲਦੀਪ ਸਿੰਘ ਬੇਦੀ ਦੀ ਇਹ ਰਚਨਾ ਵਿਚਲੇ ਯਥਾਰਥਮਈ ਕਥਾ ਪਸਾਰਾਂ 'ਤੇ ਉਸਰੀ ਇਹ ਸਫ਼ਰਨਾਮਾ ਨੁਮਾ ਨਾਵਲੀ ਰਚਨਾ ਆਪਣੀਆਂ ਕਲਾਤਮਿਕ ਜੁਗਤਾਂ ਕਾਰਨ ਬਹੁਤ ਮੁੱਲਵਾਨ ਰਚਨਾ ਹੋ ਨਿੱਬੜਦੀ ਹੈ। ਜਮੀਲਾ ਬਾਨੋ ਅਤੇ ਅਵਿਨਾਸ਼ ਦੋ ਮੁਲਕਾਂ ਦੀਆਂ ਹੱਦਾਂ ਤੇ ਵਿੱਥਾਂ 'ਤੇ ਉਸਰੇ ਪੜੁੱਲ ਉਲੰਘ ਕੇ ਦੋ ਕੌਮਾਂ ਦੇ ਸੰਕਲਪ ਦੀ ਅਹੀ ਤਹੀ ਕਰ ਕੇ ਸਾਬਤ ਕਰ ਦਿੰਦੇ ਹਨ ਕਿ ਧਰਮਾਂ, ਜਾਤਾਂ-ਗੋਤਾਂ, ਰੰਗਾਂ-ਨਸਲਾਂ ਦੇ ਪਾੜੇ ਪਾ ਕੇ ਮਨੁੱਖਤਾਂ ਦੀਆਂ ਵੰਡੀਆਂ ਨਹੀਂ ਪਾਈਆਂ ਜਾ ਸਕਦੀਆਂ। ਇਸ ਦਾ ਸਿਰਲੇਖ ਬੇਸ਼ੱਕ ਇਸ ਕਿਸਮ ਦੀ ਚੁਗਲੀ ਕਰਦਾ ਜਾਪਦਾ ਹੈ ਕਿ ਇਸ ਵਿਚ ਕੋਈ 'ਰੰਗ ਤਮਾਸ਼ੇ' ਵਰਗੀਆਂ ਛੁਹਾਂ ਦੀ ਵਧੇਰੇ ਭਰਮਾਰ ਹੋਵੇਗੀ, ਪਰ ਲੇਖਕ ਵੱਲੋਂ ਸ਼ਾਇਦ ਜਾਣੇ ਜਾਂ ਅਣਜਾਣੇ ਚੇਤਨਾ ਦਾ ਸਬੂਤ ਦਿੱਤਾ ਗਿਆ ਹੋਣ ਕਰਕੇ ਇਹ ਰਚਨਾ ਇਸ ਦੋਸ਼ ਤੋਂ ਮੁਕਤ ਹੋ ਕੇ ਬਹੁਤ ਹੀ ਉਚ ਪਾਏ ਸਹਿਜ ਯਥਾਰਥ ਦੀ ਪੇਸ਼ਕਾਰੀ ਹੋ ਨਿਬੜਦੀ ਹੈ। ਮੈਂ ਇਸ ਨਾਵਲੀ ਰੰਗ ਦੇ ਸਫ਼ਰਨਾਮੇ ਜਾਂ ਕਹਿ ਲਉ ਸਫ਼ਰਨਾਮਾ ਨੁਮਾ ਨਾਵਲ ਦਾ ਪੂਰੇ ਤਹਿ ਦਿਲੋਂ ਸੁਆਗਤ ਕਰਦਾ ਹਾਂ। ਨਾਵਲ ਦੀ ਕਥਾ ਵਸਤੂ ਅਵਿਨਾਸ਼ ਅਤੇ ਬਾਨੋ ਦੇ ਚਰਿੱਤਰ ਚਿਤਰਨ ਰਾਹੀਂ ਇਕ ਵਿਵੇਕ ਸਿਰਜਦੀ ਹੈ ਜੋ ਕੌਮਵਾਦ ਦੀ ਨਹੀਂ ਕੌਮਾਂਤਰੀਵਾਦ ਦੀ ਪ੍ਰਤੀਨਿਧਤਾ ਅਤੇ ਤਰਜ਼ਮਾਨੀ ਕਰਦਾ ਹੈ।

ਕਥਾ ਨਿਵਾਸ, ਗੁਰੂ ਕੀ ਨਗਰੀ, ਗਲੀ ਨੰ. ਬੀ-6, ਬਠਿੰਡਾ, ਮੁਬਾਇਲ 94175-81936

## 'ਮੈਂ ਭੋਲਾਵਾ ਪਗ ਦਾ' ਨਵੇਂ ਮਾਪਦੰਡ/ ਡਾ. ਨਰਿੰਦਰ ਸਿੰਘ

ਡਾ. ਕਰਨਜੀਤ ਦੀ ਸਵੈ-ਜੀਵਨੀ ਮੂਲਕ ਨਿਬੰਧਾਂ ਦੀ ਦੂਸਰੀ ਪੁਸਤਕ 'ਮੈਂ ਭੋਲਾਵਾ ਪਗ ਦਾ' ਦੇ ਨਾਂ ਨਾਲ ਸਾਹਮਣੇ ਆਈ ਹੈ। ਪਹਿਲੀ ਪੁਸਤਕ 'ਹਾਸ਼ੀਏ ਦੀ ਇਬਾਰਤ' ਵਾਂਗ ਹੀ ਇਥੇ ਇਸ ਪੁਸਤਕ ਵਿਚ ਵੀ ਵਿਧੀ, ਸਵੈ ਨੂੰ ਕਰਨਜੀਤ ਨਾਮ ਦਾ ਪਾਤਰ ਬਣਾ ਕੇ ਜੀਵਨ ਸਮੇਂ ਗਤੀ ਵਿਚੋਂ ਲੰਘਣਾ ਹੈ। ਯਕੀਨਨ ਇਸ ਨਾਲ ਲੇਖਕ ਸਵੈ ਤੋਂ ਵਿੱਥ ਥਾਪਣ ਦੇ ਜਤਨ ਵਿਚ ਹੈ ਜੋ ਕਿ ਹਰ ਜੀਵਨੀ ਲੇਖਕ ਲਈ ਇਕ ਚੈਲੇਂਜ ਹੁੰਦਾ ਹੈ। ਚੈਲੇਂਜ ਹੁੰਦਾ ਹੈ ਕਿ ਕੀ ਸਵੈ-ਜੀਵਨੀ ਲੇਖਕ ਸਵੈ ਨੂੰ ਕਿਸੇ ਦੂਸਰੇ ਦੀ ਨਜ਼ਰ ਤੋਂ ਦੇਖ ਸਕਦਾ ਹੈ? ਨਿੱਜੀ ਜਾਂ ਅਤਿ-ਨਿੱਜੀ ਪਲਾਂ, ਸਥਿਤੀਆਂ-ਜਿਨ੍ਹਾਂ ਵਿਚ ਉਹ ਅਤਿ ਮਾਮੂਲੀ ਜਾਂ ਕਮਜ਼ੋਰ ਵਿਅਕਤਿਤਵ ਦਾ ਧਾਰਨੀ ਹੁੰਦਾ ਹੈ, ਉਹ ਉਨ੍ਹਾਂ ਪਲਾਂ, ਸਥਿਤੀਆਂ ਨੂੰ ਕਿਵੇਂ ਉਲੀਕਦਾ ਹੈ? ਪ੍ਰਤਿਸ਼ਠਾਵਾਨ ਲੋਕਾਂ ਨੇ ਵੀ ਆਪਣੀਆਂ ਸਵੈ-ਜੀਵਨੀਆਂ ਵਿਚ ਉਨ੍ਹਾਂ ਕਮਜ਼ੋਰ ਪਲਾਂ ਨੂੰ ਅੰਕਿਤ ਕੀਤਾ ਤੇ ਖ਼ੁਦ ਨੂੰ ਆਪਣੀ ਹੀ ਕਚਹਿਰੀ ਵਿਚ ਸਿਰ ਝੁਕਾਉਣ ਲਈ ਆਖਿਆ। ਅਜਿਹੀਆਂ ਸਵੈ-ਜੀਵਨੀਆਂ ਮੱਘਦਾ ਸੱਚ ਬਣ ਕੇ ਬਾਕੀਆਂ ਲਈ ਪ੍ਰੇਰਨਾ-ਸ੍ਰੋਤ ਬਣੀਆਂ।

ਸਵੈ-ਜੀਵਨੀ ਦੀ ਪਰਖ ਪੜਤਾਲ ਵਿਚ ਬਹੁਤਾ ਜ਼ੋਰ ਇਥੇ ਹੀ ਲਗ ਜਾਂਦਾ ਹੈ ਕਿ ਅਜਿਹਾ ਲੇਖਕ ਸੱਚ ਬੋਲਦਾ ਹੈ ਕਿ ਨਹੀਂ -ਆਪਣੀ ਕਮਜ਼ੋਰੀ ਦੱਸਦਾ ਹੈ ਕਿ ਨਹੀਂ। ਇਹ ਤੱਥ ਮਹੱਤਵਪੂਰਨ ਹੋਵੇਗਾ, ਕਿਉਂਕਿ ਕਿਸੇ ਵੀ ਤੱਥ ਦੇ ਛੁਪਾਇਆਂ, ਬਦਲਾਇਆਂ, ਵਿਅਕਤਿਤਵ ਸਿਰਜਣ ਵਿਚ ਤ੍ਰੇੜ ਆ ਜਾਂਦੀ ਹੈ। ਪਰ ਇਸਦੇ ਨਾਲ ਹੀ ਜੋ ਮਹੱਤਵਪੂਰਨ ਗੱਲ ਹੈ ਉਹ ਇਹ ਕਿ ਸਵੈ-ਜੀਵਨੀ ਲੇਖਕ ਦਾ ਜੀਵਨ ਕੋਈ ਸੰਦੇਸ਼ ਸਿਰਜਣਾ ਹੈ। ਅਨੇਕਾਂ-ਨੇਕ ਜ਼ਿੰਦਗੀਆਂ ਸਮੇਂ ਵਿਚ ਵਹਿ ਕੇ ਅਲੋਪ ਹੋ ਜਾਂਦੀਆਂ ਹਨ। ਸਵਾਲ ਹੈ ਕਿ ਕੋਈ ਵਹਾਅ ਅਜਿਹਾ ਸੀ ਜੋ ਆਦਿ ਤੋਂ ਹੀ ਇਕ ਮੰਤਵ ਵਲ ਦਿਸ਼ਾ ਕਰਕੇ ਤੁਰਿਆ ਜੇ ਹਾਂ ਤਾਂ ਉਸਦੀ ਯਾਤਰਾ ਦੇਖਣੀ ਮਹੱਤਵਪੂਰਨ ਹੋ ਸਕਦੀ ਹੈ।

ਡਾ. ਕਰਨਜੀਤ ਕੋਈ ਰਾਜਨੇਤਾ, ਅਭਿਨੇਤਾ ਜਾਂ ਉਦਯੋਗਪਤੀ ਨਹੀਂ। ਉਹ ਪੰਜਾਬੀ ਦਾ ਲੇਖਕ ਹੈ ਜਿਸਨੂੰ ਪੰਜਾਬੀ ਲੇਖਕ ਜਗਤ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ। ਇਕ ਲੰਬਾ ਅਰਸਾ ਉਸਨੇ ਲੇਖਣ ਕੀਤਾ ਹੈ ਪਰ, (ਗੁਸਤਾਖ਼ੀ ਮੁਆਫ਼) ਉਹ ਅਜਿਹਾ ਲੇਖਕ ਵੀ ਨਹੀਂ ਜਿਨ੍ਹਾਂ ਬਾਰੇ ਇਮਤਿਹਾਨੀ ਪਰਚਿਆਂ ਵਿਚ ਸਵਾਲ ਪੁੱਛੇ ਜਾਂਦੇ ਹਨ। ਜਦੋਂ ਉਸਨੇ 'ਹਾਸ਼ੀਏ ਦੀ ਇਬਾਰਤ' ਲਿਖੀ ਸੀ ਤਾਂ ਉਹ ਇਸ ਗੱਲੋਂ ਚੇਤੰਨ ਸੀ। ਉਹ ਚੇਤੰਨ ਸੀ ਕਿ ਹਾਸ਼ੀਏ ਤੇ ਪਏ ਵਿਅਕਤੀ ਦੀ ਜ਼ਿੰਦਗੀ ਵੀ ਕੋਈ ਸੰਦੇਸ਼ ਹੋ ਸਕਦੀ ਹੈ। ਕਰਨਜੀਤ ਦੀ ਸਵੈ-ਜੀਵਨੀ ਮੂਲ ਰੂਪ ਵਿਚ ਇਸੇ ਲਈ ਮਹੱਤਵਪੂਰਨ ਹੈ ਕਿ ਉਹ ਆਮ ਬੰਦੇ ਦੀ ਸਵੈ-ਜੀਵਨੀ ਹੈ ਪਰ ਉਸ ਆਮ ਬੰਦੇ ਨੇ ਦਿਸ਼ਾ-ਹੀਣ ਜ਼ਿੰਦ ਜ਼ਿੰਦਗੀ ਭੋਗੀ ਨਹੀਂ ਦਿਸ਼ਾ-ਮੁਖ ਜ਼ਿੰਦਗੀ ਜੀਵੀ ਹੈ।

'ਮੈਂ ਭੋਲਾਵਾ ਪਗ ਦਾ' ਵਿਚ ਉਹ 'ਹਾਸ਼ੀਏ ਦੀ ਇਬਾਰਤ' ਤੋਂ ਅੱਗੇ ਤੁਰਦਾ ਹੈ। ਉਹ ਪੰਜਾਬ ਤੋਂ ਦਿੱਲੀ ਪਹੁੰਚਿਆ, ਦਿੱਲੀਓ ਮਾਸਕੋ ਗਿਆ ਤੇ ਮਾਸਕੋ ਇਕ ਲੰਬਾ ਅਰਸਾ ਰਹਿ ਕੇ ਦਿੱਲੀ ਪਰਤਿਆ। ਇਹ ਵਾਕਫ਼ਾ ਇਸ ਪੁਸਤਕ ਦੇ ਅੰਦਰ ਫੈਲਿਆ ਹੋਇਆ ਹੈ। ਮੈਂ ਇਸ ਪੁਸਤਕ ਨੂੰ ਵਿਅਕਤਿਤਵ ਦੇ ਵਿਕਾਸ ਦੀ ਅਗਲੀ ਕੜੀ ਵਾਂਗ ਦੇਖਦਾ ਹਾਂ। ਡਾ. ਕਰਨਜੀਤ ਨੂੰ ਪੰਜਾਬੀ ਪਾਠਕ ਇਕ ਵਿਚਾਰਧਾਰਾ ਤੋਂ ਪ੍ਰੇਰਿਤ ਲੇਖਕ ਮੰਨਦਾ ਹੈ। ਇਹ ਵਿਚਾਰਧਾਰਾ ਸਮਾਜਵਾਦੀ ਚੇਤਨਾ ਨਾਲ ਜੁੜੀ ਹੋਈ ਹੈ। ਅਜਿਹਾ ਵਿਅਕਤੀ ਆਪਣੀ ਜ਼ਿੰਦਗੀ ਦੇ ਆਦਿ ਵਿਚ, ਤੰਗੀਆਂ-ਤੁਰਸੀਆਂ ਨਾਲ ਜੂਝਦਾ ਕਿਵੇਂ ਸੰਘਰਸ਼ ਕਰਦਾ ਹੈ-ਕਿਵੇਂ ਫੈਸਲਾਕੁਨ ਪਲਾਂ ਵਿਚ ਕਮਜ਼ੋਰ ਨਹੀਂ ਪੈਂਦਾ-ਇਹ ਅਸੀਂ ਪਹਿਲੇ ਭਾਗ ਵਿਚ ਪੜ੍ਹ ਚੁਕੇ ਹਾਂ। 'ਮੈਂ ਭੋਲਾਵਾ ਪਗ ਦਾ' ਵਿਚਲਾ ਸਫ਼ਰ ਵਧੇਰੇ ਕਰਕੇ ਦਿੱਲੀ ਤੇ ਮਾਸਕੋ ਵਿਚ ਗੁਜ਼ਾਰੇ ਸਮੇਂ ਨੂੰ ਚਿਤਰਿਤ ਕਰਦਾ ਹੈ। ਸਮਾਜਵਾਦੀ ਵਿਚਾਰ ਵਾਲਾ ਬੰਦਾ ਜਦੋਂ ਵਿਹਾਰਕ ਤੌਰ ਤੇ ਸਮਾਜਵਾਦੀ ਵਾਤਾਵਰਣ ਵਿਚ ਹੀ ਵਿਚਰਦਾ ਜਾਂ ਨੌਕਰੀ ਕਰਦਾ ਹੈ ਤਾਂ ਕੀ ਉਹ ਪਰਮ ਸੁੱਖ ਦਾ ਅਹਿਸਾਸ ਕਰਦਾ ਹੈ? ਕੀ ਵਿਚਾਰ ਪੂਰਾ ਵਿਹਾਰ ਬਣ ਜਾਂਦੇ ਹਨ? ਕੀ ਕਿਸੇ ਪ੍ਰਬੰਧ ਦਾ ਪ੍ਰਪੱਕ ਹੋਣਾ ਕੇਵਲ ਯੂਟੋਪੀਆ ਹੀ ਹੈ? ਇਨਸਾਨੀ ਕਮਜ਼ੋਰੀਆਂ ਕੀ ਹਨ? ਸੰਸਕ੍ਰਿਤੀ ਕਿਤਨੀ ਮਹੱਤਵਪੂਰਨ ਹੈ? ਸੱਤਾ ਨੂੰ ਨਕੇਲ ਪਾਉਣੀ ਕਿੰਨੀ ਔਖੀ ਹੈ? ਇਹ ਤੇ ਇਹੋ ਜਿਹੇ ਮਹੀਨ ਤੇ ਮਹੱਤਵਪੂਰਨ ਪ੍ਰਸ਼ਨ ਇਸ ਸਵੈ-ਜੀਵਨੀ ਵਿਚ ਜੀਵੰਤ ਹੋ ਕੇ ਹੱਲ ਹੋਏ ਹਨ ਜਾਂ ਬੇਹੱਲ ਹੀ ਰਹਿ ਗਏ ਹਨ। ਇਹ ਪ੍ਰਸ਼ਨ ਹਰ ਉਸ ਵਿਅਕਤੀ ਲਈ ਮਹੱਤਵਪੂਰਣ ਹਨ ਜੋ ਕੇਵਲ



ਸਿਧਾਂਤ ਪੜ੍ਹਦਾ ਹੈ। ਇਸੇ ਲਈ ਇਹ ਸਵੈ-ਜੀਵਨੀ ਕਰਨਜੀਤ ਦੀ ਕਥਾ ਨਹੀਂ ਇਕ ਅਧਿਐਨ ਹੈ ਜੋ ਇਕ ਅੱਧ ਵਿਅਕਤੀ ਹੀ ਕਰ ਸਕਦਾ ਹੈ। ਅਸੀਂ ਮਹਾਨ ਵਿਅਕਤੀਆਂ ਦੀਆਂ ਸਵੈ-ਜੀਵਨੀਆਂ ਇਸੇ ਲਈ ਪੜ੍ਹਦੇ ਹਾਂ ਨਾ ਕਿ ਉਹ ਸਾਨੂੰ ਪ੍ਰੇਰਨਾ ਦੇਣ ਕਿ ਅਸੀਂ ਆਮ ਤੋਂ ਮਹਾਨ ਬਣ ਜਾਈਏ? ਯਾਦ ਰਹੇ ਆਮ ਵਿਅਕਤੀ ਵੀ, ਅਪ੍ਰਸਿੱਧ ਵਿਅਕਤੀ ਵੀ, ਮਹਾਨ ਹੋ ਸਕਦਾ ਹੈ ਜੇ ਉਸਨੇ ਜ਼ਿੰਦਗੀ ਦੇ ਸਮੁੱਚ ਵਿਚੋਂ ਕੋਈ ਸਾਂਝਾ ਧਾਗਾ ਲੰਘਾਇਆ ਹੋਇਆ ਹੈ। 'ਮੈਂ ਭੋਲਾਵਾ ਪਗ ਦਾ' ਦਾ ਨਿਕਟ ਪਾਠ ਕਰਦਿਆਂ ਇਹ ਸੱਚ ਸਹਿਜੇ ਹੀ ਸਾਹਮਣੇ ਆ ਜਾਂਦਾ ਹੈ।

ਕੋਈ ਕਵਿਤਾ, ਕੋਈ ਕਹਾਣੀ ਜਾਂ ਕੋਈ ਨਾਵਲ, ਇਸੇ ਲਈ ਅਰਥ ਭਰਪੂਰ ਸੰਦੇਸ਼ ਸਿਰਜਦਾ ਹੈ ਕਿਉਂਕਿ ਉਹ ਇਕ ਇਕਾਈ ਹੈ। ਜ਼ਿੰਦਗੀ ਵੀ ਅਰਥ ਭਰਪੂਰ ਸਿਰਜਣਾ ਹੋ ਸਕਦੀ ਹੈ ਜੇ ਉਸਨੂੰ ਇਕ ਇਕਾਈ ਵਾਂਗ ਜੀਵਿਆ ਹੋਵੇ।

"ਮੈਂ ਭੋਲਾਵਾ ਪਗ ਦਾ" ਦਾ ਮੁੱਖ ਪਾਤਰ ਕਰਨਜੀਤ ਘੁੰਮਦਾ-ਫਿਰਦਾ, ਖਾਂਦਾ-ਪੀਂਦਾ, ਹਸਦਾ-ਬੋਲਦਾ, ਲਿਖਦਾ-ਪੜ੍ਹਦਾ, ਆਪਣੀ ਸਵੈ ਖੁਲ੍ਹੀ ਅੱਖ ਨੂੰ ਕਦੀ ਨਹੀਂ ਝਪਕਦਾ। ਕਰਨਜੀਤ ਕਮਿਊਨਿਸਟ ਪਾਰਟੀ ਦਾ ਮੈਂਬਰ ਸੀ ਤੇ ਮਾਰਕਸਵਾਦੀ ਹੋਣ ਦਾ ਦਮ ਭਰਦਾ ਸੀ। (ਪੰਨਾ 39)

ਮਾਰਕਸਵਾਦ ਇਕ ਸਿਧਾਂਤ ਹੈ। ਇਸਦੀ ਵਿਹਾਰਕਤਾ ਕਿਸੇ ਵਿਅਕਤੀ ਦੇ ਜੀਵਨ ਨੂੰ ਸੇਧ ਦੇਵੇ-ਇਹ ਹੋ ਸਕਦਾ ਹੈ। ਪਰ ਇਹ ਕਿਸੇ ਦੇਸ਼ ਦੀ ਸੱਤਾ ਦੇ ਉਚੱਤਮ ਸਿੰਘਾਸਨ ਤੋਂ ਨਿਰਲੇਪ ਹੋ ਕੇ ਵਿਹਾਰਕਤਾ ਵਿਚ ਵਿਚਰੇ-ਇਹ ਬਹੁਤ ਕਠਿਨ ਹੈ। ਇਹ ਗੱਲ ਅਸੀਂ ਨਹੀਂ ਕਰਨਜੀਤ ਪ੍ਰਮਾਣਿਤ ਕਰ ਰਿਹਾ ਹੈ-ਇਕ ਥਾਵੇਂ ਨਹੀਂ ਕਈ ਥਾਵੇਂ। ਇਸੇ ਲਈ ਅਸੀਂ ਕਿਹਾ ਸੀ ਕਿ ਉਹ ਅੱਖ ਖੋਲ੍ਹ ਕੇ ਰਖਦਾ ਹੈ-ਝਮਕਦਾ ਨਹੀਂ ਤਾਂ ਕੀ ਉਹ ਕੱਚਾ ਪਿੱਲਾ ਮਾਰਕਸਵਾਦੀ ਹੈ? ਨਹੀਂ। ਉਹ ਅੰਧ ਵਿਸ਼ਵਾਸੀ ਨਹੀਂ। ਉਹ ਸੱਚ ਦੀ ਅੱਖ ਵਿਚ ਵੇਖਦਾ ਹੈ।

ਇਸ ਪੁਸਤਕ ਦਾ ਬਹੁਤ ਵੱਡਾ ਹਿੱਸਾ ਸੋਵੀਅਤ ਯੂਨੀਅਨ ਦੀ ਸੰਘਣੀ ਸੈਰ ਨਾਲ ਸੰਬੰਧਿਤ ਹੈ। ਇਹ ਹਿੱਸਾ ਬਹੁਤ ਪ੍ਰਪੱਕ ਸੂਚਨਾ ਦਿੰਦਾ ਹੈ ਤੇ ਪਾਠਕ ਦੇ ਗਿਆਨ ਭੰਡਾਰ ਨੂੰ ਅਮੀਰ ਕਰਦਾ ਹੈ। ਮਜ਼ੇਦਾਰ ਗੱਲ ਇਹ ਹੈ ਕਿ ਵਿਦੇਸ਼ੀ ਧਰਤੀ ਦੇ ਅਨਜਾਣੇ ਵਾ-ਮੰਡਲ ਵਿਚ ਵਿਚਰਦਿਆਂ ਵੀ ਲੇਖਕ ਆਪਣੀ ਲਿਖਤ ਨੂੰ ਪੰਜਾਬੀ ਸਭਿਆਚਾਰ ਦੀ ਮਿੱਸ ਨਾਲ ਜੋੜੀ ਰਖਦਾ ਹੈ। ਥਾਂ ਥਾਂ ਪੰਜਾਬੀ ਲੋਕ ਗੀਤਾਂ, ਅਖਾਣਾਂ ਤੇ ਸਹਿਜੇ ਪ੍ਰਵੇਸ਼ ਨਾਲ ਪਾਠਕ ਦੀ ਰੌਚਕਤਾ ਬਣੀ ਰਹਿੰਦੀ ਹੈ। ਇਸਦੇ ਨਾਲ ਹੀ ਕਈ ਥਾਂਈ ਬੜੀਆਂ ਪਾਏਦਾਰ ਤੇ ਬਾਮੌਕਾ ਕਵਿਤਾਵਾਂ ਸਥਿਤੀਆਂ ਦੇ ਸੱਚ ਨੂੰ ਉਘਾੜਣ ਵਿਚ ਮਦਦ ਕਰਦੀਆਂ ਹਨ।

ਸਾਹਿਤ ਦੀ ਸਭ ਤੋਂ ਵੱਡੀ ਖ਼ੂਬੀ ਹੈ ਕਿ ਉਹ ਸੱਚ ਸਿਰਜਦਾ ਹੈ। ਉਸਦੀ ਵਿਧੀ ਤੱਥ ਤੋਂ ਪਰ੍ਹੇ ਕਲਪਨਾ ਦੀ ਹੋ ਸਕਦੀ ਹੈ। ਪਰ ਕਲਪਨਾ ਨਾਲ ਹੀ ਉਹ ਸੱਚ ਵਲ ਹੀ ਸੰਕੇਤ ਕਰਦਾ ਹੈ। 'ਮੈਂ ਭੋਲਾਵਾ ਪਗ ਦਾ' ਦੇ ਮੁੱਖ ਪਾਤਰ ਕਰਨਜੀਤ ਦੀ ਕਥਾ ਥਾਂ-ਥਾਂ ਨੰਗੇ ਸੱਚ ਵਲ ਰੁਚਿਤ ਹੁੰਦੀ ਹੈ। ਭਾਵੇਂ ਕਮਿਊਨਿਸਟ ਪਾਰਟੀ ਦੇ ਨੇਤਾ ਝੂਠ ਬੋਲਦੇ ਹੋਣ, ਸੋਵੀਅਤ ਯੂਨੀਅਨ ਵਿਚ ਲੋਕੀ ਰਿਸ਼ਵਤ ਜਾਂ ਇਨਾਮ ਲੈਂਦੇ ਹੋਣ, ਸਮਾਜਵਾਦ ਦੇ ਆ ਜਾਣ ਬਾਰੇ ਭਰਮ ਭੁਲੇਖੇ ਪੈਦਾ ਕੀਤੇ ਜਾਂਦੇ ਹੋਣ, ਨੇਤਾ ਸੱਤਾ ਦਾ ਗ਼ਲਤ ਇਸਤੇਮਾਲ ਕਰਦੇ ਹੋਣ ਜਾਂ ਸਮਾਜਵਾਦੀ ਪ੍ਰਬੰਧ ਵਿਚ ਆਮ ਜ਼ਿੰਦਗੀ ਦੀਆਂ ਚੀਜ਼ਾਂ ਦੀ ਕਿੱਲਤ ਹੋਵੇ, ਕਰਨਜੀਤ 'ਸੱਚ ਸੁਣਾਇਸੀ ਸੱਚ ਕੀ ਬੇਲਾ' ਵਾਂਗ ਬੇਲਾਗ਼ ਹੋ ਕੇ ਆਪਣਾ ਪ੍ਰਤੀਕਰਮ ਅੰਕਿਤ ਕਰਦਾ ਹੈ। ਇਹ ਉਹ ਸੱਚ ਹੈ ਜਿਸਦੀ ਭਾਲ ਸਵੈ-ਜੀਵਨੀ ਵਿਚੋਂ ਕੀਤੀ ਜਾਂਦੀ ਹੈ।

ਇਸ ਪੁਸਤਕ ਦਾ ਸਿਰਲੇਖ ਬਾਬਾ ਫ਼ਰੀਦ ਦੀ ਪੰਕਤੀ ਹੈ ਪਰ ਇਸ ਪੁਸਤਕ ਦਾ ਸਮੁੱਚਾ ਵਜੂਦ ਗਹਿਨ ਫ਼ਕੀਰੀ ਦੀ ਸਿਰਜਣਾ ਹੈ। ਮਾਰਕਸਵਾਦੀ ਸਿਧਾਂਤ ਵਿਚ ਵਿਸ਼ਵਾਸ ਰੱਖਣ ਵਾਲਾ ਆਪਣੇ ਆਪ ਵਿਚ ਫ਼ਕੀਰੀ ਰੰਗ ਵਰਗਾ ਕਿਵੇਂ ਹੋ ਸਕਦਾ ਹੈ? ਆਧੁਨਿਕ ਵਿਚਾਰਧਾਰਾ ਮੱਧਕਾਲੀ ਵਿਚਾਰਧਾਰਾ ਨਾਲ ਕਿਵੇਂ ਜੁੜ ਸਕਦੀ ਹੈ? ਜਵਾਬ ਹੈ ਇਨ੍ਹਾਂ ਦੋਹਾਂ ਵਿਚ ਸਾਂਝਾ ਤੱਤ ਸੱਚ ਹੈ ਜੋ ਸਮੇਂ ਤੋਂ ਪਾਰ ਹੁੰਦਾ ਹੈ। ਮਾਨਵਤਾ ਪ੍ਰਤੀ ਬਾਬੇ ਨਾਨਕ ਦੀਆਂ ਪੰਕਤੀਆਂ ਵੀ ਮਾਰਕਸ ਦੇ ਚਿੰਤਨ ਨਾਲ ਸਾਂਝ ਰਖਦੀਆਂ ਹਨ, ਇਸ ਪੁਸਤਕ ਦੇ ਕਰਨਜੀਤ ਨੂੰ ਬੜੇ ਉਤਰਾਅ-ਚੜ੍ਹਾਅ ਦੇਖੇ ਹਨ ਪਰ ਉਹ ਅਤਿ ਭਾਵੁਕ ਨਹੀਂ ਹੁੰਦਾ। ਉਹ ਦ੍ਰਿਸ਼ਟਾ ਹੈ, ਸਮਾਜਿਕ ਸਥਿਤੀਆਂ ਦਾ ਵੀ, ਸਵੈ ਦਾ ਵੀ। ਇਸੇ ਲਈ ਉਸਦੀ ਸਵੈ-ਜੀਵਨੀ 'ਕਰਨਜੀਤ ਦੀ ਸਵੈ-ਜੀਵਨੀ ਹੈ 'ਮੈਂ ਦੀ ਸਵੈ-ਜੀਵਨੀ ਨਹੀਂ। ਪੁਸਤਕ ਵਿੱਚ ਬਹੁਤ ਖ਼ੂਬਸੂਰਤ ਕਾਲੀਆਂ-ਚਿੱਟੀਆਂ ਅਤੇ ਰੰਗਦਾਰ ਤਸਵੀਰਾਂ ਹਨ। ਪੁਸਤਕ ਮਨਪ੍ਰੀਤ ਪ੍ਰਕਾਸ਼ਨ ਨੇ ਬੜੀ ਮਿਹਨਤ ਨਾਲ ਛਾਪੀ ਹੈ।

**ਜਨ ਬੋਧ :**

# ਬੁੱਧਇਜ਼ਮ ਤੇ ਹਿੰਦੂਇਜ਼ਮ -ਆਪਸੀ ਸੰਬੰਧ ਕੀ ਹਨ?

**/ ਡਾ. ਸੁਰਿੰਦਰ ਅਜਨਾਤ**

ਜਿਸ ਤਰ੍ਹਾਂ ਕਈ ਭੱਦਰਪੁਰਸ਼ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਹੀ ਇੱਕ ਅੰਸ਼ ਦੱਸਣ ਦੀ ਹਿਮਾਕਤ ਕਰਦੇ ਹਨ, ਉਸੇ ਤਰ੍ਹਾਂ ਦੂਜੇ ਕਈ ਭੱਦਰਪੁਰਸ਼ ਬੁੱਧਇਜ਼ਮ ਨੂੰ ਹਿੰਦੂਇਜ਼ਮ ਦੀ ਇੱਕ ਸ਼ਾਖਾ ਦੱਸ ਰਹੇ ਹਨ; ਜੋ ਸਰਾਸਰ ਗਲਤ ਹੈ।

***ਬੁੱਧ ਚੋਰ ਹੈ !***

ਕੋਈ ਵੀ ਧਰਮ ਆਪਣੀ ਸ਼ਾਖਾ ਜਾਂ ਆਪਣੇ ਅੰਸ਼ ਦੀ ਬਾਬਤ ਉਸ ਤਰ੍ਹਾਂ ਦੇ ਅਪਸ਼ਬਦਾਂ ਦਾ ਇਸਤੇਮਾਲ ਨਹੀਂ ਕਰਦਾ ਜਿਸ ਤਰ੍ਹਾਂ ਦੇ ਹਿੰਦੂਧਰਮ-ਗ੍ਰੰਥਾਂ ਨੇ ਬੁੱਧਇਜ਼ਮ ਦੀ ਬਾਬਤ ਕੀਤੇ ਹਨ। ਹਿੰਦੂਇਜ਼ਮ ਦਾ ਪ੍ਰਸਿੱਧ ਗ੍ਰੰਥ ਵਾਲਮੀਕਿ ਦੀ ਰਾਮਾਇਣ ਹੈ, ਇਹ ਬੁੱਧ ਅਤੇ ਬੋਧੀਆਂ ਬਾਬਤ ਜੋ ਕੁਝ ਕਹਿੰਦੀ ਹੈ, ਉਹ ਇਸ ਪ੍ਰਕਾਰ ਹੈ; ਜਿਵੇਂ ਚੋਰ ਸਜ਼ਾ ਪਾਉਣ ਦਾ ਹੱਕਦਾਰ ਹੁੰਦਾ ਹੈ, ਉਸੇ ਤਰ੍ਹਾਂ ਬੁੱਧ ਅਤੇ ਉਸ ਦੇ ਪੈਰੋਕਾਰ ਵੀ ਦੰਡ ਦੇ ਯੋਗ ਹਨ। ਤਥਾਗਤ (ਬੁੱਧ) ਨੂੰ ਨਾਸਤਿਕ ਸਮਝੋ। ਇਸ ਲਈ ਪ੍ਰਜਾ ਦਾ ਪਾਲਨ ਕਰਨ ਵਾਲੇ ਰਾਜਾ ਨੂੰ ਚਾਹੀਦਾ ਹੈ ਕਿ ਉਹ ਜਿਸ ਜਿਸ ਨਾਸਤਿਕ ਨੂੰ ਦੰਡ ਦੇ ਸਕੇ, ਦੇਵੇ। ਬ੍ਰਾਹਮਣਾਂ ਨੂੰ ਚਾਹੀਦਾ ਹੈ ਕਿ ਉਹ ਕਿਸੇ ਨਾਸਤਿਕ ਬੋਧੀ ਨਾਲ ਗੱਲਬਾਤ ਵੀ ਨਾ ਕਰਨ (ਵਾ. ਰ. ਅਯੋਧਿਆ ਕਾਂਡ 109 /34)

ਵਾਲਮੀਕਿ ਜੀ ਦੇ ਸ਼ਲੋਕ ਦੀ ਪਹਿਲੀ ਸਤਰ ਇੰਜ ਹੈ : यदा हि चोर सतथा हि बुद्ध (109 /34)

ਪੁੱਸ਼ਮਿੱਤਰ ਸ਼ੁੰਗ ਨਾਂ ਦੇ ਬ੍ਰਾਹਮਣ ਦੇ ਮੌਰਿਆ ਵੰਸ਼ ਦੇ ਅੰਤਿਮ ਸਮਰਾਟ ਦੀ ਹੱਤਿਆ ਕਰਕੇ ਸੱਤਾ ਆਪਣੇ ਹੱਥਾਂ 'ਚ ਲੈ ਕੇ ਬੋਧੀ ਕ੍ਰਾਂਤੀ ਦੇ ਉਲਟ ਜੋ ਲਹਿਰ ਚਲਾਈ ਸੀ, ਉਸ ਵਿਚ ਦੋ ਮੁੱਖ ਗੱਲਾਂ ਸਨ : ਬੁੱਧਇਜ਼ਮ ਨੂੰ ਖਤਮ ਕਰਨ ਦੇ ਉਪਰਾਲੇ ਕਰਨਾ ਅਤੇ ਹਿੰਦੂਇਜ਼ਮ ਨੂੰ ਮੁੜ ਸਥਾਪਿਤ ਕਰਨ ਦੇ ਯਤਨ ਕਰਨਾ।

ਪਹਿਲੇ ਅਜੰਡੇ ਨੂੰ ਲਾਗੂ ਕਰਦੇ ਹੋਏ, ਸਾਨੂੰ 'ਅਸ਼ੋਕਾਵਦਾਨ' ਗ੍ਰੰਥ ਤੋਂ ਪਤਾ ਚਲਦਾ ਹੈ, ਉਸ ਨੇ ਬੋਧੀ ਭਿੱਖੂਆਂ ਦੀਆਂ ਹੱਤਿਆਵਾਂ ਕੀਤੀਆਂ, ਉਨ੍ਹਾਂ ਦੇ ਵਿਹਾਰਾਂ ਨੂੰ ਅੱਗ ਲਾ ਕੇ ਤਬਾਹ ਕੀਤਾ ਅਤੇ ਸਾਰੇ ਪਾਸੇ ਇਹ ਸਰਕਾਰੀ ਐਲਾਨ ਕਰਵਾਇਆ ਕਿ ਜੋ ਵੀ ਵਿਅਕਤੀ ਕਿਸੇ ਬੋਧੀ ਦਾ ਸਿਰ ਲੈ ਕੇ ਆਵੇਗਾ, ਉਸ ਨੂੰ ਰਾਜਾ ਵੱਲੋਂ ਇਕਸੌ ਦੀਨਾਰ (ਸੋਨੇ ਦੇ ਸਿੱਕੇ) ਦਿੱਤੇ ਜਾਣਗੇ : यो मे भ्रमणशिरो दास्यति तस्याहं दीनारशतं दास्यामि(अशोकावादान)

7ਵੀਂ 8 ਵੀਂ ਸਦੀ ਵਿੱਚ ਵੇਦਾਂ, ਯੱਗਾਂ ਭਾਵ ਹਿੰਦੂਇਜ਼ਮ ਨੂੰ ਮੁੜ ਸੁਰਜੀਤ ਕਰਨ ਵਾਲਾ ਇੱਕ ਬਹੁਤ ਵੱਡਾ ਹਿੰਦੂ ਵਿਦਵਾਨ ਹੋਇਆ ਹੈ-ਕੁਮਾਰਿਲ ਭੱਟ। ਉਸ ਨੇ ਵੀ ਬੁੱਧਇਜ਼ਮ ਦੇ ਵਿਰੁੱਧ ਚੰਗੀ ਜਹਿਰ ਉਗਲੀ। ਉਸਨੇ ਆਪਣੇ ਪ੍ਰਸਿੱਧ ਗ੍ਰੰਥ 'ਤੰਤਰਵਾਰਤਿਕ' ਵਿੱਚ ਕਿਹਾ ਹੈ ਕਿ ਬੁੱਧ ਦੇ ਅਹਿੰਸਾ ਆਦਿ ਦੇ ਸਿਧਾਂਤ ਇੰਨੇ ਘਟੀਆ ਅਤੇ ਗੰਦੇ ਹਨ ਜਿੰਨਾ ਗੰਦਾ ਕੁੱਤੇ ਦੀ ਖੱਲ ਦੇ ਬਣੇ ਥੈਲੇ ਵਿਚ ਪਾਇਆ ਹੋਇਆ ਦੁੱਧ ਹੁੰਦਾ ਹੈ।

ਕੁਮਾਰਿਲ ਤੋਂ ਬਾਅਦ ਆਦਿ ਸ਼ੰਕਰਾਚਾਰਿਆ ਹੋਇਆ ਜੋ ਹਿੰਦੂਇਜ਼ਮ ਵਿੱਚ ਬਹੁਤ ਵੱਡੇ ਰੁਤਬੇ ਦਾ ਮਾਲਿਕ ਹੈ। ਉਸ ਨੂੰ ਕਈਆਂ ਵਲੋਂ ਜਗਤਗੁਰੂ ਕਿਹਾ ਜਾਂਦੈ। ਉਸਨੇ ਆਪਣੇ ਗ੍ਰੰਥ "ਬ੍ਰਹਮ ਸੂਤਰ ਭਾਸ਼' ਵਿੱਚ ਲਿਖਿਆ ਹੈ ਕਿ ਬੁੱਧ ਬਕਵਾਸੀ-ਅਸੰਬੱਧ ਪ੍ਰਲਾਪੀ ਸੀ ਅਤੇ ਲੁਕਾਈ ਦਾ ਦੁਸ਼ਮਨ ਸੀ।(2 / 2 / 32)

ਇਹ ਸਭ ਕੀ ਹੈ? ਹਿੰਦੂਇਜ਼ਮ ਦੇ ਗ੍ਰੰਥ ਅਤੇ ਉਨ੍ਹਾਂ ਦੇ ਰਚਨਹਾਰੇ ਸਭ ਇਸ ਸੁਰ ਵਿੱਚ ਬੁੱਧ ਅਤੇ ਬੁੱਧਇਜ਼ਮ ਦੀ ਨਿੰਦਾ ਕਰ ਰਹੇ ਹਨ, ਗਾਲ੍ਹਾਂ ਦੇ ਰਹੇ ਹਨ ਅਤੇ ਹਰ ਤਰ੍ਹਾਂ ਦੇ ਅਪਸ਼ਬਦਾਂ ਦਾ ਪ੍ਰਯੋਗ ਕਰ ਰਹੇ ਹਨ, ਕੀ ਅਜਿਹਾ ਕੋਈ ਧਰਮ ਆਪਣੀ ਸ਼ਾਖਾ ਨਾਲ ਜਾਂ ਆਪਣੇ ਅੰਸ਼ ਨਾਲ ਕਰਦਾ ਹੈ? ਸਾਫ ਹੈ, ਕਦੇ



ਨਹੀਂ ਕਰਦਾ। ਅਜਿਹਾ ਤਾਂ ਉਹ ਆਪਣੇ ਵਿਰੋਧੀ ਨਾਲ ਹੀ ਕਰਦਾ ਹੈ, ਜਿਸ ਤੋਂ ਉਸ ਨੂੰ ਚੁਣੌਤੀ ਮਿਲ ਰਹੀ ਹੁੰਦੀ ਹੈ।

ਇੰਨਾ ਹੀ ਨਹੀਂ, ਹਿੰਦੂਧਰਮ ਦੇ ਅੱਡ-ਅੱਡ ਪੁਰਾਣ ਵੀ ਆਪਣੇ-ਆਪਣੇ ਢੰਗ ਨਾਲ ਬੁੱਧ ਦੀ ਨਿੰਦਾ ਕਰਦੇ ਹਨ ਤੇ ਲੋਕਾਂ ਨੂੰ ਉਸ ਤੋਂ ਸਾਵਧਾਨ ਰਹਿਣ ਲਈ ਕਹਿੰਦੇ ਹਨ :

ਬ੍ਰਹਮ ਪੁਰਾਣ ਦਾ ਕਹਿਣਾ ਹੈ ਕਿ ਵਿਸ਼ਣੂ ਨੇ ਬੁੱਧ ਦਾ ਅਵਤਾਰ ਧਾਰ ਕੇ ਸ਼ਾਕਿਆ ਲੋਕਾਂ ਦੇ ਧਰਮ ਨੂੰ ਨਸ਼ਟ ਕੀਤਾ (ਕ੍ਰਿਤਿਆਰਤਨਾਕਰ, ਪੰ. 159)

ਭਵਿੱਸ਼ ਪੁਰਾਣ ਕਹਿੰਦਾ ਹੈ ਕਿ ਬੁੱਧ ਨੇ ਦੇਵ-ਧਰਮ ਦਾ ਪਾਲਨ ਕਰਨ ਵਾਲੇ ਬ੍ਰਾਹਮਣਾਂ, ਖੱਤਰੀਆਂ ਤੇ ਵੈਸ਼ਾਂ ਨੂੰ ਵੇਦ ਤੋਂ ਬੇਮੁੱਖ ਕਰਕੇ ਸਭ ਪਾਸੇ ਤਾਮਸਿਕਤਾ (ਅਗਿਆਨ, ਅਧਿਕਾਰ) ਫੈਲਾਈ।

ਇਸ ਸਭ ਦਾ ਕਾਰਨ ਇਹ ਸੀ ਕਿ ਬੁੱਧ ਉਨ੍ਹਾਂ ਸਭ ਚੀਜਾਂ ਦੇ ਉਲਟ ਸਨ ਜਿਨ੍ਹਾਂ ਨੂੰ ਹਿੰਦੂਇਜ਼ਮ ਅਤੇ ਬ੍ਰਾਹਮਾਣਵਾਦ ਦੇ ਪ੍ਰਚਾਰਕ ਤੇ ਪੁਰੋਹਿਤ ਪ੍ਰਚਾਰਦੇ ਸਨ।

***ਵੇਦ ਸੁਣੇ ਤਾਂ ਕੰਨਾਂ 'ਚ ਸਿੱਕਾ ਪਾਓ***

ਹਿੰਦੂਇਜ਼ਮ ਮੁਤਾਬਿਕ ਵੇਦ ਰੱਬੀ ਅਤੇ ਸਰਬਉੱਚ ਗ੍ਰੰਥ ਹਨ ਤੇ ਇਹ ਇਸੇ ਕਰਕੇ ਸ਼ੂਦਰਾਂ ਲਈ ਵਿਵਰਜਿਤ ਸਨ। ਉਨ੍ਹਾਂ ਬਾਬਤ ਹਿੰਦੂ ਗ੍ਰੰਥਾਂ , ਜਿਵੇਂ ਕਿ ਗੌਤਮ ਧਰਮ ਸੂਤਰ (2 /3 /4) ਵਿਚ ਕਿਹਾ ਗਿਆ ਹੈ ਕਿ ਜੇ ਕੋਈ ਸ਼ੂਦਰ ਵੇਦ ਦੇ ਇੱਕ ਵੀ ਮੰਤਰ ਨੂੰ ਪੜ੍ਹ ਲਵੇ, ਉਸ ਦਾ ਉਚਾਰਨ ਕਰ ਲਵੇ ਤਾਂ ਉਸ ਦੀ ਜੀਭ ਕੱਟ ਦੇਣੀ ਚਾਹੀਦੀ ਹੈ; ਜੇ ਉਹ ਵੇਦ ਮੰਤਰ ਸੁਣ ਲਵੇ ਤਾਂ ਉਸ ਦੇ ਕੰਨਾਂ ਵਿੱਚ ਲਾਖ ਜਾਂ ਰਾਂਗਾ (ਸਿੱਕਾ) ਨਾਂ ਦੀ ਧਾਤ ਪਿਘਲਾ ਦੇ ਪਾ ਦਿੱਤੀ ਜਾਵੇ। ਧਿਆਨ ਰਹੇ ਬਾਅਦ ਵਿਚ ਸੰਸਕ੍ਰਿਤ ਭਾਸ਼ਾ ਵੀ ਸ਼ੂਦਰਾਂ ਲਈ ਵਿਵਰਜਿਤ ਕਰ ਦਿੱਤੀ ਗਈ। ਡਾ. ਅੰਬੇਡਕਰਨੂੰ ਵਿਦਿਆਰਥੀ ਜੀਵਨ ਵਿਚ ਸੰਸਕ੍ਰਿਤ ਦਾ ਵਿਸ਼ਾ ਨਹੀਂ ਲੈਣ ਦਿੱਤਾ ਗਿਆ ਸੀ।

ਪਰ ਬੁੱਧ ਵੇਦ ਨੂੰ ਹੀ ਰੱਦ ਕਰਦੇ ਹਨ ਤੇ ਆਖਦੇ ਹਨ ਕਿ ਵੇਦ ਵੀਰਾਣ ਹਨ, ਇਹ ਜੰਗਲ ਦੇ ਸਮਾਨ ਹਨ ਤੇ ਇਨ੍ਹਾਂ ਨੂੰ ਆਫਤ ਵੀ ਕਿਹਾ ਜਾ ਸਕਦੈ, ਇਸੇ ਕਰਕੇ ਬਾਅਦ ਵਿੱਚ ਪ੍ਰਸਿੱਧ ਬੋਧੀ ਵਿਦਵਾਨ ਧਰਮ ਕੀਰਤੀ ਨੇ ਆਪਣੇ ਮਹਾਨ ਗ੍ਰੰਥ 'ਪ੍ਰਮਾਣ ਵਾਰਤਿਕ' ਵਿਚ ਕਿਹਾ ਹੈ ਕਿ ਮੂਰਖਤਾ ਦੀਆਂ 5 ਨਿਸ਼ਾਨੀਆਂ ਹਨ, ਜਿਨ੍ਹਾਂ 'ਚੋਂ ਇੱਕ ਹੈ : ਵੇਦਾਂ ਨੂੰ ਪ੍ਰਮਾਣ ਮੰਨਣਾ।

***ਅਣਆਤਮਾ***

ਹਿੰਦੂਇਜ਼ਮ ਅਜਰ-ਅਮਰ ਆਤਮਾ ਨੂੰ ਮੰਨਦਾ ਹੈ ਤੇ ਸਮਾਜ ਵਿਚਲੀ ਊਚ-ਨੀਚ ਨੂੰ ਪਿਛਲੇ ਜਨਮ ਦੇ ਕਰਮਾਂ ਨਾਲ ਜੋੜ ਕੇ ਆਦਮੀ ਦੇ ਹੱਥੋਂ ਹੋ ਰਹੀ ਆਦਮੀ ਦੀ ਲੁੱਟ-ਖਸੁੱਟ ਨੂੰ ਜ਼ਾਇਜ਼ ਠਹਿਰਾਉਂਦਾ ਹੈ। ਪਰ ਬੁੱਧ ਨੇ ਅਜਿਹੀ ਆਤਮਾ ਦੀ ਹੋਂਦ ਤੋਂ ਸਪਸ਼ਟ ਇਨਕਾਰ ਕਰਦੇ ਹੋਏ 'ਅਣਆਤਮਾ' ਦਾ ਨਾਅਰਾ ਲਾਇਆ, ਇਸ ਨਾਲ ਹਿੰਦੂ ਧਰਮੀ ਉਨ੍ਹਾਂ ਸੁਆਰਥਾ ਨੂੰ ਬਹੁਤ ਧੱਕਾ ਲੱਗਾ ਜੋ ਅਖੌਤੀ ਆਤਮਾ ਅਤੇ ਉਸ ਦੇ ਅਖੌਤੀ ਪੁਨਰ ਜਨਮ ਦੇ ਨਾਂ ਤੇ ਸਮਾਜਿਕ ਲੁੱਟ-ਖਸੁੱਟ , ਊਚ-ਨੀਚ ਆਦਿ ਨੂੰ ਸਹੀ ਠਹਿਰਾ ਕੇ ਆਪਣੇ ਹਿਤਾਂ ਦੀ ਪੂਰਤੀ ਕਰ ਰਹੇ ਸਨ।

***ਜਾਤਪਾਤ ਰਹੇ, ਭਾਰਤ ਭਾਵੇਂ ਮਰੇ***

ਹਿੰਦੂਇਜ਼ਮ ਇਹ ਵੀ ਮੰਨਦਾ ਹੈ ਕਿ ਜਿਸ ਨੇ ਪਿਛਲੇ ਜਨਮ ਵਿੱਚ ਚੰਗੇ ਕੰਮ ਕੀਤੇ ਹੁੰਦੇ ਹਨ, ਉਹ ਇਸ ਜਨਮ ਵਿਚ ਉੱਚੀ ਜਾਤ ਵਿੱਚ ਜਨਮ ਲੈਂਦਾ ਹੈ ਅਤੇ ਜਿਸਨੇ ਭੈੜੇ ਕੰਮ ਕੀਤੇ ਹੁੰਦੇ ਹਨ, ਉਹ ਇਸ ਜਨਮ ਵਿੱਚ ਚੰਡਾਲ ਬਣਦਾ ਹੈ ਤੇ ਦੂਜੀਆਂ ਨੀਚ ਜਾਤਾਂ ਵਿੱਚ ਜਨਮ ਲੈਂਦਾ ਹੈ। (ਦੇਖੋ ਛਾਂਦੋਗ ਉਪਨਿਸ਼ਦ 5-10-7)

ਪਰ ਬੁੱਧ ਇਸ ਜਾਤਪਾਤ ਦੇ ਉਲਟ ਸਨ। ਜਾਤਪਾਤ ਤੋਂ ਬਿਨਾਂ ਹਿੰਦੂ ਇਜ਼ਮ ਦੀ ਹੋਂਦ ਹੀ ਗੈਰਮੁਮਕਿਨ ਹੈ, ਕਿਉਂ ਹਿੰਦੂ ਗ੍ਰੰਥ ਇਹ ਗੱਲ ਬੜੇ ਜ਼ੋਰ ਨਾਲ ਕਹਿੰਦੇ ਹਨ ਕਿ ਇਹ ਜਾਤਪਾਤ ਨਾ ਸਿਰਫ ਰੱਬੀ ਨਿਆਂ ਦੇ ਕਰਮਾਂ ਦੇ ਫ਼ਲ ਦੇ ਸਿਧਾਂਤ ਤੇ ਅਧਾਰਿਤ ਹੈ ਸਗੋਂ ਇਸਨੂੰ ਪੈਦਾ ਵੀ ਰੱਬ ਨੇ ਹੀ ਕੀਤਾ ਹੈ, ਇਹੋ ਗੱਲ ਗੀਤਾ ਵਿੱਚ ਕਹੀ ਗਈ ਹੈ। ਕਿ ਚਾਤੁਰਵਰਨ (ਭਾਵ ਜਾਤਪਾਤ) ਮੈਂ ਭਾਵ 'ਭਗਵਾਨ ਕ੍ਰਿਸ਼ਨ' ਨੇ ਪੈਦਾ ਕੀਤਾ ਹੈ।

ਬੁੱਧ ਕਿਉਂਕਿ ਰੱਬ ਨੂੰ ਨਹੀਂ ਮੰਨਦੇ ਇਸ ਕਰਕੇ ਉਨ੍ਹਾਂ ਲਈ ਕਿਸੇ ਚੀਜ਼ ਦਾ ਅਖੌਤੀ ਤੌਰ ਤੇ ਰੱਬੀ ਹੋਣਾ ਕੋਈ ਅਰਥ ਨਹੀਂ ਰੱਖਦਾ। ਇਹ ਬੋਧੀ ਸਿਧਾਂਤ ਹਿੰਦੂਇਜ਼ਮ ਨੂੰ ਬਹੁਤ ਖਤਰਨਾਕ ਪ੍ਰਤੀਤ ਹੋ ਰਿਹਾ ਸੀ। ਉਨ੍ਹਾਂ ਨੂੰ ਲਗਦਾ ਸੀ ਜੇ ਬੁੱਧਇਜ਼ਮ ਦੀ ਚੜ੍ਹਤ ਮਚ ਗਈ ਤਾਂ ਫਿਰ ਨਾ ਜਾਤਪਾਤ ਰਹੂ, ਨਾ ਪੁਰੋਹਿਤਪੁਨਾ, ਨਾ ਉਚ-ਨੀਚ! ਇਹ ਤਾਂ ਬਹੁਤ ਮਾੜਾ ਹੋ ਜਾਊ।

ਗਦਰੀ ਲਾਲਾ ਹਰਦਿਆਲ ਨੇ ਆਪਣੇ ਇੱਕ ਲੇਖ ਵਿੱਚ, ਜੋ 'ਮਹਾਬੋਧੀ ਜਰਨਲ' ਵਿਚ 1938 'ਚ ਛਪਿਆ ਸੀ, ਲਿਖਿਆ ਹੈ : ਪੁਰੋਹਿਤਾਂ ਨੇ ਬੁੱਧ ਦੀ ਭਾਸ਼ਾ 'ਪਾਲੀ' ਨੂੰ ਦੇਸ਼ਨਿਕਾਲਾ ਦੇ ਦਿੱਤਾ। ਉਨ੍ਹਾਂ ਇਹ ਦੇਸ਼ ਨਿਕਾਲਾ ਇਸ ਲਈ ਦਿੱਤਾ ਤਾਂ ਜੁ ਬੁੱਧ ਦੇ ਬਚਨ ਲੋਕਾਂ ਤੱਕ ਨਾ ਪਹੁੰਚ ਸਕਣ। ਉਨ੍ਹਾਂ ਨੂੰ ਪਤਾ ਸੀ ਕਿ ਜੇ ਬੁਧ ਦੇ ਬਚਨ ਲੋਕਾਂ ਤੱਕ ਪੁੱਜਦੇ ਰਹੇ ਤਾਂ ਇਸ ਨਾਲ ਜਾਤਪਾਤ ਉਸੇ ਤਰ੍ਹਾਂ ਨਸ਼ਟ ਹੋ ਜਾਵੇਗੀ ਜਿਸ ਤਰ੍ਹਾਂ ਡਾਇਨਾਮਾਈਟ ਨਾਲ ਮਕਾਨ ਉੱਡ ਜਾਂਦਾ ਹੈ। ਇਸ ਲਈ ਉਨ੍ਹਾਂ ਦਾ ਨਾਅਰਾ ਸੀ-'ਪਾਲੀ ਨੂੰ ਨਸ਼ਟ ਕਰੋ, ਭਾਰਤ ਭਾਵੇਂ ਨਸ਼ਟ ਹੋ ਜਾਵੇ ਪਰ ਜਾਤਪਾਤ ਬਣੀ ਰਹੇ।' (ਦੇਖੋ, Maha Bodhi Journal, 1938.p.475)

ਇਸੇ ਤਰ੍ਹਾਂ ਹਿੰਦੂਇਜ਼ਮ ਯੱਗਾਂ ਨੂੰ ਮਹੱਤਵ ਦਿੰਦਾ ਹੈ, ਉਨ੍ਹਾਂ 'ਚ ਪਸ਼ੂਬਲੀ ਦਾ ਸਮਰਥਨ ਕਰਦਾ ਹੈ, ਕੁਝ 'ਪਵਿੱਤਰ' ਨਦੀਆਂ ਵਿਚ ਇਸ਼ਨਾਨ ਕਰਨ ਨਾਲ ਪਾਪਾਂ ਦਾ ਖਤਮ ਅਤੇ ਪੁੰਨ ਦੇ ਪ੍ਰਾਪਤ ਹੋਣ ਵਿੱਚ ਵਿਸ਼ਵਾਸ਼ ਕਰਦਾ ਹੈ। ਸ਼ਰੀਰ ਨੂੰ ਤਸੀਹੇ ਦੇ ਕੇ ਪੁੰਨ ਪ੍ਰਾਪਤ ਹੋਣ, ਗਿਆਨ ਪ੍ਰਾਪਤ ਹੋਣ ਅਤੇ ਮੁਕਤੀ ਮਿਲਣ ਦੀ ਗੱਲ ਕਰਦਾ ਹੈ, ਬੁੱਧ ਇਸ ਦੇ ਉਲਟ ਯੱਗਾਂ, ਉਨ੍ਹਾਂ 'ਚ ਦਿੱਤੀ ਜਾਂਦੀ ਪਸ਼ੂਬਲੀ, ਕੁਝ ਕੁ ਨਦੀਆਂ ਵਿੱਚ ਇਸ਼ਨਾਨ ਨਾਲ ਪਾਪਾਂ ਦੇ ਧੋ ਹੋ ਜਾਣ ਅਤੇ ਸਰੀਰ ਨੂੰ ਤਸੀਹੇ ਦੇ ਕੇ ਗਿਆਨ, ਪੁੰਨ ਜਾਂ ਮੁਕਤੀ ਮਿਲਣ ਦੇ ਵਿਸ਼ਵਾਸ਼ ਦੀ ਨਿੰਦਾ ਕਰਦੇ ਹਨ।

***ਪੰਜ ਨਿਸ਼ਾਨੀਆਂ ਮੂਰਖਾਂ ਦੀਆਂ***

ਪ੍ਰਸਿੱਧ ਬੋਧੀ ਦਾਰਸ਼ਨਿਕ 'ਧਰਮਕੀਰਤੀ' ਨੇ ਆਪਣੇ ਇੱਕ ਪ੍ਰਸਿੱਧ ਸ਼ਲੋਕ ਵਿੱਚ ਕਿਹਾ ਹੈ ਕਿ ਵੇਦਾਂ ਨੂੰ ਪ੍ਰਮਾਣ ਮੰਨਣਾ, ਦੁਨੀਆਂ ਬਣਾਉਣ ਵਾਲੇ, ਕਿਸੇ ਰੱਬ ਨੂੰ ਮੰਨਣਾ, ਨਦੀਆਂ 'ਚ ਇਸ਼ਨਾਨ ਨਾਲ ਪਾਪ ਧੋ ਜਾਣ ਨੂੰ ਮੰਨਣਾ, ਜਾਤਪਾਤ ਵਿਚ ਵਿਸ਼ਵਾਸ ਕਰਨਾ ਤੇ ਜਾਤ ਦਾ ਅਭਿਮਾਨ ਕਰਨਾ, ਸਰੀਰ ਨੂੰ ਅਸਹਿ ਕਸ਼ਟ ਦੇ ਕੇ ਲੰਬਾ ਸਮਾਂ ਵਰਤ ਰੱਖ ਕੇ ਸਮਝਣਾ ਕਿ ਇਸ ਨਾਲ ਪੁੰਨ ਜਾਂ ਗਿਆਨ ਜਾਂ ਮੁਕਤੀ ਮਿਲੇਗੀ। ਇਹ ਮੂਰਖਾਂ ਦੀਆਂ 5 ਨਿਸ਼ਾਨੀਆਂ ਹਨ।

ਹਿੰਦੂਇਜ਼ਮ ਰੱਬ ਨੂੰ ਮੰਨਦਾ ਹੈ ਤਾਂ, ਬੁੱਧਇਜ਼ਮ ਉਸ ਦੀ ਥਾਂ ਨੈਤਿਕਤਾ ਨੂੰ ਪ੍ਰਮੁੱਖਤਾ ਦਿੰਦਾ ਹੈ। ਇਸ ਕਰਕੇ ਇਸਨੂੰ ਨਾਸਤਿਕ ਕਿਹਾ ਗਿਆ।

ਬੁੱਧਇਜ਼ਮ ਨਾ ਕਿਸੇ ਤਰ੍ਹਾਂ ਦੇ ਪੂਜਾ-ਪਾਠ ਦੀ ਗੱਲ ਕਰਦਾ ਹੈ ਤੇ ਨਾ ਪ੍ਰਾਰਥਨਾ ਵਿੱਚ ਹੀ ਯਕੀਨ ਕਰਦਾ ਹੈ, ਕਿਉਂਕਿ ਜਦ ਕੋਈ ਰੱਬ ਹੀ ਨਹੀਂ ਤਾਂ ਪੂਜਾ ਪਾਠ ਕਿਸ ਦਾ? ਤਾਂ ਪ੍ਰਾਰਥਨਾ ਕਿਸ ਅੱਗੇ ਤੇ ਕਿਸ ਵਾਸਤੇ? ਇਸ ਦੀ ਥਾਂ ਬੁੱਧਇਜ਼ਮ ਆਦਮੀ ਨੂੰ ਆਪਣਾ ਦੀਪਕ ਆਪ ਬਨਣ ਦੀ ਪ੍ਰੇਰਣਾ ਦਿੰਦਾ ਹੈ, ਆਪਣੀਆਂ ਕੋਸ਼ਿਸ਼ਾਂ ਅਤੇ ਆਪਣੇ, ਆਚਰਨ ਨਾਲ ਉੱਚਾ ਉੱਠਣ ਦੀ ਗੱਲ ਕਰਦਾ ਹੈ।

ਇਸ ਦੇ ਉਲਟ ਹਿੰਦੂਇਜ਼ਮ ਸ਼ਾਸਤਰਾਂ ਤੋਂ ਮਾਰਗ ਦਰਸ਼ਨ ਲੈਣ ਦਾ ਆਦੇਸ਼ ਦਿੰਦਾ ਹੈ ਤੇ ਉਨ੍ਹਾਂ ਮੁਤਾਬਕ ਚੱਲਣ ਨੂੰ ਕਹਿੰਦਾ ਹੈ, ਬੁੱਧ ਨਾਂ ਸ਼ਾਸਤਰਾਂ ਨੂੰ ਮਹੱਤਵ ਦਿੰਦੇ ਹਨ ਨਾ ਆਪਣੇ ਬਚਨਾਂ ਨੂੰ ਹੀ ਸ਼ਾਸਤਰਾਂ ਵਾਂਗ ਸਿਰ 'ਤੇ ਚੁੱਕੀ ਫਿਰਨ ਦੇ ਹੱਕ ਵਿਚ ਹਨ।

ਉਨ੍ਹਾਂ ਦਾ ਕਹਿਣਾ ਹੈ ਕਿ ਸ਼ਾਸਤਰ ਜਾਂ ਮੇਰੇ ਬਚਨ ਉਸ ਬੇੜੀ ਵਾਂਗ ਹਨ ਜਿਸ ਨਾਲ ਅਸੀਂ ਨਦੀ ਨੂੰ ਪਾਰ ਕਰਦੇ ਹਾਂ, ਜਿਵੇਂ ਨਦੀ ਨੂੰ ਪਾਰ ਕਰਨ ਤੋਂ ਬਾਅਦ ਅਸੀਂ ਬੇੜੀ ਨੂੰ ਕਿਨਾਰੇ ਤੇ ਛੱਡਕੇ ਅੱਗੇ ਚਲੇ ਜਾਂਦੇ ਹਾਂ ਤੇ ਉਸ ਨੂੰ ਹਰ ਸਮੇਂ ਸਿਰ ਤੇ ਚੁੱਕੀ ਨਹੀਂ ਫਿਰਦੇ ਉਸੇ ਤਰ੍ਹਾਂ ਸ਼ਾਸਤਰਾਂ ਜਾਂ ਮੇਰੇ ਬਚਨਾਂ ਨੂੰ ਵੀ ਹਰ ਸਮੇਂ ਸਿਰ ਤੇ ਚੁੱਕੀ ਫਿਰਨ ਦੀ ਨਹੀਂ ਸਗੋਂ ਉਨ੍ਹਾਂ ਤੋਂ ਬੇੜੀ ਵਾਂਗ ਪਾਰ ਜਾਣ ਵਿੱਚ ਮਦਦ ਲੈਣ ਦੀ ਜ਼ਰੂਰਤ ਹੈ। ਇਹ ਸਟੈਂਡ ਵੀ ਹਿੰਦੂਇਜ਼ਮ ਦੇ ਉਲਟ ਜਾਂਦਾ ਹੈ।

ਹਿੰਦੂਇਜ਼ਮ ਜਿੱਥੇ ਰਿਸ਼ੀਆਂ ਮੁਨੀਆਂ ਦੇ ਬਚਨਾਂ ਅਤੇ ਸ਼ਾਸਤਰਾਂ ਨੂੰ ਇੰਨ-ਬਿੰਨ ਮੰਨਣ ਵਿਚ



ਵਿਸ਼ਵਾਸ਼ ਕਰਦਾ ਹੈ, ਉੱਥੇ ਬੁੱਧ ਆਪਣੇ ਉਪਦੇਸ਼ ਵਿਚ ਕਲਾਮਾਂ ਨੂੰ ਕਹਿੰਦੇ ਹਨ ਕਿ ਕਿਸੇ ਗੱਲ ਨੂੰ ਉਵੇਂ ਹੀ ਨਾ ਮੰਨ ਲਉ, ਭਾਵੇਂ ਉਹ ਕਿਸੇ ਸੰਤ ਨੇ ਕਹੀ ਹੋਵੇ ਜਾਂ ਰਿਸ਼ੀ-ਮੁਨੀ ਨੇ; ਕਿਸੇ ਬਹੁਤ ਵੱਡੇ ਪ੍ਰਚਾਰਕ ਨੇ ਕਹੀ ਹੋਵੇ ਜਾਂ ਕਿਸੇ ਪਹੁੰਚੇ ਹੋਏ ਕਹੇ ਜਾਂਦੇ ਬੰਦੇ ਨੇ ਉਸੇ ਗੱਲ ਨੂੰ ਤਾਂ ਹੀ ਮੰਨੋ ਜੋ ਤੁਹਾਡੇ ਦਿਮਾਗ਼ ਨੂੰ ਸਹੀ ਪ੍ਰਤੀਤ ਹੁੰਦੀ ਹੋਵੇ, ਜੋ ਹੋ ਸਕਦੀ ਹੋਵੇ, ਜੋ ਮਨੁੱਖੀ ਬੁੱਧੀ ਦੇ ਵਿਪਰੀਤ ਨਾ ਜਾਂਦੀ ਹੋਵੇ।

***ਬੋਧੀ ਅਛੂਤ ਹਨ***

ਹਿੰਦੂਇਜ਼ਮ ਨੇ ਬੋਧੀਆਂ ਨੂੰ ਅਛੂਤ ਕਰਾਰ ਦਿੱਤਾ ਤੇ ਉਹੀ ਹੁਣ ਤਕ ਅਛੂਤ ਹੀ ਤੁਰੇ ਆਉਂਦੇ ਰਹੇ ਹਨ। ਇਹ ਇੱਕ 'ਅਛੂਤ' -ਡਾ. ਅੰਬੇਡਕਰ ਦੁਆਰਾ ਰਚੇ ਗਏ ਭਾਰਤੀ ਸੰਵਿਧਾਨ ਦੀ ਕਿਰਪਾ ਨਾਲ ਹੀ ਅਛੂਤਪਨ ਤੋਂ ਮੁਕਤ ਹੋਏ ਹਨ।

ਡਾ. ਅੰਬੇਡਕਰ ਨੇ ਆਪਣੇ ਖੋਜ ਭਰਪੂਰ ਗ੍ਰੰਥ The Untouchables (ਪੰਜਾਬੀ ਅਨੁਵਾਦ 'ਅਛੂਤ : ਕੌਣ ਤੇ ਕਿਵੇਂ' ਅਨੁ. ਸੁਰਿੰਦਰ ਅਜਨਾਤ, ਦੂਜਾ ਅਡੀਸ਼ਨ, 1999) ਵਿੱਚ ਇਹ ਗੱਲ ਪ੍ਰਮਾਣ ਸਹਿਤ ਸਿੱਧ ਕੀਤੀ ਹੈ ਕਿ ਆਪਣੇ ਕਬੀਲਿਆਂ ਨਾਲੋਂ ਨਿਖੜੇ ਹੋਏ ਲੋਕ ਪਿੰਡਾਂ ਦੇ ਬਾਹਰ ਪਹਿਰੇਦਾਰਾਂ ਵਜੋਂ ਬੈਠਾਏ ਹੋਏ ਸਨ, ਜਿਨ੍ਹਾਂ ਦੀ ਦੇਖਭਾਲ ਪਿੰਡ ਕਰਦਾ ਸੀ।

ਬਾਅਦ ਵਿੱਚ ਜਦੋਂ ਇਨ੍ਹਾਂ ਨੇ ਬੁੱਧ ਧਰਮ ਅਪਣਾ ਲਿਆ ਤਾਂ ਇਨ੍ਹਾਂ ਨੂੰ ਅਛੂਤ ਕਰਾਰ ਦੇ ਦਿੱਤਾ ਗਿਆ, ਭਾਵੇਂ ਕਿ ਇਨ੍ਹਾਂ ਦੁਆਰਾ ਗਊਮਾਸ ਖਾਂਦੇ ਰਹਿਣਾ ਇਨ੍ਹਾਂ ਨੂੰ ਅਛੂਤ ਕਰਾਰ ਦੇਣ ਦਾ ਦੂਜਾ ਕਾਰਨ ਸੀ।

ਹਿੰਦੂਧਰਮ ਗ੍ਰੰਥਾਂ ਵਿੱਚ ਕਿਹਾ ਗਿਆ ਹੈ ਕਿ ਜਿਹੜੀਆਂ ਜਾਤੀਆਂ-ਚਮਾਰ, ਭਟ, ਸ਼ਵੈਪਚ, ਕੋਲਿਕ ਆਦਿ ਗਊਮਾਸ ਖਾਂਦੀਆਂ ਹਨ, ਉਨ੍ਹਾਂ ਨੂੰ ਦੇਖ ਲਵੇ ਤਾਂ ਸੂਰਜ ਵੱਲ ਨਜ਼ਰ ਕਰਕੇ ਸ਼ੁੱਧ ਹੁੰਦਾ ਹੈ, ਪਰ ਜੇ ਉਨ੍ਹਾਂ ਨਾਲ ਗੱਲਬਾਤ ਕਰੇ ਤਾਂ ਕਪੜਿਆਂ ਸਨੇ ਇਸ਼ਨਾਨ ਕਰੇ (ਦੇਖੋ, ਵੇਦ ਵਿਆਸ ਸਮਰਿਤੀ 1 / 12 /13 )

ਇਸੇ ਤਰ੍ਹਾਂ ਬੋਧੀਆਂ, ਨਾਸਤਿਕਾਂ ਆਦਿ ਦੀ ਬਾਬਤ ਕਿਹਾ ਗਿਆ ਹੈ ਕਿ ਜੇ ਕਿਸੇ ਬੋਧੀ ਨਾਲ ਛੋਹ ਜਾਵੇ ਤਾਂ ਕਪੜਿਆਂ ਸਨੇ ਇਸ਼ਨਾਨ ਕਰੇ। ਇਹ ਗੱਲ ਬਹੁਤ ਮਹੱਤਵਪੂਰਨ ਹੈ ਕਿ ਇਹ ਆਦੇਸ਼, ਇੱਕ ਗ੍ਰੰਥ ਵਿੱਚ ਨਹੀਂ, ਸਗੋਂ ਅਨੇਕਾਂ ਗ੍ਰੰਥਾਂ ਵਿੱਚ ਦਰਜ ਹੈ, ਜਿਵੇਂ ਅਪਰਾਰਕ, ਪੰ. 923, ਸਮਰਿਤੀ ਚੰਦ੍ਰਿਕਾ 1, ਪੰਨਾ 118, ਯਾਜਨਵਲਕਿਆ ਸਮਰਿਤੀ 3 / 30 ਦੀ ਮਿਤਾਨਸ਼ਰਾ ਟੀਕਾ, ਵਰਿੱਧ ਹਾਰੀਤ 9 / 359, 365 ਅਤੇ 364 ਆਦਿ।

ਜੇ ਬੋਧੀ ਹਿੰਦੂਧਰਮੀ ਹੁੰਦੇ; ਜੇ ਬੁੱਧ ਇਜ਼ਮ ਹਿੰਦੂ ਇਜ਼ਮ ਹੁੰਦਾ ਤਾਂ ਬੋਧੀਆਂ ਨੂੰ ਇਸ ਤਰ੍ਹਾਂ ਅਛੂਤ ਕਦੇ ਨਾ ਬਣਾਇਆ ਜਾਂਦਾ। ਉਨ੍ਹਾਂ ਪ੍ਰਤੀ ਇਸ ਤਰ੍ਹਾਂ ਦਾ ਗ਼ੈਰ ਮਨੁੱਖੀ ਸਲੂਕ ਕਦੇ ਨਾ ਕੀਤਾ ਜਾਂਦਾ, ਕਿਉਂਕਿ ਕੋਈ ਵੀ ਧਰਮ ਆਪਣੇ ਹੀ ਪੈਰੋਕਾਰਾਂ ਦੇ ਪ੍ਰਤੀ ਇਸ ਹੱਦ ਤਕ ਗ਼ੈਰ-ਮਨੁੱਖੀ ਆਦੇਸ਼ ਕਦੇ ਨਹੀਂ ਦਿੰਦਾ। ਅਜਿਹੇ ਆਦੇਸ਼ ਉਹ ਜਾਂ ਤਾਂ ਆਪਣੇ ਵਿਰੋਧੀ ਧਰਮਾਂ ਦੇ ਪ੍ਰਤੀ ਦਿੰਦਾ ਹੈ ਜਾਂ ਆਪਣੇ ਸ਼ਤਰੂਆਂ ਦੇ ਪ੍ਰਤੀ।

***ਸ਼ਿਵ ਮੱਤ ਬੋਧੀਆਂ ਦਾ ਖੱਟਿਆ ਖਾਂਦਾ***

ਕੁਝ ਸ਼ਰਾਰਤੀ ਅੰਸਰਾਂ ਵਲੋਂ ਬੁੱਧਇਜ਼ਮ ਨੂੰ ਸ਼ੈਵਇਜ਼ਮ ਦਾ ਪੁਛੱਲਾ ਬਨਾਉਣ ਦੀ ਕੋਸ਼ਿਸ਼ ਕਈ ਵਾਰ ਦੇਖਣ ਵਿੱਚ ਆਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਯੋਰਪੀਨ ਇਤਿਹਾਸਕਾਰਾਂ ਅਨੁਸਾਰ ਪੂਰਬੀ ਭਾਰਤ ਦੇ ਗੈਰ-ਆਰੀਆਈ ਧਰਮ ਜਿਵੇਂ ਬੁੱਧ ਮੱਤ ਤੇ ਜੈਨ ਮੱਤ ਸ਼ਿਵ ਦੇ ਮੱਤ 'ਤੇ ਆਧਾਰਤ ਹਨ।

ਇਹ ਗੱਲਾਂ ਬਿਲਕੁਲ ਨਿਰਆਧਾਰ ਹਨ। ਮੇਰੇ ਸਾਹਮਣੇ ਇੱਕ ਕਿਤਾਬ ਪਈ ਹੈ, Discering the Buddha ਜੋ 1983 ਵਿੱਚ ਯਾਨੀ 25 ਸਾਲ ਪਹਿਲਾਂ ਛਪੀ ਸੀ ਤੇ ਇਸ ਦੇ ਲੇਖਕ ਡਾ. ਲਾਲ ਮਣੀ ਜੋਸ਼ੀ ਹਨ ਜੋ ਪੰਜਾਬੀ ਯੂਨੀਵਰਸਿਟੀ ਵਿਚ ਧਾਰਮਿਕ ਅਧਿਐਨ ਦੇ ਗੁਰੂ ਗੋਬਿੰਦ ਸਿੰਘ ਵਿਭਾਗ ਦੇ ਪ੍ਰੋਫੈਸਰ ਅਤੇ ਮੁੱਖੀ ਸਨ ਅਤੇ ਹਵੇਰਫੋਰਡ ਕਾਲਿਜ ਵਿੱਚ ਮਾਰਗਾਰੇਟ ਗੈਸਟ ਵਿਜ਼ੀਟਿੰਗ ਪ੍ਰੋਫੈਸਰ ਆਫ ਕੰਮਪੈਰੇਟਿਵ ਰਿਲਿਜਨ ਸਨ।

ਡਾ. ਜੋਸ਼ੀ ਨੇ ਸ਼ਿਵ ਅਤੇ ਸ਼ੈਵਾਂ ਦੇ ਸੰਬੰਧ ਵਿਚ ਵਾਰਾਨਸੀ (ਜਿੱਥੇ ਬੁੱਧ ਨੇ ਪਹਿਲਾ ਉਪਦੇਸ਼ ਦਿੱਤਾ) ਅਤੇ ਬੋਧਗਿਆ (ਜਿੱਥੇ ਬੁੱਧ ਨੂੰ ਗਿਆਨ ਪ੍ਰਾਪਤ ਹੋਇਆ) ਸ਼ਹਿਰਾਂ ਦੀ ਚਰਚਾ ਕਰਦਿਆਂ ਲਿਖਿਆ ਹੈ

ਕਿ ਇਸ ਗੱਲ ਦਾ ਕੋਈ ਪ੍ਰਮਾਣ ਨਹੀਂ ਮਿਲਦਾ ਕਿ ਈਸਾ ਤੋਂ ਤੀਜੀ ਜਾਂ ਚੌਥੀ ਸਦੀ ਪਹਿਲਾਂ ਇਨ੍ਹਾਂ ਅਸਥਾਨਾਂ ਤੇ ਸ਼ੈਵਇਜ਼ਮ ਕਿਸੇ ਵੀ ਰੂਪ ਵਿੱਚ ਮੌਜੂਦ ਸੀ। ਵਾਰਾਨਸੀ ਬੁੱਧ ਦੇ ਸਮੇਂ ਵਿੱਚ ਇੱਕ ਪ੍ਰਸਿੱਧ ਸ਼ਹਿਰ ਸੀ, ਪਰ ਬੋਧਗਿਆ ਤਾਂ ਬੁੱਧ ਦੇ ਕਾਰਣ ਹੀ ਪ੍ਰਸਿੱਧ ਹੋਇਆ, ਸ਼ੈਵਇਜ਼ਮ (ਸ਼ਿਵ ਦਾ ਮੱਤ) ਨੇ ਇਸ ਇਲਾਕੇ ਨੂੰ ਮੱਧਯੁਗ ਵਿੱਚ ਆਪਣੇ ਕਬਜੇ ਵਿੱਚ ਕੀਤਾ, ਇਸ ਇਲਾਕੇ ਵਿੱਚ ਏਸ਼ੀਆਂ ਭਰ ਕੇ ਦੇਸ਼ਾਂ ਦੇ ਲੋਕ ਆਇਆ ਕਰਦੇ ਸਨ। ਵਾਰਨਸੀ (ਸਾਰਨਾਥ) ਵਿੱਚ ਇਸ ਕਰਕੇ ਆਉਂਦੇ ਕਿਉਂਕਿ ਇਥੇ ਬੁੱਧ ਨੇ ਪਹਿਲਾ ਉਪਦੇਸ਼ ਦਿੱਤਾ ਸੀ ਤੇ ਬੋਧਗਿਆ ਵਿੱਚ ਇਸ ਕਰਕੇ ਕਿ ਇੱਥੇ ਸਿਧਾਰਥ ਨੂੰ ਗਿਆਨ ਪ੍ਰਾਪਤ ਹੋਇਆ ਸੀ ਤੇ ਉਹ 'ਬੁੱਧ' ਬਣੇ ਸਨ।

ਇਨ੍ਹਾਂ ਅਸਥਾਨਾਂ ਦੀ ਦੂਜਿਆਂ ਦੇਸ਼ਾਂ ਤੱਕ ਥਾਂਕ ਸੀ, ਇਹ ਅਸਥਾਨ ਉਨ੍ਹਾਂ ਦੂਰ ਦੂਰ ਦੇ ਦੇਸ਼ਾਂ ਵਿੱਚ ਸ਼ਰਧਾ ਦੇ ਕੇਂਦਰ ਸਨ, ਇਸ ਲਈ ਸ਼ੈਵਇਜ਼ਮ (ਸ਼ਿਵ ਮੱਤ) ਵਾਲਿਆਂ ਵੀ ਬਾਅਦ ਵਿਚ ਦਾਨ-ਦੱਖਨਾ ਦੀ ਆਸ ਵਿੱਚ ਇਨ੍ਹਾਂ ਅਸਥਾਨਾਂ ਤੇ ਡੇਰੇ ਲਾ ਲਏ। ਫਿਰ ਵੀ ਇਨ੍ਹਾਂ ਸ਼ਥਾਨਾਂ ਤੇ ਏਸ਼ੀਆ ਦੇ ਦੇਸ਼ਾਂ ਦੇ ਲੋਕ ਸਿਰਫ ਬੁੱਧ ਇਜ਼ਮ ਕਰਕੇ ਹੀ ਆਉਂਦੇ ਸਨ, ਨਾ ਕਿ ਸ਼ੈਵਇਜ਼ਮ ਕਰਕੇ, ਜੋ ਇਨ੍ਹਾਂ ਥਾਵਾਂ 'ਤੇ ਗਪਤਿਆਂ ਦੇ ਰਾਜ ਤੋਂ ਪਹਿਲਾਂ ਕਿਸੇ ਵੀ ਤਰ੍ਹਾਂ ਮੌਜੂਦ ਨਹੀਂ ਸੀ।

ਇਸ ਲਈ ਉਹ ਕਹਿਣਾ ਸਰਾਸਰ ਗਲਤ ਹੈ ਕਿ ਬੁੱਧਇਜ਼ਮ ਸ਼ਿਵ ਮੱਤ (ਸ਼ੈਵਇਜ਼ਮ) ਤੇ ਆਧਾਰਤ ਹੈ। ਅਸਲੀਅਤ ਇਹ ਹੈ ਕਿ ਸ਼ੈਵਇਜ਼ਮ ਬੁੱਧਇਜ਼ਮ ਵਾਲੇ ਅਸਥਾਨਾਂ 'ਤੇ ਬਾਅਦ ਵਿੱਚ ਇਸ ਲਈ ਪਹੁੰਚਿਆ ਤਾਂ ਕਿ ਬੁੱਧ ਪ੍ਰਤੀ ਏਸ਼ੀਆਂ ਭਰ ਦੇ ਦੇਸ਼ਾਂ ਦੇ ਲੋਕਾਂ ਦੀ ਸ਼ਰਧਾ ਤੋਂ ਲਾਭ ਉਠਾਇਆ ਜਾ ਸਕੇ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਬੁੱਧਇਜ਼ਮ ਇੱਕ ਅੱਡ ਧਰਮ ਹੈ, ਇਹ ਨਾ ਹਿੰਦੂਇਜ਼ਮ ਦੀ ਇੱਕ ਸ਼ਾਖਾ ਹੈ ਤੇ ਨਾ ਹੀ ਇਹ ਉਸ ਸ਼ੈਵਇਜ਼ਮ ਤੇ ਆਧਾਰਿਤ ਹੈ ਜੋ ਇਸ ਬੁੱਧਇਜ਼ਮ ਦੀ ਘਨ੍ਹੇੜੀ ਚੜ੍ਹ ਕੇ ਇਸ ਦੇ ਨਾਂ ਦਾ ਖੱਟਿਆ ਖਾਣਾ ਚਾਹੁੰਦਾ ਸੀ।

ਇਸ ਤਰ੍ਹਾਂ ਅਸੀਂ ਸੰਖੇਪ ਵਿਚ ਕਹਿ ਸਕਦੇ ਹਾਂ ਕਿ ਹਿੰਦੂਇਜ਼ਮ ਦੇ ਸਿਧਾਂਤ, ਵਿਦਵਾਨ ਅਤੇ ਗ੍ਰੰਥ ਚਿੱਲਾ ਚਿੱਲਾ ਕੇ ਕਹਿ ਰਹੇ ਹਨ ਕਿ ਬੁੱਧ ਇਜ਼ਮ ਉਸ ਦਾ ਅੰਸ਼ ਨਹੀਂ, ਉਸ ਦੀ ਸ਼ਾਖਾ ਨਹੀਂ, ਸਗੋਂ ਉਸ ਨੂੰ ਚੁਨੌਤੀ ਦੇਣ ਵਾਲਾ ਵੱਖਰਾ ਤੇ ਵਿਰੋਧੀ ਮਤ ਹੈ। ਇਸੇ ਤਰ੍ਹਾਂ ਬੁੱਧਇਜ਼ਮ ਦੀ ਹਰ ਗੱਲ, ਉਸ ਦਾ ਹਰ ਸਿਧਾਂਤ ਨਾ ਸਿਰਫ ਹਿੰਦੂਇਜ਼ਮ ਦੇ ਸਮਾਨਅੰਤਰ ਡਟ ਕੇ ਖੜ੍ਹਾ ਦਿਖਾਈ ਦੇ ਰਿਹਾ ਹੈ, ਸਗੋਂ ਉਸ ਨੂੰ ਗੰਭੀਰ ਚੁਨੌਤੀ ਵੀ ਦੇ ਰਿਹਾ ਹੈ। ਅਜਿਹੀ ਹਾਲਤ ਵਿੱਚ ਦੋਵਾਂ ਨੂੰ ਇਕੋ ਚੀਜ, ਇੱਕ ਨੂੰ ਦੂਜੇ ਦਾ ਅੰਸ਼ ਜਾਂ ਉਸ ਦੀ ਸ਼ਾਖਾ ਕਿਵੇਂ ਕਿਹਾ ਜਾ ਸਕਦਾ ਹੈ?

ਇਨ੍ਹਾਂ ਦੋਹਾਂ ਦੀ ਭਿੰਨਤਾ ਇਸ ਗੱਲ ਤੋਂ ਵੀ ਪੁਸ਼ਟ ਹੁੰਦੀ ਹੈ ਕਿ ਡਾ. ਅੰਬੇਡਕਰ ਨੇ 1956 ਵਿੱਚ ਹਿੰਦੂਇਜ਼ਮ ਨੂੰ ਤਿਆਗ ਕੇ ਬੁੱਧਇਜ਼ਮ ਨੂੰ ਅਪਨਾਇਆ ਸੀ, ਜੇ ਦੋਵੇਂ ਇੱਕ ਹੀ ਹੁੰਦੇ ਤਾਂ ਨਾ ਇੱਕ ਨੂੰ ਤਿਆਗਣ ਦਾ ਕੋਈ ਅਰਥ ਸੀ ਤੇ ਨਾ ਦੂਜੇ ਨੂੰ ਅਪਣਾਉਣ ਦਾ।

ਇਸੇ ਤਰ੍ਹਾਂ ਅਨੁਸੂਚਿਤ ਜਾਤੀਆਂ 'ਚੋਂ ਬੋਧੀ ਬਣੇ ਲੋਕਾਂ ਨੂੰ ਰਿਜ਼ਵੇਸ਼ਨ ਦੀ ਸਹੂਲਤ ਬੰਦ ਹੋ ਜਾਂਦੀ ਸੀ, ਕਿਉਂਕਿ ਕਾਨੂੰਨ ਇਹ ਸੀ ਕਿ ਇਹ ਸਹੂਲਤ ਹਿੰਦੂਇਜ਼ਮ ਜਾਂ ਸਿੱਖਇਜ਼ਮ ਨੂੰ ਪਰਨਾਏ ਵਿਅਕਤੀ ਨੂੰ ਹੀ ਮਿਲੇਗੀ। ਜੇ ਹਿੰਦੂਇਜ਼ਮ ਅਤੇ ਬੁੱਧਇਜ਼ਮ ਇੱਕ ਹੀ ਸ਼ੈ ਹੁੰਦੇ ਤਾਂ 1991 ਤੱਕ ਬੋਧੀ ਬਣੇ ਅਨੁਸੂਚਿਤ ਜਾਤੀਆਂ ਦੇ ਲੋਕ ਰਿਜ਼ਰਵੇਸ਼ਨ ਦੀ ਸਹੂਲਤ ਤੋਂ ਵੰਚਿਤ ਨਾ ਰਹਿੰਦੇ, ਇਹ ਡਾ. ਅੰਬੇਡਕਰ ਸ਼ਤਾਬਦੀ ਵਰ੍ਹੇ। 1991 ਵਿਚ ਵੀ. ਪੀ. ਸਿੰਘ ਦੀ ਸਰਕਾਰ ਸੀ ਜਿਸਨੇ ਬੋਧੀ ਬਣੇ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਵੀ ਰਿਜ਼ਰਵੇਸ਼ਨ ਦੀ ਸਹੂਲਤ ਮੁਹੱਈਆਂ ਕਰਵਾਈ ਸੀ।


ਇਹ ਕਾਨੂੰਨੀ ਇਤਿਹਾਸ ਵੀ ਇਸੇ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਦੋਵੇਂ ਧਰਮਾਂ ਦੀ ਹੋਂਦ ਅੱਡ-ਅੱਡ ਹੈ। ਇੱਕ ਨੂੰ ਦੂਜੇ ਤੋਂ ਨਾ ਛੁਟਿਆਉਣ ਦੀ ਲੋੜ ਹੈ ਤੇ ਨਾ ਹੀ ਕਿਸੇ ਦੀ ਹੋਂਦ ਨੂੰ ਨਕਾਰਨ ਦੀ ਦੋਵੇਂ ਧਰਮ ਅੱਡ ਅੱਡ ਰਹਿੰਦੇ ਹੋਏ ਵੀ 'ਅਨੇਕਤਾ ਵਿੱਚ ਏਕਤਾ' ਦੇ ਰਾਹ ਤੇ ਚੱਲਦੇ ਹੋਏ ਯਥਾਸ਼ਕਤਿ ਰਚਨਾਤਮਕ ਭੂਮਿਕਾ ਨਿਭਾਉਣ, ਇੱਥੇ ਇਹੀ ਪ੍ਰਗਟ ਕੀਤਾ ਜਾ ਸਕਦਾ ਹੈ।

*ਪਤਾ : ਅਜਨਾਤਵਾਸ, ਮੁਹੱਲਾ ਬੇਦੀਆ, ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ,*
*ਮੁਬਾਇਲ (98145-80497)*



## ਪੁਸਤਕ ਰਿਵਿਊ-

### ਆਹਣ (ਨਾਵਲ)
### ਗੁਰਦਿਆਲ ਸਿੰਘ
### ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ




ਪੰਜਾਬੀ ਦੇ ਪ੍ਰਮੁੱਖ ਨਾਵਲਕਾਰ ਗੁਰਦਿਆਲ ਸਿੰਘ ਨੇ 'ਮੜ੍ਹੀ ਦਾ ਦੀਵਾ', 'ਅਣਹੋਏ', 'ਪਰਸਾ' ਵਰਗੇ ਚਰਚਿਤ ਨਾਵਲ ਲਿਖ ਕੇ ਆਪਣਾ ਕੱਦ ਬਹੁਤ ਵੱਡਾ ਕਰ ਲਿਆ ਹੈ। ਇਸ ਕੱਦ ਨੂੰ 'ਆਹਣ' ਵੱਡੇ ਕੈਨਵਸ ਦਾ ਨਾਵਲ ਲਿਖ ਕੇ ਉਸ ਨੇ ਪੂਰੀ ਦ੍ਰਿੜਤਾ ਨਾਲ ਕਾਇਮ ਰੱਖਿਆ ਹੈ। 17 ਸਾਲ ਦੀ ਲੰਮੀ ਘਾਲਣਾ ਦੀ ਸਿੱਟਾ ਹੈ ਗੁਰਦਿਆਲ ਸਿੰਘ ਦਾ 'ਆਹਣ' ਨਾਵਲ ਦਾ ਪਹਿਲਾ ਭਾਗ। ਉਂਜ ਇਹ ਨਾਵਲ ਆਪਣੇ ਆਪ ਵਿਚ ਪੂਰਾ ਨਾਵਲ ਹੈ। ਇਸ ਨਾਵਲ ਵਿਚ ਉਸ ਨੇ ਫੂਲਕੀਆਂ ਰਿਆਸਤ ਨਾਭਾ ਦੇ ਇਕ ਪਿੰਡ 'ਕਰਮਗੜ੍ਹ' ਦੇ ਕਿਸਾਨੀ ਸੰਕਟ ਨੂੰ ਬਹੁ-ਪਰਤੀ, ਬਹੁ-ਅਰਥੀ, ਲੋਕ ਪੱਖੀ ਦ੍ਰਿਸ਼ਟੀ ਨਾਲ ਉਭਾਰਿਆ ਹੈ। ਨਾਵਲ ਦਾ ਘਟਨਾ-ਕ੍ਰਮ ਉਦੋਂ ਆਰੰਭ ਹੁੰਦਾ ਹੈ ਜਦੋਂ ਨਾਭਾ ਰਿਆਸਤ ਦੇ ਰਾਜੇ ਰਿਪੁਦਮਨ ਸਿੰਘ ਨੂੰ ਅੰਗਰੇਜ਼ ਕੈਦ ਕਰ ਲੈਂਦੇ ਹਨ ਅਤੇ ਰਿਆਸਤ ਦੇ ਕਿਸਾਨਾਂ ਨੂੰ ਜ਼ਮੀਨੀ ਮਾਲਕੀ ਦੇ ਹੱਕ ਦੇ ਕੇ ਉਨ੍ਹਾਂ ਕੋਲੋਂ ਆਬਿਆਨਾ (ਜ਼ਮੀਨ ਦਾ ਟੈਕਸ) ਚੌਕੀਦਾਰੀ ਟੈਕਸ ਜਬਰੀ ਲੈਣ ਲੱਗਦੇ ਹਨ। ਨਾਵਲ ਪਰਜਾ-ਮੰਡਲ ਲਹਿਰ ਦੇ ਸਮੇਂ ਅੰਗਰੇਜ਼ ਹਕੂਮਤ ਤੇ ਕਿਸਾਨਾਂ ਦੇ ਟੱਕਰਾ ਨੂੰ ਵਿਰਾਟ ਰੂਪ 'ਚ ਬਿਆਨ ਕਰਦਾ ਹੈ। 'ਆਹਣ' (ਫ਼ਸਲਾ ਨੂੰ ਤਬਾਹ ਕਰਨ ਵਾਲਾ ਟਿੱਡੀ ਦਲ) ਦੇ ਚਿਹਨ ਨੂੰ ਨਾਵਲਕਾਰ ਨੇ ਕਿਸਾਨੀ ਦੀ ਤਬਾਹੀ , ਪਿੰਡ ਦਾ ਉਜਾੜਾ ਵਜੋਂ ਵਰਤਿਆ ਹੈ। ਸੱਤਾਂ ਦੇ ਪ੍ਰਵਚਨ ਨੂੰ ਅੰਗਰੇਜ਼ ਹਕੂਮਤ ਦੀ ਦਹਿਸ਼ਤ ਦੇ ਪ੍ਰਸੰਗ 'ਚ ਇਸ ਨਾਵਲ ਰਾਹੀ ਸਮਝਿਆ ਜਾ ਸਕਦਾ ਹੈ। ਸੱਤਾਂ ਲੋਕਾਂ 'ਚ ਦਹਿਸ਼ਤ ਪੈਦਾ ਕਰਦੀ ਹੈ, ਉਨ੍ਹਾਂ 'ਤੇ ਜ਼ੁਲਮ ਕਰਦੀ ਹੈ, ਆਦਿ ਪ੍ਰਸੰਗਾਂ ਨੂੰ ਗੁਰਦਿਆਲ ਸਿੰਘ ਅਨੇਕ ਪਾਸਾਰ ਲੈ ਕੇ ਪੇਸ਼ ਕਰਦਾ ਹੈ। ਪ੍ਰੰਤੂ ਨਾਵਲ 'ਚ ਦਲਿਤ ਪਾਤਰਾਂ ਸੰਤੂ ਘੁਮਿਆਰ ਦੇ ਸਾਧੂ ਮੋਚੀ ਦੇ ਵਿਹਾਰ ਨੂੰ ਕਿਸਾਨੀ ਸੰਕਟ, ਜ਼ੁਲਮ ਤੇ ਉਜਾੜੇ ਤੋਂ ਵੱਖਰੇ ਤਰੀਕੇ ਨਾਲ ਪੇਸ਼ ਕੀਤਾ ਹੈ।

ਨਾਵਲ ਅੰਗਰੇਜ਼ਾਂ ਅਧੀਨ ਪਿੰਡ ਕਰਮਗੜ੍ਹ ਦੇ ਕਿਸਾਨਾਂ ਦੀਆਂ ਫ਼ਸਲਾਂ ਉਤੇ 'ਆਹਣ' ਵਲੋਂ ਕੀਤੀ ਤਬਾਹੀ ਨਾਲ ਆਰੰਭ ਹੁੰਦਾ ਹੈ। ਇਕ ਟਿੱਡੀ ਦਲ ਬਹੁਤ ਵੱਡੀ ਤਬਾਹੀ ਲੈ ਕੇ ਆਉਂਦਾ ਹੈ, ਪਿੰਡ ਦੇ ਬਾਹਰ ਉੱਚੀ ਢਾਬ ਤੇ ਬੈਠੇ 'ਸੰਤ' ਲੋਕਾਂ ਨੂੰ 'ਕਰ' ਨਾ ਦੇਣ ਅਤੇ ਅੰਗਰੇਜ਼ ਹਕੂਮਤ ਵਿਰੁਧ ਲਾਮਬੰਦ ਕਰਦਾ ਹੈ। ਇਹ ਸੰਤ ਜੋ ਕਦੇ ਵੈਦ ਹਰਬੰਸ ਲਾਲ ਹੁੰਦਾ ਸੀ 'ਪਰਜਾ ਮੰਡਲ' ਦੀ ਲਹਿਰ ਵਿਚ ਕੁੱਦ ਕੇ ਅੰਗਰੇਜ਼ਾਂ ਖ਼ਿਲਾਫ਼ ਖੜਦਾ ਹੈ। ਉਹ ਰਿਆਸਤ ਦੇ ਰਾਜਿਆ ਤੇ ਅੰਗਰੇਜ਼ ਸਾਸਕਾਂ ਖ਼ਿਲਾਫ਼ ਪਿੰਡ ਕਰਮਗੜ੍ਹ ਦੇ ਲੋਕਾਂ ਨੂੰ ਲਾਮਬੰਦ ਕਰਦਾ ਹੈ। ਉਧਰ ਫ਼ਸਲਾਂ ਦੇ ਨੁਕਸਾਨ ਦਾ ਜਾਇਜਾ ਲੈਣ ਲਈ ਪਟਵਾਰੀ, ਕਾਨੂੰਗੋ ਤੇ ਇਕ ਅਹਿਲਕਾਰ ਪਿੰਡ ਪਹੁੰਚਦੇ ਹਨ, ਕਿਸਾਨ 'ਕਰ' ਨੂੰ ਮਾਫ਼ ਕਰਨ ਲਈ ਬੇਨਤੀ ਕਰਦੇ ਹਨ। ਠਾਣੇ ਦਾ ਮੁੱਖੀ ਖਾਨ ਸਾਹਿਬ ਜੋ 'ਸੰਤਾਂ' ਦੇ ਕੰਮਾਂ ਦਾ ਸਤਿਕਾਰ ਕਰਦਾ ਹੈ ਪਰ ਉਪਰੋਂ ਅਫ਼ਸਰੇ ਮੰਡੀ, ਅੰਗਰੇਜ਼ ਅਹਿਲਕਾਰ ਦੇ ਦਬਾਅ ਕਾਰਨ ਪਿੰਡ 'ਚ ਦਹਿਸਤ ਪੈਦਾ ਕਰਨ ਲਈ ਪੁਲਿਸ ਭੇਜਦੇ ਹਨ। ਅੰਗਰੇਜ਼ 'ਸੰਤਾਂ' ਨੂੰ ਮਾਰਨ ਦੀ ਯੋਜਨਾ ਬਣਾਉਂਦੇ ਹਨ ਕਿਉਂਕਿ ਉਹ ਪਿੰਡ ਦੇ ਕਿਸ਼ਾਨਾਂ ਤੇ ਨੌਜਵਾਨ ਮੁੰਡਿਆ ਨੂੰ ਅੰਗਰੇਜ਼ ਹਕੂਮਤ ਵਿਰੁਧ ਲਾਮਬੰਦ ਕਰਦਾ ਹੈ। ਸੱਤਾ ਦਾ 'ਕਰ' ਵਸੂਲਣ ਦਾ ਦਬਾਅ ਵੱਧਦਾ ਦੇਖ ਕੇ ਪਿੰਡ 'ਚੋਂ ਕਰਨੈਲ, ਦਲੌਰ, ਸੁਰਜਣ, ਮੱਲ, ਜੈਲਾ, ਭੋਲੂ ਸੱਤਾਂ ਦੇ ਖਿਆਫ਼ ਖੜੇ ਹੋ ਜਾਂਦੇ ਹਨ। ਬਗ਼ਾਵਤ ਨੂੰ ਕੁਚਲਣ ਲਈ ਅੰਗਰੇਜ਼ ਸੰਤਾਂ ਦਾ ਕਤਲ ਕਰਵਾ ਕੇ ਪਿੰਡ 'ਚ ਕਰਫਿਊ ਲਾ ਕੇ ਪਿੰਡ ਦੇ ਲੋਕਾਂ ਤੇ ਜ਼ੁਲਮ ਕਰਦੇ ਹਨ, ਉਨ੍ਹਾਂ ਦੇ ਘਰ ਸਾੜਦੇ ਹਨ, ਔਰਤਾਂ ਨੂੰ ਨੰਗਿਆ ਕਰਕੇ ਬੇ-ਇੱਜਤ ਕਰਦੇ ਹਨ। ਨੌਜਾਵਨਾਂ ਨੂੰ ਬੇ-ਰਹਿਮੀ ਨਾਲ ਕੁੱਟਦੇ ਹਨ। ਅਫ਼ਸਰ ਪਿੰਡ ਦੇ ਮੋਹਤਬਰ ਬੰਦੇ ਦੇਵਾ ਤੇ ਸੰਮਣ ਨੂੰ ਜ਼ਮੀਨ ਦਾ ਕਰ ਦੇਣ

ਅਤੇ ਬਾਗੀਆਂ ਨੂੰ ਫੜਾਉਣ ਲਈ ਕੁੱਟ-ਮਾਰ ਕਰਕੇ ਦਬਾਅ ਪਾਉਂਦੇ ਹਨ। ਸੰਮਣ ਤੇ ਦੇਵਾ ਨਾਭਾ ਦੀ ਕਚਿਹਰੀ 'ਚ ਨਾਜ਼ਮ ਗੁਰਕ੍ਰਿਪਾਲ ਦੀ ਕਚਹਿਰੀ 'ਚ 'ਕਰ' ਮਾਫ਼ੀ ਦੀ ਅਰਜੀ ਦੇਣ ਜਾਂਦੇ ਹਨ। ਪਰ ਨਾਜ਼ਮ ਉਨ੍ਹਾਂ ਦੀ ਅਰਜੀ ਸੁੱਟ ਦਿੰਦਾ ਹੈ। ਪ੍ਰੰਤੂ ਦੋਵੇਂ ਲਗਾਤਾਰ ਹਾਕਮ ਸਰਕਾਰ ਨਾਲ ਵਿਚਾਰਧਾਰਕ ਸੰਵਾਦ ਰਚਾ ਕੇ ਟੱਕਰ ਲੈਂਦੇ ਹਨ। ਸੰਮਣ ਅਤੇ ਦੇਵਾ ਦੋ ਅਜਿਹੇ ਪਾਤਰ ਨਾਵਲ ਵਿਚੋਂ ਉਭਰਦੇ ਹਨ ਜਿਹੜੇ ਪਿੰਡ ਦੇ ਲੋਕਾਂ ਲਈ ਢਾਲ ਬਣ ਕੇ ਖੜਦੇ ਹਨ। ਪਿੰਡ ਨਾਲ ਜਦੋਂ ਵੀ ਅਨਿਆ, ਬੇਇਨਸਾਫ਼ੀ ਹੁੰਦੀ ਹੈ ਉਹ ਨਿੱਡਰ ਹੋ ਕੇ ਸੱਤਾ ਵਿਰੁਧ ਖੜਦੇ ਹਨ, ਦੋਹਾਂ ਦੇ ਮੁੰਡੇ ਜੋ ਬਾਗ਼ੀ ਹੋ ਕੇ ਹਥਿਆਰ ਚੁੱਕ ਲੈਂਦੇ ਹਨ, ਪੁਲਿਸ ਤੇ ਫ਼ੌਜ ਉਨ੍ਹਾਂ ਨੂੰ ਮਾਰ ਦਿੰਦੀ ਹੈ। ਪੁਲਿਸ ਦੀ ਕੁੱਟ ਤੋਂ ਦੁੱਖੀ ਪਿੰਡ 'ਚੋਂ ਪੁਲਿਸ ਨੂੰ ਕੁੱਟ ਕੇ ਭਜਾਉਂਦੇ ਹਨ ਪਿੰਡ ਦੇ ਲੋਕ। ਹਾਕਮ ਸੱਤਾ, ਸੰਤਾਂ ਦੀ ਲਾਸ਼ ਨੂੰ ਦਰੱਖ਼ਤ ਨਾਲ ਟੰਗ ਕੇ ਦਰਿਸ਼ਤ ਦਾ ਪ੍ਰਵਚਨ ਉਸਾਰਦੀ ਹੈ। ਪੁਲਿਸ ਤੇ ਫ਼ੌਜ ਦਾ ਪਿੰਡ ਦੇ ਬਾਗ਼ੀ ਮੁੰਡੇ ਕਰਨੈਲ ਰੇਡੂ ਬਹਾਦਰੀ ਨਾਲ ਮੁਕਾਬਲਾ ਕਰਦੇ ਹਨ। ਅਸਹਿ ਜ਼ੁਲਮ ਢਾਹ ਕੇ ਵੀ ਸੱਤਾ ਇਸ ਬਗ਼ਾਵਤ ਨੂੰ ਕੁਚਲਨ 'ਚ ਕਾਮਯਾਬ ਨਹੀਂ ਹੁੰਦੀ।

ਜਦੋਂ ਸੱਤਾ ਦੀ ਦਹਿਸ਼ਤ ਨਾਲ ਸਾਰਾ ਪਿੰਡ ਡਰਿਆ ਅਤੇ ਭੁੱਖਾ ਮਰ ਰਿਹਾ ਹੈ ਉਦੋਂ ਕੁਦਰਤੀ ਆਫ਼ਤ ਮੀਂਹ ਪਿੰਡ ਉੱਤੇ ਇਕ ਹੋਰ 'ਆਹਣ' ਬਣ ਕੇ ਹਮਲਾ ਕਰਦਾ ਹੈ। ਪਿੰਡ ਦੇ ਕੱਚੇ ਘਰ, ਕੰਧਾਂ ਡਿੱਗਣ ਲੱਗਦੇ ਹਨ, ਉਧਰ ਪੁਲਿਸ-ਫ਼ੌਜ ਚੁੱਪ ਚੁਪੀਤੇ ਤੰਬੂ ਪੁੱਟ ਕੇ ਮੰਡੀ ਚਲੇ ਜਾਂਦੇ ਹਨ। ਫਿਰ ਲੇਖਕ ਨਾਵਲ ਦੇ ਬਿਰਤਾਂਤ ਨੂੰ ਪਿੰਡ ਨਾਲੋਂ ਦਲਿਤ ਪਾਤਰਾਂ ਦੀ ਹਿਜ਼ਰਤ ਰਾਹੀ ਤੋੜ ਕੇ ਮੰਡੀ ਵਿਚ ਲੈ ਜਾਂਦਾ ਹੈ। ਇਥੇ ਉਹ ਸੰਤੂ ਤੇ ਸਾਧੂ ਮੋਚੀ ਰਾਹੀ ਦਲਿਤ ਚੇਤਨਾ ਨੂੰ ਉਭਾਰਦਾ ਹੈ ਇਨ੍ਹਾਂ ਦਲਿਤਾਂ ਦਾ ਪਿੰਡ ਨਾਲ ਇਸ ਕਰਕੇ ਲਗਾਉ ਨਹੀਂ ਕਿਉਂਕਿ ਨਾ ਤਾਂ ਉਨ੍ਹਾਂ ਕੋਲ ਰਹਿਣ ਲਈ ਜ਼ਮੀਨ ਹੈ ਨਾਂ ਆਪਣੀ ਮਿਹਨਤ ਦੇ ਪੈਸੇ ਮਿਲਦੇ ਹਨ। ਸਾਧੂ ਦੇ ਸੰਵਾਦ ਰਾਹੀ ਪਿੰਡ 'ਚ ਜਾਤੀ-ਵੰਡ ਅਤੇ ਜਾਤੀਵਾਦ ਨੂੰ ਨਾਵਲਕਾਰ ਨੇ ਗਹਿਰਾਈ ਨਾਲ ਉਭਾਰਿਆ ਹੈ। ਮੰਡੀ 'ਚ ਹਿਜ਼ਰਤ ਕਰਕੇ ਜਿੱਥੇ ਉਹਨੂੰ (ਸਾਧੂ ਚਮਾਰ) ਨੂੰ ਸਮਾਜਕ ਸਤਿਕਾਰ ਮਿਲਦਾ ਹੈ ਉਥੇ ਕਿਰਤ ਦਾ ਮੁੱਲ ਵੀ ਮਿਲਦਾ ਹੈ। 'ਸਾਧੂ ਚਮਾਰ ਦੇ ਬੋਲਾਂ 'ਦਸਾਂ ਨੌਹਾਂ ਦੀ ਕਰਕੇ ਖਾਨੇਂ ਆ, ਸਾਡੇ ਵੰਨੀਓਂ ਰਾਜ ਰਾਜਿਆਂ ਦਾ ਹੋਵੇ ਚਾਹੇ ਅੰਗਰੇਜ਼ਾਂ ਦਾ (ਪੰਨਾ 335)

"ਆਪਣੇ ਕੀ ਏਥੇ ਗਦ ਗੱਡੇ ਐ! ਆਪਣੇ ਪਿਉ-ਦਾਦੇ ਤਾਂ ਕਮਲੇ ਸੀ, ਸਾਰੀ ਉਮਰ, ਜੱਟਾਂ ਦੀ ਸੇਪੀ ਕਰਦੇ ਆਵਦੇ ਹੱਡ ਗਾਲ੍ਹਦੇ ਰਹੇ। ਕੀ ਖੱਟ ਕੇ ਦੇਗੇ ਆਪਾਂ-ਨੂੰ? ਹੈਂ...! ਤੂੰ ਸੋਚ ਬਈ ਆਪਾਂ ਨੂੰ ਕੋਈ ਜਮੀਨ ਜੈਜਾਤ ਬਣਾ ਕੇ ਦਿੱਤੀ ਉਹਨਾਂ ਨੇ? ਦੇਣ ਬੀ ਕਿੱਥੋਂ, ਇਹ ਜੱਟ ਕੌਮ ਹੈ ਈ ਐਸੀ ਬਈ ਨਾਲ਼ੇ ਘੂਰਦੀ ਐ ਨਾਲ਼ੇ ਖਾਂਦੀ ਐ। ਤੈਨੂੰ ਮੈਨੂੰ ਤਾਂ ਬੰਦੇ ਈ ਨ੍ਹੀਂ ਸਮਝਦੇ..."

"...ਏਥੇ ਤਾਂ ਸੱਤ ਘਮਾ ਮਾਰੂ ਜਮੀਨ ਦਾ 'ਮਾਲਕ' ਮਸਤਾਨ ਢਾਂਡਾ ਈ ਨੀਂ ਮਾਨ, ਅਕੇ 'ਹਮਾਰੇ ਪਿੰਡ ਬਿਨਾਂ ਥੋਨੂੰ ਸ਼ਾਮਲਾਟ 'ਤੇ ਕੋਠੇ ਕੌਣ ਪੌਣ ਦਿੰਦਾ।" (ਪੰਨਾ314)


'ਚ ਬਹੁਤ ਵੱਡਾ ਸਮਾਜਿਕ ਸੱਚ ਲੁਕਿਆ ਹੋਇਆ ਹੈ। ਉਧਰ ਮੰਡੀ 'ਚ ਸਕੂਲ, ਹਸਪਤਾਲ ਬਣਨ ਲੱਗਦੇ ਹਨ, ਮਹਾਜਨ ਹੱਟੀਆਂ ਪਾ ਕੇ ਬੈਠਦੇ ਹਨ ਕੱਚੇ-ਪੱਕੇ ਆੜ੍ਹਤੀਏ ਸਰਮਾਏਦਾਰ ਬਣਨ ਲੱਗਦੇ ਹਨ। ਨਾਵਲ ਦੇ ਅੰਤ 'ਚ ਪਿੰਡ ਚੋਂ ਜੱਟ ਭੂਰਾ ਵੀ ਮੰਡੀ 'ਚ ਹਿਜ਼ਰਤ ਕਰਦਾ ਹੈ। ਉਹਨੂੰ ਸਾਧੂ ਚਮਾਰ ਦੀਆਂ ਰੋਟੀਆਂ, ਕੱਪੜਿਆਂ ਤੇ ਉਸ ਨਾਲ ਰਹਿਣ ਤੋਂ ਨਫ਼ਰਤ ਦੇ ਬਾਵਜੂਦ ਵੀ ਰਹਿਣਾ ਪੈਂਦਾ ਹੈ। 'ਦੀਨ ਭ੍ਰਿਸ਼ਟ' ਹੋਣ ਦੇ ਅਹਿਸਾਸ ਕਾਰਨ ਉਹ ਵਾਪਸ ਪਿੰਡ ਨੂੰ ਜਾਣ ਦੀ ਸੋਚਦਾ ਹੈ। ਨਾਵਲਕਾਰ ਨੇ ਇਸ ਗੱਲ ਨੂੰ ਉਭਾਰਿਆ ਹੈ ਕਿ ਜਿੱਥੇ ਨੀਵੀਂ ਜਾਤ ਦੇ ਲੋਕ ਮੰਡੀ ਨਾਲ ਜੁੜਦੇ ਹਨ ਕਿਉਂਕਿ ਉਨ੍ਹਾਂ ਨੂੰ ਸਮਾਜਿਕ ਮਾਨਤਾ ਮਿਲਦੀ ਹੈ। ਕੋਈ ਵੀ ਉਨ੍ਹਾਂ ਨੂੰ ਜਾਤ ਦੇ ਅਧਾਰ ਤੇ ਜਲੀਲ ਨਹੀਂ ਕਰਦਾ ਉਥੇ ਜੱਟ ਲੋਕ ਮੰਡੀ ਨਾਲ ਜੁੜ ਨਹੀਂ ਪਾਉਂਦੇ ਕਿਉਂਕਿ ਮੰਡੀ 'ਚ ਦਲਿਤਾਂ ਨੂੰ ਸਮਾਜਿਕ ਰੁਤਬਾ ਮਿਲਦਾ ਹੈ ਜੱਟਾਂ ਦੀ 'ਦੀਨ' ਭ੍ਰਿਸ਼ਟ ਹੁੰਦਾ ਹੈ। ਅੰਤ ਵਿਚ ਇਹ ਗੱਲ ਮਾਣ ਨਾਲ ਕਹੀ ਜਾ ਸਕਦੀ ਹੈ ਕਿ ਗੁਰਦਿਆਲ ਸਿੰਘ ਨੇ ਪਿੰਡ ਦੇ ਕਿਸਾਨਾਂ ਅਤੇ ਦਲਿਤਾਂ ਦੇ ਸਮਾਜਿਕ ਸੱਚ ਨੂੰ ਵਿਸ਼ਾਲ ਕੈਨਵਸ 'ਤੇ ਚਿਤਰਿਆ ਹੈ। ਜਿਸ 'ਚ ਹੋਰ ਬਹੁਤ ਸਾਰੇ ਪਾਸਾਰ ਹਨ, ਜਿਨ੍ਹਾਂ ਦਾ ਜਿਕਰ ਹੋਣੋਂ ਰਹਿ ਗਿਆ ਹੈ। ਆਂਚਲਿਕ ਨਾਵਲ ਦੇ ਆਪਣੇ ਬਿੰਬ ਨੂੰ ਗੁਰਦਿਆਲ ਸਿੰਘ ਹੋਰ ਗੂਹੜਾ ਕਰਦਾ ਹੈ।






### ਧਰਤੀ ਹੋਰ ਪਰੇ... (ਜਸਵੰਤ ਦੀਦ)
### ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣਾ
### ਮੁੱਲ :160 ਪੰਨੇ : 160

ਜਸਵੰਤ ਦੀਦ ਦੀ ਇਹ ਵਾਰਤਿਕ ਪੁਸਤਕ ਉਸਦੇ ਜੜ੍ਹਾਂ ਵੱਲ ਪਰਤਣ ਦੀ ਕ੍ਰਿਆ ਵਿਚੋਂ ਨਿਕਲੀ ਹੈ। ਇਸ ਵਾਰਤਿਕ ਦੇ ਲੇਖਾਂ ਵਿਚ ਉਸ ਨੇ ਗੂੜ੍ਹੇ ਜਸ਼ਨ ਵਾਲੇ ਰੰਗਾ ਤੇ ਉਦਾਸ ਫਿਕੇ ਰੰਗਾ ਨਾਲ ਆਪਣੇ ਆਲੇ ਦੁਆਰੇ ਵਿਚਰਦੇ ਪਾਤਰਾਂ ਦੇ ਨਕਸ਼ ਖਿਚੇ ਹਨ। ਜਦ ਮੈਂ ਦੀਦ ਦਾ ਆਪਣੇ ਨਾਨੇ ਬਾਰੇ ਲੇਖ ਪੜ੍ਹ ਰਿਹਾ ਸੀ ਤਾਂ ਮੇਰੇ ਮਨ ਵਿਚ ਆਪਣੇ ਨਾਨੇ ਦੀ ਗੱਲਾਂ ਘੁੰਮਣ ਲੱਗ ਪਈਆਂ। ਨਾਨੇ ਬਾਰੇ ਦੀਦ ਨੇ ਬਹੁਤ ਗਹਿਰਾਈ ਨਾਲ ਲਿਖਿਆ ਹੈ। ਲੇਖ ਵਿਚ ਆਪਣੇ ਅਤੇ ਨਾਨੀ ਬਾਰੇ ਵੀ ਪ੍ਰਸੰਗ ਬਿਆਨ ਕਰਦਾ ਹੈ। ਇਕ ਲੇਖ ਦਵਿੰਦਰ ਸਤਿਆਰਥੀ ਬਾਰੇ ਹੈ। ਸਤਿਆਰਥੀ ਦੇ ਪਰਿਵਾਰ ਬਾਰੇ, ਉਹਦੇ ਸੁਭਾਅ ਬਾਰੇ ਅਤੇ ਉਹਦੀ ਕਲਮ ਦਾ ਮੁੱਲ ਨਾ ਪੈਣ ਬਾਰੇ ਬੜਾ ਬੇਬਾਕ ਲਿਖਦਾ ਹੈ। ਕਵੀ ਸਵਿਤੋਜ ਬਾਰੇ ਉਸ ਦਾ ਲੇਖ 'ਸਾਹਾਂ ਦੀ ਸ਼ਤਰੰਜ' ਬੇਕਿਰਕ ਹੋ ਲਿਖਿਆ ਲੇਖ ਹੈ। ਸਵਿਤੋਜ ਦੇ ਸੁਭਾਅ ਅਤੇ ਉਸ ਦੇ ਗੁਣਾਂ ਦੀ ਲੇਖ ਵਿਚ ਖੁੱਲ ਕੇ ਚਰਚਾ ਕੀਤੀ ਗਈ ਹੈ। ਦੀਦ ਨੇ ਕਵੀ ਹਰਨਾਮ ਅਤੇ ਤਾਰਾ ਸਿੰਘ ਬਾਰੇ ਵੀ ਉਨ੍ਹਾਂ ਦੀ ਜ਼ਿੰਦਗੀ ਅਤੇ ਸੁਭਾਅ ਦਾ ਪੇਸ਼ ਕਰਨ ਵਾਲੇ ਲੇਖ ਲਿਖੇ ਹਨ। ਜਿਨ੍ਹਾਂ ਦੇ ਵਿਚ ਉਹ ਪੰਜਾਬੀ ਕਵੀਆਂ ਬਾਰੇ ਤਿੱਖੀਆਂ ਟਿੱਪਣੀਆਂ ਬੜੇ ਜਿਗਰੇ ਨਾਲ ਕਰ ਜਾਂਦਾ ਹੈ। 'ਮਾਮੇ ਦੀ ਸ਼ਾਹਕੋਟ ਫੇਰੀ' ਤੇ 'ਭਾਣਜੇ ਦੀ ਵਲੈਤ ਫੇਰੀ' ਲੇਖ ਦੀਦ ਦੀਆਂ ਕਵਿਤਾਵਾਂ ਤੋਂ ਉਤਪਨ ਹੋਇਆ ਲੇਖ ਹੈ। ਆਪਣੀਆਂ ਲਿਖੀਆਂ ਚਰਚਿਤ ਕਵਿਤਾਵਾਂ ਨੂੰ ਅਧਾਰ ਬਣਾ ਕੇ ਮਾਮੇ ਤੇ ਭਾਣਜੇ ਦਾ ਸੰਵਾਦ ਰਚਾਇਆ ਹੈ। 'ਸ਼ਹਿਰ ਮੈਂ ਜਾ ਰਿਹਾ ਹਾਂ' ਅਤੇ 'ਨਿਹੱਥਾ ਨਹੀਂ ਹਾਂ ਮੈਂ' ਲੇਖਾਂ ਵਿਚ ਦੀਦ ਨੇ ਦਹਿਸ਼ਤ ਦੇ ਪ੍ਰਛਾਵੇਂ ਨੂੰ ਬੜੀ ਸਹਿਜਤਾ ਨਾਲ ਬਿਆਨ ਕੀਤਾ ਹੈ। ਦੰਗੇ ਦੀ ਦਹਿਸ਼ਤ ਬੰਦੇ ਅਤੇ ਉਸ ਦੇ ਪਰਿਵਾਰ ਉਤੇ ਕਿਵੇਂ ਅਸਰ ਕਰਦੀ ਹੈ ਉਸ ਚਿਹਨ ਨੂੰ ਦੀਦ ਬਿਆਨ ਕਰਨ ਵਿਚ ਸਫ਼ਲ ਹੋਇਆ ਹੈ। ਦੀਦ ਨੇ ਆਪਣੇ ਦੋ ਲੇਖ ਪੰਜਾਬ ਦੇ ਦੋ ਪਿੰਡਾ 'ਪਾਲਦੀ' ਅਤੇ 'ਸ਼ਾਹਕੋਟ' ਬਾਰੇ ਲਿਖੇ ਹਨ। ਇਨ੍ਹਾਂ ਪਿੰਡਾਂ ਵਿਚੋਂ ਪੰਜਾਬੀ ਸਭਿਆਚਾਰ ਤੇ ਪਿੰਡ ਦਾ ਚਿਹਰਾ ਦੇਖਿਆ ਜਾ ਸਕਦਾ ਹੈ। 'ਪਾਲਦੀ' ਲੇਖ ਵਿਚ ਦੀਦ ਨੇ ਹੁਸ਼ਿਆਰਪੁਰ ਦੇ ਪਿੰਡ ਪਾਲਦੀ ਵਿਚੋਂ ਮੇਯੋ ਸਿੰਘ, ਕੈਨੇਡਾ ਵਿਖੇ ਪਾਲਦੀ ਪਿੰਡ ਵਸਾਉਂਦਾ ਹੈ। ਮੇਯੋ ਸਿੰਘ ਲੰਮੀ ਘਾਲਣਾ ਦਾ ਜਿਕਰ ਲੇਖ ਵਿਚ ਹੈ। 'ਸ਼ਾਹਕੋਟ' ਵਿਚ ਦੀਦ ਨੇ ਇਸ ਖਿੱਤੇ ਬਾਰੇ ਬਹੁਤ ਬਰੀਕੀ ਨਾਲ ਲਿਖਿਆ ਹੈ। ਉਸ ਨੇ ਮਾਸਟਰ ਓਮ ਪ੍ਰਕਾਸ਼ ਨਾਲ ਵੀ ਯਾਦਾਂ ਸਾਂਝੀਆਂ ਕੀਤੀਆਂ ਹਨ। ਸ਼ਬਦ ਚਿੱਤਰ ਜਾਂ ਰੇਖਾ ਚਿੱਤਰਾਂ ਰਾਹੀਂ ਦੀਦ ਆਪਣੇ ਆਲੇ ਦੁਆਲੇ ਵਿਚਰਦੇ ਭੀੜ ਤੋਂ ਵੱਖਰੇ ਇਨਸਾਨਾਂ ਬਾਰੇ ਬੜਾ ਬੋਲਡਨੈਸ ਨਾਲ ਲਿਖਦਾ ਬਲਵੰਤ ਗਾਰਗੀ ਤੇ ਅਜੀਤ ਕੌਰ ਵਾਂਗ ਚੰਗਿਆੜੇ ਵੀ ਕੱਢਦਾ ਹੈ। ਦੀਦ ਦੀ ਇਹ ਵਾਰਤਿਕ ਚੰਗੀ ਵਾਰਤਕ ਦੀ ਨਿਸ਼ਾਨੀ ਹੈ।




### ਕੁੱਤੀ ਵਿਹੜਾ ਤੇ ਹੋਰ ਕਹਾਣੀਆਂ
### ਸੰਪਾਦਕ : ਰਜਨੀਸ਼ ਬਹਾਦਰ ਸਿੰਘ
### ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣਾ
### ਮੁੱਲ : 250 ਪੰਨੇ : 232

ਇਸ ਪੁਸਤਕ ਵਿਚ ਰਜਨੀਸ਼ ਨੇ ਸਾਲ 2008 ਦੀਆਂ ਚਰਚਿਤ ਕਹਾਣੀਆਂ 10 ਕਹਾਣੀਆਂ ਨੂੰ ਸੰਪਾਦਕ ਕੀਤਾ ਹੈ। ਜਿਨ੍ਹਾਂ ਦੀ ਚੋਣ ਪੰਜਾਬੀ ਦੇ ਪਾਠਕਾਂ ਨੇ ਕੀਤੀ ਹੈ। ਇਨ੍ਹਾਂ ਕਹਾਣੀਆਂ ਰਾਹੀ ਅਸੀਂ

ਨਵੀਂ ਪੰਜਾਬੀ ਕਹਾਣੀ ਦੀ ਨਿਸ਼ਾਨਦੇਹੀ ਕਰ ਸਕਦੇ ਹਾਂ। ਵਿਸ਼ਿਆਂ ਅਤੇ ਜੁਗਤਾਂ ਕਲਾ ਦੇ ਪੱਖ ਤੋਂ ਇਹ ਕਹਾਣੀਆਂ ਪੰਜਾਬੀ ਕਹਾਣੀ ਦੇ ਨਵੇਂ ਪਸਾਰ ਖੋਲਦੀ ਹੈ। 'ਕੁੱਤੀ ਵਿਹੜਾ' ਕਹਾਣੀ ਵਿਚ ਮਨਿੰਦਰ ਕਾਂਗ ਦਲਿਤਾਂ (ਭੰਗੀਆਂ) ਦੀ ਇਤਿਹਾਸਕਾਰੀ ਸਿੱਖੀ ਨਜ਼ਰੀਏ ਤੋਂ ਕਰਦਾ ਹੈ। ਕਾਂਗ ਗੁਰੂ ਸਾਹਿਬਾਨਾਂ, ਮਿਸਲ ਕਾਲ, ਮਹਾਰਾਜਾ ਰਣਜੀਤ ਸਿੰਘ, ਅਜਾਦੀ ਤੋਂ ਬਾਅਦ ਦੇ ਭੰਗੀਆਂ ਦੀ ਦਸ਼ਾ ਨੂੰ ਬਿਆਨ ਕਰਦਾ ਕਰਦਾ ਕਹਾਣੀ ਦੀ ਫਾਰਮ ਨੂੰ ਭੁੱਲ ਕੇ ਭੰਗੀਆਂ ਦੀ ਇਤਿਹਾਸਕਾਰੀ ਵੱਲ ਪੈ ਜਾਂਦਾ ਹੈ। ਫਿਰ ਵੀ ਕਾਂਗ ਇਸ ਕਹਾਣੀ ਵਿਚ ਦਲਿਤਾਂ ਦੇ ਕਈ ਨਵੇਂ ਪਸਾਰ ਲੈ ਕੇ ਆਇਆ ਹੈ। 'ਪੁਲ਼' ਬਹੁ ਪਰਤੀ ਕਹਾਣੀ ਵਿਚ ਸਾਂਵਲ ਧਾਮੀ ਪੀੜ੍ਹੀਆਂ ਦੇ ਸੰਵਾਦ ਦੀ ਜੁਗਤ ਰਾਹੀ ਪੰਜਾਬ ਦੀ ਇਤਿਹਾਸਕਾਰੀ ਕਰਦਾ ਹੋਇਆ ਕਹਾਣੀ ਨੂੰ ਸਫ਼ਲ ਕਰਦਾ ਹੈ। ਸਾਂਵਲ ਕਹਾਣੀ ਵਿਚ ਸੰਤਾਲੀ ਦੀ ਵੰਡ, ਔਰਤ ਦਾ ਹੇਰਵਾ, ਧਰਮ ਦੀ ਆਸਥਾ ਅਤੇ ਬੰਦੇ ਨੂੰ ਸਮਝਣ ਵਾਲੇ ਬਹੁ ਦਿਸਾਵੀ ਵੇਰਵੇ ਪੇਸ਼ ਕਰਦਾ ਹੈ। ਪੁਲ਼ ਰਾਹੀ ਲੇਖਕ ਕਰਤਾਰ ਸਿੰਘ ਨੂੰ ਇਕ ਵੱਡੇ ਨਾਇਕ ਵਜੋ ਉਭਾਰਦਾ ਹੈ। ਕੁਲਵੰਤ ਗਿੱਲ ਆਪਣੀ ਕਹਾਣੀ 'ਤਾਂਡਵ ਨ੍ਰਿਤ' ਰਾਹੀ ਪਾਤਰ ਦੇਵ ਜੋ ਕਿਸੇ ਉੱਚ ਕੰਪਨੀ ਦਾ ਮੁੱਖ ਕਾਰਜਕਾਰੀ ਅਫਸਰ ਹੈ ਅਤੇ ਸਿਮਰਨ ਕਾਲਜ ਵਿਚ ਲੈਕਚਰਾਰ ਹੈ ਰਾਹੀ ਅਜੋਕੀ ਮਸ਼ੀਨੀ ਜ਼ਿੰਦਗੀ ਵਿਚ ਕਿਵੇਂ ਬੰਦਾ ਆਪਣੀ ਹੋਂਦ ਗੁਵਾ ਰਿਹਾ ਹੈ ਉਹਨੂੰ ਪਤਾ ਨਹੀਂ ਲੱਗ ਰਿਹਾ ਕਿ ਮੈਂ ਕੀ ਕਰਨਾ ਹੈ। ਬਹੁ ਰਾਸਟਰੀ ਕੰਪਨੀਆਂ ਕਿਵੇਂ ਬੰਦੇ ਨੂੰ ਮਸ਼ੀਨੀ ਬਣਾ ਕੇ ਉਹਦੀ ਮਾਨਵੀ ਹੋਂਦ ਨੂੰ ਮਾਰ ਰਹੀਆਂ ਹਨ ਇਸ ਕਹਾਣੀ ਰਾਹੀ ਉਭਾਰਦਾ ਹੈ। ਦੇਵ ਸਿਮਰਨ ਦੀਆਂ ਸਰੀਰਕ ਲੋੜਾ ਪੂਰੀਆਂ ਕਰਨ ਵਿਚ ਸਫ਼ਲ ਨਹੀਂ ਹੁੰਦਾ ਜਿਸ ਕਾਰਕ ਸਿਮਰਨ ਮਾਨਸਿਨ ਰੋਗੀ ਬਣ ਜਾਂਦੀ ਹੈ। 'ਬੇਰਵਾਜਾ ਸੂਟ' ਰਾਹੀਂ ਜਤਿੰਦਰ ਹਾਂਸ ਪੇਡੂ ਔਰਤ ਦੀ ਦੁੱਖ ਭਰੀ ਜ਼ਿੰਦਗੀ ਨੂੰ ਬਿਆਨ ਕਰਦਾ ਹੈ। ਕਹਾਣੀ ਵਿਚ ਬਹੁਤ ਸਾਰੇ ਵੇਰਵੇ ਨਵੇਂ ਅਤੇ ਕਹਾਣੀ ਦੀ ਕਲਾਤਮਿਕਤਾ ਨੂੰ ਵੱਡਾ ਕਰਨ ਵਾਲੇ ਹਨ। ਪਰ ਕਹਾਣੀ ਦੀ ਤਕਨੀਕ ਘੜਨ ਲੱਗਿਆ ਹਾਂਸ ਅਨੁਕਰਣ ਦਾ ਸ਼ਿਕਾਰ ਹੋ ਜਾਂਦਾ ਹੈ। ਲਾਲਾ ਸਿੰਘ ਦੀ ਕਹਾਣੀ 'ਅਕਾਲਗੜ੍ਹ' ਇਕ ਇਤਿਹਾਸਕ ਦਸਤਾਵੇਜ਼ ਬਣ ਕੇ ਰਹਿ ਜਾਂਦੀ ਹੈ। ਉਹ ਆਪਣੀ ਰਵਾਇਤੀ ਸ਼ੈਲੀ ਰਾਹੀ ਗਹਿ-ਗੱਚ ਵੇਰਵੇ ਭਰਨ ਵੱਲ ਉਲਾਰ ਹੋ ਜਾਂਦਾ ਹੈ। ਅਖੌਤੀ ਦੇਸ਼ ਭਗਤ ਲੀਡਰਾਂ ਨੂੰ ਕਥਾਕਾਰ ਲੰਮੇ ਹੱਥੀ ਲੈਂਦਾ ਹੈ। ਸੁਕੀਰਤ ਆਪਣੀ ਕਹਾਣੀ 'ਘਰ' ਵਿਚ ਸੱਚਰੇ ਅਨੁਭਵ ਲੈ ਕੇ ਆਇਆ ਹੈ। ਸਮਲਿੰਗੀਆਂ ਪਾਤਰਾਂ ਦਾ ਵਿਹਾਰ ਪੇਸ਼ ਕਰਨ ਲੱਗਾ ਕਥਾਕਾਰ ਸੂਚਨਾਤਮਕ ਵੇਰਵੇ ਦੇਣ ਲੱਗ ਪੈਂਦਾ ਹੈ। ਕਹਾਣੀ ਘਰ ਦੇ ਚਿਹਨ ਦੇ ਆਲੇ ਦੁਆਲੇ ਫੈਲਦੀ ਹੈ। ਬਲਜਿੰਦਰ ਨਸਰਾਲੀ ਆਪਣੀ ਕਹਾਣੀ 'ਜੇ ਆਪਣੀ ਬਿਰਥਾ ਕਹੂੰ' ਵਿਚ ਕਿਸਾਨੀ ਦਾ ਬੜਾ ਕਰੁਣਾਮਈ ਆਰਥਿਕ ਸੰਕਟ ਚਿਤਰਦਾ ਹੈ। ਰਸਿਮ ਦੀ ਕਹਾਣੀ 'ਉਧੜੀ ਹੋਈ ਗੁੱਡੀ' ਔਰਤ ਦਾ ਦੁਖਾਂਤ ਬੜੀ ਸਿੱਦਤ ਨਾਲ ਉਭਾਰਦੀ ਹੈ। ਦਰਸ਼ਨ ਜੋਗਾ ਦੀ ਕਹਾਣੀ 'ਫੇਰ ਕੀ' ਪਰਿਵਾਰਕ ਰਿਸ਼ਤਿਆਂ ਦੀ ਟੁੱਟ ਭੱਜ, ਤਣਾਉ ਤੇ ਸੰਕਟ ਨੂੰ ਚਿਤਰਦੀ ਹੈ।

**ਕਾਹਵਾ ਘਰ ਦੀ ਹਸੀਨਾ**
**ਸੰਪਾਦਕ : ਜਿੰਦਰ**
**ਪ੍ਰਕਾਸ਼ਕ : ਸੁੰਦਰ ਬੁੱਕ ਡਿਪੂ, ਜਲੰਧਰ**
**ਮੁੱਲ : 160, ਰੁਪਏ, ਪੰਨੇ : 200**




ਜਿੰਦਰ ਵਲੋਂ ਸੰਪਾਦਤ ਵੇਸਵਾਵਾਂ ਦੀ ਜ਼ਿੰਦਗੀ ਨਾਲ ਸੰਬੰਧਤ ਕਹਾਣੀਆਂ ਦੀ ਇਹ ਕਿਤਾਬ ਹੈ ਜਿਸ ਵਿਚ ਉਰਦੂ, ਹਿੰਦੂ ਤੇ ਪੰਜਾਬੀ ਦੀਆਂ 17 ਕਹਾਣੀਆਂ ਨੂੰ ਸੰਪਾਦਤ ਕੀਤਾ ਹੈ। ਇਹੋ ਜਿਹੇ ਵਿਸ਼ੇ ਤੇ ਸੰਪਾਦਤ ਇਹ ਪੰਜਾਬੀ ਦੀ ਪਹਿਲੀ ਕਿਤਾਬ ਹੈ। ਰਾਜਿੰਦਰ ਸਿੰਘ ਬੇਦੀ ਆਪਣੀ ਕਹਾਣੀ 'ਕਲਿਆਣੀ' ਅਤੇ ਅਕਬਰ ਲਾਹੌਰੀ ਆਪਣੀ ਕਹਾਣੀ 'ਮਾਂ' ਵਿਚ ਮਰਦ ਤੇ ਸਮਾਜ ਵਲੋਂ ਔਰਤ ਨੂੰ ਵੇਸਵਾ ਬਜ਼ਾਰ ਵਿਚ ਥਕੇਲਣ ਦੀ ਗੱਲ ਨੂੰ ਉਭਾਰਿਆ ਗਿਆ ਹੈ। ਇਨ੍ਹਾਂ ਨੇ ਜਿਥੇ ਸਮਾਜ ਨੂੰ ਜ਼ਿੰਮੇਵਾਰ ਆਖਿਆ ਹੈ ਉਥੇ ਰਾਜਨੀਤਿਕ



ਕਾਰਨਾ ਦੀ ਵੀ ਤਲਾਸ਼ ਕੀਤੀ ਹੈ। ਪਰ ਇਨ੍ਹਾਂ ਔਰਤਾਂ ਦੇ ਮਨ ਵਿਚ ਦਿਲ ਧੜਕਦਾ ਹੈ। ਕਮਲੇਸ਼ਵਰ 'ਮਾਸ ਦਾ ਦਰਿਆ' ਕਹਾਣੀ ਵਿਚ ਮਾਨਸਿਕ ਸਕੂਨ ਦੀ ਭਾਲ ਕਰਦੇ ਮਰਦ ਦੀ ਕਹਾਣੀ ਕਹਿੰਦਾ ਹੈ ਇਸ ਕਹਾਣੀ ਦਾ ਪਾਤਰ ਜੁਗਨੂੰ ਮਾਨਸਿਕ ਸਾਂਤੀ ਲਈ ਵੇਸਵਾ ਕੋਲ ਜਾਂਦਾ ਹੈ। ਬੁਸ਼ਰਾਂ ਏਜ਼ਾਜ ਆਪਣੀ ਕਹਾਣੀ 'ਬਾਰਾਂ ਆਨੇ ਦੀ ਔਰਤ' ਵਿਚ ਮਰਦ ਵਲੋਂ ਔਰਤ ਨੂੰ ਅਯਾਸ਼ੀ ਲਈ ਵਰਤਿਆ ਪੇਸ਼ ਕੀਤਾ ਹੈ। ਕਿਉਂਕਿ ਮਰਦ ਔਰਤ ਨਾਲੋਂ ਸਮਾਜਿਕ ਤੌਰ ਤੇ ਵੱਧ ਅਧਿਕਾਰ ਲੈ ਜਾਂਦਾ ਹੈ। ਇਸੇ ਤਰ੍ਹਾਂ ਵੀਨਾ ਵਰਮਾ ਆਪਣੀ ਕਹਾਣੀ 'ਤਾਈਅਬਾ' ਵਿਚ ਬੰਦੇ ਆਪਣੀਆਂ ਸਰੀਰਕ ਲੋੜਾਂ ਦੀ ਪੂਰਤੀ ਲਈ ਚਕਲਿਆਂ ਦਾ ਜਨਮ ਦਿੰਦਾ ਹੈ। ਜਿੰਦਰ ਆਪਣੀ ਕਹਾਣੀ 'ਸਾਂਝ' ਵਿਚ ਔਰਤ ਆਪਣੇ ਪਤੀ ਦੀ ਮੌਤ ਉਪਰੰਤ ਮਜ਼ਬੂਰੀ ਵੱਸ ਵੇਸਵਾਗਿਰੀ ਵਿਚ ਪੈਰ ਰੱਖਦੀ ਹੈ। ਔਰਤ ਆਪਣੇ ਸਰੀਰ ਨੂੰ ਵਸਤ ਦੇ ਤੌਰ ਤੇ ਪਰਖਦੀ ਹੈ। ਇਸੇ ਤਰ੍ਹਾਂ ਰਾਮ ਲਾਲ, ਮੰਟੋ, ਮਸਊਦ ਅਹਿਮਦ ਚੌਧਰੀ, ਪ੍ਰੇਮ ਪ੍ਰਕਾਸ਼, ਬਲਵੰਤ ਗਾਰਗੀ, ਗੁਰਪਾਲ ਲਿੱਟ, ਬਲਦੇਵ ਸਿੰਘ, ਪ੍ਰੀਤਮ, ਤਲਵਿੰਦਰ ਸਿੰਘ ਅਤੇ ਅਨੇਮਨ ਸਿੰਘ ਆਦਿ ਨੇ ਆਪਣੀਆਂ ਆਪਣੀਆਂ ਕਹਾਣੀਆਂ ਵਿਚ ਵੇਸਵਾ ਬਿਰਤੀ ਦਾ ਸ਼ਿਕਾਰ ਔਰਤਾਂ ਦੇ ਵੱਖ-ਵੱਖ ਰੂਪ ਉਨ੍ਹਾਂ ਦੇ ਮਾਨਸਿਕ ਵਿਹਾਰ ਅਤੇ ਉਨ੍ਹਾਂ ਦੀਆਂ ਇਸ ਹਲਾਤ ਤੋਂ ਉਤਪੰਨ ਹੋਈਆਂ ਮਨੋ ਗੁੰਝਲਾਂ ਨੂੰ ਪੇਸ਼ ਕੀਤਾ ਹੈ। ਵੇਸਵਾ ਬਿਰਤੀ ਬਾਰੇ ਸੰਸਾਰ ਪੱਧਰ ਉਤੇ ਬਹੁਤ ਸਾਰਾ ਸਾਹਿਤ ਲਿਖਿਆ ਗਿਆ ਹੈ। ਇਸ ਪੁਸਤਕ ਵਿਚ ਜਿਹੜੀਆਂ ਵੀ ਕਹਾਣੀਆਂ ਲਿਖੀਆਂ ਗਈਆਂ ਹਨ। ਹਰ ਲੇਖਕ ਨੇ ਆਪਣੀ ਦ੍ਰਿਸ਼ਟੀ ਕੋਣ ਤੋਂ ਵੇਸ਼ਵਾ ਦੀ ਜ਼ਿੰਦਗੀ ਨੂੰ ਚਿਤਰਿਆ ਹੈ। ਸੰਪਾਦਕੀ ਵਿਚ ਜਿੰਦਰ ਨੇ ਵੇਸਵਾਵਾਂ ਬਾਰੇ ਬਹੁਤ ਗਿਆਨ ਭਰਪੂਰ ਅਤੇ ਮੁੱਲਵਾਨ ਗੱਲਾਂ ਕੀਤੀਆਂ ਹਨ। ਉਸ ਨੇ ਬੁੱਧ ਕਾਲ, ਮੁਗਲ ਕਾਲ, ਅਨਾਰਕਲੀ ਬਾਜ਼ਾਰ ਆਦਿ ਸਮੇਂ ਦੀ ਵੇਸ਼ਵਾ ਬਿਰਤੀ ਬਾਰੇ ਖੁੱਲ ਕੇ ਲਿਖਿਆ ਹੈ। ਇਹ ਗੱਲ ਗੌਰ ਕਰਨ ਵਾਲੀ ਹੈ ਕਿ 60 ਫੀਸਦੀ ਵੇਸਵਾਵਾਂ ਅਨੁਸੂਚਿਤ ਜਾਤੀਆਂ, ਕਬੀਲਿਆਂ ਜਾਂ ਜਨ ਜਾਤੀਆਂ ਨਾਲ ਸੰਬੰਧਿਤ ਕਿਉਂ ਹਨ? ਆਪਣੀ ਸੰਪਾਦਕੀ ਵਿਚ ਜਿੰਦਰ ਨੇ ਸੰਸਾਰ ਭਰ ਦੀਆਂ ਚਰਚਿਤ ਵੇਸਵਾਵਾਂ ਨਾਲ ਸੰਬੰਧਤ ਪੁਸਤਕਾਂ ਦਾ ਜਿਕਰ ਵੀ ਕੀਤਾ ਹੈ। ਇਹ ਪੰਜਾਬੀ ਪਾਠਕਾਂ ਲਈ ਅਹਿਮ ਪੁਸਤਕ ਹੈ ਨਾਲ ਨਾਲ ਸਮਾਜ ਵਿਗਿਆਨੀਆਂ ਲਈ ਬਹੁਤ ਮੁੱਲਵਾਨ ਪੁਸਤਕ ਹੈ।

**ਸ਼ਾਇਦ ਰੰਮੀ ਮੰਨ ਜਾਏ (ਕਹਾਣੀਆਂ)**
**ਸੰਪਾਦਕ : ਜਿੰਦਰ**
**ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ**
**ਮੁੱਲ : 280, ਪੰਨੇ : 248**




ਨਵੀਂ ਪੀੜ੍ਹੀ ਦੇ ਕਹਾਣੀਕਾਰਾਂ ਦੀਆਂ 16 ਕਹਾਣੀਆਂ ਜਿੰਦਰ ਨੇ ਇਸ ਪੁਸਤਕ ਵਿਚ ਸੰਪਾਦਤ ਕੀਤੀਆਂ ਹਨ। ਜਿੰਦਰ ਨੇ ਉਂਝ ਹੀ ਇਕ ਕਹਾਣੀ ਤੇ ਪੁਸਤਕ ਦਾ ਨਾਂ ਰੱਖ ਦਿੱਤਾ ਹੈ ਕਿਉਂਕਿ ਇਸ ਨਾਂ ਨਾਲ ਬਾਕੀ ਕਹਾਣੀਆਂ ਦਾ ਕੋਈ ਸਾਂਝਾ ਸੂਤਰ ਨਹੀਂ ਹੈ। ਪੁਸਤਕ ਵਿਚ ਉਹ ਨਵੀਂ ਕਹਾਣੀ ਲਈ ਹੈ ਜਿਸ ਵਿਚ ਨਵੀਂ ਪੀੜ੍ਹੀ ਦੇ ਕਹਾਣੀਕਾਰ ਕਹਾਣੀ ਵਿਚ ਸੰਘਣੀ ਬੁਣਤਰ, ਮਨੋ ਗੁੰਝਲਾਂ, ਤਣਾਓ, ਨਵੀਆਂ ਤਕਨੀਕਾਂ ਪਾਤਰਾਂ ਦੇ ਆਛੂਤੇ ਵਿਹਾਰ ਦੀ ਪੇਸ਼ਕਾਰੀ ਵਰਗੇ ਮੁੱਦੇ ਉਭਾਰਦੇ ਹਨ। ਕਿਤਾਬ ਦੀ ਟਾਇਟਲ ਕਹਾਣੀ 'ਸ਼ਾਇਦ ਰੰਮੀ ਮੰਨ ਜਾਏ' ਡਾਂਸਰ ਕੁੜੀ ਦੇ ਵਿਹਾਰ ਨੂੰ ਅਜਮੇਰ ਸਿੱਧੂ ਨੇ ਚਿਤਰਿਆ ਹੈ। ਜਿਹੜੀ ਕੁੜੀ ਨੂੰ ਲੇਖਕ ਨੇ ਜਿਸਮ ਫਰੋਸੀ ਦੇ ਧੰਦੇ ਵਿਚੋਂ ਬਚਾ ਲਿਆ ਹੈ। ਕਿਉਂਕਿ ਉਸ ਕੁੜੀ ਦਾ ਜਨਮ ਉਥੇ ਹੁੰਦਾ ਹੈ ਜਿਹੜੀ ਧਰਤੀ ਦੇਸ਼ ਭਗਤਾਂ ਦੀ ਰਹੀ ਹੈ। ਇਕ ਕਰਕੇ ਪਾਤਰ ਭੁੱਖੇ ਮਰਨਾ ਕਬੂਲ ਕਰ ਲੈਂਦੀ ਹੈ ਪਰ ਜਿਸਮ ਨਹੀਂ ਵੇਚਦੀ। ਅਨੇਮਨ ਸਿੰਘ ਨੇ ਵੀ ਆਪਣੀ ਕਹਾਣੀ 'ਗਲੀ ਨੰਬਰ ਕੋਈ ਨਹੀਂ' ਵਿਚ ਗ਼ਰੀਬੀ ਅਤੇ ਔਰਤ ਦੇ ਸੋਸ਼ਣ ਨੂੰ ਉਭਾਰਿਆ ਹੈ। ਜਰਨੈਲ ਸਿੰਘ ਦੀ ਕਹਾਣੀ 'ਟਾਵਰਜ਼' ਉਪਰੀ ਨਜ਼ਰੇ ਅਮਰੀਕਾ ਉਤੇ ਹੋਏ ਅੱਤਵਾਦੀ ਹਮਲੇ ਬਾਰੇ ਹੈ ਪਰ

ਦਹਿਸ਼ਤ ਵਿਚ ਪਾਤਰ ਦੇ ਤਣਾਓ ਭਰੇ ਮਾਹੌਲ ਨੂੰ ਚਿਤਰਿਆ ਹੈ। ਵੀਨਾ ਵਰਮਾ ਦੀ ਕਹਾਣੀ 'ਮੈਂ ਸੈੱਟ ਆਂ' ਪੜ੍ਹਾਈ ਦੇ ਬੇਸ ਤੇ ਬਾਹਰ ਪੱਕੇ ਹੋਣ ਦੇ ਕੌੜੇ ਸੱਚ ਨੂੰ ਕਹਾਣੀ ਵਿਚ ਉਭਾਰਿਆ ਹੈ। ਪਰਵਾਸ ਦੇ ਸੱਚ ਨੂੰ ਕਹਾਣੀ ਚੰਗੇ ਤਰੀਕੇ ਨਾਲ ਬਿਆਨ ਕਰਦੀ ਹੈ। ਹਰਜੀਤ ਅਟਵਾਲ ਆਪਣੀ ਕਹਾਣੀ ਵਿਚ ਸਮਲਿੰਗੀ ਮੁੱਦੇ 'ਤੇ ਕੇਂਦਰਤ ਹੈ। ਜਿਸ ਤੇ ਉਪਭੋਗੀ ਕਲਚਰ ਹਾਵੀ ਹੈ। ਭਗਵੰਤ ਰਸੂਲਪੁਰੀ 'ਜੜ੍ਹਾਂ' ਰਾਹੀਂ, ਦੇਸ ਰਾਜ ਕਾਲੀ 'ਜ਼ਖਮਾਂ ਦੇ ਰਸਤਿਓਂ' ਰਾਹੀਂ, ਕੇਸਰਾ ਰਾਮ 'ਲਾਸ਼' ਅਤੇ ਹਰਜਿੰਦਰ ਸੂਰਵਾਲੀਆ 'ਪਾਪਾ ਆਪਾਂ ਬਰਾੜ ਹੁੰਨੇ ਆਂ' ਰਾਹੀਂ ਦਲਿਤ ਚੇਤਨਾ ਤੇ ਚਿਤੰਨ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਹੈ। 'ਜੜ੍ਹਾਂ' ਕਹਾਣੀ ਦਾ ਧਾਰਮਿਕ ਦਵੰਦ ਕਿ ਉਹ ਬੁੱਧ ਧਰਮ ਵੱਲ ਜਾਵੇ ਜਾਂ ਰਵੀਦਾਸ ਨਾਲ ਜੁੜਿਆ ਰਹੇ ਮੈਂ ਪਾਤਰ ਰਾਹੀਂ ਪੇਸ਼ ਹੋਇਆ ਹੈ। ਕਹਾਣੀ ਕਨਵਰਸ਼ਨ ਦੇ ਬਹੁਤ ਵੱਡੇ ਸੱਚ ਨੂੰ ਪਹਿਲੀ ਵਾਰ ਪੇਸ਼ ਕਰਦੀ ਹੈ ਇਹ ਕਹਾਣੀ। ਬਲਬੀਰ ਪਰਵਾਨਾ ਆਪਣੀ ਕਹਾਣੀ 'ਪਿਤਾ' ਵਿਚ ਅੰਤਰਜਾਤੀ ਵਿਆਹ ਨੂੰ ਪਾਤਰਾਂ ਦੀ ਮਾਨਸਿਕ ਬੇਚੈਨੀ ਦੇ ਪ੍ਰਸੰਗ ਵਿਚ ਪੇਸ਼ ਕਰਦਾ ਹੈ। ਸੁਖਜੀਤ ਦੀ 'ਸਤਾਈ ਮੀਲ' ਕਹਾਣੀ ਰਾਜਨੀਤਿਕ ਚਾਲਾ ਵਿਚ ਪਿਸ ਰਹੀ ਲੋਕਾਈ ਦੀ ਗਾਥਾ ਹੈ। ਢੁਕਵੇਂ ਮੋਟਿਫਾ ਰਾਹੀਂ ਉਸ ਨੇ ਰਾਜਨੀਤਿਕ ਲੀਡਰਾ ਦੀ ਆਯਾਸੀ ਨੂੰ ਕੱਸਵੇਂ ਬਿਰਤਾਂਤ ਰਾਹੀਂ ਪੇਸ਼ ਕੀਤਾ ਹੈ। ਬਲਜਿੰਦਰ ਨਸਰਾਲੀ ਆਪਣੀ ਕਹਾਣੀ 'ਕਰਾਂਤੀ ਕਿਉਂ ਨਹੀਂ ਆਉਂਦੀ' ਵਿਚ ਰੁਮਾਂਸਵਾਦੀ ਨੌਜਵਾਨ ਪੀੜ੍ਹੀ ਦੇ ਵਿਹਾਰ ਨੂੰ ਪੇਸ਼ ਕਰਦੀ ਹੈ। ਸਮਾਜਿਕ ਅਤੇ ਰਾਜਨੀਤਿਕ ਤਬਦੀਲੀ ਲਿਆਉਣ ਲਈ 'ਕਰਾਂਤੀ' ਦੇ ਚਿਹਨ ਨੂੰ ਉਭਾਰਿਆ ਗਿਆ ਹੈ। ਰਾਣੇ ਦੀ 'ਚੂੜੇ ਵਾਲੀ ਬਾਂਹ' ਅਤੇ 'ਹਾਂਸ ਦੀ 'ਪਾਵੇ ਨਾਲ ਬੰਨ੍ਹਿਆ ਹੋਇਆ ਕਾਲ' ਕਹਾਣੀਆਂ ਦੇ ਮਰਦ ਪਾਤਰਾਂ ਦੀਆਂ ਮਾਨਸਿਕ ਗੁੰਝਲਾਂ ਇਸ ਲਈ ਲਗਾਤਾਰ ਵੱਧ ਰਹੀਆਂ ਹਨ ਕਿਉਂਕਿ ਉਨ੍ਹਾਂ ਨੂੰ ਔਰਤ ਦਾ ਸਾਥ ਨਹੀਂ ਮਿਲ ਰਿਹਾ। ਬੇਤਰਤੀਬੇ ਮਨੁੱਖ ਦੀਆਂ ਜੜ੍ਹਾਂ ਵਿਚ ਕਾਮ ਪਿਆ ਹੈ। ਕਾਮੁਕ ਵਿਹਾਰ ਨੂੰ ਇਨ੍ਹਾਂ ਕਹਾਣੀਆਂ ਵਿਚ ਬੜੀ ਸਿੱਦਤ ਨਾਲ ਉਭਾਰਿਆ ਗਿਆ ਹੈ। ਜਸਵਿੰਦਰ ਸਿੰਘ 'ਦਮੂੰਹੀ' ਬਲਦੇਵ ਧਾਲੀਵਾਲ 'ਕੀੜੀਆਂ ਦੀ ਮੌਤ' ਕਹਾਣੀਆਂ ਦੇ ਪਾਤਰ ਕਿਸੇ ਨਾ ਕਿਸੇ ਕਾਰਨ ਮਾਨਸਿਕ ਪੀੜ੍ਹਾ, ਰੁਦਨ ਝੱਲਦੇ ਹਨ। ਇਹ ਕਹਾਣੀ ਲੰਮੇ ਬਿਰਤਾਂਤ ਵਾਲੀ ਹੈ। 'ਦਮੂੰਹੀ' ਵਿਚ ਇਕ ਪਾਸੇ ਮੁੱਖ ਪਾਤਰ ਦਾ ਦੋਸਤ ਉਸਦੇ ਪਰਵਾਸ ਆਉਣ ਤੇ ਜਸ਼ਨ ਮਨਾ ਰਿਹਾ ਹੈ ਦੂਜੇ ਪਾਸੇ ਉਹਨੂੰ ਪੰਜਾਬ ਤੋਂ ਭੈਣ ਦੀ ਮੌਤ ਦੀ ਖਬਰ ਮਿਲਦੀ ਹੈ। ਇਸ ਕਹਾਣੀ ਵਿਚ ਟੁੱਟ-ਜੁੜ ਰਹੇ ਰਿਸ਼ਤੇ, ਖ਼ੌਫ਼ਨਾਕ ਸੱਚ, ਤਲਖ਼ ਜ਼ਿੰਦਗੀ ਨੂੰ ਮੈਂ ਮੂਲਕ ਪਾਤਰ ਪੇਸ਼ ਕਰਦਾ ਹੈ। ਬਲਦੇਵ ਧਾਲੀਵਾਲ ਆਪਣੀ ਕਹਾਣੀ ਵਿਚ ਯੂਨੀਅਨ ਤੇ ਕਾਲਜ ਪ੍ਰਬੰਧਕਾਂ ਵਿਚਕਾਰ ਪਿਸ ਰਹੇ ਪ੍ਰੋ. ਦੀ ਤ੍ਰਸਦੀ ਨੂੰ ਪੇਸ ਕੀਤਾ ਗਿਆ ਹੈ। ਤਲਵਿੰਦਰ ਸਿੰਘ ਦੀ ਕਹਾਣੀ 'ਤਾੜੀ' ਦਾ ਮੈਂ ਪਾਤਰ ਮੁਹੱਬਤ ਤੋਂ ਸੱਖਣ ਪਾਤਰ ਹੈ ਜਿਹੜਾ ਜਵਾਨੀ ਵੇਲੇ ਅਦਰਸ਼ਵਾਦੀ ਬਣਿਆ ਰਿਹਾ ਤੇ ਇਹ ਆਦਰਸ਼ਵਾਦ ਬਾਅਦ ਵਿਚ ਉਸਦੀ ਮਾਨਸਿਕਤਾ ਨੂੰ ਖਿਡਾਅ ਦਿੰਦਾ ਹੈ। ਸਾਂਵਲ ਧਾਮੀ ਦੀ ਕਹਾਣੀ 'ਪੁਲ੍ਹ' ਲੰਮੇ ਕਾਲ-ਖੰਡ ਵਿਚ ਫੈਲੀ ਕਹਾਣੀ ਹੈ ਜਿਸ ਵਿਚ ਇਕ ਬਜ਼ੁਰਗ ਦੇ ਚ੍ਰਤਿਰ ਦਾ ਹਰ ਪਹਿਲੂ ਬੜੀ ਬਰੀਕੀ ਨਾਲ ਪੇਸ਼ ਕੀਤਾ ਗਿਆ ਹੈ।

### ਮਨਮੋਹਨ ਬਾਵਾ ਦਾ ਸ਼ਬਦ ਸੰਸਾਰ
ਸੰਪਾਦਕ : ਰਜਨੀਸ਼ ਬਹਾਦਰ ਸਿੰਘ
ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣਾ
ਮੁੱਲ : 225, ਪੰਨੇ : 228

ਮਨਮੋਹਨ ਬਾਵਾ ਪੰਜਾਬੀ ਦਾ ਵੱਖਰੀ ਤਰ੍ਹਾਂ ਦਾ ਗਲਪਕਾਰ ਹੈ ਜਿਸ ਨੇ ਕਹਾਣੀ ਤੇ ਨਾਵਲ ਵਿਚ ਇਤਿਹਾਸਕ ਮਿਥਿਹਾਸਕ ਪਾਤਰਾਂ ਨੂੰ ਅਜੋਕੇ ਸੰਦਰਭ ਵਿਚ ਰੱਖ ਦੇ ਪੇਸ਼ ਕੀਤਾ ਹੈ। ਉਸ ਦੇ ਨਾਵਲ, ਕਹਾਣੀਆਂ ਤੇ ਯਾਤਰਾ ਸੰਸਮਰਣ ਦੀ ਪਰਖ-ਪੜਚੋਲ ਇਸ ਪੁਸਤਕ ਵਿਚ ਸ਼ਾਮਿਲ ਵੱਖ ਵੱਖ ਵਿਦਵਾਨ ਲੇਖਕਾਂ ਨੇ ਆਪਣੇ ਆਲੋਚਨਾ ਲੇਖਾਂ ਵਿਚ ਕੀਤੇ ਹਨ। ਜਿਸ ਨੂੰ ਪੰਜਾਬੀ ਦੇ ਸੂਝਵਾਨ ਚਿੰਤਕ ਰਜਨੀਸ਼ ਬਹਾਦਰ ਨੇ ਸੰਪਾਦਤ ਕੀਤਾ ਹੈ। ਇਸ ਆਲੋਚਨਾ ਪੁਸਤਕ ਵਿਚ 13 ਲੇਖ ਬਾਵਾ ਜੇ ਚਰਚਿਤ ਨਾਵਲ 'ਯੁੱਧ ਨਾਦ' ਉਤੇ ਕੇਂਦਰਤ ਹਨ। ਵਿਦਵਾਨ ਲੇਖਕਾਂ ਨੇ ਵੱਖ ਵੱਖ ਐਂਗਲ ਤੋਂ ਇਸ ਨਾਵਲ ਦੀ ਪਰਖ





ਕੀਤੀ ਹੈ। ਜਗਬੀਰ ਸਿੰਘ, ਰਜਨੀਸ਼ ਬਹਾਦਰ ਸਿੰਘ, ਡਾ. ਸੁਰਜੀਤ ਸਿੰਘ, ਡਾ. ਮਹਿਲ ਸਿੰਘ, ਡਾ. ਸੁਖਬੀਰ ਕੌਰ, ਕੁਲਵੰਤ ਸਿੰਘ ਸੰਧੂ, ਡਾ. ਨਰਿੰਦਰ ਨੇਬ, ਮਨਮੋਹਨ, ਡਾ. ਅਨੁਰਾਗ ਸ਼ਰਾਮ, ਪ੍ਰੋ. ਰੁਪਿੰਦਰ, ਡਾ. ਸਤਿੰਦਰ ਸਿੰਘ, ਡਾ. ਹੀਰਾ ਸਿੰਘ, ਜਗਵਿੰਦਰ ਜੋਧਾ ਨੇ ਯੁੱਧ ਨਾਦ ਨੂੰ ਦਮਿਤ, ਇਤਿਹਾਸ ਸਰੋਕਾਰ, ਉੱਤਰ ਆਧੁਨਿਕ ਪਰਿਪੇਖ, ਪੰਜਾਬੀਅਤ ਦੇ ਹਵਾਲੇ ਨਾਲ, ਇਤਿਹਾਸ ਅਤੇ ਇਤਿਹਾਸਕਾਰੀ ਦਾ ਪੁਨਰ ਜਨਮ, ਮਿੱਥਾਂ ਨੂੰ ਤੋੜਨਾ, ਉਪਨਿਸ਼ਦਾਂ ਅਤੇ ਪੌਰਾਣਿਕ ਕਥਾਵਾਂ ਆਦਿ ਦੇ ਹਵਾਲਿਆਂ ਨਾਲ ਨਾਵਲ ਨੂੰ ਸਮਝਣ ਦਾ ਜਤਨ ਕੀਤਾ ਹੈ। ਇਕ ਲੇਖ ਨਾਵਲ 'ਅਫ਼ਗ਼ਾਨਿਸਤਾਨ ਦੀ ਉਰਸੁਲਾ' ਦੀ ਪਰਖ ਕਰਦਾ ਹੈ। ਡਾ. ਸੁਖਦੇਵ ਸਿੰਘ ਨੇ 'ਕਾਲਾ ਕਬੂਤਰ' ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਨੂੰ ਭਾਰਤੀ ਪ੍ਰਸੰਗ ਵਿਚ ਸਮਝਣ ਦਾ ਯਤਨ ਕੀਤਾ ਹੈ। ਇਨ੍ਹਾਂ ਕਹਾਣੀਆਂ ਵਿਚ ਬਾਵਾ ਇਹ ਗੱਲ ਉਭਾਰਦਾ ਹੈ ਕਿ ਮਨੁੱਖ ਨਗਰਾਂ ਤੇ ਮਹਾਂ-ਨਗਰਾਂ ਨਾਲੋ ਜੰਗਲ ਤੇ ਪਹਾੜ ਬਣੀਆਂ ਆਦਿ ਵਾਸੀ ਬਸਤੀਆਂ ਵਿਚ ਵੱਧ ਸੁਰੱਖਿਆਤ ਹਨ। 'ਕਾਲਾ ਕਬੂਤਰ' ਕਹਾਣੀ ਸੰਗ੍ਰਹਿ ਦੀ ਪਰਖ ਨਾਰੀ ਪਾਤਰਾਂ ਦੇ ਹਵਾਲੇ ਨਾਲ ਜਸਲੀਨ ਕੌਰ ਨੇ ਆਪਣੇ ਲੇਖ ਵਿਚ ਕੀਤੀ ਹੈ। 'ਨਰਬਲੀ' ਕਹਾਣੀ ਸੰਗ੍ਰਹਿ ਬਾਰੇ ਡਾ. ਜੋਗਿੰਦਰ ਸਿੰਘ ਨਿਰਾਲਾ, ਡਾ. ਗੁਰਇਕਬਾਲ ਸਿੰਘ ਤੇ ਡਾ. ਸੁਖਵਿੰਦਰ ਸਿੰਘ ਰੰਧਾਵਾ ਨੇ ਲਿਖਿਆ ਹੈ। ਜਿਸ ਵਿਚ ਇਤਿਹਾਸ-ਮਿਥਿਹਾਸਕ ਪਾਤਰਾਂ ਨੂੰ ਅਜੋਕੇ ਸੰਦਰਭ ਵਿਚ ਪੇਸ਼ ਕੀਤਾ ਹੈ। ਹਰਵਿੰਦਰ ਭੰਡਾਲ ਤੇ ਜਸ ਮੰਡ ਨੇ 'ਪੱਥ ਹੀ ਮੰਜ਼ਿਲ ਹੈ' ਦੀ ਪੜ੍ਹਤ ਤਿਆਰ ਕਰਦਿਆਂ ਬਾਵਾ ਨੂੰ ਭਰਪੂਰ ਗਿਆਨੀ ਕਿਹਾ ਹੈ। ਪੁਸਤਕ ਦੇ ਅੰਤ ਵਿਚ ਜਸ ਮੰਡ ਵੱਲੋਂ ਕੀਤੀ ਬਾਵਾ ਹੁਰਾਂ ਦੀ ਮੁਲਾਕਾਤ ਹੈ ਜਿਸ ਵਿਚ ਉਸ ਨੇ ਆਪਣੇ ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ ਹਨ। ਇਕ ਲੇਖ ਬਾਵਾ ਨੇ 'ਮੇਰੀ ਰਚਨਾ ਪ੍ਰਕ੍ਰਿਆ' ਬਾਰੇ ਲਿਖਿਆ ਹੈ। ਸਾਰੇ ਵਿਦਵਾਨਾ ਨੇ ਬਾਵਾ ਨੂੰ ਸਥਾਪਤ ਗਲਪਕਾਰ ਦਾ ਪ੍ਰਮਾਣ ਦਿੱਤਾ ਹੈ। ਮਨਮੋਹਨ ਬਾਵਾ ਨੂੰ ਰਚਨਾ ਨੂੰ ਸਮਝਣ ਲਈ ਇਹ ਇਕ ਮੁਲਵਾਨ ਪੁਸਤਕ ਹੈ।

### ਪੰਜਾਬੀ ਨਾਟਕ ਦਾ ਸਫ਼ਰ
**ਸੰਪਾਦਕ : ਆਤਮਜੀਤ**
**ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ, ਇੰਡੀਆ,**
**ਮੁੱਲ : 170, ਪੰਨੇ : 488**




ਪੰਜਾਬੀ ਦੇ ਚਰਚਿਤ ਤੇ ਚੇਤੰਨ ਨਾਟਕਕਾਰ ਆਤਮਜੀਤ ਨੇ ਪੰਜਾਬੀ ਦੇ ਹੋਣਹਾਰ ਨਾਟਕਕਾਰਾਂ ਦੇ 9 ਵੱਡ ਅਕਾਰੀ ਨਾਟਕ ਸੰਪਾਦਕ ਕੀਤੇ ਹਨ ਜਿਨ੍ਹਾਂ ਨੂੰ ਪੜ੍ਹ ਕੇ ਅਸੀਂ ਪੰਜਾਬੀ ਨਾਟਕ ਦਾ ਆਜ਼ਾਦੀ ਤੋਂ ਬਾਅਦ ਦੇ ਪਿਛਲੇ 60 ਸਾਲ ਦੇ ਸਫ਼ਰ ਨੂੰ ਸਮਝ ਸਕਦੇ ਹਾਂ। ਇਸ ਲੰਮੇ ਸਫ਼ਰ ਦੌਰਾਨ ਪੰਜਾਬੀ ਨਾਟਕ ਵਿਚ ਜੋ ਜੋ ਤਬਦੀਲੀਆਂ, ਵੰਨਗੀਆਂ, ਵਿਸ਼ਿਆਂ ਵਿਚ ਸੱਜਰਾ ਪਨ, ਸ਼ੈਲੀਆਂ ਆਦਿ ਆਈਆਂ ਉਨ੍ਹਾਂ ਸਾਰੀਆਂ ਚੀਜਾ ਦੀ ਝਲਕ ਅਸੀਂ ਇਸ ਪੁਸਤਕ ਵਿਚ ਪੜ੍ਹ, ਵੇਖ ਤੇ ਸਮਝ ਸਕਦੇ ਹਾਂ। ਆਪਣੀ ਲੰਮੀ ਸੰਪਾਦਕੀ 'ਮੰਚਮੁਖ ਪੰਜਾਬੀ ਨਾਟਕ ਦੀ ਪਹਿਲੀ ਸਦੀ' ਵਿਚ ਡਾ. ਅਤਮਜੀਤ ਨੇ ਪੰਜਾਬੀ ਨਾਟਕ ਦੇ ਇਤਿਹਾਸ ਦੀ ਬੜੀ ਬਰੀਕੀ ਨਾਲ ਗੱਲ ਕੀਤੀ ਹੈ। ਉਹ ਸੀ. ਐਲ ਨੰਦਾ ਤੋਂ ਗੱਲ ਸ਼ੁਰੂ ਕਰਕੇ ਆਪਣੇ ਨਾਟਕਾਂ ਤੱਕ ਪਹੁੰਚਿਆ ਹੈ। ਉਸ ਨੇ ਸਾਰੇ ਨਾਟਕਕਾਰਾਂ ਦੀ ਬੜੇ ਵਿਸਥਾਰ ਨਾਲ ਗੱਲ ਕੀਤੀ ਹੈ। ਉਸ ਨੇ ਚੌਥੀ ਪੀੜ੍ਹੀ ਦੇ ਨਾਟਕਰਾਰ ਸਵਰਾਜਬੀਰ ਤੇ ਪਾਲੀ ਭੁਪਿੰਦਰ ਸਿੰਘ ਦਾ ਜਿਕਰ ਵੀ ਕੀਤਾ ਹੈ। ਜਿਨ੍ਹਾਂ ਪੰਜਾਬੀ ਰੰਗਮੰਚ ਨੂੰ ਨਵੀਂ ਜ਼ਮੀਨ ਦਿੱਤੀ।

ਪੁਸਤਕ ਵਿਚ ਹਰਚਰਨ ਸਿੰਘ ਦਾ ਨਾਟਕ 'ਰੱਤਾ ਸਾਲੂ', ਸੁਰਜੀਤ ਸਿੰਘ ਸੇਠੀ ਦਾ 'ਕਿੰਗ, ਮਿਰਜ਼ਾ ਤੇ ਸਪੇਰਾ', ਬਲਵੰਤ ਗਾਰਗੀ ਦਾ 'ਸੁਲਤਾਨ ਰਜ਼ੀਆ', 'ਗੁਰਚਰਨ ਸਿੰਘ ਜਸੂਜਾ ਦਾ 'ਰਚਨਾ ਰਾਮ ਬਨਾਈ', 'ਕਪੂਰ ਸਿੰਘ ਘੁੰਮਣ ਦਾ 'ਰਾਣੀ ਕੋਕਲਾਂ', ਹਰਸਰਨ ਸਿੰਘ ਦਾ 'ਕੁਲੱਛਣੇ', ਚਰਨ ਦਾਸ ਸਿੱਧੂ ਦਾ 'ਅੰਬੀਆਂ ਨੂੰ ਤਰਸੇਂਗੀ', ਅਜਮੇਰ ਔਲਖ ਦਾ 'ਸੱਤ ਬਗਾਨੇ' ਅਤੇ ਆਤਮ ਜੀਤ ਦਾ 'ਮੈਂ ਤਾਂ ਇਕ ਸਾਰੰਗੀ ਹਾਂ' ਵਰਗੇ ਚਰਚਿਤ ਨਾਟਕ ਸਾਮਿਲ ਹਨ। 'ਰੱਤਾ ਸਾਲੂ' ਨਾਟਕ ਵਿਚ ਪੰਜਾਬ ਦੀਆਂ ਰਿਆਸਤਾਂ ਵਿਚ ਰਹਿ ਰਹੇ ਸਾਧਾਰਨ ਲੋਕ ਜੋ ਜਾਗੀਰਦਾਰਾ ਦੇ ਜ਼ੁਲਮ ਦਾ ਸ਼ਿਕਾਰ ਹੋ ਕੇ ਦੁਖਾਂਤ ਭੋਗਦੇ ਹਨ ਨੂੰ ਪੇਸ਼ ਕਰਨ ਵਾਲਾ ਨਾਟਕ ਹੈ। ਪ੍ਰਗਤੀਸ਼ੀਲ ਲਹਿਰ ਅਧੀਨ ਲਿਖਿਆ ਇਹ ਨਾਟਕ ਕਾਫੀ ਚਰਚਿਤ ਹੋਇਆ ਸੀ। ਬਿਸਵੇਦਾਰ ਪ੍ਰਥਾ ਨੂੰ ਨਾਟਕਕਾਰ ਨੇ ਪੇਂਡੂ ਕਿਰਤੀ ਕਾਮਿਆ ਦੇ ਪ੍ਰਸੰਗ ਵਿਚ ਪੇਸ਼ ਕੀਤਾ ਹੈ। 'ਸੁਲਤਾਨ ਰਜ਼ੀਆ' ਨਾਟਕ ਵਿਚ ਇਤਿਹਾਸਿਕ ਪਾਤਰ ਰਜ਼ੀਆ ਦੀ ਜ਼ਿੰਦਗੀ ਅਜੋਕੇ ਪ੍ਰਸੰਗ ਵਿਚ ਪੇਸ਼ ਕਰਦਾ ਹੈ। ਉਸ ਵੇਲੇ ਔਰਤ ਤੇ ਦਲਿਤ ਦੀ ਸਥਿਤੀ, ਰਾਜਨੀਤਿਕ ਲੋਕ ਕਿਵੇਂ ਦੰਭ ਭਰੀਆਂ ਚਾਲਾ ਚਲਦੇ ਹਨ ਇਸ ਨੂੰ ਨਾਟਕਕਾਰ ਨੇ ਬੜੀ ਸਿੱਦਤ ਨਾਲ ਉਭਾਰਿਆ ਹੈ। ਨਾਟਕਕਾਰ ਭਾਰਤੀ ਇਤਿਹਾਸ ਨੂੰ ਉਭਾਰਦਿਆਂ ਉਸ ਵੇਲੇ ਦੀ ਸਮਾਜਿਕ, ਰਾਜਨੀਤਿਕ ਸਥਿਤੀ ਤੇ ਤਿੱਖੀਆਂ ਟਿੱਪਣੀਆਂ ਪਾਤਰਾਂ ਰਾਹੀ ਕਰਦਾ ਹੈ। ਨਾਟਕ 'ਕਿੰਗ, ਮਿਰਜ਼ਾ ਤੇ ਸਪੇਰਾ' ਵਿਚ ਪ੍ਰਤੀਕਾ ਦੀ ਵਰਤੋਂ ਕਰਦਿਆਂ ਐਬਸਰਡ ਸ਼ੈਲੀ ਵਾਲਾ ਹੈ? ਤਿੰਨ ਪਾਤਰ ਨੀਰਸਤਾ ਭਰੀ ਜ਼ਿੰਦਗੀ ਤੋਂ ਤੰਗ ਆ ਕੇ ਬਹੁਮੰਜ਼ਲੀ ਇਮਾਰਤ ਉੱਤੇ ਚੜ੍ਹ ਕੇ ਹੇਠਾਂ ਛਾਲ ਮਾਰ ਕੇ ਆਤਮ ਹੱਤਿਆ ਕਰਨ ਦੀ ਯੋਜਨਾ ਬਣਾਉਂਦੇ ਹਨ। ਤੇ ਸੁਲਤਾਨਾ ਨਾਂ ਦੀ ਪਾਤਰ ਇਨ੍ਹਾਂ ਤਿੰਨ੍ਹਾਂ ਨੂੰ ਵਾਰ ਵਾਰ ਇਮਾਰਤ ਤੋਂ ਹੇਠਾਂ ਆਉਣ ਤੇ ਜ਼ਿੰਦਗੀ ਨਾਲ ਜੋੜਦੀ ਹੈ। ਨਾਟਕਕਾਰ ਇਨ੍ਹਾਂ ਪਾਤਰ ਲਈ ਕੁੱਤੇ ਦਾ ਮੈਟਾਫ਼ਰ ਵਰਤਦਾ ਹੋਇਆ ਇਨ੍ਹਾਂ ਨੂੰ ਭੌਂਕਦੇ ਹੋਏ ਪੇਸ਼ ਕਰਦਾ ਹੈ। 'ਰਾਣੀ ਕੋਕਲਾਂ' ਪੰਜਾਬੀ ਲੋਕ ਗਾਥਾ ਨੂੰ ਨਵੇਂ ਅਰਥ ਪ੍ਰਦਾਨ ਕਰਦਾ ਨਾਟਕ ਹੈ। ਇਹ ਨਾਟਕ ਪੰਜਾਬੀ ਲੋਕ ਧਾਰਾ ਦੇ ਬਹੁਤ ਨੇੜੇ ਹੈ। 'ਕੁਲੱਛਣੇ' ਨਾਟਕ ਵਿਚ ਨਾਟਕਕਾਰ ਨੇ ਪਤੀ ਪਤਨੀ ਦੇ ਸੰਬੰਧਾਂ ਨੂੰ ਲੈ ਕੇ ਵਿਆਹ ਵਰਗੀ ਸੰਸਥਾ ਤੇ ਸਵਾਲੀਆ ਚਿੰਨ ਲਗਾਇਆ ਹੈ। ਜੇ ਪਤੀ ਆਪਣੀ ਪਤਨੀ ਨੂੰ ਮਾਂ ਨਹੀਂ ਬਣਾ ਸਕਦਾ ਤਾਂ ਇਸ ਸਥਿਤੀ ਵਿੱਚੋਂ ਉਭਰਨ ਲਈ ਕੋਈ ਰਾਹ ਦੇਣਾ ਵੀ ਸਮਾਜ ਦਾ ਫ਼ਰਜ਼ ਬਣਦਾ ਹੈ। ਇਸ ਨਾਟਕ ਵਿਚਲੀ ਔਰਤ ਇਹੀ ਹੱਕ ਮੰਗਦੀ ਹੈ। 'ਰਚਨਾ ਰਾਮ ਬਨਾਈ' ਦਾਰਸ਼ਨਿਕ ਥੀਮ ਨੂੰ ਉਭਾਰਨ ਵਾਲਾ ਨਾਟਕ ਹੈ। ਨਾਟਕ ਅੰਦਰ ਨਾਟਕ ਰਾਹੀ ਨਾਟਕ ਪੇਸ਼ ਕਰਦਾ ਹੈ। 'ਅੰਬੀਆਂ ਨੂੰ ਤਰਸੇਂਗੀ' ਨਾਟਕ ਵਿਚ ਦੁਆਬੇ ਦੇ ਦਲਿਤ ਨੂੰ ਮਾਨਸਿਕਤਾ ਦੇ ਬਹੁ ਪੱਖੀ ਵੇਰਵੇ ਪੇਸ਼ ਕੀਤੇ ਹਨ। ਦਲਿਤ ਲੋਕਾਂ ਦੀਆਂ ਤੰਗੀਆਂ ਨੂੰ ਉਸ ਨੇ ਇਸ ਨਾਟਕ ਵਿਚ ਉਭਾਰਿਆ ਹੈ। 'ਸੱਤ ਬਗਾਨੇ' ' ਨਾਟਕਕਾਰ ਨੇ ਥੋੜ੍ਹੀ ਜ਼ਮੀਨ ਦੇ ਕਿਸਾਨ ਦੀਆਂ ਤੰਗੀਆਂ ਤੁਰਸੀਆਂ ਨੂੰ ਬੜੀ ਬਰੀਕੀ ਨਾਲ ਪੇਸ਼ ਕੀਤਾ ਹੈ। ਨਾਟਕ ਵਿਚ ਸਾਧਾਰਨ ਕਿਸਾਨੀ ਦੇ ਵੇਰਵੇ ਬੜੇ ਮਾਰਮਿਕ ਹਨ। ਨਾਟਕ ਵਿਚ ਮਾਲਵੇ ਦੇ ਗਰੀਬ ਕਿਸਾਨ ਦੀ ਹੋਣੀ ਬੜੀ ਬਰੀਕੀ ਨਾਲ ਚਿਤਰੀ ਗਈ ਹੈ। 'ਮੈਂ ਤਾਂ ਇਕ ਸਾਰੰਗੀ ਹਾਂ' ਵਿਚ ਨਾਟਕਕਾਰ ਸ਼ਹਿਰੀ ਲੋਕਾਂ ਦੀਆਂ ਖ਼ਹਿਸਾ , ਉਮੰਗਾ ਤੇ ਹੋਣੀ ਨੂੰ ਬਾਖੂਬੀ ਚਿਤਰਦਾ ਹੈ। ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਅਤਮਜੀਤ ਨੇ ਇਸ ਪੁਸਤਕ ਵਿਚ ਸਾਮਿਲ ਨਾਟਕਾ ਰਾਹੀਂ ਸਮਾਜਕ ਸਰੋਕਾਰਾਂ ਵਾਲੇ ਨਾਟਕਾਂ ਨੂੰ ਸਾਮਿਲ ਕੀਤਾ ਹੈ ਜਿਹੜੇ ਸਮੇਂ ਸਮੇਂ ਆਪਣੇ ਆਪਣੇ ਕਾਰਨਾ ਕਰਕੇ ਚਰਚਿਤ ਰਹੇ।

**ਤੂੰ ਸਤਵੰਤੀ ਤੂੰ ਪਰਧਾਨਿ (ਸਿੱਖ ਸਮਾਜ ਦਾ ਨਾਰੀ ਮੰਡਲ)**
**ਲੇਖਕਾ : ਮਹਿੰਦਰ ਕੌਰ ਗਿੱਲ (ਡਾ.**
**ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ, ਇੰਡੀਆ**
**ਮੁੱਲ : 120, ਪੰਨੇ 401**

ਇਹ ਪੁਸਤਕ ਇਸ ਲਈ ਅਹਿਮ ਹੈ ਕਿਉਂਕਿ ਉਸ ਨੇ ਸਿੱਖ ਸਮਾਜ ਨਾਲ ਸੰਬੰਧਤ ਨਾਰੀਆਂ ਬਾਰੇ ਇਸ ਪੁਸਤਕ ਵਿਚ ਲਿਖਿਆ ਹੈ। ਇਹ ਆਪਣੇ ਆਪ ਵਿਚ ਪਹਿਲੀ ਪੁਸਤਕ ਹੈ। ਕਿਉਂਕਿ ਇਸ ਵਿਚ ਗਿੱਲ ਨੇ ਨਾਰੀਆਂ ਦੀਆਂ ਸਮੁੱਚੀ ਜਾਣਕਾਰੀ ਉਨ੍ਹਾਂ ਦੇ ਸਮਾਜਿਕ ਕਾਰਜ ਤੇ ਸਮਾਜ ਨੂੰ ਯੋਗਦਾਨ ਵਾਲੇ






ਹਵਾਲਿਆਂ ਨਾਲ ਪੇਸ਼ ਕੀਤਾ ਹੈ। ਪੁਸਤਕ ਦੇ ਪਹਿਲੇ ਭਾਗ ਵਿਚ ਗੁਰੂ ਸਾਹਿਬ ਦੀਆਂ ਜਨਨੀਆਂ ਅਧੀਨ ਉਸ ਨੇ ਮਾਤਾ ਸੁਲੱਖਣੀ ਜੀ, ਮਾਤਾ ਖੀਵੀ ਜੀ, ਮਾਤਾ ਮਨਸਾ ਜੀ, ਬੀਬੀ ਭਾਨੀ ਜੀ, ਮਾਤਾ ਗੰਗਾ ਜੀ, ਮਾਤਾ ਦਮੋਦਰੀ ਜੀ, ਮਾਤਾ ਨਾਨਕੀ ਜੀ, ਮਾਤਾ ਮਹਾਂਦੇਵੀ ਜੀ, ਮਾਤਾ ਗੁਜਰੀ ਜੀ, ਮਾਤਾ ਸੁੰਦਰੀ ਜੀ, ਮਾਤਾ ਜੀਤੋ ਜੀ, ਮਾਤਾ ਸਾਹਿਬ ਦੇਵਾਂ ਜੀ ਆਦਿ ਦਾ ਵਿਸਥਾਰ ਨਾਲ ਚਿਤਰਣ ਕੀਤਾ ਹੈ। ਜਿਸ ਵਿਚ ਉਨ੍ਹਾਂ ਦੇ ਪਰਿਵਾਰ, ਜਨਮ ਅਤੇ ਭਗਤੀ ਭਾਵ ਵਾਲੇ ਸੁਭਾਅ ਨੂੰ ਚਿਤਰਿਆ ਗਿਆ ਹੈ।

ਦੂਜੇ ਭਾਗ ਗੁਰੂ ਸਾਹਿਬ ਦੀਆਂ ਪੁੱਤਰੀਆਂ ਅਧੀਨ ਬੀਬੀ ਅਨੋਖੀ, ਬੀਬੀ ਅਮਰੋ, ਬੀਬੀ ਦਾਨੀ, ਬੀਬੀ ਭਾਨੀ, ਬੀਬੀ ਵੀਰੋ ਤੇ ਬੀਬੀ ਰੂਪ ਕੌਰ ਆਦਿ ਬਾਰੇ ਲਿਖਦਿਆਂ ਉਸ ਵੇਲੇ ਦੇ ਸਮਕਾਲੀ ਇਤਿਹਾਸ ਨੂੰ ਵੀ ਉਜਾਗਰ ਕੀਤਾ ਗਿਆ ਹੈ। ਪੁਸਤਕ ਦੇ ਅਗਲੇ ਭਾਗ ਵਿਚ ਗੁਰੂ ਸਾਹਿਬਾਨ ਦੀਆਂ ਭੈਣਾਂ ਬਾਰੇ ਜਿਕਰ ਕੀਤਾ ਗਿਆ ਹੈ ਜਿਸ ਵਿਚ ਬੇਬੇ ਨਾਨਕੀ, ਬੀਬੀ ਵੀਰੋ, ਬੀਬੀ ਰੂਪ ਕੌਰ ਅਤੇ ਗੁਰੂ ਸਾਹਿਬਾਨ ਦੀਆਂ ਨੂੰਹਾਂ ਅਧੀਨ ਪੰਜਾਬ ਕੌਰ ਦਾ ਜਿਕਰ ਬੜੇ ਵਧੀਆਂ ਤਰੀਕੇ ਨਾਲ ਹੋਇਆ ਹੈ। ਪੁਸਤਕ ਦਾ ਅਗਲਾ ਭਾਗ ਥੋੜ੍ਹਾ ਹੱਟ ਕੇ ਹੈ ਇਹ ਭਾਗ ਉਨ੍ਹਾਂ ਔਰਤਾਂ ਬਾਰੇ ਹੈ ਜਿਹੜੀਆਂ ਗੁਰੂ ਪ੍ਰੇਮਣਾਂ ਰਹੀਆ ਹਨ ਉਹ ਹਨ ਮਾਈ ਸਭਰਾਈ, ਬੀਬੀ ਕਉਲਾਂ, ਬੇਗ਼ਮ ਨੂਰਜਹਾਂ, ਮਾਈ ਭਾਗੋ, ਮਾਈ ਸੁਲੱਖਣੀ ਅਤੇ ਸ. ਜੱਸਾ ਸਿੰਘ ਆਹਲੂਵਾਲੀਆ ਦੀ ਮਾਤਾ। ਗਿੱਲ ਨੇ ਪੰਜਾਬ ਦੀਆਂ ਰਾਣੀਆਂ ਦਾ ਜ਼ਿਕਰ ਵੀ ਪੁਸਤਕ ਵਿਚ ਕੀਤਾ ਹੈ ਜਿਨ੍ਹਾਂ ਵਿਚ ਰਾਣੀ ਸਦਾ ਕੌਰ, ਮਹਾਰਾਣੀ ਮਹਿਤਾਬ ਕੌਰ, ਰਾਣੀ ਚੰਦ ਕੌਰ, ਮਹਾਰਾਣੀ ਜਿੰਦਾਂ, ਸ਼ਹਿਜ਼ਾਦੀ ਬੰਬਾ ਜਿੰਦਾਂ ਅਤੇ ਰਾਣੀ ਸਾਹਿਬ ਕੌਰ ਬਾਰੇ ਜ਼ਿਕਰ ਕਰਦਿਆਂ ਕਈ ਨਵੇਂ ਵੇਰਵੇ ਇਤਿਹਾਸ ਦੇ ਦਿੱਤੇ ਹਨ। ਅੰਤ ਵਿਚ ਬੀਬੀ ਅਨੂਪ ਕੌਰ, ਬੀਬੀ ਸੁਸ਼ੀਲ ਕੌਰ, ਬੀਬੀ ਦੀਪ ਕੌਰ, ਬੀਬੀ ਬਲਜੀਤ ਕੌਰ ਤੇ ਬੀਬੀ ਨਿਰਭੈਅ ਕੌਰ ਜਿਹਨਾਂ ਨੇ ਬਹਾਦਰੀ ਭਾਰੇ ਕਾਰਨਾਮੇ ਕਰਕੇ ਆਪਣੀ ਪਛਾਣ ਬਣਾਈ ਦਾ ਪੁਸਤਕ ਵਿਚ ਵੀ ਜ਼ਿਕਰ ਕੀਤਾ ਹੈ।

ਪੁਸਤਕ ਵਿਚ ਗਿੱਲ ਨੇ ਉਸ ਵੇਲੇ ਦੇ ਇਤਿਹਾਸ ਉਤੇ ਵੀ ਝਾਤ ਪਾਈ ਹੈ। ਅਸੀਂ ਇਨ੍ਹਾਂ ਨਾਰੀਆਂ ਬਾਰੇ ਪੜ੍ਹਦੇ ਹੀ ਨਹੀਂ ਹਾਂ ਨਾਲ ਨਾਲ ਭਾਰਤੀ ਖਾਸ਼ ਕਰਕੇ ਪੰਜਾਬ ਦਾ ਇਤਿਹਾਸ ਵੀ ਪੜ੍ਹ ਰਹੇ ਹੁੰਦੇ ਹਾਂ ਚਾਹੇ ਪੂਰਾ ਪੰਜਾਬ ਦਾ ਇਤਿਹਾਸ ਨਹੀਂ ਖਾਸ ਕਰਕੇ ਸਿੱਖ ਇਤਿਹਾਸ ਜਿਸ ਨੂੰ ਸਿੱਖ ਨਾਰੀਆਂ ਹੀਰੋ ਬਣਦੀਆਂ ਹਨ ਆਪਣੇ ਕੰਮਾਂ ਕਰਕੇ।

**- ਭਗਵੰਤ ਰਸੂਲਪੁਰੀ**

**ਭੂਤੂ**
**ਮੂਲ ਲੇਖਕ : ਦੁਰਲੱਭ ਭੱਟਾਚਾਰੀਆ,**
**ਅਨੁਵਾਦ : ਭਗਵੰਤ ਰਸੂਲਪੁਰੀ**
**ਪ੍ਰਕਾਸ਼ਕ : ਨੈਸ਼ਨਲ ਬੁਕ, ਟਰੱਸਟ, ਇੰਡੀਆ**
**ਪੰਨੇ : 40, ਮੁੱਲ : 40 ਰੁਪਏ**




ਨਹਿਰੂ ਬਾਲ ਪੁਸਤਕ ਮਾਲਾ ਅਧੀਨ ਟਰੱਸਟ ਨੇ ਇਹ ਪੁਸਤਕ ਪ੍ਰਕਾਸ਼ਿਤ ਕੀਤੀ ਹੈ। ਇਸ ਪੁਸਤਕ ਵਿੱਚ ਜਾਨਵਰਾਂ ਤੇ ਮਨੁੱਖ ਦੀ ਆਪਸੀ ਸਾਂਝ ਨੂੰ ਪੇਸ਼ ਕਰਨ ਵਾਲੀ ਕਹਾਣੀ 'ਭੂਤੂ' ਨਾਂ ਦੇ ਬਾਂਦਰ ਪਾਤਰ ਰਾਹੀ ਪੇਸ਼ ਕੀਤੀ ਹੈ। ਇਸ ਕਹਾਣੀ ਵਿਚ ਬਾਲਕ ਗਗਨ ਬਾਂਦਰ ਦੇ ਬੱਚੇ ਨੂੰ ਆਪਣੇ ਬਾਗ਼ ਵਿਚੋਂ ਚੁੱਕ ਕੇ ਘਰ ਲੈ ਆਉਂਦਾ ਹੈ। ਘਰਦਿਆਂ ਦੇ ਵਿਰੋਧ ਦੇ ਬਾਵਜੂਦ ਗਗਨ ਭੂਤੂ ਨੂੰ ਪਾਲਦਾ ਹੈ। ਇੱਕ ਵਾਰ ਬਾਂਦਰਾਂ ਦਾ ਝੁੰਡ ਭੂਤੂ ਤੇ ਹਮਲਾ ਕਰ ਦਿੰਦਾ ਹੈ,

ਗਗਨ ਤੇ ਉਸਦੇ ਦੋਸਤ ਭੂਤੂ ਨੂੰ ਬਚਾਉਂਦੇ ਹਨ। ਉਦੋਂ ਹੀ ਭੂਤੂ ਦੇ ਮਨ ਵਿਚ ਗਗਨ, ਉਸਦੇ ਪਰਿਵਾਰ, ਉਨ੍ਹਾਂ ਵੱਲੋਂ ਰੱਖੀਆ ਮੁਰਗੀਆਂ, ਕਤੂਰਿਆਂ ਤੇ ਗਾਵਾਂ ਦੀ ਰੱਖਿਆ ਕਰਨ ਦੀ ਭਾਵਨਾ ਉਤਪੰਨ ਹੋਣ ਲੱਗਦੀ ਹੈ। ਇਕ ਵਾਰ ਮੁਰਗੀਖ਼ਾਨੇ ਵਿੱਚ ਆਏ ਸੱਪ ਬਾਰੇ ਗਗਨ ਨੂੰ ਦੱਸ ਕੇ ਸਾਰੀਆਂ ਮੁਰਗੀਆਂ ਦਾ ਬਚਾਅ ਕਰਦਾ ਹੈ। ਜਿਸ ਕਰਕੇ ਗਗਨ ਦਾ ਸਾਰਾ ਪਰਿਵਾਰ ਭੂਤੂ ਨੂੰ ਪਸੰਦ ਕਰਨ ਲੱਗ ਜਾਂਦਾ ਹੈ। ਇੱਕ ਵਾਰ ਉਨ੍ਹਾਂ ਦੇ ਘਰੋਂ ਭੂਤੂ ਗਾਇਬ ਹੋ ਜਾਂਦਾ ਹੈ ਅਤੇ ਬੜੀ ਮੁਸ਼ਕਲ ਨਾਲ ਵਣਜਾਰਿਆਂ ਦੀ ਝੁੱਗੀ ਵਿਚੋਂ ਲੱਭਦਾ ਹੈ। ਗਗਨ ਨੂੰ ਪਤਾ ਲੱਗਦਾ ਹੈ ਕਿ ਉਸਦੇ ਦੋਸਤ ਸ਼ਾਮ ਨੇ ਭੂਤੂ ਨੂੰ ਚੋਰੀ ਕਰਕੇ ਵੇਚਿਆ ਸੀ ਕਿਉਂਕਿ ਸ਼ਾਮ ਨੇ ਆਪਣੀ ਮਾਂ ਦੀ ਦਵਾਈ ਖਰੀਦਣੀ ਸੀ। ਇਸ ਕਹਾਣੀ ਰਾਹੀ ਲੇਖਕ ਨੇ ਬੱਚਿਆਂ ਨੂੰ ਇਹ ਸਿੱਖਿਆ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਮਿੱਤਰ ਜਾਨਵਰਾਂ ਨਾਲ ਮਨੁੱਖ ਨੂੰ ਪਿਆਰ ਕਰਨਾ ਚਾਹੀਦਾ ਹੈ ਕਿਉਂਕਿ ਔਖੇ ਵੇਲੇ ਵਿੱਚ ਜਾਨਵਰ ਵੀ ਮਨੁੱਖ ਦੀ ਸਹਾਇਤਾ ਕਰ ਸਕਦੇ ਹਨ। ਕਹਾਣੀ ਨੂੰ ਬਹੁ-ਅਰਥੀ ਬਨਾਉਣ ਲਈ ਰਾਂਤੁਲ ਸ਼ਰਮਾਂ ਦੇ ਚਿੱਤਰ ਸੋਨੇ ਤੇ ਸੁਹਾਗੇ ਦਾ ਕੰਮ ਕਰਦੇ ਹਨ। ਇਸ ਪੁਸਤਕ ਦਾ ਅਨੁਵਾਦ ਕਥਾਕਾਰ ਭਗਵੰਤ ਰਸੂਲਪੁਰੀ ਨੇ ਬੱਚਿਆਂ ਦੀ ਪੱਧਰ ਵਾਲੀ ਰੌਚਕ ਭਾਸ਼ਾ ਵਿੱਚ ਕੀਤਾ ਹੈ। ਕਿਤਾਬ ਗਲੇਜ਼ ਪੇਪਰ ਤੇ ਰੰਗੀਨ ਤਸਵੀਰਾਂ ਨਾਲ ਪ੍ਰਕਾਸ਼ਿਤ ਕੀਤੀ ਗਈ ਹੈ। **-ਸਰੋਜ**

## ਹੁੰਗਾਰਾ

ਅਪ੍ਰੈਲ-ਜੂਨ,09 ਦਾ 'ਕਹਾਣੀ ਧਾਰਾ' ਮਿਲਿਆ। ਤੁਹਾਡੀ ਸੰਪਾਦਕੀ 'ਚ ਤੁਸਾਂ ਆਮ ਆਦਮੀ ਦੀ ਹੋਂਦ' ਦੇ ਮਸਲਿਆਂ ਅਤੇ ਸੱਤਾ ਦੀ ਸ਼ਕਤੀ ਦੀ ਗ਼ਲਤ ਵਰਤੋਂ ਬਾਰੇ ਕੁਝ ਮਹੱਤਵਪੂਰਨ ਸਵਾਲ ਉਠਾਏ ਹਨ। ਸੱਤਾ ਵੀ ਕਈ ਪ੍ਰਕਾਰ ਦੀ ਹੁੰਦੀ ਹੈ : ਹਕੂਮਤ ਦੀ ਸੱਤਾ, ਤਲਵਾਰ ਦੀ, ਕੁਰਸੀ ਦੀ, ਪੱਦ ਦੀ, ਕਲਮ ਦੀ ਸੱਤਾ, ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਸੋਗ' ਅਤੇ ਗਿਆਨ ਸਿੰਘ ਬੱਲ ਦਾ ਲੇਖ 'ਭਾਰਤੀ ਦਰਸ਼ਨ ਦੀ ਗਿਆਨ-ਸ਼ਾਸ਼ਤਰੀ ਪਰੰਪਰਾ' ਇਸ ਅੰਕ ਦੇ ਹਾਸਲ ਹਨ। ਗਿਆਨ ਸਿੰਘ ਬੱਲ ਦੀ ਹਰ ਰਚਨਾ ਗਿਆਨ ਭਰਪੂਰ ਹੁੰਦੀ ਹੈ। ਇਹ ਸਿਰਫ ਉਨ੍ਹਾਂ ਦੇ ਵਿਸ਼ਾਲ ਅਧਿਐਨ ਦਾ ਪ੍ਰਨਾਮ ਹੀ ਨਹੀਂ ਬਲਕਿ ਉਹ ਆਪਣੀ ਮੌਲਿਕ ਸੋਚ ਅਤੇ ਚਿੰਤਨ ਦੁਆਰਾ ਵਿਸ਼ੇ ਦੀ ਡੂੰਘਿਆਈ 'ਚ ਉੱਤਰਦੇ ਹਨ। ਆਮ ਬੁੱਧੀਜੀਵੀ, ਸਾਹਿਤਕਾਰ ਦਲਿਤ ਸਮੱਸਿਆਵਾਂ ਨੂੰ ਬਹੁਤ ਸਤਹੀ ਢੰਗ ਅਤੇ ਨਜ਼ਰ ਨਾਲ ਵੇਖਦੇ ਹਨ। ਇਸ ਲੇਖ 'ਚ ਡਾ. ਅੰਬੇਡਕਰ ਨੇ ਮਹਾਤਮਾਂ ਬੁੱਧ ਅਤੇ ਭਾਰਤੀ ਦਰਸ਼ਨ ਦੇ ਗਿਆਨ ਸ਼ਾਸ਼ਤਰ ਨੂੰ ਕਿਸ ਤਰ੍ਹਾਂ ਸਮਝਿਆ , ਗਿਆਨ ਸਿੰਘ ਬਲ ਨੇ ਬਹੁਤ ਸੁਚੱਜੇ ਤਰੀਕੇ ਨਾਲ ਪਾਠਕਾਂ ਸਨਮੁਖ ਪੇਸ਼ ਕੀਤਾ ਹੈ।

ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਸੋਗ' 'ਚ ਚਾਹੇ ਕਹਾਣੀ ਦਾ ਕੋਈ ਬੱਝਿਆ ਹੋਇਆ ਪਲਾਟ ਨਹੀਂ, ਤਾਂ ਵੀ ਕਹਾਣੀ ਦੀ ਬਿਰਤਾਂਤ ਵਿਧੀ ਪਾਠਕ ਨੂੰ ਆਪਣੇ ਨਾਲ ਲਈ ਤੁਰੀ ਜਾਂਦੀ ਹੈ। ਇਸ ਕਹਾਣੀ ਦੀ 'ਸਹਿਜਤਾ' ਇਸ ਦਾ ਮੁੱਖ ਗੁਣ ਹੈ ਜੋ ਪ੍ਰੇਮ ਪ੍ਰਕਾਸ਼ ਦੀ ਸ਼ਿਲਪਕਲਾ ਅਤੇ ਮਨੁੱਖੀ ਮਨ ਦੇ ਅੰਦਰ ਦਾਖ਼ਲ ਹੋ ਕੇ ਪਾਤਰਾਂ ਨੂੰ ਜਿਉਂਦੇ ਜਾਗਦੇ ਪਾਤਰ ਬਣਾਉਂਣ 'ਚ ਸਹਾਈ ਹੁੰਦਾ ਹੈ। ਸੁਰਿੰਦਰ ਨੀਰ ਦੀ ਕਹਾਣੀ 'ਡਿਪਰੈਸ਼ਨ' ਅਤੇ ਨਰਿੰਦਰ ਕੌਰ ਭੱਚੂ ਦੀ ਕਹਾਣੀ 'ਤੇਰਾਂ ਨੰਬਰ ਗਲੀ' ਵੀ ਚੰਗੀਆਂ ਕਹਾਣੀਆਂ ਹਨ।

**- ਮਨਮੋਹਨ ਬਾਵਾ , ਦਿੱਲੀ।**

ਕਹਾਣੀ ਧਾਰਾ ਲਗਾਤਾਰ ਮਿਲ ਰਿਹਾ ਹੈ। ਮੈਂ ਤੁਹਾਡੀ ਮਿਹਨਤ ਦੀ ਦਾਦ ਦਿੰਦਾ ਹਾਂ। ਇਸ ਵਿਚ ਚੰਗਾ ਮੈਟਰ ਪੜ੍ਹਨ ਨੂੰ ਮਿਲ ਜਾਂਦਾ ਹੈ।

**- ਹਰਭਜਨ ਸਿੰਘ, ਕੈਲੇਫੌਰਨੀਆ**

ਕਹਾਣੀ ਧਾਰਾ ਅਪ੍ਰੈਲ-ਜੂਨ ਅੰਕ ਮੇਰੇ ਸਾਹਮਣੇ ਹੈ। ਟਾਈਟਲ ਇਕ ਵਧੀਆ ਸੋਚ ਦਾ ਧਾਰਨੀ ਹੈ। ਪ੍ਰੇਮ ਪ੍ਰਕਾਸ਼ ਜੀ ਦੀ ਕਹਾਣੀ, ਸੁਰਿੰਦਰ ਨੀਰ ਦੀ ਕਹਾਣੀ ਵਧੀਆ ਸੀ। ਪੁਸਤਕ ਰੀਵੀਊ ਪੁਸਤਕ ਦੀ ਪਹਿਲੀ ਪਹਿਚਾਣ ਹੁੰਦੀ ਹੈ ਤੇ ਉਸਨੂੰ ਸੰਖੇਪ ਵਿਚ ਸੰਜਮ ਸੰਗ ਉਸਦਾ ਪੂਰਾ ਫਲਸਫਾ ਬਿਆਨਣਾ ਇਕ ਸ਼ਿਦਤ ਵਾਲਾ ਕੰਮ ਹੈ। ਉਕੇ ਪੁਕੇ ਨਾਂਵਾਂ ਦੇ ਝਮੇਲੇ ਲਿਖ ਦੇਣਾ ਕੁਝ ਨਾ ਛਡ ਦੇਣਾ ਉਕਾ ਹੀ ਰੀਵੀਓ ਨੂੰ ਪਰਮੋਟ ਕਰਨ ਵਿਚ ਅੜਿਕਾ ਹੁੰਦੇ ਹਨ। ਸੰਪਾਦਕ ਸਾਹਿਬ ਆਪ ਇਸ ਵਿਚ (ਇਨਵੋਲਵਮੈਂਟ) ਦਖਲ



ਦੇਣ ਤੇ ਪੜ੍ਹ ਕੇ ਛਾਪਣ ਇਹ ਐਵੇਂ ਐਰਾ ਗੈਰਾ ਸੌਖਾ ਕੰਮ ਨਾ ਸਮਝਣ ਇਉਂ ਸਾਹਿਤ ਨਾਲ ਬੇਇਨਸਾਫੀ ਹੋਵੇਗੀ ਇਥੇ ਹੀ ਇਕੋ ਨਾਂ ਤੋਂ ਬਾਰ ਬਾਰ ਰੀਵੀਊ ਕਰਾਉਣਾ ਵੀ ਅਖਰਦਾ ਹੈ।

ਮੈਨੂੰ ਖੁਸ਼ੀ ਹੈ ਕਿ ਭਗਵੰਤ ਰਸੂਲਪੁਰੀ ਅਤੇ ਦੇਸ ਰਾਜ ਕਾਲੀ ਕਹਾਣੀ ਦੀ ਪੂਰੀ ਗਲ ਕਰ ਰਹੇ ਹਨ, ਇੰਟਰ ਵਿਊ ਕਰਨੀ ਇਸ ਲਈ ਇਕ ਠੋਸ ਪਹੁੰਚ ਹੈ। ਮੈਂ ਤਾਂ ਇਉਂ ਵੀ ਕਹਾਂਗੀ ਕਿ ਸਾਹਿਤ ਵਿਚ ਕਹਾਣੀ ਦੇ ਸਮੂਲੇ ਦੋ ਹੀ ਪਰਚੇ ਹਨ। 'ਕਹਾਣੀ ਪੰਜਾਬ' ਤੇ 'ਕਹਾਣੀ ਧਾਰਾ' ਪਰਚਾ ਛੜੱਪ ਕਰਕੇ ਕਹਾਣੀ ਪੰਜਾਬ ਨਾਲ ਨਾਲ ਹੀ ਪਹੁੰਚ ਗਿਆ ਹੈ। ਕਹਾਣੀ ਪੰਜਾਬ ਕੇਵਲ ਨਵੇਂ ਕਹਾਣੀ ਲੇਖਕਾਂ ਨੂੰ ਅਜ ਕਲ ਲੈ ਰਿਹਾ ਹੈ ਤੇ ਕਹਾਣੀ ਧਾਰਾ ਦਾ ਰਲਵਾਂ ਮਿਲਵਾਂ ਪ੍ਰਭਾਵ ਹੈ।

**- ਸ਼ਰਨਜੀਤ ਕੌਰ, ਚੰਡੀਗੜ੍ਹ**

'ਕਹਾਣੀ ਧਾਰਾ' ਦਾ 13 ਵਾਂ ਅੰਕ ਪੜ੍ਹਿਆ। ਸੰਪਾਦਕੀ ਲੇਖ ਮੈਨੂੰ ਹਮੇਸ਼ਾਂ ਵਾਂਗ ਵਧੀਆ ਲੱਗਿਆ ਅਤੇ ਕਹਾਣੀ ਧਾਰਾ ਦਾ ਮੁਹਾਂਦਰਾ ਮੈਨੂੰ ਨਿਖਰਦਾ ਜਾਪ ਰਿਹਾ ਹੈ। ਇਹ ਨਿਖਾਰ ਸੰਪਾਦਕ ਦੀ ਸਿਲੈਕਟਡ ਸਮਗਰੀ ਅਤੇ ਮਿਹਨਤ ਨਾਲ ਆਉਂਦਾ ਹੈ। ਉਸਦੇ ਸਿਲੈਕਟ ਕੀਤੇ ਮੈਟਰ ਤੋਂ ਸੰਪਾਦਕ ਦੀ ਵਿਚਾਰਧਾਰਾ ਸਪਸ਼ਟ ਹੋ ਜਾਂਦੀ ਹੈ। ਅੰਕ ਵਿਚਲੀ ਸਮੱਗਰੀ ਵਿਚੋਂ ਸਭ ਤੋਂ ਵਧੇਰੇ ਧਿਆਨ ਜਸਬੀਰ ਸਿੰਘ ਰਾਣਾ ਦੀ ਮੁਲਾਕਾਤ ਨੇ ਖਿੱਚਿਆ।

ਜਸਬੀਰ ਸਿੰਘ ਰਾਣਾ ਬਹੁਤ ਸੰਵੇਦਨਸ਼ੀਲ ਲੇਖਕ ਹੈ। ਕਹਾਣੀ ਧਾਰਾ ਵਿਚਲੀ ਮੁਲਾਕਾਤ ਬਹੁਤ ਪਸੰਦ ਆਈ। ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿਚ ਵਿਚਰਨ ਵਾਲੇ ਪ੍ਰਸਿੱਧ ਲੇਖਕ ਅਤੇ ਆਲੋਚਕ ਡਾ. ਬਲਦੇਵ ਸਿੰਘ ਧਾਲੀਵਾਲ ਬਾਰੇ ਪੜ੍ਹਕੇ ਬਹੁਤ ਖੁਸ਼ੀ ਹੋਈ। ਜਸਬੀਰ ਸਿੰਘ ਰਾਣਾ ਨੇ ਉਹਨਾਂ ਦੇ ਜੀਵਨ ਅਤੇ ਸਾਹਿਤਕ ਜੀਵਨ ਬਾਰੇ ਵੱਡਮੁੱਲੇ ਅਤੇ ਸੰਵੇਦਨਾਤਮਕ ਸੁਆਲ ਪੁੱਛੇ ਹਨ। ਇਸ ਮੁਲਾਕਾਤ ਨੂੰ ਪੜ੍ਹਨ ਉਪਰੰਤ ਮਹਿਸੂਸ ਹੋਇਆ ਕਿ ਇਹ ਮੁਲਾਕਾਤ ਪਾਠਕ ਵਰਗ ਨੂੰ ਹੌਂਸਲਾ ਤੇ ਉਤਸ਼ਾਹ ਦੇਣ ਵਾਲੀ ਮੁਲਾਕਾਤ ਹੈ। ਧਾਲੀਵਾਲ ਸਰ ਦੇ ਪਰਿਵਾਰਕ ਪਿਛੋਕੜ ਬਾਰੇ ਅਤੇ 'ਪੜ੍ਹਾਈ ਨੂੰ ਆਪਣੀ ਢਾਲ ਬਨਾਉਣ' ਦੀ ਚੇਤਨਾ ਵਿਚੋਂ ਉਭਰੀ ਵੱਖਰੀ ਸਖਸ਼ੀਅਤ ਬਾਰੇ ਪੜ੍ਹਕੇ ਪਾਠਕ ਵਰਗ ਦੀ ਹੌਂਸਲਾ ਅਫਜਾਈ ਜ਼ਰੂਰ ਵਧੇਗੀ। ਖਾਸ ਕਰਕੇ ਪਾਠਕ ਵਰਗ ਦਾ ਉਹ ਹਿੱਸਾ ਜਿਹੜਾ ਅਜੋਕੇ ਯੁੱਗ ਵਿਚ ਇਕ ਚੰਗਾ ਲੇਖਕ ਬਨਣਾ ਚਾਹੁੰਦਾ ਹੈ ਅਤੇ ਨਾਲ ਹੀ ਆਰਥਿਕਤਾ ਦੀ ਮਾਰ ਝੱਲ ਰਿਹਾ ਹੈ। ਅਜਿਹੇ ਪਾਠਕ ਲਈ ਇਹ ਮੁਲਾਕਾਤ ਵਧੇਰੇ ਸਾਰਥਕ ਸਿੱਧ ਹੋਵੇਗੀ।

ਇਸ ਮੁਲਾਕਾਤ ਦੀ ਅਗਲੀ ਵਿਲੱਖਣਤਾ ਸੌਖੇ, ਸਰਲ, ਸਪਸ਼ਟ ਅਤੇ ਮਹੱਤਵਪੂਰਨ ਪ੍ਰਸਨਾ ਅਤੇ ਉੱਤਰਾਂ ਦੀ ਕੜੀ ਵਿਚ ਨਿਹਿਤ ਹੈ। ਇਹ ਕੜੀ ਲੰਮੇਰੀ ਹੋਣ ਕੇ ਬਾਵਜੂਦ ਅਕੇਵਾਂ ਪੈਦਾ ਨਹੀਂ ਕਰਦੀ ਬਲਕਿ ਬਹੁਤ ਦਿਲਚਸਪ ਹੈ। ਮੈਂ ਜਦੋਂ ਵੀ ਕਿਸੇ ਵਧੀਆ ਲੇਖਕ ਨੂੰ ਪੜ੍ਹਦੀ ਅਤੇ ਵੇਖਦੀ ਹਾਂ ਤਾਂ ਸਭ ਤੋਂ ਪਹਿਲਾਂ ਮੇਰੇ ਜਿਹਨ ਵਿਚ ਉਸ ਲੇਖਕ ਦਾ ਪਰਿਵਾਰਕ ਪਿਛੋਕੜ ਘੁੰਮਣ ਲੱਗ ਜਾਂਦਾ ਹੈ। ਉਸ ਲੇਖਕ ਬਾਰੇ ਜਾਨਣ ਦੀ ਇੱਛਾ, ਮੇਰੇ ਵਿਚ ਹਮੇਸ਼ਾ ਪ੍ਰੱਬਲ ਰਹਿੰਦੀ ਹੈ ਕਿ ਇਹ ਲੇਖਕ ਕਿਸ ਤਰ੍ਹਾਂ ਦੇ ਮਹੌਲ ਵਿਚੋਂ ਆਇਆ ਹੈ? ਇਹ ਐਨਾ ਵਧੀਆ ਕਿਵੇਂ ਲਿਖ ਲੈਂਦਾ ਹੈ? ਆਦਿ ਵਰਗੇ ਸੁਆਲ ਮੇਰੇ ਜਿਹਨ ਵਿਚ ਚਲਦੇ ਰਹਿੰਦੇ ਹਨ ਸੋ ਡਾ. ਬਲਦੇਵ ਸਿੰਘ ਧਾਲੀਵਾਲ ਵੀ ਉਹਨਾਂ ਲੇਖਕਾਂ ਵਿਚੋਂ ਇਕ ਹੈ।

**- ਮਨਦੀਪ ਕੌਰ (ਨਾਭਾ), ਰਿਸਰਚ ਸਟੂਡੈਂਟ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

'ਕਹਾਣੀ ਧਾਰਾ-13 ਅੰਕ ਨੇ ਪ੍ਰਭਾਵਿਤ ਕੀਤਾ ਹੈ। ਖਾਸ ਕਰ ਬਲਦੇਵ ਸਿੰਘ ਧਾਲੀਵਾਲ ਦੀ ਮੁਲਾਕਾਤ ਨੇ। ਜਿਵੇਂ ਦਾਰੂ ਕਸ਼ੀਦੀ ਦੀ ਐ। ਇੰਝ ਹੀ ਕਸ਼ੀਦੇ ਹੋਏ ਜਵਾਬ ਪੜ੍ਹਕੇ ਅਨੰਦ ਆ ਗਿਆ। ਕਿਨੇ ਹੀ ਸਵਾਲ ਜੋ ਧਾਲੀਵਾਲ ਹੁਰਾਂ ਨੇ ਉਠਾਏ ਨੇ ਛਿਲਤਰਾਂ ਵਾਂਗ ਚੁਭਦੇ ਹਨ। ਏਸ ਮੁਲਾਕਾਤ ਲਈ ਵਧਾਈ ਥੋਨੂੰ ਦੇਵਾਂ, ਜਸਵੀਰ ਰਾਣਾ ਨੂੰ ਜਾਂ ਬਲਦੇਵ ਸਿੰਘ ਧਾਲੀਵਾਲ ਨੂੰ? ਕੁਝ ਪਤਾ ਨਹੀਂ ਲਗਦਾ। 'ਜਨ ਬੋਧ' ਵਾਲਾ ਕਾਲਮ ਪੰਜਾਬੀ ਦੇ ਸਾਰੇ ਮੈਗਜ਼ੀਨਾਂ ਤੋਂ ਵੱਖਰਾ ਹੈ। ਵਧੀਆ ਹੈ।

**-ਸਤਪਾਲ ਭੀਖੀ, ਭੀਖੀ, ਮਾਨਸਾ।**